# ਸਿੱਖ ਮਿਸਲਾਂ ਤੇ ਸਰਦਾਰ ਘਰਾਣੇ

—

ਸੋਹਣ ਸਿੰਘ ਸੀਤਲ

2

# ਸਿੱਖ ਮਿਸਲਾਂ
# ਤੇ
# ਸਰਦਾਰ ਘਰਾਣੇ

ਗਿਆਨੀ ਸਰੂਪ ਸਿੰਘ ਕਲਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕਲਿਆਣਾ ਤਹਿ: ਫਿਲੌਰ (ਜਲੰਧਰ)

# ਸਿੱਖ ਮਿਸਲਾਂ
# ਤੇ
# ਸਰਦਾਰ ਘਰਾਣੇ

ਲੇਖਕ :-
ਸੋਹਣ ਸਿੰਘ ਸੀਤਲ

ਮਿਲਨ ਦਾ ਪਤਾ
ਲਾਹੌਰ ਬੁਕ ਸ਼ਾਪ
ਲਾਜਪਤ ਰਾਏ ਮਾਰਕੀਟ, ਨਜ਼ਦੀਕ ਸੋਸਾਇਟੀ ਸਿਨੇਮਾ, ਲੁਧਿਆਣਾ

Sri Satguru Jagjit Singh Ji eLibrary NamdhariElibrary@gmail.com

ਸਭ ਹੱਕ ਕਰਤਾ ਦੇ ਰਾਖਵੇਂ ਹਨ

ਪ੍ਰਕਾਸ਼ਕ : ਲਾਹੌਰ ਬੁਕ ਸ਼ਾਪ
2—ਲਾਜਪਤ ਰਾਏ ਮਾਰਕੀਟ, ਨਜ਼ਦੀਕ ਸੋਸਾਇਟੀ ਸਿਨੇਮਾ, ਲੁਧਿਆ

ਮੁਲ : 40.00 ਰੁਪਏ

ਪਹਿਲੀਵਾਰ, ਸਤੰਬਰ, ੧੯੫੨ ਈ.
ਚੌਥੀਵਾਰ, ਫ਼ਰਵਰੀ, ੧੯੭੯ ਈ.
ਪੰਜਵੀਂ ਵਾਰ ੧੯੯੩

ਪ੍ਰਿੰਟਰ : ਹਮਦਰਦ ਪ੍ਰਿੰਟਿੰਗ ਪ੍ਰੈਸ, ਮਾਈ ਹੀਰਾਂ ਗੇਟ, ਜਲੰਧਰ

Sri Satguru Jagjit Singh Ji eLibrary NamdhariElibrary@gmail.com

# ਤਤਕਰਾ

ਗਿਆਨੀ ਸਰੂਪ ਸਿੰਘ ਕੜਿਆਲਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਲਾ ਤਹਿ. ਫਿਲੌਰ (ਜਲੰਧਰ)


ਮਿਸਲਾਂ ਕਿਵੇਂ ਬਣੀਆਂ ? ੯
੧. ਮਿਸਲ ਸੁਕਰਚੱਕੀਆਂ ੨੦
੨. ਮਿਸਲ ਭੰਗੀਆਂ ੨੮
ਤੈਮੂਰ ਦੇ ਹਮਲੇ ੪੩
ਸ਼ਾਹ ਜ਼ਮਾਨ ਦੇ ਹਮਲੇ ੫੦
੩. ਮਿਸਲ ਰਾਮਗੜ੍ਹੀਆਂ ੫੬
੪. ਮਿਸਲ ਕਨ੍ਹਈਆਂ ੬੬
੫. ਮਿਸਲ ਨਕਈਆਂ ੭੫
੬. ਮਿਸਲ ਸਿੰਘਪੁਰੀਆਂ (ਫ਼ੈਜ਼ਲਾਪੁਰੀਆਂ) ੭੯
੭. ਮਿਸਲ ਸ਼ਹੀਦਾਂ (ਨਿਹੰਗਾਂ) ੮੬
੮. ਮਿਸਲ ਨਸ਼ਾਨਾਂ ਵਾਲੀ ੯੧
੯. ਮਿਸਲ ਡੱਲੇਵਾਲੀਆਂ ੯੩
੧੦. ਮਿਸਲ ਕਰੋੜਾ ਸਿੰਘੀਆਂ ੯੬
੧੧. ਮਿਸਲ ਆਹਲੂਵਾਲੀਆਂ (ਰਿਆਸਤ ਕਪੂਰਥਲਾ) ੧੦੬


Sri Satguru Jagjit Singh Ji eLibrary NamdhariElibrary@gmail.com

੧੨. ਮਿਸਲ ਫੂਲਕੀਆਂ
ਰਿਆਸਤ ਪਟਿਆਲਾ ੧੨੫
ਰਿਆਸਤ ਨਾਭਾ ੧੫੬
ਰਿਆਸਤ ਜੀਂਦ ੧੬੪
ਰਿਆਸਤ ਫ਼ਰੀਦਕੋਟ ੧੭੨
ਰਿਆਸਤ ਕਲਸੀਆਂ ੧੮੦

# ਪੁਰਾਤਨ ਸਿੱਖ ਸਰਦਾਰ ਘਰਾਣੇ

ਸੰਧਾਵਾਲੀਏ ਸਰਦਾਰ ੧੮੩
ਸ: ਹਰੀ ਸਿੰਘ 'ਨਲਵਾ' ੧੮੮
ਸ: ਸ਼ਾਮ ਸਿੰਘ ਅਟਾਰੀ ਵਾਲਾ ੧੯੧
ਰਾਜਾ ਸ਼ੇਰ ਸਿੰਘ ਅਟਾਰੀਵਾਲਾ ੧੯੫
ਸ: ਜਵਾਲਾ ਸਿੰਘ ਭੜਾਣੀਆਂ ੨੦੦
ਸ: ਸੰਤਾ ਸਿੰਘ 'ਐਮਾ' ੨੦੨
ਜਮਾਦਾਰ ਖ਼ੁਸ਼ਹਾਲ ਸਿੰਘ ਤੇ ਰਾਜਾ ਤੇਜ ਸਿੰਘ ੨੦੪
ਰਾਜਾ ਲਾਲ ਸਿੰਘ ਮਿਸਰ ੨੦੭
ਸ: ਲਹਿਣਾ ਸਿੰਘ ਤੇ ਰਣਜੋਰ ਸਿੰਘ ਮਜੀਠਾ ੨੦੯
ਸਰ ਸੁੰਦਰ ਸਿੰਘ ਮਜੀਠਾ ੨੧੨
ਸ: ਅਮਰ ਸਿੰਘ 'ਛੋਟਾ' ਮਜੀਠਾ ੨੧੬
ਸ: ਫ਼ਤਹਿ ਸਿੰਘ ਤੇ ਅਤਰ ਸਿੰਘ ਕਾਲਿਆਂ ਵਾਲੇ ੨੧੮
ਸ: ਫ਼ਤਹਿ ਸਿੰਘ 'ਮਾਨ' ੨੨੧
ਸ: ਕਾਹਨ ਸਿੰਘ 'ਮਾਨ' ੨੨੩
ਸ: ਸਰਜਾ ਸਿੰਘ 'ਮਾਨ' ੨੨੪
ਸ: ਨਿਧਾਨ ਸਿੰਘ 'ਪੰਜ ਹੱਥਾ' ੨੨੬
ਸ: ਨਿਧਾਨ ਸਿੰਘ 'ਹੱਟੂ' ੨੨੮
ਸ: ਗੁਲਾਬ ਸਿੰਘ ਪਹੂਵਿੰਡੀਆ ੨੩੦
ਸ: ਧੰਨਾ ਸਿੰਘ ਮਲਵਈ ੨੩੨

Sri Satguru Jagjit Singh Ji eLibrary NamdhariElibrary@gmail.com

ਸ: ਧੰਨਾ ਸਿੰਘ ਬੁਤਾਲੀਆ ੨੩੪
ਸ: ਜੈ ਸਿੰਘ ਮਨਿਹਾਲਾ ੨੩੬
ਸ: ਜੈ ਸਿੰਘ ਕੋਟ ਸੈਦ ਮਾਹਮੂਦ ੨੩੮
ਸ: ਹੁਕਮਾ ਸਿੰਘ 'ਚਿਮਨੀ' ੨੩੯
ਭਾਈ ਗੁਰਮੁਖ ਸਿੰਘ ੨੪੧
ਭਾਈ ਰਾਮ ਸਿੰਘ ੨੪੩
ਸ: ਮਿਲਖਾ ਸਿੰਘ ਥੇਹਪੁਰੀਆ ੨੪੫
ਸ: ਲੱਖਾ ਸਿੰਘ ਠੇਠਰ ੨੪੭
ਸ: ਕਰਮ ਸਿੰਘ 'ਚਾਹਲ' ੨੪੮
ਸ: ਕਰਮ ਸਿੰਘ 'ਛੀਨਾ' ੩੪੯
ਸ: ਫ਼ਤਹਿ ਸਿੰਘ ਸਿਧਵੇਂ ੨੫੦
ਸ: ਜਵੰਦ ਸਿੰਘ ਮੋਕਲ ੨੫੨
ਸ: ਮੋਹਰ ਸਿੰਘ 'ਲੰਮਾ' ੨੫੩
ਸ: ਗੁਰਮੁਖ ਸਿੰਘ 'ਲੰਮਾ' ੨੫੪
ਸ: ਪੰਜਾਬ ਸਿੰਘ 'ਘਰਜਾਖੀਆ' ੨੫੫
ਸ: ਫ਼ਤਹਿ ਸਿੰਘ 'ਛਾਛੀ' ੨੫੬
ਸ: ਖ਼ੁਸ਼ਹਾਲ ਸਿੰਘ ਕਲਾਸ ਬਾਜਵਾ ੨੫੭
ਸ: ਜੋਧ ਸਿੰਘ ਕਲਾਸ ਬਾਜਵਾ ੨੫੮
ਸ: ਮਤਾਬ ਸਿੰਘ ਵੜਾਲਾ ਸੰਧੂਆਂ ੨੬੦
ਸ: ਲਾਲ ਸਿੰਘ ਸਿਰਾਂਵਾਲੀ ੨੬੧
ਸ: ਅਮਰ ਸਿੰਘ ਵਾਘਾ ੨੬੨
ਸ: ਗੁਲਾਬ ਸਿੰਘ ਭਾਗੋਵਾਲੀਆ ੨੬੩
ਸ: ਨਾਰ ਸਿੰਘ ਚਮਿਆਰੀ ੨੬੪
ਸ: ਰਾਮ ਸਿੰਘ ਚੱਬਾ ੨੬੫
ਸ: ਗੌਰ ਸਿੰਘ ਮਾੜੀ ੨੬੬
ਸ: ਬੜ ਸਿੰਘ ਮੁਕੇਰੀਆਂ ੨੬੭


ਗਿਆਨੀ ਸਰੂਪ ਸਿੰਘ ਕੜਿਆਣਾ ★ ਪੰਥਕ ਢਾਡੀ ਜੱਥਾ 98150-03075 ★ ਪਿੰਡ ਕੜਿਆਣਾ ਤਹਿ. ਫਿਲੌਰ (ਜਲੰਧਰ)

Sri Satguru Jagjit Singh Ji eLibrary NamdhariElibrary@gmail.com

ਕੈਥਲ ਦਾ ਭਾਈ ਘਰਾਣਾ ੨੬੯
ਸ: ਭੰਗਾ ਸਿੰਘ ਥਾਨੇਸਰ ੨੭੧
ਰਾਜਾ ਅਜੀਤ ਸਿੰਘ ਲਾਡਵਾ ੨੭੨
ਭਦੌੜੀਏ ਸਰਦਾਰ ੨੭੩
ਮਲੌਦ ਦੇ ਸਰਦਾਰ ੨੭੪
ਬੜ-ਰੁੱਖਾ ਦੇ ਸਰਦਾਰ ੨੭੭
ਸ: ਕਰਮ ਸਿੰਘ ਸ਼ਾਹਾਬਾਦ ੨੭੯
ਸ: ਭਾਗ ਸਿੰਘ ਬੂੜੀਆ ਸ: ਰਾਏ ਸਿੰਘ ਜਗਾਧਰੀ ੨੮੦
ਸ: ਰਤਨ ਸਿੰਘ ਭੰਗੂ ੨੮੩
ਸ: ਹਿੰਮਤ ਸਿੰਘ ਅਲਾਉਲਪੁਰ ੨੮੫

Sri Satguru Jagjit Singh Ji eLibrary NamdhariElibrary@gmail.com

# ਮਿਸਲਾਂ ਕਿਵੇਂ ਬਣੀਆਂ

ਬਾਬਾ ਬੰਦਾ ਸਿੰਘ 'ਬਹਾਦਰ' ਦੇ ਸ਼ਹੀਦ ਹੋਣ ਪਿਛੋਂ ਦਸ ਸਾਲ ਸਿੰਘ ਬਿਲਕੁਲ ਚੁੱਪ ਰਹੇ। ਫੱਗਣ, ੧੭੮੨ ਬਿ. (੧੭੨੬ ਈ.) ਵਿਚ ਭਾਈ ਤਾਰਾ ਸਿੰਘ ਜੀ ਪਿੰਡ 'ਵਾਂ' ਵਾਲੇ ਸ਼ਾਹੀ ਫ਼ੌਜ ਨਾਲ ਲੜ ਕੇ ਸ਼ਹੀਦ ਹੋਏ। ਏਸ ਘਟਨਾ ਤੋਂ ਸਿੰਘ ਫੇਰ ਭੜਕ ਉਠੇ। ਉਹਨਾਂ ਥਾਂ ਥਾਂ ਲੁੱਟ ਮਾਰ ਸ਼ੁਰੂ ਕਰ ਦਿਤੀ। ਲਾਹੌਰ ਦੇ ਸੂਬੇਦਾਰ ਤੇ ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਨੇ ਸਿੰਘਾਂ ਨੂੰ ਸ਼ਾਂਤ ਕਰਨ ਬਦਲੇ ਇਕ ਲੱਖ ਸਾਲਾਨਾ ਜਾਗੀਰ ਤੇ ਨਵਾਬੀ ਦਾ ਖ਼ਿਤਾਬ ਦਿਤਾ। ਪੰਥ ਨੇ ਵਿਸਾਖੀ ੧੭੯੦ ਬਿ. (੧੭੩੩ ਈ.) ਵਾਲੇ ਦਿਨ ਸ. ਕਪੂਰ ਸਿੰਘ ਫ਼ੈਜ਼ੁਲਾਪੁਰੀਏ ਨੂੰ ਨਵਾਬੀ ਦਾ ਖ਼ਿਤਾਬ ਦਿਤਾ। ਉਸ ਦਿਨ ਤੋਂ ਉਹ 'ਨਵਾਬ ਕਪੂਰ ਸਿੰਘ' ਦੇ ਨਾਮ ਨਾਲ ਪ੍ਰਸਿਧ ਹੋਇਆ।

*ਜਾਗੀਰ 'ਤੇ ਨਵਾਬੀ*

ਬਾਬਾ ਬੰਦਾ ਸਿੰਘ ਜੀ ਦੇ ਸ਼ਹੀਦ ਹੋਣ ਪਿਛੋਂ ਸਾਰੇ ਪੰਥ ਦਾ ਜਥੇਦਾਰ ਦੀਵਾਨ ਦਰਬਾਰਾ ਸਿੰਘ ਮੰਨਿਆ ਜਾਂਦਾ ਸੀ। ਉਹ ਸਾਵਣ, ੧੭੯੧ ਬਿ: (੧੭੩੪ ਈ.) ਵਿਚ ਸੁਰਗਵਾਸ ਹੋ ਗਿਆ, ਤਾਂ ਪੰਥ ਦਾ ਜਥੇਦਾਰ ਨਵਾਬ ਕਪੂਰ ਸਿੰਘ ਬਣਿਆਂ। ਏਸ ਸਮੇਂ ਤਕ ਸਿੰਘਾਂ ਦੀ ਗਿਣਤੀ ਢੇਰ ਵਧ ਗਈ ਸੀ। ਸੋ ਪ੍ਰਬੰਧ ਦੀ ਸੁਖਿਆਈ ਵਾਸਤੇ ਖ਼ਾਲਸਾ ਫ਼ੌਜ ਦੇ ਦੋ ਦਲ ਬਣਾ ਦਿਤੇ ਗਏ। ਬੁਢਾ ਦਲ ਤੇ ਤਰਨਾ ਦਲ। ਬੁਢਾ ਦਲ ਨਵਾਬ ਕਪੂਰ ਸਿੰਘ ਦੀ ਜਥੇਦਾਰੀ ਹੇਠਾਂ ਅਕਾਲ ਬੁੰਗੇ ਰਿਹਾ। ਤਰਨਾ ਦਲ ਨੂੰ ਅੱਗੇ ਪੰਜਾਂ ਜਥਿਆਂ ਵਿਚ ਵੰਡ ਦਿਤਾ ਗਿਆ। ਉਹ ਪੰਜ ਜਥੇ ਇਹ ਹਨ :

*ਜਥੇਦਾਰ ਦਰਬਾਰਾ ਸਿੰਘ*

*ਕਪੂਰ ਸਿੰਘ ਜਥੇਦਾਰ*

*ਪੰਜ ਜਥੇ*

੧. ਜਥਾ ਸ਼ਹੀਦਾਂ :—ਇਸ ਦੇ ਜਥੇਦਾਰ ਬਾਬਾ ਦੀਪ ਸਿੰਘ ਜੀ ਸਨ। ਉਹਨਾਂ ਦੇ ਨਾਲ ਨੱਥਾ ਸਿੰਘ ਤੇ ਗੁਰਬਖ਼ਸ਼ ਸਿੰਘ ਪ੍ਰਸਿਧ ਸਰਦਾਰ

Sri Satguru Jagjit Singh Ji eLibrary NamdhariElibrary@gmail.com

ਸਨ ।

੨. ਜੱਥਾ ਅੰਮ੍ਰਿਤਸਰੀਆਂ :—ਇਸ ਦੇ ਜਥੇਦਾਰ ਸ. ਕਰਮ ਸਿੰਘ ਤੇ ਸ. ਧਰਮ ਸਿੰਘ ਅੰਮ੍ਰਿਤਸਰੀਏ ਖੱਤਰੀ ਸਨ।

੩. ਬਾਬਾ ਕਾਹਨ ਸਿੰਘ ਦਾ ਜਥਾ :—ਇਸ ਜਥੇ ਦਾ ਜਥੇਦਾਰ ਬਾਬਾ ਕਾਹਨ ਸਿੰਘ ਤ੍ਰੇਹਣ ਸੀ, ਜਿਸਦੇ ਨਾਲ ਸ. ਮੀਰੀ ਸਿੰਘ ਤ੍ਰੇਹਣ, ਸ. ਹਰੀ ਸਿੰਘ ਢਿੱਲੋਂ ਤੇ ਸ, ਬਾਘ ਸਿੰਘ ਹੱਲੋਵਾਲੀਆ ਸਨ ।

੪. ਜਥਾ ਡੱਲੇਵਾਲੀਆਂ :—ਇਸ ਦਾ ਜਥੇਦਾਰ ਦਸੌਂਧਾ ਸਿੰਘ ਗਿੱਲ ਜੱਟ, ਪਿੰਡ ਕੋਟ ਬੁਢੇ ਦਾ ਸੀ।

੫. ਰੰਗਰੇਟੇ ਸਿੰਘਾਂ ਦਾ ਜਥਾ :--ਇਸ ਵਿਚ ਬੀਰ ਸਿੰਘ, ਜਿਉਣ ਸਿੰਘ, ਮਦਨ ਸਿੰਘ, ਅਮਰ ਸਿੰਘ, ਨਾਮੀ ਸਰਦਾਰ ਸਨ ।

ਤਰਨਾ ਦਲ ਦੇ ਜਥੇ ਬਾਹਰ ਦੌਰਾ ਕਰਨ ਚਲੇ ਗਏ । ਪਿਛੋਂ ਸਰਕਾਰ ਨੇ ਸਿੰਘਾਂ ਦੀ ਜਾਗੀਰ ਜ਼ਬਤ ਕਰ ਲਈ। ਸਿੰਘਾਂ ਨੇ ਫੇਰ ਲੁੱਟ ਮਾਰ ਸ਼ੁਰੂ ਕਰ ਦਿਤੀ।

**ਨਾਦਰ ਦਾ ਹਮਲਾ**

੧੭੩੯ ਈ. ਵਿਚ ਨਾਦਰ ਨੇ ਹਿੰਦ 'ਤੇ ਹਮਲਾ ਕੀਤਾ, ਜਿਸਨੇ ਦਿੱਲੀ ਦਾ ਮੁਗ਼ਲ ਰਾਜ ਜੜ੍ਹਾਂ ਤਕ ਹਿਲਾ ਦਿਤਾ। ਇਸ ਸਮੇਂ ਪੰਜਾਬ ਵਿਚ ਅਮਲੀ ਤੌਰ ਤੇ ਕੋਈ ਵੀ ਸਰਕਾਰ ਨਹੀਂ ਸੀ।

ਇਸ ਸਮੇਂ ਨੂੰ ਗ਼ਨੀਮਤ ਜਾਣ ਕੇ ਸਿੰਘ ਸਾਰੇ ਪੰਜਾਬ ਵਿਚ ਜ਼ੋਰ ਪਕੜ ਗਏ। ਸਿੰਘਾਂ ਨੇ ਪਹਿਲਾ ਕੱਚਾ ਕਿਲ੍ਹਾ ਰਾਵੀ ਦੇ ਕੰਢੇ ਉੱਤੇ 'ਡੱਲੇ-ਵਾਲ' ਬਣਾਇਆ, ਜੋ ਪਿੱਛੋਂ ਖ਼ਾਨ ਬਹਾਦਰ ਨੇ ਢਾਹ ਦਿਤਾ।

ਸਰਕਾਰ ਨਾਲ ਸਿੰਘਾਂ ਦਾ ਇਹ ਘੋਲ ਜਾਰੀ ਰਿਹਾ। ਜਿਉਂ ਜਿਉਂ ਸਰਕਾਰ ਦਬਾਉਂਦੀ ਰਹੀ, ਤਿਉਂ ਤਿਉਂ ਸਿੰਘ ਵਧਦੇ ਗਏ। ੧੪ ਅਕਤੂ-

**ਛੋਟੇ ਛੋਟੇ ਜਥੇ**

ਬਰ, ੧੭੪੫ ਈ. ਨੂੰ ਦਲ ਖ਼ਾਲਸੇ ਨੂੰ ਅੱਗੇ ਤੀਹ ਛੋਟੇ ਜਥਿਆਂ ਵਿਚ ਵੰਡਿਆ ਗਿਆ। ਉਹਨਾਂ ਤੀਹ ਜਥਿਆਂ ਦੇ ਸਰਦਾਰਾਂ ਦੇ ਨਾਮ ਇਹ ਹਨ :

੧. ਨਵਾਬ ਕਪੂਰ ਸਿੰਘ, ਫ਼ੈਜ਼ਲਾ ਪੁਰੀਆ (ਸਿੰਘ ਪੁਰੀਆ)

੨. ਸ਼ਾਮ ਸਿੰਘ, ਪਿੰਡ ਨਾਰੋਕੇ, ਜ਼ਿਲਾ ਸਿਆਲਕੋਟ।

Sri Satguru Jagjit Singh Ji eLibrary NamdhariElibrary@gmail.com

੩. ਗੁਰਬਖ਼ਸ਼ ਸਿੰਘ, ਕਲਸੀਆਂ ।
੪. ਕਰੋੜਾ ਸਿੰਘ, ਪੈਜਗੜ੍ਹ, ਜ਼ਿਲਾ ਗੁਰਦਾਸਪੁਰ ।
੫. ਕਰਮ ਸਿੰਘ, ,, ,, ,,
੬. ਗੁਰਦਿਆਲ ਸਿੰਘ, ਡੱਲੇਵਾਲ, ਪਰਗਣਾ ਕਲਾਨੌਰ ।
੭. ਦਿਆਲ ਸਿੰਘ, ,, ,, ,,
੮. ਨੌਧ ਸਿੰਘ, ਸੁਕਰਚਕੀਆ ।
੯. ਚੰਦਾ ਸਿੰਘ, ਸੁਕਰਚਕੀਆ ।
੧੦. ਕਾਲਾ ਸਿੰਘ. ਪਿੰਡ ਕੰਗ ।
੧੧. ਖਿਆਲਾ ਸਿੰਘ, ,, ,, ।
੧੨. ਬਾਘ ਸਿੰਘ, ਪਿੰਡ ਹੱਲੋਵਾਲ ।
੧੩. ਜੱਸਾ ਸਿੰਘ, ,, ਆਹਲੂ ।
੧੪. ਹਰੀ ਸਿੰਘ, ਪਿੰਡ ਪੰਜਵੜ ।
੧੫. ਛੱਜਾ ਸਿੰਘ, ,, ,, ।
੧੬. ਦੀਪ ਸਿੰਘ 'ਸ਼ਹੀਦ' ।
੧੭. ਸੁਧਾ ਸਿੰਘ 'ਸ਼ਹੀਦ' ।
੧੮. ਸੁੱਖਾ ਸਿੰਘ ਤਖਾਣ, ਮਾੜੀ ਕੰਬੋਕੀ ।
੧੯. ਜੱਸਾ ਸਿੰਘ ਤਖਾਣ, (ਪਿੱਛੋਂ ਰਾਮਗੜ੍ਹੀਆ) ।
੨੦. ਭੋਮਾ ਸਿੰਘ, ਕਨ੍ਹਈਆ ।
੨੧. ਜੈ ਸਿੰਘ, ਕਨ੍ਹਈਆ ।
੨੨. ਹਕੀਕਤ ਸਿੰਘ, ਕਨ੍ਹਈਆ ।
੨੩. ਹੀਰਾ ਸਿੰਘ, ਨਕਈ
੨੪. ਸੱਦਾ ਸਿੰਘ, ਨਕਈ ।
੨੫. ਕਰਮ ਸਿੰਘ, ਅੰਮ੍ਰਿਤਸਰ (ਨਾਰਲੀ ?)
੨੬. ਧਰਮ ਸਿੰਘ, ,, ,, ।
੨੭. ਜਿਉਣ ਸਿੰਘ ਮਜ਼੍ਹਬੀ ।
੨੮. ਬਦਨ ਸਿੰਘ ਮਜ਼੍ਹਬੀ ।

Sri Satguru Jagjit Singh Ji eLibrary NamdhariElibrary@gmail.com

੨੯. ਬੀਰ ਸਿੰਘ ਮਜ਼ਬੀ ।
੩੦. ਅਘੜ ਸਿੰਘ ।

ਇਹ ਜਥੇ ਆਪਣੇ ਆਪਣੇ ਸਰਦਾਰਾਂ ਦੇ ਮਾਤਹਿਤ ਲੁੱਟਮਾਰ ਕਰਨ ਵਿਚ ਸੁਤੰਤਰ ਸਨ, ਪਰ ਸਾਂਝੀ ਭੀੜ ਬਣੀ ਉੱਤੇ ਪੰਥ ਦੇ ਸਾਂਝੇ ਜੱਥੇਦਾਰ ਦੇ ਮਾਤਹਿਤ ਸਮਝੇ ਜਾਂਦੇ ਸਨ ।

**ਅਬਦਾਲੀ ਦੇ ਹਮਲੇ**

ਜਨਵਰੀ, ੧੭੪੮ ਈ. ਤੋਂ ਆਹਮਦ ਸ਼ਾਹ ਅਬਦਾਲੀ ਦੇ ਹਮਲੇ ਸ਼ੁਰੂ ਹੋ ਗਏ। ਪੰਜਾਬ ਦੇ ਰਾਜ ਦਾ ਦਾਅਵੇਦਾਰ ਇਕ ਹੋਰ ਪਹਿਲਵਾਨ ਅਖਾੜੇ ਵਿਚ ਆ ਗਿਆ । ਸੋ ਆਪਣੇ ਨਸ਼ਾਨੇ ਤਕ ਪਹੁੰਚਣ ਲਈ ਸਿੰਘਾਂ ਦਾ ਕੰਮ ਹੋਰ ਔਖਾ ਹੋ ਗਿਆ । ਏਸ ਸਮੇਂ ਤਕ ਸਿੰਘਾਂ ਦੇ ਛੋਟੇ ਛੋਟੇ ਜਥਿਆਂ ਦੀ ਗਿਣਤੀ ਦੂਣੀ ਨਾਲੋਂ ਵੀ ਵਧ ਗਈ ਸੀ। ਜਿਨ੍ਹਾਂ ਦੇ ਸਰਦਾਰਾਂ ਦੇ ਨਾਮ ਇਹ ਸਨ ।

**ਸਿੱਖ ਸਰਦਾਰ**

੧ ਨਵਾਬ ਕਪੂਰ ਸਿੰਘ, ਫ਼ੈਜ਼ੁਲਾਪੁਰ,
੨ ਜੱਸਾ ਸਿੰਘ, ਆਹਲੂ,
੩ ਹਰੀ ਸਿੰਘ ਭੰਗੀ, ਪੰਜਵੜ,
੪ ਝੰਡਾ ਸਿੰਘ ਭੰਗੀ, ਪੰਜਵੜ,
੫ ਗੰਡਾ ਸਿੰਘ ਭੰਗੀ, ਪੰਜਵੜ,
੬ ਨੱਥਾ ਸਿੰਘ,
੭ ਮਤਾਬ ਸਿੰਘ, ਪਿੰਡ ਪੱਖ ਜ਼ਿਲਾ ਅੰਮ੍ਰਿਤਸਰ,
੮ ਚੜ੍ਹਤ ਸਿੰਘ ਕਨ੍ਹਈਆ,
੯ ਦੀਵਾਨ ਸਿੰਘ,
੧੦ ਗੁੱਜਰ ਸਿੰਘ
੧੧ ਗਰਜਾ ਸਿੰਘ,
੧੨ ਨਿਬਾਹੂ ਸਿੰਘ,
੧੩ ਲਹਿਣਾ ਸਿੰਘ,
੧੪ ਫੂਲਾ ਸਿੰਘ, ਰੋੜਾਂਵਾਲਾ,

Sri Satguru Jagjit Singh Ji eLibrary NamdhariElibrary@gmail.com

੧੫ ਸਾਂਵਲ ਸਿੰਘ ਰੰਧਾਵਾ, ਪਿੰਡ ਵਾਘਾ,
੧੬ ਗੁਰਬਖ਼ਸ਼ ਸਿੰਘ, ਪਿੰਡ ਵੇਦਾ,
੧੭ ਧੰਨਾ ਸਿੰਘ, ਪਿੰਡ ਕਲਾਲਵਾਲਾ,
੧੮ ਤਾਰਾ ਸਿੰਘ, ਪਿੰਡ ਚੇਨਪੁਰ,
੧੯ ਬਾਘ ਸਿੰਘ, ਪਿੰਡ ਕੋਟ ਸੈਦ ਮਹਿਮੂਦ (ਕੋਟ ਖ਼ਾਲਸਾ),
੨੦ ਹਕੀਕਤ ਸਿੰਘ,
੨੧ ਮਹਿਤਾਬ ਸਿੰਘ, ਪਿੰਡ ਵਡਾਲਾ ਸੰਧੂਆਂ, ਜ਼ਿਲਾ ਸਿਆਲਕੋਟ,
੨੨ ਜੈ ਸਿੰਘ, ਪਿੰਡ ਕਾਹਨਾ,
੨੩ ਝੰਡਾ ਸਿੰਘ, ਪਿੰਡ ਕਾਹਨਾ,
੨੪ ਤਾਰਾ ਸਿੰਘ, ਪਿੰਡ ਕਾਹਨਾ,
੨੫ ਮਨੋਹਰ ਸਿੰਘ, ਪਿੰਡ ਕਾਹਨਾ,
੨੬ ਸੋਭਾ ਸਿੰਘ, ਪਿੰਡ ਕਾਹਨਾ,
੨੭ ਭੀਮ ਸਿੰਘ,
੨੮ ਅਮਰ ਸਿੰਘ, ਪਿੰਡ ਵਾਘਾ,
੨੯ ਸੋਭਾ ਸਿੰਘ, ਪਿੰਡ ਭਿੱਕਾ,
੩੦ ਬਘੇਲ ਸਿੰਘ, ਪਿੰਡ ਝਬਾਲ,
੩੧ ਗੁਲਾਬ ਸਿੰਘ, ਡੱਲੇਵਾਲੀਆ,
੩੨ ਹਰੀ ਸਿੰਘ, ਡੱਲੇਵਾਲੀਆ,
੩੩ ਨੌਧ ਸਿੰਘ, ਸੁਕਰਚਕੀਆ
੩੪ ਗੁਲਾਬ ਸਿੰਘ, ਮਜੀਠਾ (ਨੌਧ ਸਿੰਘ ਦਾ ਸਹੁਰਾ),
੩੫ ਮਹਿਤਾਬ ਸਿੰਘ, ਪਿੰਡ ਜੁਲਕਾ,
੩੬ ਕਰੋੜਾ ਸਿੰਘ, ਪਿੰਡ ਪੈਜਗੜ੍ਹ,
੩੭ ਹਰਾ ਸਿੰਘ
੩੮ ਲੱਜਾ ਸਿੰਘ,
੩੯ ਨੰਦ ਸਿੰਘ, ਪਿੰਡ ਸਾਂਘਣਾ,
੪੦ ਕਪੂਰ ਸਿੰਘ, ਸੂਰਿਆਂਵਾਲਾ,

Sri Satguru Jagjit Singh Ji eLibrary NamdhariElibrary@gmail.com

੪੧ ਅਮਰ ਸਿੰਘ, ਪਿੰਡ ਕਿੰਗਰਾ,
੪੨ ਜੀਵਣ ਸਿੰਘ, ਪਿੰਡ ਕਿਲ੍ਹਾ ਜੀਵਣ ਸਿੰਘ,
੪੩ ਸਾਹਿਬ ਸਿੰਘ, ਸਿਆਲਕੋਟੀਆ,
੪੪ ਦੀਪ ਸਿੰਘ 'ਸ਼ਹੀਦ'
੪੫ ਨੱਥਾ ਸਿੰਘ, 'ਸ਼ਹੀਦ'
੪੬ ਮੋਹਰ ਸਿੰਘ, ਪਿੰਡ ਰਣੀਆਂ
੪੭ ਮਹਾਂ ਸਿੰਘ, ਪਿੰਡ ਰਣੀਆਂ
੪੮ ਬਾਘ ਸਿੰਘ, ਹੱਲੋਵਾਲੀਆ,
੪੯ ਝੰਡਾ ਸਿੰਘ, ਸੁਲਤਾਨ ਵਿੰਡ (ਅੰਮ੍ਰਿਤਸਰ),
੫੦ ਮਿਰਜ਼ਾ ਸਿੰਘ, ਕਾਹਲੋਂ,
੫੧ ਸ਼ਾਮ ਸਿੰਘ ਮਾਨ, ਪਿੰਡ ਬੁਲਾਕਾ ਚੱਕ,
੫੨ ਮਾਲਾ ਸਿੰਘ, ਪਿੰਡ ਬੁਲਾਕੀ ਚੱਕ,
੫੩ ਬਹਾਲ ਸਿੰਘ, ਸ਼ੇਖ਼ੂਪੁਰਾ,
੫੪ ਅਮੀਰ ਸਿੰਘ, ਸ਼ੇਖ਼ੂਪੁਰਾ,
੫੫ ਹੀਰਾ ਸਿੰਘ,
੫੬ ਗੰਡਾ ਸਿੰਘ,
੫੭ ਲਾਲ ਸਿੰਘ,
੫੮ ਤਾਰਾ ਸਿੰਘ ਮਾਨ, ਪਿੰਡ ਮਾਨਾਂ ਵਾਲਾ, ਅੰਮ੍ਰਿਤਸਰ,
੫੯ ਮਹਿਤਾਬ ਸਿੰਘ, ਪਿੰਡ ਲਾਲਪੁਰਾ, ਤਸੀਲ ਤਰਨਤਾਰਨ, ਜ਼ਿਲਾ ਅੰਮ੍ਰਿਤਸਰ,
੬੦ ਰੂਪ ਸਿੰਘ,
੬੧ ਅਨਪ ਸਿੰਘ ਸਿੰਘ, ਨਕਈ,
੬੨ ਦਸੌਂਧਾ ਸਿੰਘ,
੬੩ ਤਾਰਾ ਸਿੰਘ ਘੇਬਾ,
੬੪ ਧਰਮ ਸਿੰਘ ਖੱਤਰੀ, ਅੰਮ੍ਰਿਤਸਰ,
੬੫ ਸੁੱਖਾ ਸਿੰਘ, ਮਾੜੀ ਕੰਬੋਕੀ,

Sri Satguru Jagjit Singh Ji eLibrary NamdhariElibrary@gmail.com

੬੬ ਜੱਸਾ ਸਿੰਘ, ਪਿੰਡ ਈਚੋਗਿੱਲ (ਪਿਛੋਂ ਰਾਮਗੜ੍ਹੀਆ)

੨੯ ਮਾਰਚ, ੧੭੪੮ ਈ. ਨੂੰ ਵਿਸਾਖੀ ਵਾਲੇ ਦਿਨ ਇਹ ਸਾਰੇ ਜਥੇ ਅੰਮ੍ਰਿਤਸਰ ਕੱਠੇ ਹੋਏ। ਨਵਾਬ ਕਪੂਰ ਸਿੰਘ ਨੇ ਮਤਾ ਪੇਸ਼ ਕੀਤਾ, ਕਿ ਪੰਥ ਦੀ ਇਕ ਮਜਬੂਤ ਜਥੇਬੰਦੀ ਬਣਾਈ ਜਾਵੇ। ਇਹ ਮਤਾ ਸਾਰਿਆਂ ਪਰਵਾਨ ਕਰ ਲਿਆ, ਤੇ ਸਾਰੇ ਪੰਥ ਦੀ ਸਾਂਝੀ ਜਥੇਬੰਦੀ ਦਾ ਨਾਂ 'ਦਲ ਖ਼ਾਲਸਾ' ਰਖਿਆ ਗਿਆ। ਦਲ ਖ਼ਾਲਸਾ ਦਾ ਜਥੇਦਾਰ ਸਰਬ ਸੰਮਤੀ ਨਾਲ ਸ. ਜੱਸਾ ਸਿੰਘ ਆਹਲੂਵਾਲੀਆ ਚੁਣਿਆਂ ਗਿਆ। ਉਸਦੇ ਮਾਤਹਿਤ ਯਾਰਾਂ ਮਿਸਲਾਂ ਬਣਾਈਆਂ ਗਈਆਂ। ਯਾਰਾਂ ਮਿਸਲਾਂ ਇਹ ਹਨ :—

ਦਲ ਖ਼ਾਲਸਾ ਤੇ ਮਿਸਲਾਂ ਦਾ ਮੁੱਢ

੧. ਮਿਸਲ ਆਹਲੂਵਾਲੀਆ, ਜਥੇਦਾਰ ਸ. ਜੱਸਾ ਸਿੰਘ ਆਹਲੂਵਾਲੀਆ, ਕਲਾਲ। (ਹੁਣ ਸਾਰੇ ਕਲਾਲ ਸਿੱਖ ਆਹਲੂਵਾਲੀਏ ਅਖਵਾਉਂਦੇ ਹਨ)।

੨. ਮਿਸਲ ਫ਼ੈਜ਼ੁਲਾਪੁਰੀਆਂ ਜਾਂ ਸਿੰਘਪੁਰੀਆਂ :—ਜਥੇਦਾਰ ਨਵਾਬ ਕਪੂਰ ਸਿੰਘ ਫ਼ੈਜ਼ੁਲਾਪੁਰੀਆ (ਫ਼ੈਜ਼ੁਲਾਪੁਰ ਦਾ ਨਾਂ ਨਵਾਬ ਕਪੂਰ ਸਿੰਘ ਨੇ 'ਸਿੰਘ ਪੁਰਾ' ਰਖ ਲਿਆ ਸੀ, ਜੋ ਅੱਜ ਤਕ ਪਰਚਲਤ ਹੈ)।

੩. ਮਿਸਲ ਸੁਕਰਚਕੀਆਂ :—ਜਥੇਦਾਰ ਨੌਧ ਸਿੰਘ ਸੁਕਰਚੱਕੀਆ (ਮਹਾਰਾਜਾ ਰਣਜੀਤ ਸਿੰਘ ਦਾ ਪੜਦਾਦਾ)।

੪. ਮਿਸਲ ਨਸ਼ਾਨਾ ਵਾਲੀ :—ਜਥੇਦਾਰ ਦਸੌਂਧਾ ਸਿੰਘ (ਦਲ ਖ਼ਾਲਸਾਂ ਦਾ ਨਸ਼ਾਨ ਬਰਦਾਰ)।

੫. ਮਿਸਲ ਭੰਗੀਆਂ :—ਜਥੇਦਾਰ ਹਰੀ ਸਿੰਘ ਭੰਗੀ, ਪਿੰਡ ਪੰਜਵੜ।

੬. ਮਿਸਲ ਕਨ੍ਹਈਆਂ :—ਜਥੇਦਾਰ ਜੈ ਸਿੰਘ ਕਨ੍ਹਈਆ, ਪਿੰਡ ਕਾਹਨਾ।

੭. ਮਿਸਲ ਨਕਈਆਂ :—ਜਥੇਦਾਰ ਹੀਰਾ ਸਿੰਘ ਨਕਈ, ਪਿੰਡ ਬਹਿੜਵਾਲ।

੮. ਮਿਸਲ ਡੱਲੇਵਾਲੀ :—ਜਥੇਦਾਰ ਗੁਲਾਬ ਸਿੰਘ, ਪਿੰਡ ਡੱਲੇਵਾਲ।

੯. ਮਿਸਲ ਸ਼ਹੀਦਾਂ :—ਜਥੇਦਾਰ ਬਾਬਾ ਦੀਪ ਸਿੰਘ, 'ਸ਼ਹੀਦ'।

Sri Satguru Jagjit Singh Ji eLibrary NamdhariElibrary@gmail.com

੧੦. ਮਿਸਲ ਕਰੋੜਾ ਸਿੰਘੀਆਂ :—ਜਥੇਦਾਰ ਕਰੋੜਾ ਸਿੰਘ, ਪਿੰਡ ਪੈਜਗੜ੍ਹ।

੧੧. ਮਿਸਲ ਸਾਂਘਣੀਆਂ :—(ਪਿਛੋਂ ਮਿਸਲੇ ਰਾਮਗੜ੍ਹੀਆਂ) ਜਥੇ-ਦਾਰ ਨੰਦ ਸਿੰਘ ਪਿੰਡ ਸਾਂਘਣਾਂ।

(ਨੋਟ :—ਬਾਹਰਵੀਂ ਮਿਸਲ ਫੂਲਕੀਆਂ ਇਹਨਾਂ ਤੋਂ ਵੱਖਰੀ ਹੈ, ਜਿਸਦਾ ਬਾਨੀ ਸ. ਆਲਾ ਸਿੰਘ ਪਟਿਆਲਾ ਹੈ।)

ਵਿਸਾਖੀ ਵਾਲੇ ਦਿਨ ਪੰਥ ਵਿਚ ਮਿਲਲਾਂ ਦਾ ਐਲਾਨ ਕੀਤਾ ਗਿਆ। ਫਿਰ ਹਰ ਇਕ ਸਿੱਖ ਸਿਪਾਹੀ ਤੇ ਸਰਦਾਰ ਨੂੰ ਆਗਿਆ ਦਿਤੀ ਗਈ, ਕਿ ਉਹ ਜਿਸ ਮਿਸਲ ਵਿਚ ਚਾਹਵੇ, ਸ਼ਾਮਲ ਹੋ ਜਾਵੇ। ਸਰਬ ਸੰਮਤੀ ਨਾਲ ਫ਼ੈਸਲਾ ਕੀਤਾ ਗਿਆ, ਕਿ ਹਰ ਮਿਸਲ ਅੰਦਰੂਨੀ ਮਾਮਲਿਆਂ ਵਿਚ ਸੁਤੰਤਰ ਹੋਵੇਗੀ, ਪਰ ਪੰਥ ਦੇ ਸਾਂਝੇ ਕੰਮ ਲਈ ਸਭ ਨੂੰ ਦਲ ਖ਼ਾਲਸਾ ਦੇ ਜਥੇਦਾਰ ਦਾ ਹੁਕਮ ਮੰਨਣਾ ਪਵੇਗਾ।

ਏਸ ਦਿਨ ਅੰਮ੍ਰਿਤਸਰ ਵਿਚ ਕੱਚਾ ਕਿਲ੍ਹਾ 'ਰਾਮ ਰਉਣੀ' ਬਨਾਉਣਾ ਅਰੰਭਿਆ, ਜੋ ਪਿਛੋਂ ਕਿਲ੍ਹਾ ਰਾਮਗੜ੍ਹ ਬਣਿਆਂ।

**ਰਾਖੀ ਪ੍ਰਬੰਧ**

੧੭੫੫-੬ ਈ. ਵਿਚ ਸਿੰਘਾਂ ਨੇ ਪੰਜਾਬ ਦੇ ਬਹੁਤ ਸਾਰੇ ਹਿੱਸੇ ਉੱਤੇ 'ਰਾਖੀ' ਪ੍ਰਬੰਧ ਕਾਇਮ ਕਰ ਲਿਆ। ਜਿਹੜੇ ਇਲਾਕੇ ਸਿੱਖਾਂ ਦੀ 'ਰਾਖੀ' ਵਿਚ ਆ ਗਏ ਤੇ ਫ਼ਸਲ ਵਿਚੋਂ 'ਦਲ ਖ਼ਾਲਸਾ' ਨੂੰ ਪੰਜਵਾਂ ਹਿੱਸਾ ਦੇਣਾ ਮੰਨ ਗਏ, ਉਹਨਾਂ ਇਲਾਕਿਆਂ ਵਿਚ ਸਿੰਘ ਲੁੱਟਮਾਰ ਨਾ ਕਰਦੇ, ਸਗੋਂ ਉਹਨਾਂ ਇਲਾਕਿਆਂ ਨੂੰ ਹੋਰ ਲੁਟੇਰਿਆਂ ਹੱਥੋਂ ਲੁੱਟੇ ਜਾਣ ਤੋਂ ਬਚਾਉਂਦੇ। ਬਹੁਤ ਸਾਰੇ ਇਲਾਕੇ ਖ਼ੁਸ਼ੀ ਨਾਲ ਸਿੰਘਾਂ ਦੀ ਰਾਖੀ ਵਿਚ ਆ ਗਏ। ਸਿੱਖ ਮਿਸਲਾਂ ਅੱਡੋ ਅੱਡ ਇਲਾਕਿਆਂ 'ਤੇ ਕਬਜ਼ਾ ਕਰ ਕੇ ਰਾਖੀ ਕਰਨ ਲੱਗੀਆਂ। ਸ. ਕਰੋੜਾ ਸਿੰਘ ਤੇ ਬਾਬਾ ਦੀਪ ਸਿੰਘ 'ਸ਼ਹੀਦ' ਸਤਿਲੁਜ ਤੋਂ ਦੱਖਣ ਵੱਲ ਚਲੇ ਗਏ। ਸਿੰਘ ਪੁਰੀਏ ਤੇ ਆਹਲੂਵਾਲੀਏ ਪੱਤਣ ਹਰੀ ਕੇ ਤੋਂ ਥੱਲੇ ਦਰਿਆ ਸਤਿਲੁਜ ਦੇ ਦੋਹੀਂ ਪਾਸੀਂ ਰਾਖੀ ਕਰਨ ਲੱਗੇ। ਨਕਈ ਮਿਸਲ ਦੇ ਹਵਾਲੇ ਨੱਕੇ ਦਾ ਇਲਾਕਾ (ਤਸੀਲ ਚੂਹਣੀਆਂ) ਕੀਤਾ ਗਿਆ। ਕਨ੍ਹਈਏ ਤੇ ਰਾਮਗੜ੍ਹੀਏ ਰਿਆੜਕੀ

Sri Satguru Jagjit Singh Ji eLibrary NamdhariElibrary@gmail.com

ਵਿਚ ਨੀਯਤ ਹੋਏ। ਸੁਕਰਚਕੀਏ ਤੇ ਭੰਗੀ ਦੁਆਬਾ ਰਚਨਾ ਤੇ ਚੱਜ ਵਿਚ ਕਾਬਜ਼ ਹੋ ਗਏ। ਨਸ਼ਾਨਾਂਵਾਲੀ ਤੇ ਡੱਲੇਵਾਲੀ ਮਿਸਲਾਂ ਅੰਮ੍ਰਿਤਸਰ ਰਹੀਆਂ, ਤਾਂ ਜੋ ਕਿਤੇ ਲੋੜ ਪਵੇ, ਤਾਂ ਮਦਦ ਦਿਤੀ ਜਾ ਸਕੇ।

ਅਬਦਾਲੀ ਦਾ ਚੌਥਾ ਹਮਲਾ

ਸਿੰਘਾਂ ਦਾ ਇਹ ਪ੍ਰਬੰਧ ਬਹੁਤਾ ਚਿਰ ਨਾ ਰਿਹਾ, ਜਾਂ ਅਬਦਾਲੀ ਨੇ ਨਵੰਬਰ, ੧੭੫੬ ਈ. ਵਿਚ ਚੌਥਾ ਹਮਲਾ ਕਰ ਦਿਤਾ। ਇਸ ਹਮਲੇ ਵਿਚ ਅਬਦਾਲੀ ਨੇ ਦਿੱਲੀ, ਆਗਰਾ, ਮਥਰਾ ਤਕ ਸਾਰਾ ਇਲਾਕਾ ਲੁਟ ਲਿਆ ਤੇ ਸੂਬਾ ਸਰਹਿੰਦ ਆਪਣੇ ਰਾਜ ਵਿਚ ਮਿਲਾ ਲਿਆ (ਸੂਬਾ ਲਾਹੌਰ ਤੇ ਮੁਲਤਾਨ ਉਹ ਪਹਿਲਾਂ ਹੀ ਮਿਲਾ ਚੁਕਾ ਸੀ)। ਸੋ ਸਿੰਘਾਂ ਦਾ ਨਾ ਕੇਵਲ ਕੀਤਾ ਕਰਾਇਆ ਕੰਮ ਹੀ ਖ਼ਤਮ ਹੋ ਗਿਆ, ਸਗੋਂ ਨਵੇਂ ਸਿਰਿਓਂ ਸਾਰਾ ਕਰਨਾ ਪੈ ਗਿਆ।

ਪੰਜਵੇਂ ਹਮਲੇ (ਪਾਨੀਪਤ ਦੀ ਤੀਸਰੀ ਲੜਾਈ) ਵਿਚ ਅਬਦਾਲੀ ਨੇ ਮਰਹੱਟਿਆਂ ਨੂੰ ਪੂਰੀ ਤਰਾਂ ਸ਼ਕਸਤ ਦਿਤੀ। ਅਬਦਾਲੀ ਵਾਪਸ ਗਿਆ, ਤਾਂ ਸਿੰਘਾਂ ਨੇ ਕੁਛ ਦਿਨਾਂ ਵਾਸਤੇ ਲਾਹੌਰ ਉੱਤੇ ਕਬਜ਼ਾ ਕਰਕੇ ਸ. ਜੱਸਾ ਸਿੰਘ ਦੇ ਨਾਂ ਦਾ ਸਿੱਕਾ ਚਲਾਇਆ। ਇਹ ਖ਼ਬਰਾਂ ਸੁਣ ਕੇ ਅਬਦਾਲੀ

ਵੱਡਾ ਘਲੂਘਾਰਾ

ਛੇਵੀਂ ਵਾਰ ਚੜ੍ਹ ਆਇਆ। ਉਸਨੇ ਇਹ ਹਮਲਾ ਕੇਵਲ ਸਿੰਘਾਂ ਨੂੰ ਖ਼ਤਮ ਕਰਨ ਵਾਸਤੇ ਕੀਤਾ। ਪੰਜ ਫ਼ਰਵਰੀ, ੧੭੬੨ ਈ. ਨੂੰ ਸਾਰਾ ਦਿਨ ਸਖ਼ਤ ਲੜਾਈ ਹੋਈ। 'ਕੁਪ' ਤੋਂ ਬਰਨਾਲੇ ਤਕ ਦਾ ਇਲਾਕਾ ਲੋਥਾਂ ਨਾਲ ਭਰ ਗਿਆ। ਦਸ-ਬਾਰਾਂ ਹਜ਼ਾਰ ਸਿੱਖ ਸਿਪਾਹੀ ਤੇ ਅਠਾਰਾਂ-ਵੀਹ ਹਜ਼ਾਰ ਸਿੱਖਾਂ ਦੇ ਬਾਲ ਬੱਚੇ ਤੇ ਇਸਤਰੀਆਂ ਕਤਲ ਕੀਤੇ ਗਏ। ਇਸ ਲੜਾਈ ਨੂੰ ਸਿੱਖ 'ਵੱਡਾ ਘਲੂਘਾਰਾ' ਕਹਿੰਦੇ ਹਨ। ਏਸ ਲੜਾਈ ਵਿਚ ਸਿੱਖਾਂ ਦਾ ਨੁਕਸਾਨ ਤਾਂ ਬਹੁਤ ਹੋਇਆ, ਪਰ ਉਹਨਾਂ ਦੇ ਦਿਲਾਂ ਤੋਂ ਅਬਦਾਲੀ ਦਾ ਭੈ ਅਸਲੋਂ ਲਹਿ ਗਿਆ। ਏਥੋਂ ਤਕ, ਕਿ ਘਲੂਘਾਰੇ ਤੋਂ ਅੱਠ ਮਹੀਨੇ ਪਿਛੋਂ ਪਿਪਲੀ ਸਾਹਿਬ (ਅੰਮ੍ਰਿਤਸਰ) ਦੀ ਲੜਾਈ ਵਿਚ ਅਬਦਾਲੀ ਸਿੱਖਾਂ ਤੋਂ ਪੂਰੀ ਤਰ੍ਹਾਂ ਹਾਰ ਕੇ ਗਿਆ (੧੭ ਅਕਤੂਬਰ, ੧੭੬੨ ਈ.)

Sri Satguru Jagjit Singh Ji eLibrary NamdhariElibrary@gmail.com

ਦਸੰਬਰ, ੧੭੬੨ ਈ. ਵਿਚ ਅਬਦਾਲੀ ਵਾਪਸ ਕਾਬਲ ਨੂੰ ਗਿਆ. ਤਾਂ ਸਿੰਘ ਫੇਰ ਅੰਮ੍ਰਿਤਸਰ ਕੱਠੇ ਆ ਹੋਏ। 'ਦਲ ਖਾਲਸੇ' ਦੀ ਜਥੇ ਬੰਦੀ ਫੇਰ ਨਵੇਂ ਸਿਰਿਓਂ ਪੱਕੀ ਕੀਤੀ ਗਈ। ਸਾਰੇ ਪੰਥ ਦੇ ਦੋ ਵਡੇ ਜਥੇ 'ਬੁਢਾ ਦਲ' ਤੇ 'ਤਰਨਾ ਦਲ' ਬਣਾਏ ਗਏ। ਬੁਢਾ ਦਲ ਦਾ ਜਥੇਦਾਰ

**ਬੁਢਾ ਦਲ ਤੇ ਤਰਨਾ ਦਲ**

ਸ. ਜੱਸਾ ਸਿੰਘ ਆਹਲੂਵਾਲੀਆ ਬਣਿਆਂ। ਇਸ ਵਿਚ ਛੇ ਮਿਸਲਾਂ ਸ਼ਾਮਲ ਹੋਈਆਂ : ਆਹਲੂਵਾਲੀਆਂ ਦੀ, ਸਿੰਘਪੁਰੀਆਂ ਦੀ, ਡੱਲੇਵਾਲੀਆਂ ਦੀ ਕਰੋੜਾ ਸਿੰਘੀਆਂ ਦੀ, ਨਸ਼ਾਨਾਂ ਵਾਲੀ ਤੇ ਸ਼ਹੀਦਾਂ ਦੀ। ਇਸ ਦਲ ਨੂੰ ਮੁਲਕ ਵਿਚ ਲੁੱਟਮਾਰ ਕਰਨ ਤੇ ਵੈਰੀਆਂ ਨੂੰ ਸਜ਼ਾ ਦੇਣ ਦਾ ਕੰਮ ਸੌਂਪਿਆ ਗਿਆ। ਤਰਨਾ ਦਲ ਦਾ ਜਥੇਦਾਰ ਸ. ਹਰੀ ਸਿੰਘ ਭੰਗੀ ਬਣਿਆਂ। ਇਸ ਵਿਚ ਪੰਜ ਮਿਸਲਾਂ ਸ਼ਾਮਲ ਹੋਈਆਂ : ਭੰਗੀਆਂ ਦੀ ਰਾਮਗੜ੍ਹੀਆਂ ਦੀ, ਕਨ੍ਹਈਆਂ ਦੀ, ਨਕਈਆਂ ਦੀ ਤੇ ਸੂਕਰਚਕੀਆਂ ਦੀ। ਇਸ ਦਲ ਨੂੰ ਅੰਮ੍ਰਿਤਸਰ ਦੇ ਗੁਰਧਾਮਾਂ ਦੀ ਸੇਵਾ ਬਖ਼ਸ਼ੀ ਗਈ।

ਤਰਨਾ ਦਲ ਨੇ ਕਸੂਰ ਦਾ ਇਲਾਕਾ ਲੁੱਟ ਲਿਆ ਤੇ ਬੁੱਢਾ ਦਲ ਨੇ ਦੁਆਬਾ ਜਲੰਧਰ ਲੁੱਟ ਲਿਆ। ਫਿਰ ਦੋਹਾਂ ਦਲਾਂ ਰਲ ਕੇ ਬਟਾਲਾ ਮਾਰ ਲਿਆ। ਫਿਰ ਸਰਹਿੰਦ ਫ਼ਤਹਿ ਕਰਨ ਦੀ ਤਿਆਰੀ ਹੋਣ ਲੱਗੀ। ਏਸ

**ਜ਼ੈਨਖ਼ਾਂ ਨੂੰ ਮਾਰ ਕੇ ਸੂਬਾ ਸਰਹਿੰਦ ਉਤੇ ਕਬਜ਼ਾ**

ਜੰਗ ਵਿਚ ਬਾਰਾਂ ਮਿਸਲਾਂ ਹੀ ਸ਼ਾਮਲ ਹੋਈਆਂ। ਅੰਤ ਇਕ ਲਹੂ ਡੋਲ੍ਹਵੀਂ ਲੜਾਈ ਵਿਚ ੪ ਮਾਘ ੧੮੨੦ ਬਿ. (੧੪ ਜਨਵਰੀ, ੧੭੬੪ ਈ.) ਨੂੰ ਸਰਹਿੰਦ ਦਾ ਸੂਬੇਦਾਰ ਜ਼ੈਨਖ਼ਾਂ ਮਾਰਿਆ ਗਿਆ। ਏਸ ਦਿਨ ਤੋਂ ਸਿੱਖ ਮਿਸਲਾਂ ਦਾ ਰਾਜ ਆਰੰਭ ਹੋਇਆ। ਸੂਬਾ ਸਰਹਿੰ-ਬਵੰਜਾ ਲੱਖ ਦਾ ਇਲਾਕਾ-ਅੱਠਾਂ ਮਿਸਲਾਂ (ਆਹਲੂਵਾਲੀਆਂ, ਸਿੰਘਪੁਰੀਆਂ, ਭੰਗੀਆਂ, ਡੱਲੇਵਾਲੀਆਂ, ਸ਼ਹੀਦਾ, ਕਰੋੜਾ ਸਿੰਘੀਆਂ, ਨਸ਼ਾਨਾਂ ਵਾਲੀਆਂ ਤੇ ਫੂਲਕੀਆਂ) ਨੇ ਆਪਸ ਵਿਚ ਵੰਡ ਲਿਆ। ਅਪ੍ਰੈਲ ਵਿਚ ਬਾਕੀ ਮਿਸਲਾਂ ਨੇ ਦੁਆਬਾ, ਰਿਆੜਕੀ, ਮਾਝਾ, ਨੱਕਾ ਤੇ ਰੁਹਤਾਸ ਤਕ ਦਾ ਇਲਾਕਾ ਜਾ ਮੱਲਿਆ। ਏਸ ਤਰ੍ਹਾਂ ਜਮਨਾ ਤੋਂ ਲੈ ਕੇ ਅਟਕ ਤਕ ਦਾ ਪੰਜਾਬ ਸਿੱਖ-

Sri Satguru Jagjit Singh Ji eLibrary NamdhariElibrary@gmail.com

ਮਿਸਲਾਂ ਦੇ ਕਬਜ਼ੇ ਵਿਚ ਆ ਗਿਆ। ੧੫ ਮਈ. ੧੭੬੫ ਈ. ਨੂੰ ਸਿੱਖਾਂ ਪੂਰੀ ਤਰਾਂ ਲਾਹੌਰ 'ਤੇ ਕਬਜ਼ਾ ਕਰ ਲਿਆ।

ਦਸੰਬਰ ੧੭੬੬ ਈ. ਵਿਚ ਅਬਦਾਲੀ ਨੌਵੀਂ ਵਾਰ ਚੜ੍ਹ ਆਇਆ, ਜਿਸ ਕਰਕੇ ਸਿੱਖਾਂ ਨੂੰ ਲਾਹੌਰ ਛਡਣਾ ਪਿਆ। ਅਬਦਾਲੀ ਵਾਪਸ ਗਿਆ, ਤਾਂ ਸਿੱਖਾਂ ਫੇਰ ਲਾਹੌਰ 'ਤੇ ਕਬਜ਼ਾ ਕਰ ਲਿਆ। ਅਬਦਾਲੀ ਦੇ ਆਖ਼ਰੀ ਦੋਵੇਂ ਹਮਲੇ ਬੜੇ ਕਮਜ਼ੋਰ ਸਨ। ਦਸਵੀਂ ਵਾਰ (ਦਸੰਬਰ, ੧੭੬੮ ਈ.) ਨੂੰ ਉਹ ਜਿਹਲਮ ਤੋਂ, ਤੇ ਯਾਰ੍ਹਵੀਂ ਵਾਰ (ਦਸੰਬਰ ੧੭੬੯ ਈ.) ਨੂੰ ਉਹ ਸਿੱਖਾਂ ਨਾਲ ਬਿਨਾਂ ਲੜਿਆਂ ਜਿਹਲਮੋਂ ਪਾਰੋਂ ਹੀ ਮੁੜ ਗਿਆ। ਇਸ ਵੇਲੇ ਸਾਰੇ ਪੰਜਾਬ ਉੱਤੇ ਸਿੱਖਾਂ ਦਾ ਰਾਜ ਹੋ ਚੁਕਾ ਸੀ, ਤੇ ਸਾਰਾ ਇਲਾਕਾ ਬਾਰਾਂ ਮਿਸਲਾਂ ਵਿਚ ਵੰਡਿਆ ਹੋਇਆ ਸੀ*। ਇਸ ਤੋਂ ਪਿਛੋਂ ਮਿਸਲਾਂ ਦਾ ਇਤਿਹਾਸ ਵਖਰਾ ਵਖਰਾ ਹੋ ਗਿਆ।

**ਅਬਦਾਲੀ ਦੇ ਆਖ਼ਰੀ ਦਿਨ**

---

* ਬਾਬਾ ਬੰਦਾ ਸਿੰਘ ਜੀ ਦੀ ਸ਼ਹੀਦੀ ਤੋਂ ਲੈ ਕੇ ੧੭੭੦ ਈ. ਤਕ ਦਾ ਸਿੱਖਾਂ ਦਾ ਇਤਿਹਾਸ 'ਸਿੱਖਰਾਜ ਕਿਵੇਂ ਬਣਿਆਂ ?' ਵਿਚ ਵੇਰਵੇ ਨਾਲ ਲਿਖਿਆ ਜਾ ਚੁਕਾ ਹੈ, ਇਸ ਵਾਸਤੇ ਏਥੇ ਨਹੀਂ ਦੁਹਰਾਇਆ।

Sri Satguru Jagjit Singh Ji eLibrary NamdhariElibrary@gmail.com

# ੧. ਮਿਸਲ ਸੁਕਰਚੱਕੀਆਂ




Sri Satguru Jagjit Singh Ji eLibrary NamdhariElibrary@gmail.com

ਏਸ ਘਰਾਣੇ ਦਾ ਪਹਿਲਾ ਅੰਮ੍ਰਿਤਧਾਰੀ ਸਿੱਖ ਸ. ਬੁੱਢਾ ਸਿੰਘ ਸੀ।

ਬੁੱਢਾ ਸਿੰਘ

ਉਹ ਗੁਰੂ ਗੋਬਿੰਦ ਸਿੰਘ ਮਹਾਰਾਜ ਤੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਵਿਚ ਬੜੀ ਬਹਾਦਰੀ ਨਾਲ ਲੜਿਆ। ਉਹ ੪੯ ਸਾਲ ਉਮਰ ਭੋਗ ਕੇ ੧੭੧੯ ਈ. ਵਿਚ ਸੁਰਗਵਾਸ ਹੋਇਆ।

ਸ. ਬੁੱਢਾ ਸਿੰਘ ਦੇ ਅੱਗੇ ਦੋ ਪੁੱਤਰ ਹੋਏ : ਨੌਧ ਸਿੰਘ ਤੇ ਚੰਦਾ ਸਿੰਘ

ਨੌਧ ਸਿੰਘ

ਨੌਧ ਸਿੰਘ ਦੀ ਬੰਸ ਵਿਚੋਂ ਮ. ਰਣਜੀਤ ਸਿੰਘ ਹੋਇਆ ਤੇ ਚੰਦਾ ਸਿੰਘ ਦੀ ਬੰਸ ਵਿਚੋਂ ਸੰਧਾਵਾਲੀਆ ਘਰਾਣਾ। ੧੭੪੮ ਈ. ਵਿਚ ਮਿਸਲਾਂ ਬਣੀਆਂ, ਤਾਂ ਸੁਕਰਚੱਕੀਆਂ ਦੀ ਮਿਸਲ ਦਾ ਲੀਡਰ ਸ. ਨੌਧ ਸਿੰਘ ਬਣਿਆਂ। ਉਹ ੧੭੫੨ ਈ. ਵਿਚ ਪਠਾਣਾਂ ਨਾਲ ਲੜ ਕੇ ਸ਼ਹੀਦ ਹੋਇਆ।

ਚੜ੍ਹਤ ਸਿੰਘ

ਸ. ਨੌਧ ਸਿੰਘ ਦੇ ਪਿੱਛੋਂ ਉਸਦਾ ਵੱਡਾ ਪੁੱਤਰ ਸ. ਚੜ੍ਹਤ ਸਿੰਘ ਮਿਸਲਦਾਰ ਬਣਿਆਂ। ਉਹਨੇ ਪਿੰਡ ਸੁਕਰਚੱਕ ਛੱਡ ਕੇ ਰਾਜਾਸਾਂਸ਼ੀ ਆਣ ਡੇਰਾ ਲਾਇਆ। ੧੭੫੬ ਈ. ਵਿਚ ਉਹਦਾ ਵਿਆਹ ਗੁਜਰਾਂਵਾਲੀਏ ਸ. ਅਮੀਰ ਸਿੰਘ ਦੀ ਲੜਕੀ ਨਾਲ ਹੋ ਗਿਆ। ਕੁਝ ਚਿਰ ਪਿੱਛੋਂ ਉਹਨੇ ਰਾਜਾਸਾਂਸ਼ੀ ਦੀ ਥਾਂ ਗੁਜਰਾਂ-ਵਾਲੇ ਨੂੰ ਹੀ ਆਪਣੀ ਰਾਜਧਾਨੀ ਬਣਾ ਲਿਆ।

ਸ. ਚੜ੍ਹਤ ਸਿੰਘ ਪੰਥ ਦੀਆਂ ਬਹੁਤ ਸਾਰੀਆਂ ਮੁਹਿੰਮਾਂ ਵਿਚ ਸ਼ਾਮਲ ਰਿਹਾ। ਉਹ ਅਬਦਾਲੀ ਦੇ ਹਰ ਹਮਲੇ ਸਮੇਂ ਦੁਰਾਨੀਆਂ ਦਾ ਟਾਕਰਾ ਕਰਦਾ ਰਿਹਾ। ਜਦ ਜ਼ੈਨ ਖ਼ਾਂ ਨੂੰ ਮਾਰ ਕੇ ਕੁਛ ਸਿੱਖ ਸਰਦਾਰਾਂ ਨੇ ਸੂਬਾ ਸਰਹਿੰਦ ਵੰਡ ਲਿਆ, ਤਾਂ ਸ: ਚੜ੍ਹਤ ਸਿੰਘ ਨੇ ਏਜ ਇਲਾਕੇ ਵਿਚ ਕਬਜ਼ਾ ਨਾ ਕੀਤਾ। ਉਹਨੇ ਰੁਹਤਾਸ, ਧੰਨੀ, ਪੋਠੋਹਾਰ, ਚਕਵਾਲ, ਜਲਾਲ ਪੁਰ, ਸਈਦ ਪੁਰ, ਪਿੰਡ ਦਾਦਨ ਖ਼ਾਂ, ਮਿਆਣੀ, ਆਦਿ ਉਤੇ ਕਬਜ਼ਾ ਕਰ ਲਿਆਂ। ਅਗਲੇ ਸਾਲ ਉਹਨੇ ਦਰਿਆ ਰਾਵੀ ਤੇ ਜਿਹਲਮ ਦੇ ਵਿਚਕਾਰ

---

† ਏਸ ਮਿਸਲ ਦਾ ਪੂਰਾ ਹਾਲ 'ਸਿੱਖਰਾਜ ਤੇ ਸ਼ੇਰੇ-ਪੰਜਾਬ' ਨਾਮੇ ਪੁਸਤਕ ਵਿਚ ਆ ਚੁਕਾ ਹੈ। ਇਸ ਵਾਸਤੇ ਏਥੇ ਬੜਾ ਥੋੜਾ ਜ਼ਿਕਰ ਕੀਤਾ ਗਿਆ ਹੈ।

Sri Satguru Jagjit Singh Ji eLibrary NamdhariElibrary@gmail.com

ਹੋਰ ਬਹੁਤ ਸਾਰੇ ਇਲਾਕੇ ਉਤੇ ਮੱਲ ਮਾਰ ਲਈ।

ਸ. ਚੜ੍ਹਤ ਸਿੰਘ ਜੰਮੂ ਦੀ ਲੜਾਈ (੧੭੭੪) ਈ. ਵਿਚ ਆਪਣੀ ਬੰਦੂਕ ਦੀ ਨਾਲੀ ਫਟਣ ਕਰਕੇ ਸੁਰਗਵਾਸ ਹੋ ਗਿਆ।

ਮਹਾਂ ਸਿੰਘ ਫਿਰ ਉਸਦਾ ਵੱਡਾ ਪੁੱਤਰ ਮਹਾਂ ਸਿੰਘ ਮਿਸਲ ਦਾ ਮਾਲਕ ਬਣਿਆਂ। ੧੭੭੪ ਈ. ਵਿਚ ਸ. ਮਹਾਂ ਸਿੰਘ ਦਾ ਵਿਆਹ ਰਾਜਾ ਗਜਪਤ ਸਿੰਘ ਵਾਲੀਏ ਜੀਂਦ ਦੀ ਲੜਕੀ ਰਾਜ ਕੌਰ ਨਾਲ ਹੋਇਆ

ਸ. ਮਹਾਂ ਸਿੰਘ ਨੇ ਆਪਣੇ ਅਹਿਦ ਵਿਚ ਹੋਰ ਬਹੁਤ ਸਾਰੇ ਇਲਾਕੇ ਉਤੇ ਕਬਜ਼ਾ ਕਰ ਲਿਆ। ਜੰਮੂੰ ਦੀ ਲੁੱਟ ਤੋਂ ਸੁਕਰਚੱਕੀਆਂ ਤੇ ਕਨ੍ਹਈਆਂ ਵਿਚ ਵਿਗਾੜ ਪੈ ਗਿਆ। ਅੰਤ 'ਅੱਚਲ' ਦੀ ਲੜਾਈ ਵਿਚ ਸ. ਗੁਰਬਖ਼ਸ਼ ਸਿੰਘ ਕਨ੍ਹਈਆਂ ਮਾਰਿਆ ਗਿਆ (੧੭੮੪ ਈ.)। ਅਗਲੇ ਸਾਲ ਗੁਰਬਖ਼ਸ਼ ਸਿੰਘ ਦੀ ਸਰਦਾਰਨੀ ਸਦਾ ਕੌਰ ਨੇ ਆਪਣੀ ਲੜਕੀ ਮਹਿਤਾਬ ਕੌਰ ਦੀ ਮੰਗਣੀ ਰਣਜੀਤ ਸਿੰਘ ਨਾਲ ਕਰ ਦਿਤੀ। ਏਸ ਤਰ੍ਹਾਂ ਦੋਹਾਂ ਮਿਸਲਾਂ ਦਾ ਫੇਰ ਮਿਲਾਪ ਹੋ ਗਿਆ।

ਸ. ਮਹਾਂ ਸਿੰਘ ਸਤਾਈ ਸਾਲ ਦੀ ਉਮਰ ਵਿਚ ਹੀ ਸੁਰਗਵਾਸ ਹੋ ਗਿਆ (੧੭੯੨ ਈ: )। ਫਿਰ ਉਸਦਾ ਇਕੋ ਇਕ ਪੁੱਤਰ ਰਣਜੀਤ ਸਿੰਘ ਮਿਸਲ ਦਾ ਲੀਡਰ ਬਣਿਆਂ।

ਰਣਜੀਤ ਸਿੰਘ ਦਾ ਜਨਮ ਦੋ ਨਵੰਬਰ, ੧੭੮੦ ਈ. ਨੂੰ ਸ: ਮਹਾਂ ਸਿੰਘ ਤੇ ਸਰਦਾਰਨੀ ਰਾਜਕੌਰ ਦੇ ਘਰ ਹੋਇਆ।

ਮ. ਰਣਜੀਤ ਸਿੰਘ ਛੋਟੀ ਉਮਰ ਵਿਚ ਹੀ ਚੀਚਕ ਨਿਕਲਨ ਕਰਕੇ ਉਸਦੀ ਇਕ ਅੱਖ ਮਾਰੀ ਗਈ। ਉਹਨੇ ਭਾਈ ਭਾਗ ਸਿੰਘ ਕੋਲੋਂ ਅੱਖਰੀ ਵਿੱਦਿਆ (ਗੁਰਮੁਖੀ) ਪੜ੍ਹੀ ਤੇ ਪੰਡਤ ਅਮੀਰ ਸਿੰਘ ਕੋਲੋਂ ਸ਼ਸਤਰ ਵਿੱਦਿਆ ਸਿੱਖੀ। ਛੋਟੀ ਉਮਰ ਵਿਚ ਹੀ ਰਣਜੀਤ ਸਿੰਘ ਆਪਣੇ ਪਿਤਾ ਨਾਲ ਜੰਗਾਂ ਜੁੱਧਾਂ ਵਿਚ ਜਾਣ ਲੱਗ ਪਿਆ। ਉਹ ਮਸਾਂ ਬਾਰਾਂ ਸਾਲ ਦਾ ਸੀ, ਜਦ ਸ .ਮਹਾਂ ਸਿੰਘ ਸੁਰਗਵਾਸ ਹੋ ਗਿਆ ਤੇ ਇਲਾਕੇ ਦੀ ਸਾਰੀ ਜ਼ਿੰਮੇਵਾਰੀ ਰਣਜੀਤ ਸਿੰਘ ਦੇ ਸਿਰ ਪੈ ਗਈ।

ਮ: ਰਣਜੀਤ ਸਿੰਘ ਅਜੇ ਸੰਭਲਿਆ ਵੀ ਨਹੀਂ ਸੀ, ਜਾਂ ਸ਼ਾਹ

Sri Satguru Jagjit Singh Ji eLibrary NamdhariElibrary@gmail.com

ਜ਼ਮਾਨ ਦੇ ਹਮਲੇ‡ ਸ਼ੁਰੂ ਹੋ ਗਏ। ਉਹਨੇ ਦਸੰਬਰ, ੧੭੯੩ ਈ ਤੋਂ ਜਨਵਰੀ, ੧੭੯੯ ਈ. ਤਕ ਪੰਜਾਬ ਉਤੇ ਚਾਰ ਹਮਲੇ ਕੀਤੇ। ੩੦ ਨਵੰਬਰ, ੧੭੯੮ ਈ ਨੂੰ ਸ਼ਾਹ ਜ਼ਮਾਨ ਨੇ ਲਾਹੌਰ ਉਤੇ ਕਬਜ਼ਾ ਕਰ ਲਿਆ। ਉਹ ਸੰਮਣ ਬੁਰਜ ਵਿਚ ਰਹਿੰਦਾ ਸੀ। ਇਕ ਦਿਨ ਰਾਜਾ ਰਣਜੀਤ ਸਿੰਘ ਆਪਣੇ ਥੋੜੇ ਜਿਹੇ ਚੋਣਵੇਂ ਸਿਪਾਹੀਆਂ ਸਣੇ ਲਾਹੌਰ ਆਣ ਧਮਕਿਆ। ਉਹਨੇ ਆਉਂਦਿਆਂ ਹੀ ਸੰਮਣ ਬੁਰਜ ਉੱਤੇ ਗੋਲੀਆਂ ਚਲਾ ਕੇ ਕੁਛ ਪਠਾਣ ਪਹਿਰੇਦਾਰ ਮਾਰ ਦਿਤੇ। ਫਿਰ ਉਹਨੇ ਸ਼ਾਹ ਜ਼ਮਾਨ ਨੂੰ ਵੰਗਾਰਦਿਆਂ ਕਿਹਾ, "ਓ, ਅਹਮਦ ਸ਼ਾਹ ਅਬਦਾਲੀ ਦੇ ਪੋਤਰੇ! ਤੈਨੂੰ ਵੱਡੇ ਸ: ਚੜ੍ਹਤ ਸਿੰਘ ਦਾ ਪੋਤਰਾ ਵੰਗਾਰ ਰਿਹਾ ਹੈ। ਆ, ਮੈਦਾਨ ਵਿਚ ਆ, ਤੇ ਮੇਰੇ ਨਾਲ ਦੋ ਹੱਥ ਕਰਕੇ ਵੇਖ।" ਸ਼ਾਹ ਜ਼ਮਾਨ ਦਾ ਹੌਸਲਾ ਨਾ ਪਿਆ, ਕਿ ਬਾਰੀ ਵਿਚੋਂ ਬਾਹਰ ਮੂੰਹ ਕਢ ਕੇ ਝਾਤੀ ਵੀ ਮਾਰਦਾ। ਕੁਛ ਚਿਰ ਉੱਤਰ ਉਡੀਕ ਕੇ, ਜਦ ਅੱਗੋਂ ਕਿਸੇ ਵਾਜ ਨਾ ਦਿਤੀ, ਤਾਂ ਰਾਜਾ ਰਣਜੀਤ ਸਿੰਘ ਤੇ ਉਸਦੇ ਸਾਥੀ ਗੋਲੀਆਂ ਚਲਾਉਂਦੇ ਘੋੜੇ ਭਜਾ ਲੈ ਗਏ ਇਸ ਘਟਨਾ ਦਾ ਸ਼ਾਹ ਜ਼ਮਾਨ ਦੇ ਦਿਲ, 'ਤੇ ਏਨਾ ਡਰ ਬੈਠਾ, ਕਿ ਉਹ ਛੇਤੀ ਛੇਤੀ ਕੂਚ ਕਰਕੇ ਕਾਬਲ ਜਾ ਵੜਿਆ। ਇਹ ਮੁਸਲਮਾਨਾਂ ਵੱਲੋਂ ਹਿੰਦ ਉਤੇ ਆਖ਼ਰੀ ਹਮਲਾ ਸੀ।

ਸ਼ਾਹ ਜ਼ਮਾਨ ਤੇ ਰਣਜੀਤ ਸਿੰਘ

ਸ਼ਾਹ ਜ਼ਮਾਨ ਦੇ ਜਾਂਦਿਆਂ ਹੀ ਭੰਗੀ ਸਰਦਾਰਾਂ ਨੇ ਫੇਰ ਲਾਹੌਰ 'ਤੇ ਕਬਜ਼ਾ ਕਰ ਲਿਆ। ਭੰਗੀ ਸਰਦਾਰ ਲਹਿਣਾ ਸਿੰਘ, ਗੁੱਜਰ ਸਿੰਘ ਸੁਰਗਵਾਸ ਹੋ ਗਏ, ਤਾਂ ਉਹਨਾਂ ਦੇ ਥਾਂ ਚੇਤ ਸਿੰਘ (ਲਹਿਣਾ ਸਿੰਘ ਦਾ) ਸਾਹਿਬ ਸਿੰਘ (ਗੁੱਜਰ ਸਿੰਘ ਦਾ) ਤੇ ਮੋਹਰ ਸਿੰਘ (ਸੋਭਾ ਸਿੰਘ ਦਾ) ਲਾਹੌਰ ਦੇ ਹਾਕਮ ਬਣੇ। ਉਹਨਾਂ ਦੀ ਆਪਸ ਵਿਚ ਦੀ ਅਜੋੜ ਦਾ ਕਾਰਨ ਪਰਜਾ ਦੁਖੀ ਹੋ ਗਈ। ਸ਼ਹਿਰ ਦੇ ਪਤਵੰਤਿਆਂ ਸਲਾਹ ਕਰਕੇ ਰਾਜਾ

‡ ਇਹਨਾਂ ਹਮਲਿਆਂ ਦਾ ਪੂਰਾ ਵੇਰਵਾ 'ਸਿੱਖਰਾਜ ਤੇ ਸ਼ੇਰੇ-ਪੰਜਾਬ' ਵਿਚ ਆ ਚੁਕਾ ਹੈ।

Sri Satguru Jagjit Singh Ji eLibrary NamdhariElibrary@gmail.com

ਲਾਹੌਰ 'ਤੇ ਕਬਜ਼ਾ

ਰਣਜੀਤ ਸਿੰਘ ਨੂੰ ਬੁਲਾ ਭੇਜਿਆ। ਸੋ ਰਾਜਾ ਰਣਜੀਤ ਸਿੰਘ ਨੇ ਮਾਈ ਸਦਾ ਕੌਰ ਦੀ ਮਦਦ ਨਾਲ ਛੇ ਜੁਲਾਈ, ੧੭੯੯ ਈ ਨੂੰ ਲਾਹੌਰ ਉਤੇ ਕਬਜ਼ਾ ਕਰ ਲਿਆ।

ਇਲਾਕੇ ਉੱਤੇ ਚੰਗੀ ਤਰ੍ਹਾਂ ਤਸੱਲੀ ਜਮਾ ਕੇ ੧੨ ਅਪ੍ਰੈਲ, ੧੮੦੧ ਈ (ਵਿਸਾਖੀ, ੧੮੫੮ ਬਿ) ਦੇ ਦਿਨ ਰਣਜੀਤ ਸਿੰਘ ਨੇ 'ਮਹਾਰਾਜਾ' ਲਕਬ ਧਾਰਨ ਕੀਤਾ। ਏਸ ਦਿਨ ਨਾਨਕ ਸ਼ਾਹੀ ਸਿੱਕਾ ਚਾਲੂ ਕੀਤਾ ਗਿਆ ਜਿਸ ਉਤੇ ਬਾਬਾ ਬੰਦਾ ਸਿੰਘ ਦੀ ਮੋਹਰ ਵਾਲਾ ਸਲੋਕ ਲਿਖਿਆ ਗਿਆ।

ਦੇਗ਼ ਉ ਤੇਗ਼ ਉ ਫ਼ਤਹਿ ਉ ਨੁਸਰਤ ਬੇਦਰੰਗ।

ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਫਿਰ ਮ ਰਣਜੀਤ ਸਿੰਘ ਨੇ ਆਕੀ ਇਲਾਕਿਆਂ ਉਤੇ ਤਹਿਤ ਜਮਾਉਣ ਵਾਸਤੇ ਹਮਲੇ ਸ਼ੁਰੂ ਕੀਤੇ। ਕਸੂਰ, ਨੂਰਪੁਰ, ਸੁਜਾਨਪੁਰ, ਪਿੰਡੀ ਭੱਟੀਆਂ, ਧੰਨੀ, ਚਨਿਓਟ, ਡਸਕਾ, ਮੁਲਤਾਨ, ਫਗਵਾੜਾ, ਹੁਸ਼ਿਆਰਪੁਰ, ਬਜਵਾੜਾ, ਆਦਿ ਵਿਚੋਂ ਕਈਆਂ 'ਤੇ ਕਬਜ਼ਾ ਕਰ ਲਿਆ ਤੇ ਕਈਆਂ ਤੋਂ ਨਜ਼ਰਾਨਾ ਵਸੂਲ ਕੀਤਾ। ਮਾਰਚ, ੧੮੦੪ ਈ ਨੂੰ ਅੰਮ੍ਰਿਤਸਰ ਉਤੇ ਪੂਰੀ ਤਰ੍ਹਾਂ ਕਬਜ਼ਾ ਕੀਤਾ ਗਿਆ। ਏਸ ਸਾਲ ਅੰਮ੍ਰਿਤਸਰ ਦਰਬਾਰ ਕਰਕੇ ਨਾਮਵਰ ਸਰਦਾਰਾਂ ਨੂੰ ਫ਼ੌਜੀ ਅਹੁਦੇ ਤੇ ਇਨਾਮ ਦਿਤੇ ਗਏ।

੧੮੦੬ ਈ. ਤੇ ੧੮੦੭ ਈ. ਵਿਚ ਪਟਿਆਲੇ ਦੇ ਝਗੜੇ ਨਿਬੇੜਨ ਵਾਸਤੇ ਮ. ਰਣਜੀਤ ਸਿੰਘ ਫ਼ੌਜ ਲੈ ਕੇ ਮਾਲਵੇ ਵਿਚ ਗਿਆ ਤੇ ਬਹੁਤ ਸਾਰੇ ਨਵੇਂ ਇਲਾਕੇ ਫ਼ਤਹਿ ਕਰਕੇ ਆਪਣੇ ਮਿੱਤਰਾਂ ਤੇ ਸਰਦਾਰਾਂ ਨੂੰ ਦਿਤੇ।

ਇਹਨਾਂ ਘਟਨਾ ਤੋਂ ਅੰਗਰੇਜ਼ ਤੇ ਮਾਲਵੇ ਦੇ ਰਾਜੇ ਘਬਰਾ ਗਏ। ਮਾਲਵੇ ਦੇ ਸਿੱਖ ਰਾਜੇ, ਮ. ਰਣਜੀਤ ਸਿੰਘ ਦਾ ਸਾਥ ਛੱਡ ਕੇ ਅੰਗਰੇਜ਼ਾਂ ਦੇ ਅਧੀਨ ਚਲੇ ਗਏ। ਅੰਤ ਮ. ਰਣਜੀਤ ਸਿੰਘ ਤੇ ਅੰਗਰੇਜ਼ੀ ਸਰਕਾਰ ਵਿਚ ੨੫ ਅਪਰੈਲ, ੧੮੦੯ ਈ. ਨੂੰ ਸੁਲ੍ਹਾ ਹੋਈ, ਜਿਸ ਰਾਹੀਂ ਅੰਗਰੇਜ਼ਾਂ ਨੇ ਸਤਲੁਜ ਤੋਂ ਸੱਜੇ ਹੱਥ ਦੇ ਖੁੱਲ੍ਹੇ ਇਲਾਕੇ ਦਾ ਰਣਜੀਤ ਸਿੰਘ ਨੂੰ ਖ਼ੁਦਮੁਖ਼ਤਿਆਰ ਬਾਦਸ਼ਾਹ ਮੰਨ ਲਿਆ ਤੇ ਮਹਾਰਾਜੇ ਨੇ ਮਾਲਵੇ ਦੇ ਰਾਜੇ ਅੰਗਰੇਜ਼ਾਂ ਦੇ

ਅੰਗਰੇਜ਼ਾਂ ਨਾਲ ਸੁਲ੍ਹਾ

Sri Satguru Jagjit Singh Ji eLibrary NamdhariElibrary@gmail.com

ਅਧੀਨ ਪਰਵਾਨ ਕਰ ਲਏ।

ਇਸ ਪਾਸਿਓਂ ਕੁਛ ਚਿਰ ਲਈ ਵਿਹਲੇ ਹੋ ਕੇ ਮ. ਰਣਜੀਤ ਸਿੰਘ ਨੇ ਪੱਛਮੀ ਪੰਜਾਬ ਵੱਲੇ ਧਿਆਨ ਦਿਤਾ। ਹੌਲੀ ਹੌਲੀ ਸਭ ਸਰਦਾਰਾਂ ਤੇ ਨਵਾਬਾਂ ਦੇ ਇਲਾਕੇ ਸਿੱਖਰਾਜ ਵਿਚ ਸ਼ਾਮਲ ਕਰਕੇ ਇਕ ਤਾਕਤਵਰ ਅਮਨ ਦਾ ਰਾਜ ਸਥਾਪਨ ਕਰ ਦਿਤਾ। ਹੇਠ ਲਿਖੇ ਪ੍ਰਸਿਧ ਅਸਥਾਨਾਂ ਦੇ ਫਤਹਿ ਹੋਣ ਦੀਆਂ ਤਾਰੀਖ਼ਾਂ ਇਹ ਹਨ :—ਅੰਮ੍ਰਿਤਸਰ, ੧੮੦੪ ਈ., ਕਸੂਰ ੧੮੦੭ ਈ., ਸ਼ੇਖ਼ੂਪੁਰਾ ੧੮੦੮ ਈ., ਕਾਂਗੜਾ ੧੮੦੯ ਈ., ਗੁਜਰਾਤ, ਖ਼ੁਸ਼ਾਬ, ਸਾਹੀਵਾਲ, ਵਜ਼ੀਰਾਬਾਦ ਤੇ ਡਸਕਾ, ੧੮੧੦ ਈ., ਨਕਈਆਂ ਦਾ ਇਲਾਕਾ ਤੇ ਸਿੰਘ ਪੁਰੀਏ ਬੁੱਧ ਸਿੰਘ ਦਾ ਇਲਾਕਾ (ਜਲੰਧਰ, ਪੱਟੀ) ੧੮੧੧ ਈ., ਅਟਕ ੧੮੧੩ ਈ., ਝੰਗ ੧੮੧੬ ਈ., ਮੁਲਤਾਨ ੧੮੧੮ ਈ., ਕਸ਼ਮੀਰ ੧੮੧੯ ਈ., ਮਾਨਕੇਰਾ ੧੮੨੨ ਈ., ਪਿਸ਼ਾਵਰ ੧੮੩੪ ਈ., ਲਦਾਖ਼ ੧੮੩੫ ਈ., ਡੇਹਰਾ ਇਸਮਾਈਲ ਖ਼ਾਂ ੧੮੩੬ ਈ.।

**ਸ਼ੇਰੇ ਪੰਜਾਬ ਸੁਰਗਵਾਸ**

ਅੰਤ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ੧੫ ਹਾੜ ੧੮੯੬ ਬਿ. (੨੭ ਜੂਨ, ੧੮੩੯ ਈ.), ਵੀਰਵਾਰ, ਪੂਰਨ-ਮਾਸ਼ੀ ਦੇ ਦਿਨ ਸੁਰਗਵਾਸ ਹੋਇਆ।

ਸ਼ੇਰੇ ਪੰਜਾਬ ਦੇ ਸੁਰਗਵਾਸ ਹੁੰਦਿਆਂ ਹੀ ਸਿੱਖਰਾਜ ਦਾ ਸੂਰਜ ਢਲਨਾ ਸ਼ੁਰੂ ਹੋ ਗਿਆ। ਉਸ ਵੇਲੇ ਪੰਜਾਬ ਵਿਚ ਸਭ ਤੋਂ ਵਧੇਰੇ ਤਾਕਤ ਡੋਗਰਾ ਭਰਾਵਾਂ (ਗੁਲਾਬ ਸਿੰਘ, ਧਿਆਨ ਸਿੰਘ ਤੇ ਸੁਚੇਤ ਸਿੰਘ) ਦੀ ਸੀ। ਆਪਣੀ ਖ਼ੁਦਗਰਜ਼ੀ ਨੂੰ ਮੁੱਖ ਰੱਖ ਕੇ ਉਹਨਾਂ ਪੰਜਾਬ ਰਾਜ ਦੀ ਬਰਬਾਦੀ ਦਾ ਮੁਢ ਬੰਨ੍ਹ ਦਿਤਾ।

**ਖੜਕ ਸਿੰਘ**

ਸ਼ੇਰੇ ਪੰਜਾਬ ਦੇ ਪਿੱਛੋਂ ਉਹਨਾਂ ਦਾ ਵੱਡਾ ਪੁੱਤਰ ਖੜਕ ਸਿੰਘ ਮਹਾਰਾਜਾ ਬਣਿਆਂ। ਉਹ ਛੇਤੀ ਹੀ ਡੋਗਰਿਆਂ ਦੀਆਂ ਚਾਲਾਂ ਦਾ ਸ਼ਕਾਰ ਹੋ ਗਿਆ। ਰਾਜਾ ਧਿਆਨ ਸਿੰਘ ਨੇ ੮ ਅਕਤੂਬਰ, ੧੮੩੯ ਈ. ਨੂੰ ਮ. ਖੜਕ ਸਿੰਘ ਨੂੰ ਕੈਦ ਕਰ ਲਿਆ ਤੇ ਤਖ਼ਤ ਉਤੇ ਕੰਵਰ ਨੌਨਿਹਾਲ ਸਿੰਘ ਨੂੰ ਬਿਠਾ ਦਿਤਾ। ਇਕ ਸਾਲ ਤੇ ਅਠਾਈ ਦਿਨ ਪਿੱਛੋਂ (੫ ਨਵੰਬਰ, ੧੮੪੦ ਈ.) ਨੂੰ ਮਹਾਰਾਜਾ ਖੜਕ

Sri Satguru Jagjit Singh Ji eLibrary NamdhariElibrary@gmail.com

ਨੌਨਿਹਾਲ ਸਿੰਘ

ਸਿੰਘ ਨੂੰ ਜ਼ਹਿਰ ਦੇ ਕੇ ਮਾਰ ਦਿਤਾ ਗਿਆ। ਏਸੇ ਦਿਨ ਧਿਆਨ ਸਿੰਘ ਦੇ ਹੱਥੋਂ ਮਹਾਰਾਜਾ ਨੌਨਿਹਾਲ ਸਿੰਘ ਵੀ ਕਤਲ ਕਰ ਦਿਤਾ ਗਿਆ* ।

ਸ਼ੇਰ ਸਿੰਘ

ਫਿਰ ਪੰਜਾਬ ਦੇ ਤਖ਼ਤ ਉੱਤੇ ਦੋ ਮਹੀਨੇ ਤੇ ਨੌਂ ਦਿਨ ਚੰਦ ਕੌਰ (ਕੌਰ ਨੌਨਿਹਾਲ ਸਿੰਘ ਦੀ ਮਾਤਾ) ਨੇ ਰਾਜ ਕੀਤਾ, ਤੇ ਫਿਰ ਸ਼ੇਰ ਸਿੰਘ ਮਹਾਰਾਜਾ ਬਣਿਆਂ। ਉਹ ਦੋ ਸਾਲ, ੭ ਮਹੀਨੇ ਤੇ ੨੭ ਦਿਨ ਰਾਜ ਕਰਨ ਪਿੱਛੋਂ ੧੫ ਸਤੰਬਰ, ੧੮੪੩ ਈ. ਨੂੰ ਸੰਧਾਵਾਲੀਆਂ ਦੇ ਹੱਥੋਂ ਕਤਲ ਹੋਇਆ। ਏਸੇ ਦਿਨ ਸੰਧਾ-ਵਾਲੀਆਂ (ਅਜੀਤ ਸਿੰਘ ਤੇ ਲਹਿਣਾ ਸਿੰਘ) ਨੇ ਟਿੱਕਾ ਪਰਤਾਪ ਸਿੰਘ ਤੇ ਡੋਗਰੇ ਧਿਆਨ ਸਿੰਘ ਵਜ਼ੀਰ ਨੂੰ ਕਤਲ ਕਰ ਦਿਤਾ।

ਦਲੀਪ ਸਿੰਘ

ਅਗਲੇ ਦਿਨ ਵਜ਼ੀਰ ਧਿਆਨ ਸਿੰਘ ਦੇ ਪੁੱਤਰ ਰਾਜਾ ਹੀਰਾ ਸਿੰਘ ਨੇ ਕਿਲ੍ਹੇ 'ਤੇ ਹਮਲਾ ਕਰਕੇ ਦੋਹਾਂ ਸੰਧਾਵਾਲੀਆਂ ਨੂੰ ਕਤਲ ਕਰ ਦਿਤਾ। ਫਿਰ ਦਲੀਪ ਸਿੰਘ ਮਹਾਰਾਜਾ ਤੇ ਹੀਰਾਂ ਸਿੰਘ ਵਜ਼ੀਰ ਬਣਿਆਂ। ਹੀਰਾ ਸਿੰਘ ਨੇ ਸ਼ਾਹਜ਼ਾਦਾ ਕਸ਼ਮੀਰਾ ਸਿੰਘ ਨੂੰ ਕਤਲ ਕਰ ਦਿਤਾ (੭ ਮਈ, ੧੮੪੪ ਈ.)। ਏਸ ਗੁਨਾਹ ਵਿਚ ਖ਼ਾਲਸਾ ਫ਼ੌਜਾਂ ਨੇ ੨੧ ਦਸੰਬਰ, ੧੮੪੪ ਈ. ਨੂੰ ਰਾਜਾ ਹੀਰਾ ਸਿੰਘ ਨੂੰ ਕਤਲ ਕਰ ਦਿਤਾ। ਫਿਰ ਮ. ਜਿੰਦਾਂ ਦਾ ਭਰਾ ਸ. ਜਵਾਹਰ ਸਿੰਘ ਵਜ਼ੀਰ ਬਣਿਆਂ। ਉਹਨੇ ਸ਼ਾਹਜ਼ਾਦਾ ਪਸ਼ੌਰਾ ਸਿੰਘ ਨੂੰ (੩੦ ਅਗਸਤ, ੧੮੪੫ ਈ. ਨੂੰ ਕਤਲ ਕਰਾ ਦਿਤਾ। ਏਸ ਗੱਲੋਂ ਖ਼ਾਲਸਾ ਫ਼ੌਜਾਂ ਨੇ ਭੜਕ ਕੇ ਸ: ਜਵਾਹਰ ਸਿੰਘ ਨੂੰ ਕਤਲ ਕਰ ਦਿਤਾ। (੨੧ ਸਤੰਬਰ, ੧੮੪੫ ਈ.)।

ਫਿਰ ਮਿਸਰ ਲਾਲ ਸਿੰਘ ਤੇ ਤੇਜ ਸਿੰਘ ਦੇ ਹੱਥ ਤਾਕਤ ਆ ਗਈ। ਉਹਨਾਂ ਖ਼ਾਲਸਾ ਫ਼ੌਜਾਂ ਨੂੰ ਭੜਕਾ ਕੇ ਅੰਗਰੇਜ਼ਾਂ ਨਾਲ ਲੜਾਈ ਛੇੜ

---

* ਏਸ ਖ਼ੂੰਨ ਖ਼ਰਾਬੇ ਦਾ ਪੂਰਾ ਇਤਿਹਾਸ ਪੜ੍ਹਨ ਵਾਸਤੇ ਵੇਖੋ 'ਸਿੱਖਰਾਜ ਕਿਵੇਂ ਗਿਆ ?'

Sri Satguru Jagjit Singh Ji eLibrary NamdhariElibrary@gmail.com

ਦਿਤੀ : ਅੰਤ ਇਹਨਾਂ ਦੀ ਗ਼ੱਦਾਰੀ ਦਾ ਕਾਰਨ ਹੀ ਸਿੱਖ

ਸਤਲੁਜ ਯੁੱਧ ਸਤਲੁਜ ਯੁੱਧ ਵਿਚ ਹਾਰ ਗਏ। ਜਿਸਦੇ ਸਿੱਟੇ ਵਜੋਂ ਦੁਆਬਾ ਜਲੰਧਰ ਉੱਤੇ ਅੰਗਰੇਜ਼ਾਂ ਨੇ ਆਪ ਕਬਜ਼ਾ ਕਰ ਲਿਆ ਤੇ ਜੰਮੂੰ-ਕਸ਼ਮੀਰ ਪੰਜਾਬ ਨਾਲੋਂ ਵੱਖਰਾ ਕਰਕੇ ਡੋਗਰੇ ਗੁਲਾਬ ਸਿੰਘ ਨੂੰ ਓਥੋਂ ਦਾ ਖ਼ੁਦਮੁਖ਼ਤਿਆਰ ਮਹਾਰਾਜਾ ਬਣਾ ਦਿਤਾ।

ਲਾਲ ਸਿੰਘ ਦੇ ਦੇਸ ਨਿਕਾਲੇ ਪਿੱਛੋਂ ਸਾਰੀ ਤਾਕਤ ਤੇਜ ਸਿੰਘ ਦੇ ਹੱਥ ਆ ਗਈ। ਉਹਨੇ ਭਰੋਂਵਾਲ ਦੀ ਸੁਲ੍ਹਾ (੧੬ ਦਸੰਬਰ ੧੮੪੬ ਈ.) ਕਰਕੇ ਪੰਜਾਬ (ਅਮਾਨਤ ਵਜੋਂ) ਅੰਗਰੇਜ਼ਾਂ ਦੇ ਹਵਾਲੇ ਕਰ ਦਿਤਾ। ਅੰਗਰੇਜ਼ ਉਂਗਲੀ ਫੜ ਕੇ ਪਹੁੰਚਾ ਫੜਨ ਦਾ ਯਤਨ ਕਰਨ ਲੱਗੇ, ਤਾਂ ਮੁਲਤਾਨ ਬਗ਼ਾਵਤ ਹੋ ਗਈ, ਤੇ ਅੰਤ ਰਾਜਾ ਸ਼ੇਰ ਸਿੰਘ ਅਟਾਰੀ ਵਾਲਾ ਬਾਗ਼ੀ ਹੋ ਗਿਆ। ਉਹ ਅੰਗਰੇਜ਼ਾਂ ਦੇ ਸੈਨਾਪਤੀ ਗਫ਼ ਨਾਲ ਚਾਰ ਲੜਾਈਆਂ (ਰਾਮ ਨਗਰ, ਸੈਦੂਲਾ ਪੁਰ, ਚੇਲਿਆਂਵਾਲੀ ਤੇ ਗੁਜਰਾਤ) ਲੜਿਆ। ਆਖ਼ਰੀ ਲੜਾਈ ਵਿਚ ਉਹ ਦਾਰੂ-ਸਿੱਕਾ ਮੁੱਕ ਜਾਣ ਦੇ ਕਾਰਨ ਹਾਰ ਗਿਆ। ਅੱਗੇ ਅੰਗਰੇਜ਼ਾਂ ਦਾ ਇਨਸਾਫ਼ ਵੇਖੋ। ਬਗਾਵਤ ਰਾਜਾ ਸ਼ੇਰ ਸਿੰਘ ਨੇ ਕੀਤੀ ਤੇ ਅੰਗਰੇਜ਼ਾਂ ਨੇ ਨਿਰਦੋਸ਼ ਬਾਲਕ ਦਲੀਪ ਸਿੰਘ ਦਾ ਰਾਜ ਖੋਹ ਲਿਆ। ੨੯ ਮਾਰਚ, ੧੮੪੯ ਈ ਨੂੰ ਸਿੱਖਰਾਜ ਦਾ ਅੰਤ ਕਰਕੇ ਪੰਜਾਬ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ।

ਅੰਤ ਮ ਦਲੀਪ ਸਿੰਘ ਤੇ ਮਹਾਰਾਣੀ ਜਿੰਦ ਕੌਰਾਂ ਵਲਾਇਤ ਵਿਚ ਕੈਦੀ ਦੀ ਹੈਸੀਅਤ ਅੰਦਰ ਸੁਰਗਵਾਸ ਹੋਏ*।

---

† ਮ. ਦਲੀਪ ਸਿੰਘ ਤੇ ਮ. ਜਿੰਦ ਕੌਰਾਂ ਦੇ ਜੀਵਨ ਦੇ ਪੂਰੇ ਪੂਰੇ ਹਾਲ ਪੜ੍ਹਨ ਵਾਸਤੇ ਵੇਖੋ 'ਦੁਖੀਏ ਮਾਂ ਪੁੱਤ'।

Sri Satguru Jagjit Singh Ji eLibrary NamdhariElibrary@gmail.com

# ੨. ਮਿਸਲ ਭੰਗੀਆਂ

ਛੱਜਾ ਸਿੰਘ
|
ਭੀਮ ਸਿੰਘ (ਰਿਸਤੇਦਾਰ)
|
ਹਰੀ ਸਿੰਘ ਭੰਗੀ (ਮੁਤਬੰਨਾ)
|
- ਝੰਡਾ ਸਿੰਘ
- ਗੰਡਾ ਸਿੰਘ
  - ਦੇਸਾ ਸਿੰਘ
    - ਗੁਲਾਬ ਸਿੰਘ
      - ਗੁਰਦਿਤ ਸਿੰਘ
- ਚੜ੍ਹਤ ਸਿੰਘ
- ਦੀਵਾਨ ਸਿੰਘ
- ਦੇਸੂ ਸਿੰਘ

**ਛੱਜਾ ਸਿੰਘ** ਏਸ ਜਥੇ ਦਾ ਬਾਨੀ ਸ ਛੱਜਾ ਸਿੰਘ* ਜੱਟ ਪਿੰਡ ਪੰਜਵੜ ਦਾ ਸੀ। ਉਸਨੇ ਬਾਬਾ ਬੰਦਾ ਸਿੰਘ ਤੋਂ ਅੰਮ੍ਰਿਤ ਛਕਿਆ।

ਉਸਨੇ ਆਪਣੇ ਤਿੰਨ ਰਿਸ਼ਤੇਦਾਰਾਂ—ਭੀਮ ਸਿੰਘ, ਮੂਲਾ ਸਿੰਘ,ਜਗਤ ਸਿੰਘ—ਨੂੰ ਅੰਮ੍ਰਿਤ ਛਕਾਕੇ ਨਾਲ ਮਿਲਾ ਲਿਆ। ਫਿਰ ਉਸ ਨੇ ਅਮਰ ਸਿੰਘ ਪਿੰਡ ਕਿੰਗਰਾ, ਸਾਂਵਲ ਸਿੰਘ ਪਿੰਡ ਵਾਘਾ, ਗੁਰਬਖ਼ਸ਼ ਸਿੰਘ ਸੰਧੂ ਜੱਟ ਪਿੰਡ ਰੋੜਾਂ ਵਾਲਾ, ਗੁਲਾਬ ਸਿੰਘ, ਮੀਹਾਂ ਸਿੰਘ ਆਦਿ ਨੂੰ

---

* ਲਤੀਫ਼, (ਹਿਸਟਰੀ ਆਫ਼ ਦੀ ਪੰਜਾਬ, ਕਰਤਾ ਸੱਯਦ ਮੁਹੰਮਦ ਲਤੀਫ਼, ਛਪੀ ੧੮੯੧ ਈ.) ਪੰਨਾ ੨੯੬; ਰਾਜ ਖ਼ਾਲਸਾ, (ਉਰਦੂ, ਕਰਤਾ, ਗਿਆਨੀ ਗਿਆਨ ਸਿੰਘ, ਛਪੀ ੧੯੨੫) ਪੰਨਾ ੨; ਪਰ ਮੈਕਗ੍ਰੇਗਰ (ਹਿਸਟਰੀ ਆਫ਼ ਦੀ ਸਿੱਖਸ, ਹਿੱਸਾ ਪਹਿਲਾ, ਕਰਤਾ ਮੈਕਗ੍ਰੇਗਰ, ਛਪੀ ੧੮੪੬ ਈ.) ਪੰਨਾ ੧੨੦ 'ਤੇ ਪੰਜਵੜ ਦਾ ਜੱਟ ਨਾਮ ਜੱਸਾ ਸਿੰਘ ਲਿਖਦਾ ਹੈ।

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤ ਛਕਾ ਕੇ ਆਪਣੇ ਜਥੇ ਵਿਚ ਮਿਲਾ ਲਿਆ। ਉਸ ਸਮੇਂ ਲੁੱਟ ਮਾਰ ਕਰਨਾ ਜਾਂ ਧਾੜੇ ਮਰਨਾ ਮਾੜਾ ਕੰਮ ਨਹੀਂ ਸੀ ਗਿਣਿਆਂ ਜਾਂਦਾ। ਛੱਜਾ ਸਿੰਘ ਨੇ ਇਕ ਚੰਗਾ ਧਾੜਵੀ ਜਥਾ ਬਣਾ ਲਿਆ। ਇਹਨਾਂ ਵਿਚੋਂ ਸ ਜਗਤ ਸਿੰਘ ਭੰਗ ਪੀਂਦਾ ਸੀ*, ਸੋ ਜਥੇ ਦਾ ਨਾਮ 'ਭੰਗੀ ਪੈ ਗਿਆ।

ਸ ਛੱਜਾ ਸਿੰਘ ਦੇ ਸੁਰਗਵਾਸ ਹੋਣ ਉਤੇ ਭੀਮ ਸਿੰਘ ਜਥੇਦਾਰ ਬਣਿਆਂ। ਉਹਨੇ ਆਪਣੇ ਜਥੇ ਦੀ ਗਿਣਤੀ ਤਿੰਨ ਸੌ ਤਕ ਵਧਾ ਲਈ†। ਭੀਮ ਸਿੰਘ ਦੇ ਸੁਰਗਵਾਸ ਹੋਣ ਪਿੱਛੋਂ ਉਸਦਾ ਭਤੀਜਾ ਤੇ ਪੁੱਤਰੇਲਾ‡ ਹਰੀ ਸਿੰਘ (ਭੂਪ ਸਿੰਘ ਦਾ ਪੁੱਤਰ) ਜਥੇਦਾਰ ਬਣਿਆਂ। ਇਹਨੇ ਆਪਣੀ ਤਾਕਤ ਢੇਰ ਵਧਾ ਲਈ।

ਭੀਮ ਸਿੰਘ

ਖ਼ਾਲਸੇ ਦੀ ਹਰ ਮੁਹਿੰਮ ਦੇ ਇਹ ਨਾਲ ਰਿਹਾ। ੨੯ ਮਾਰਚ, ੧੭੪੮ ਈ ਨੂੰ ਵਿਸਾਖੀ ਵਾਲੇ ਦਿਨ ਮਿਸਲਾਂ ਬਣੀਆਂ, ਤਾਂ ਇਹਨੇ ਆਪਣੀ ਵਖਰੀ ਮਿਸਲ ਬਣਾ ਲਈ। ਸ ਹਰੀ ਸਿੰਘ ਵੀ ਭੰਗ ਪੀਂਦਾ ਸੀ, ਸੋ ਮਿਸਲ ਦਾ ਨਾਂ ਭੰਗੀਆਂ ਵਾਲੀ ਮਿਸਲ ਪੈ ਗਿਆ ਇਸ ਮਿਸਲ ਦੀ ਤਾਕਤ ਸਾਰੀਆਂ ਮਿਸਲਾਂ ਵਿਚੋਂ ਵਧੇਰੇ ਸੀ। ਜਦ ਵੱਡੇ ਘੱਲੂਘਾਰੇ ਪਿੱਛੋਂ ਬੁਢਾ ਦਲ ਤੇ ਤਰਨਾ ਦਲ ਬਣੇ, ਤਾਂ ਤਰਨਾ ਦਲ ਦਾ ਜਥੇਦਾਰ ਸ ਹਰੀ ਸਿੰਘ ਭੰਗੀ ਬਣਿਆਂ। ੧੪ ਜਨਵਰੀ, ੧੭੬੪ ਈ ਨੂੰ ਸੂਬੇਦਾਰ ਜ਼ੈਨ ਖ਼ਾਂ ਨੂੰ ਮਾਰ ਕੇ ਸਿੱਖਾਂ ਨੇ ਸਰਹਿੰਦ ਦਾ ਸੂਬਾ ਵੰਡਿਆ, ਤਾਂ ਭੰਗੀਆਂ ਨੇ ਵੀ ਕੁਛ ਇਲਾਕਾ ਕਬਜ਼ੇ ਕਰ ਲਿਆ।

ਹਰੀ ਸਿੰਘ

ਉਸ ਵੇਲੇ ਭੰਗੀ ਮਿਸਲ ਵਿਚ ਪ੍ਰਸਿਧ ਸਰਦਾਰ ਇਹ ਸਨ: ਝੰਡਾ ਸਿੰਘ, ਗੰਡਾ ਸਿੰਘ, ਚੜ੍ਹਤ ਸਿੰਘ, ਦੀਵਾਨ

ਭੰਗੀ ਮਿਸਲ

---

* ਮੈਕਗ੍ਰੇਗਰ, ਪੰਨਾ ੧੨੦।

† ਰਊਸਾ-ਏ-ਪੰਜਾਬ, ਹਿੱਸਾ ਪਹਿਲਾ (ਸਰ ਲੇਪਲ ਗ੍ਰਿਫ਼ਨ ਦੇ ਪੰਜਾਬ ਚੀਫਸ ਦਾ ਉਰਦੂ ਤਰਜਮਾ, ਅਨੁਵਾਦਿਕ ਸੱਯਦ ਨਵਾਜ਼ਸ਼ ਅਲੀ, ਛਪੀ ੧੯੧੧ ਈ.) ਪੰਨਾ ੭੭੬।

‡ ਲਤੀਫ਼, ਪੰਨਾ ੨੯੬; ਰਊਸਾ-ਏ-ਪੰਜਾਬ, ਪੰਨਾ ੭੭੬।

Sri Satguru Jagjit Singh Ji eLibrary NamdhariElibrary@gmail.com

ਵਿਚ ਸਰਦਾਰ ਸਿੰਘ, ਦੇਸੂ ਸਿੰਘ (ਪੰਜੇ ਸਰਦਾਰ ਹਰੀ ਦੇ ਪੁੱਤਰ), ਰਾਏ ਸਿੰਘ, ਸ਼ੇਰ ਸਿੰਘ, ਤਾਰਾ ਸਿੰਘ (ਤਿੰਨੇ) ਬੂੜੀਆ ਵਾਲੇ, ਕਰਮ ਸਿੰਘ ਛੀਨਾ, ਸੱਦਾ ਸਿੰਘ ਪਿੰਡ ਦੋਦਾ, ਸਾਹਿਬ ਸਿੰਘ ਸਿਆਲਕੋਟੀ, ਸਾਂਵਲ ਸਿੰਘ ਰੰਧਾਵਾ, ਗੁੱਜਰ ਸਿੰਘ ਤੇ ਲਹਿਣਾ ਸਿੰਘ ਰਤਨਗੜ੍ਹ, ਗੁਰਬਖ਼ਸ਼ ਸਿੰਘ ਰੋੜਾਂਵਾਲਾ, ਨਿਧਾਨ ਸਿੰਘ ਹੱਟੂ, ਬਾਘ ਸਿੰਘ ਹੱਲੋ-ਵਾਲੀਆ, ਸਾਹਿਬ ਸਿੰਘ ਗੁਜਰਾਤ, ਮਿਲਖਾ ਸਿੰਘ ਥੇਹਪੁਰੀਆ, ਕਦਮ ਸਿੰਘ ਦੁੱਲੂ, ਧੰਨਾ ਸਿੰਘ ਕਾਲਿਆਂ ਵਾਲਾ, ਆਦਿ ।

ਸੂਬਾ ਸਰਹਿੰਦ ਵਿਚੋਂ ਭੰਗੀਆਂ ਨੇ ਹੇਠ ਲਿਖੇ ਇਲਾਕੇ 'ਤੇ ਕਬਜ਼ਾ ਕਰ ਲਿਆ : ਬੂੜੀਆ, ਦਿਆਲਗੜ੍ਹ, ਜੇਗਾਧਰੀ, ਦਾਦੂਪੁਰ, ਖਰਵਾਨ, ਦਾਮਲਾ, ਫ਼ੀਰੋਜ਼ਪੁਰ, ਖਾਈ, ਵਾਂ, ਵਜ਼ੀਦਪੁਰ, ਆਦਿ ।

ਏਧਰੋਂ ਵਿਹਲੇ ਹੋ ਕੇ ਬੁਢਾ ਦਲ ਤਾਂ ਜਮਨਾਂ ਤੋਂ ਪਾਰ ਲੁੱਟਮਾਰ ਕਰਨ ਚਲਾ ਗਿਆ ਤੇ ਤਰਨਾ ਦਲ ਦੁਆਬਾ ਜਲੰਧਰ ਵਿਚ ਆਣ ਵੜਿਆ । ਇਲਾਕੇ ਦਾ ਮੁਸਲਮਾਨ ਹਾਕਮ ਨੱਸ ਗਿਆ । ਸਿੰਘਾਂ ਨੇ ਖ਼ਾਲੀ ਇਲਾਕੇ ਉੱਤੇ ਕਬਜ਼ਾ ਕਰ ਲਿਆ ।

**ਲਾਹੌਰ ਨੂੰ ਘੇਰਾ**

ਫ਼ਰਵਰੀ, ੧੭੬੪ ਈ. ਨੂੰ ਸ: ਹਰੀ ਸਿੰਘ ਭੰਗੀ ਦੀ ਕਮਾਨ ਵਿਚ ਤਰਨਾ ਦਲ ਨੇ ਲਾਹੌਰ ਨੂੰ ਜਾ ਘੇਰਾ ਪਾਇਆ । ਲਾਹੌਰ ਦਾ ਉਦਾਲਾ ਪੁਦਾਲਾ ਸਿੰਘਾਂ ਨੇ ਲੁੱਟ ਲਿਆ । ਸੂਬੇਦਾਰ ਕਾਬਲੀ ਮੱਲ ਡਰਦਾ ਸ਼ਹਿਰੋਂ ਬਾਹਰ ਨਾ ਨਿਕਲਿਆ । ਉਹਨੇ ਸ਼ਹਿਰ ਦੇ ਦਰਵਾਜ਼ੇ ਇੱਟਾਂ ਨਾਲ ਬੰਦ ਕਰਵਾ ਦਿਤੇ । ਉਹਨੇ ਸਿੱਖਾਂ ਨਾਲ ਸੁਲ੍ਹਾ ਕਰਨ ਦੀ ਇੱਛਿਆ ਪਰਗਟ ਕੀਤੀ । ਤਰਨਾ ਦਲ ਨੇ ਕਾਬਲੀ ਮੱਲ ਅੱਗੇ ਤਿੰਨ ਸ਼ਰਤਾਂ ਰਖੀਆਂ : (੧) ਸ਼ਹਿਰ ਦੇ ਸਾਰੇ ਬੁੱਚੜ (ਗਾਈਂ ਮਾਰਨ ਵਾਲੇ) ਸਾਡੇ ਹਵਾਲੇ ਕਰੋ, (੨) ਅੱਗੇ ਵਾਸਤੇ ਗਊ-ਹੱਤਿਆ ਬੰਦ ਕਰੋ, ਤੇ (੩) ਪੰਥ ਨੂੰ ਨਜ਼ਰਾਨਾ ਦਿਉ । ਕਾਬਲੀ ਮੱਲ ਇਹ ਸ਼ਰਤਾਂ ਨਾ ਮੰਨਿਆਂ । ਸਿੰਘਾਂ ਨੇ ਜੋਸ਼ ਵਿਚ ਆ ਕੇ ਦਿੱਲੀ ਦਰਵਾਜ਼ੇ 'ਤੇ ਧਾਵਾ ਬੋਲ ਦਿਤਾ । ਅੱਗੋਂ ਟਾਕਰਾ ਕਿਸ ਕਰਨਾ ਸੀ ? ਸਿੰਘ ਦਰਵਾਜ਼ਾ ਤੋੜ ਕੇ ਅੰਦਰ ਵੜ ਗਏ, ਤੇ ਸ਼ਹਿਰ ਦਾ ਉਹ ਹਿੱਸਾ

Sri Satguru Jagjit Singh Ji eLibrary NamdhariElibrary@gmail.com

ਲੁੱਟ ਲਿਆ। ਕਾਬਲੀ ਮੱਲ ਦੇ ਛੇਤੀ ਹੀ ਹੋਸ਼ ਟਿਕਾਣੇ ਆ ਗਏ ਤੇ ਉਹਨੇ ਸਿੱਖਾਂ ਦੀਆਂ ਸਾਰੀਆਂ ਸ਼ਰਤਾਂ ਮੰਨ ਲਈਆਂ। ਉਹਨੇ ਕੁਛ ਬੁੱਚੜ ਸਿੱਖਾਂ ਦੇ ਹਵਾਲੇ ਕਰ ਦਿਤੇ ਤੇ ਨਾਲ ਹੀ ਨਜ਼ਰਾਨਾ ਤਾਰ ਦਿਤਾ। ਅੱਗੋਂ ਵਾਸਤੇ ਸ਼ਰਤਾਂ ਦੀ ਪਾਲਣਾ ਦੀ ਜਾਚ ਪੜਤਾਲ ਰੱਖਣ ਬਦਲੇ ਸ. ਹਰੀ ਸਿੰਘ ਭੰਗੀ ਨੇ ਆਪਣਾ ਮੁਖਤਿਆਰ—ਟੇਕ ਚੰਦ—ਲਾਹੌਰ ਦਰਬਾਰ ਵਿਚ ਨੀਯਤ ਕਰ ਦਿਤਾ, ਜੋ ਲਾਹੌਰ ਸਰਕਾਰ ਪਾਸੋਂ ਦਸ ਰੁਪੈ ਰੋਜ਼ ਲੈਂਦਾ ਤੇ ਸੂਬੇਦਾਰ ਕਾਬਲੀ ਮੱਲ ਨੂੰ ਹਰ ਕੰਮ ਵਿਚ ਸਲਾਹ ਦੇਂਦਾ। ਅਮਲੀ ਤੌਰ ਉੱਤੇ ਲਾਹੌਰ ਸਰਕਾਰ ਨੇ ਈਨ ਮੰਨ ਲਈ। ਇਹ ਪ੍ਰਬੰਧ ਕਰਕੇ ਲਾਹੌਰ ਦਾ ਸਿੱਖਾਂ ਨੇ ਘੇਰਾ ਉਠਾ ਲਿਆ।

ਏਸੇ ਸਮੇਂ ਸ. ਸੋਭਾ ਸਿੰਘ ਨੇ ਪਰਗਣਾ ਨਿਆਜ਼ ਬੇਗ ਮੱਲ ਲਿਆ। ਉਹ ਉਸ ਪਾਸਿਓਂ ਆਉਣ ਵਾਲਾ ਮਾਲ ਲੁੱਟਣ ਲੱਗ ਪਿਆ। ਕਾਬਲੀ ਮੱਲ ਨੇ ਉਹਦੇ ਨਾਲ ਵੀ ਸੁਲ੍ਹਾ ਕਰ ਲਈ, ਕਿ ਮਾਲ ਨਾ ਲੁੱਟੇ ਤੇ ਸ਼ਾਹਾਲਮੀ ਦਰਵਾਜ਼ੇ ਅੱਗੇ ਆਪਣਾ ਕਰਿੰਦਾ ਬਿਠਾ ਕੇ ਮਸੂਲ ਲੈ ਲਵੇ।

ਇਹ ਖ਼ਬਰਾਂ ਅਬਦਾਲੀ ਨੂੰ ਪੁੱਜੀਆਂ, ਤਾਂ ਉਹਨੇ ਹਿੰਦ ਉੱਤੇ ਸੱਤਵਾਂ ਹਮਲਾ (ਮਾਰਚ-ਅਪਰੈਲ, ੧੭੬੪ ਈ.) ਕਰ ਦਿਤਾ। ਇਸ ਵਾਰ ਉਹ ਪੂਰੀ ਤਰ੍ਹਾਂ ਸਿੱਖਾਂ ਤੋਂ ਹਾਰ ਖਾ ਕੇ ਮੁੜਿਆ*।

ਸੁਕਰਚੱਕੀਏ ਤਾਂ ਮੁੜਦੇ ਅਬਦਾਲੀ ਦਾ ਪਿੱਛਾ ਕਰਦੇ ਰੁਹਤਾਸ ਤਕ ਜਾ ਪੁੱਜੇ, ਤੇ ਭੰਗੀ ਤੇ ਨਕਈ ਲਾਹੌਰ ਉਦਾਲੇ ਰੁੱਝ ਗਏ। ਸ. ਹੀਰਾ ਸਿੰਘ ਨਕਈ ਨੇ ਇਲਾਕਾ ਨੱਕਾ ਤੇ ਲੰਮਾਂ ਮੱਲ ਲਿਆ। ਸ.

**ਮੁਲਤਾਨ ਤੇ ਡੇਰਾਜਾਤ ਲੁਟੇ**

ਹਰੀ ਸਿੰਘ ਭੰਗੀ ਨੇ (ਅਪ੍ਰੈਲ, ੧੭੬੪ ਈ.) ਮੁਲਤਾਨ ਜਾ ਲੁੱਟਿਆ। ਫਿਰ ਅਟਕੋਂ ਪਾਰ ਟੱਪ ਕੇ ਉਹਨੇ ਡੇਰਾਜਾਤ ਜਾ ਲੁੱਟੇ। ਓਥੋਂ ਮੁੜਦਿਆਂ ਹੋਇਆਂ ਭੰਗੀ-ਸਰਦਾਰਾਂ ਝੰਡਾ ਸਿੰਘ ਗੰਡਾ ਸਿੰਘ—ਨੇ ਝੰਗ, ਚਨਿਓਟ, ਖ਼ੁਸ਼ਾਬ ਆਦਿ ਉੱਤੇ ਕਬਜ਼ਾ ਕਰਕੇ, ਓਥੋਂ ਦਾ ਫ਼ੌਜਦਾਰ ਸ. ਕਰਮ ਸਿੰਘ ਦੁੱਲੂ ਨੂੰ ਬਣਾਇਆ।

---

† ਵੇਖੋ ਸਿੱਖਰਾਜ ਕਿਵੇਂ ਬਣਿਆਂ।

Sri Satguru Jagjit Singh Ji eLibrary NamdhariElibrary@gmail.com

**ਜੰਮੂੰ ਤੋਂ ਨਜ਼ਰਾਨਾ**

ਸ. ਹਰੀ ਸਿੰਘ ਭੰਗੀ ਨੇ ਬਾਰਾਂ ਹਜ਼ਾਰ ਫ਼ੌਜ ਨਾਲ ਜੰਮੂੰ ਜਾ ਘੇਰਿਆ। ਜੰਮੂੰ ਦੇ ਰਾਜਾ ਰਣਜੀਤ ਦੇਵ ਨੇ ਭੰਗੀਆਂ ਦੀ ਅਧੀਨਗੀ ਪਰਵਾਨ ਕਰਕੇ ਨਜ਼ਰਾਨਾ ਤਾਰ ਦਿਤਾ‡।

**ਅਬਦਾਲੀ ਦਾ ਅੱਠਵਾਂ ਹਮਲਾ**

ਦਸੰਬਰ, ੧੭੬੪ ਈ. ਵਿਚ ਅਬਦਾਲੀ ਨੇ ਅਠਵਾਂ ਹਮਲਾ ਕਰ ਦਿਤਾ। ਉਹ ਕੁੰਜਪੁਰੇ ਤਕ ਜਾ ਪੁੱਜਾ। ਮੁੜਦਾ ਹੋਇਆ, ਉਹ ਸਰਹਿੰਦ ਆਇਆ, ਤਾਂ ਸ: ਆਲਾ ਸਿੰਘ ਪਟਿਆਲਾ ਨੇ ਉਸਦੀ ਈਨ ਮੰਨ ਕੇ ਸਰਹਿੰਦ ਦੀ ਸੂਬੇਦਾਰੀ ਲੈ ਲਈ। ਜਿੱਥੇ ਬਾਕੀ ਯਾਰਾਂ ਮਿਸਲਾਂ ਇਸ ਵਾਰ ਅਬਦਾਲੀ ਨਾਲ ਇਕ ਏਕੜੀ ਕਰਨ ਲਈ ਡਟੀਆਂ ਖਲੀਆਂ ਸਨ, ਓਥੇ ਆਲਾ ਸਿੰਘ (ਮਿਸਲ ਫੂਲਕੀਆਂ) ਅਬਦਾਲੀ ਦਾ ਸਾਥੀ ਬਣ ਗਿਆ। ਇਸ ਹਮਲੇ ਵਿਚ ਅਬਦਾਲੀ ਸਿੱਖਾਂ ਕੋਲੋਂ ਪੂਰੀ ਤਰ੍ਹਾਂ ਹਾਰ ਖਾ ਕੇ ਗਿਆ।

**ਹਰੀ ਸਿੰਘ ਮਰਿਆ**

ਅਬਦਾਲੀ ਵੱਲੋਂ ਵਿਹਲੇ ਹੋ ਕੇ ਬੁੱਢਾ ਦਲ ਤੇ ਤਰਨਾ ਦਲ (ਅਪ੍ਰੈਲ ?) ੧੭੬੫ ਈ. ਵਿਚ ਪਟਿਆਲੇ ਉੱਤੇ ਪਏ। ਸ: ਆਲਾ ਸਿੰਘ ਉੱਤੇ ਬਾਕੀ ਸਿੰਘਾਂ ਨੂੰ ਬੜਾ ਭਾਰਾ ਗੁੱਸਾ ਸੀ। ਦੋਹੀਂ ਧਿਰੀਂ ਸਖ਼ਤ ਲੜਾਈ ਹੋਈ, ਜਿਸ ਵਿਚ ਸਿੱਖਾਂ ਦਾ ਉੱਘਾ ਜਰਨੈਲ ਸ. ਹਰੀ ਸਿੰਘ ਭੰਗੀ ਮਾਰਿਆ ਗਿਆ। ਖ਼ਾਨਾ-ਜੰਗੀ ਵਧਦੀ ਵੇਖ ਕੇ ਸ. ਜੱਸਾ ਸਿੰਘ ਆਹਲੂਵਾਲੀਏ ਨੇ ਸੁਲ੍ਹਾ ਕਰਾ ਦਿਤੀ ਤੇ ਸ. ਆਲਾ ਸਿੰਘ ਨੇ ਪੰਥ ਪਾਸੋਂ ਮਾਫ਼ੀ ਮੰਗ ਲਈ।

**ਝੰਡਾ ਸਿੰਘ**

ਭੰਗੀ ਮਿਸਲ ਦੀ ਤਾਕਤ ਉਸ ਵੇਲੇ ਸਭ ਨਾਲੋਂ ਵਧੇਰੇ ਸੀ। ਉਹ ਵੀਹ ਹਜ਼ਾਰ ਫ਼ੌਜ ਮੈਦਾਨ ਵਿਚ ਲੈ ਜਾ ਸਕਦੇ ਸਨ। ਸ. ਹਰੀ ਸਿੰਘ ਪਿੱਛੋਂ ਉਸਦਾ ਵੱਡਾ ਪੁੱਤਰ ਝੰਡਾ ਸਿੰਘ* ਮਿਸਲ ਦਾ ਲੀਡਰ ਬਣਿਆਂ। ਸ. ਹਰੀ ਸਿੰਘ ਦੀਆਂ ਦੋ ਸ਼ਾਦੀਆਂ ਸਨ।

---

‡ ਲਤੀਫ਼, ਪੰਨਾ ੨੯੭।

* ਲਤੀਫ਼, ਪੰਨਾ ੨੯੭; ਰਾਜ ਖ਼ਾਲਸਾ, ਪੰਨਾ ੩; ਕਨਿੰਘਮ (ਹਿਸਟਰੀ ਆਫ਼ ਦੀ ਸਿੱਖਸ, ਕਰਤਾ ਕਨਿੰਘਮ, ਛਪੀ ੧੯੧੮ ਈ.) ਪੰਨਾ ੧੧੪।

Sri Satguru Jagjit Singh Ji eLibrary NamdhariElibrary@gmail.com

ਪਹਿਲੀ (ਸ. ਮੂਲਾ ਸਿੰਘ, ਪਿੰਡ ਪੰਜਵੜ ਦੀ ਲੜਕੀ) ਵਿਚੋਂ ਝੰਡਾ ਸਿੰਘ, ਗੰਡਾ ਸਿੰਘ ਹੋਏ, ਤੇ ਦੂੱਜੀ ਵਿਚੋਂ ਚੜ੍ਹਤ ਸਿੰਘ, ਦੀਵਾਨ ਸਿੰਘ ਤੇ ਦੇਸੂ ਸਿੰਘ ਹੋਏ।

**ਲਹਿਣਾ ਸਿੰਘ ਤੇ ਗੁੱਜਰ ਸਿੰਘ ਦਾ ਲਾਹੌਰ 'ਤੇ ਕਬਜ਼ਾ**

ਇਸ ਵੇਲੇ ਭੰਗੀ ਮਿਸਲ ਦੀ ਤਾਕਤ ਬਹੁਤ ਵਧ ਚੁਕੀ ਸੀ। ਬੜੇ ਨਾਮਵਰ ਸਰਦਾਰ ਇਸ ਵਿਚ ਸ਼ਾਮਲ ਸਨ। ਸ. ਲਹਿਣਾ ਸਿੰਘ ਤੇ ਸ. ਗੁੱਜਰ ਸਿੰਘ ਨੇ ਲਾਹੌਰ ਉੱਤੇ ਕਬਜ਼ਾ ਕਰਨ ਦੀ ਧਾਰ ਲਈ। ਲਾਹੌਰ ਦਾ ਸੂਬੇਦਾਰ ਕਾਬਲੀ ਮੱਲ ਅੱਠਵੇਂ ਹਮਲੇ ਤੋਂ ਮੁੜਦੇ ਅਬਦਾਲੀ ਨੂੰ ਤੋਰਨ ਗਿਆ ਹੋਇਆ ਸੀ। ਪਿੱਛੇ ਲਾਹੌਰ ਦਾ ਹਾਕਮ ਉਸ ਦਾ ਭਤੀਜਾ ਅਮੀਰ ਸਿੰਘ ਸੀ। ਉਹ ਬੜਾ ਅੱਯਾਸ਼ ਤੇ ਜ਼ਾਲਮ ਸੀ। ਪਰਜਾ ਉਸ ਉੱਤੇ ਖ਼ੁਸ਼ ਨਹੀਂ ਸੀ। ਭੰਗੀ ਸਰਦਾਰ ਲਹਿਣਾ ਸਿੰਘ ਤੇ ਗੁੱਜਰ ਸਿੰਘ ਦੋ ਹਜ਼ਾਰ ਫ਼ੌਜ ਲੈ ਕੇ ਬਗ਼ਵਾਨ ਪੁਰੇ ਆ ਬੈਠੇ। ਓਥੋਂ ਦੇ ਅਰਾਈਂ—ਮਿਹਰ ਮੁਲਤਾਨ, ਗ਼ੁਲਾਮ ਰਸੂਲ, ਅਸ਼ਰਫ਼, ਚੰਨੂੰ, ਬਾਕਰ—ਕਿਲ੍ਹੇ ਵਿਚ ਮਾਲੀ ਦਾ ਕੰਮ ਕਰਦੇ ਸਨ।

ਭੰਗੀ ਸਰਦਾਰਾਂ ਨੇ ਉਹਨਾਂ ਨੂੰ ਆਪਣੇ ਨਾਲ ਗੰਢ ਲਿਆ। ਉਹਨਾਂ ਦੇ ਦੱਸੇ ਥਾਂ ਤੋਂ ਰਾਤ ਕਿਲ੍ਹੇ ਦੀ ਕੰਧ ਪਾੜ ਕੇ ਸ. ਲਹਿਣਾ ਸਿੰਘ ਤੇ ਗੁੱਜਰ ਸਿੰਘ ਅੰਦਰ ਜਾ ਵੜੇ। ਅਮੀਰ ਸਿੰਘ ਮਹਿਲਾਂ ਵਿਚ ਨਾਚ ਵੇਖ ਰਿਹਾ ਸੀ। ਭੰਗੀਆਂ ਨੇ ਉਸਨੂੰ ਫੜ ਕੇ ਮੁਜ਼ੰਗ ਵਿਚ ਕੈਦ ਕਰ ਦਿਤਾ ਇਸ ਤਰ੍ਹਾਂ ੧੫ ਮਈ, ੧੭੬੫ ਈ. ਨੂੰ ਭੰਗੀਆਂ ਦਾ ਲਾਹੌਰ ਉੱਤੇ ਕਬਜ਼ਾ ਹੋ ਗਿਆ। ਅਗਲੇ ਦਿਨ ਸ. ਸੋਭਾ ਸਿੰਘ ਨਿਆਜ਼ ਬੇਗ ਵਾਲਾ ਵੀ ਦੋ ਸੌ ਅਸਵਾਰ ਲੈ ਕੇ ਆ ਗਿਆ। ਤਿੰਨਾਂ ਸਰਦਾਰਾਂ ਨੇ ਸਾਰੇ ਸ਼ਹਿਰ ਉੱਤੇ ਫ਼ੌਜੀ ਹਕੂਮਤ ਕਾਇਮ ਕਰ ਲਈ। ਸ਼ਹਿਰ ਦੇ ਪਤਵੰਤੇ—ਚੌਧਰੀ ਰੂਪਾ, ਮੀਰ ਨਥੂ ਸ਼ਾਹ, ਮੀਆਂ ਮੁਹੰਮਦ ਆਸ਼ਕ, ਹਾਫ਼ਿਜ਼ ਕਾਦਰ ਬਖ਼ਸ਼, (ਦੀਵਾਨ ਸੂਰਤ ਸਿੰਘ ਦੇ ਪੁੱਤਰ) ਲਾਲਾ ਬਿਸ਼ਨ ਸਿੰਘ ਤੇ ਮਹਾਰਾਜ ਸਿੰਘ, ਆਦਿ—ਪਰ੍ਹੇ (ਡੇਪੂਟੇਸ਼ਨ) ਬਣ ਕੇ ਸਿੱਖ ਸਰਦਾਰਾਂ ਕੋਲ ਆਏ, ਨਜ਼ਰਾਨੇ ਭੇਟਾ ਕੀਤੇ ਤੇ ਸ਼ਹਿਰ ਵਿਚ ਅਮਨ ਦਾ ਰਾਜ ਕਾਇਮ ਕਰਨ ਦੀ ਪ੍ਰਾਰਥਨਾ

Sri Satguru Jagjit Singh Ji eLibrary NamdhariElibrary@gmail.com

ਕੀਤੀ। ਸਿੱਖ ਸਰਦਾਰਾਂ ਨੇ ਆਪ ਸ਼ਹਿਰ ਵਿਚ ਫਿਰ ਕੇ ਅਮਨ ਕਾਇਮ ਕੀਤਾ ਤੇ ਲੁੱਟ ਮਾਰ ਕਰਨ ਵਾਲੇ ਨੂੰ ਸਖ਼ਤ ਸਜ਼ਾ ਦੇਣ ਦਾ ਢੰਡੋਰਾ ਫੇਰਿਆ।

ਕਾਬਲੀ ਮੱਲ ਦਾ ਕੈਦ ਕੀਤਾ ਹੋਇਆ ਪਰਵਾਰ ਤੀਹ ਹਜ਼ਾਰ ਨਜ਼ਰ ਨਾ ਲੈ ਕੇ ਛਡ ਦਿਤਾ, ਜੋ ਕਾਬਲੀ ਮਲ ਦੇ ਮਗਰੇ ਜੰਮੂ ਚਲਾ ਗਿਆ

ਨਾਨਕ ਸ਼ਾਹੀ ਸਿੱਕਾ

ਸਿੰਘਾਂ ਨੇ ਲਾਹੌਰ ਉੱਤੇ ਕਬਜ਼ਾ ਕਰਕੇ ਸਭ ਤੋਂ ਪਹਿਲਾਂ ਪੰਥ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਨਾਮ ਉਤੇ ਸਿੱਕਾ ਚਾਲੂ ਕੀਤਾ, ਜਿਸਨੂੰ 'ਨਾਨਕ ਸ਼ਾਹੀ' ਸਿੱਕਾ ਕਹਿੰਦੇ ਹਨ, ਜਿਸ ਉੱਤੇ ਫ਼ਾਰਸੀ ਅੱਖਰਾਂ ਵਿਚ ਲਿਖਿਆ ਸੀ :

ਦੇਗ਼ ਉ ਤੇਗ਼ ਉ ਫ਼ਤਹਿ ਉ ਨੁਸਰਤ ਬੇਦਰੰਗ
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਫਿਰ ਤਿੰਨਾਂ ਸਰਦਾਰਾਂ ਨੇ ਸ਼ਹਿਰ ਨੂੰ ਤਿੰਨਾਂ ਹਿੱਸਿਆਂ ਵਿਚ ਵੰਡ ਲਿਆ। ਸ਼ਹਿਰ ਦਾ ਚੜ੍ਹਦਾ ਹਿੱਸਾ ਸ਼ਾਲਾਮਾਰ ਬਾਗ਼ ਤਕ ਸ. ਗੁੱਜਰ ਸਿੰਘ ਦੇ ਹਿੱਸੇ ਆਇਆ। ਉਸਨੇ ਕਿਲ੍ਹਾ ਗੁੱਜਰ ਸਿੰਘ ਬਣਾ ਕੇ ਆਪਣਾ ਤਖ਼ਤ ਬਣਾਇਆ। ਸ਼ਹਿਰ ਦਾ ਵਿਚਲਾ ਹਿੱਸਾ ਸ਼ਾਹੀ ਕਿਲ੍ਹਾ, ਕਸ਼ਮੀਰੀ, ਖ਼ਿਜ਼ਰੀ, ਰੌਸ਼ਨੀ ਤੇ ਮਸਤੀ ਦਰਵਾਜ਼ੇ ਦੇ ਅੰਦਰਲਾ ਇਲਾਕਾ ਸ. ਲਹਿਣਾ ਸਿੰਘ ਨੂੰ ਮਿਲਿਆ। ਉਸਨੇ ਕਿਲ੍ਹੇ ਵਿਚ ਰਿਹਾਇਸ਼ ਰੱਖੀ। ਸ਼ਹਿਰ ਦਾ ਦੱਖਣੀ ਤੇ ਪੱਛਮੀ ਹਿੱਸਾ, ਮੁਜ਼ੰਗ, ਕੋਟ ਅਬਦੁਲਾ, ਇੱਛਰਾ, ਚੌਬੁਰਜੀ ਸ. ਸੋਭਾ ਸਿੰਘ ਦੇ ਹਿੱਸੇ ਆਏ। ਉਸਨੇ ਜ਼ੇਬਿੰਦਾ ਬੇਗਮ (ਪ੍ਰਸਿਧ ਜ਼ੇਬੁੱਨਿਸਾ, ਔਰੰਗਜ਼ੇਬ ਦੀ ਲੜਕੀ) ਦੇ ਬਾਗ਼ ਦੇ ਉਦਾਲੇ ਪੱਕੀ ਕੰਧ ਕਰਕੇ, ਉਸਨੂੰ ਕਿਲ੍ਹੇ ਵਾਂਗ ਬਣਾ ਕੇ ਆਪਣਾ ਤਖ਼ਤ ਬਣਾਇਆ ਤੇ ਉਸਦਾ ਨਾਮ 'ਨਵਾਂਕੋਟ' ਰੱਖਿਆ।

ਕੁਛ ਦਿਨਾਂ ਪਿੱਛੋਂ ਸ. ਚੜ੍ਹਤ ਸਿੰਘ ਸੁਕਰਚੱਕੀਆ ਵੀ ਫ਼ੌਜ ਲੈ ਕੇ ਆ ਗਿਆ। ਭੰਗੀ ਸਰਦਾਰਾਂ ਨੇ ਉਸਨੂੰ ਹਿੱਸੇ ਵਜੋਂ ਤੋਪ ਜ਼ਮਜ਼ਮਾ (ਭੰਗੀਆਂ ਵਾਲੀ ਤੋਪ) ਦੇ ਦਿਤੀ। ਉਹ ਉਸਨੂੰ ਗੁਜਰਾਂਵਾਲੇ ਲੈ ਗਿਆ।

ਫਿਰ ਦੋ ਮਹੀਨੇ ਦੇ ਅੰਦਰ ਅੰਦਰ ਹੀ ਸਿੱਖ ਸਾਰੇ ਪੰਜਾਬ 'ਤੇ ਛਾ

Sri Satguru Jagjit Singh Ji eLibrary NamdhariElibrary@gmail.com

ਗਏ । ਭੰਗੀ ਮਿਸਲ ਨੇ ਹੇਠ ਲਿਖੇ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ

ਇਲਾਕੇ ਮੱਲੇ.

ਅੰਮ੍ਰਿਤਸਰ ਦਾ ਉਦਾਲਾ, ਤਰਨਤਾਰਨ ਦਾ ਉਦਾਲਾ, ਛੀਨਿਆਂ ਦਾ ਇਲਾਕਾ (ਕਰਮ ਸਿੰਘ ਭੰਗੀ), ਬਾਰੀ ਦੁਆਬ ਵਿਚ । ਕਾਲੇਵਾਲਾ, ਅਲਾਰ, ਪਨਵਾਨਾ, ਚੱਕ ਰਾਮਦਾਸ, ਚੋਬਾਰਾ [ਸ. ਝੰਡਾ ਸਿੰਘ ਭੰਗੀ], ਸਿਆਲਕੋਟ ਤੇ ਇਲਾਕਾ [ਤਾਰਾ ਸਿੰਘ, ਜੀਵਨ ਸਿੰਘ ਤੇ ਸਾਹਿਬ ਸਿੰਘ ਭੰਗੀ], ਫ਼ੀਰੋਜ਼ਕੇ, ਕਾਲੇਕੇ, ਬਜਰਾ [ਕਰਮ ਸਿੰਘ ਭੰਗੀ], ਦੁਆਬਾ ਰਚਨਾ ਵਿਚ । ਕਿਲ੍ਹਾ ਗੁਜਰਾਤ [ਗੁੱਜਰ ਸਿੰਘ ਭੰਗੀ], ਗੁਜਰਾਤ ਤੇ ਵੜਾਇਚਾਂ ਦਾ ਇਲਾਕਾ ਦੁਆਬਾ ਚੱਜ ਵਿਚ । ਮਿਢ ਤੇ ਮੂਸਾ ਚੂਹਾ (ਗੰਡਾ ਸਿੰਘ, ਝੰਡਾ ਸਿੰਘ ਭੰਗੀ), ਪਿੰਡ ਮਿਆਣੀ (ਤਾਰਾ ਸਿੰਘ ਭੰਗੀ) ।

੧੭੬੬ ਈ. ਵਿਚ ਸ. ਹੀਰਾ ਸਿੰਘ ਨਕਈ ਨੇ ਪਾਕਪਟਨ ਉੱਤੇ ਹਮਲਾ ਕੀਤਾ, ਪਰ ਉਹ ਲੜਾਈ ਵਿਚ ਮਾਰਿਆ ਗਿਆ। ਕੁਛ ਚਿਰ

ਪਾਕਪਟਨ 'ਤੇ ਕਬਜ਼ਾ

ਪਿੱਛੋਂ ਭੰਗੀ ਸਰਦਾਰਾਂ—ਝੰਡਾ ਸਿੰਘ ਗੰਡਾ ਸਿੰਘ—ਨੇ ਹਮਲਾ ਕਰਕੇ, ਓਥੋਂ ਦੇ ਹਾਕਮ ਮੁਹੰਮਦ ਅਜ਼ੀਮ ਖ਼ਾਂ ਨੂੰ ਲੜਾਈ ਵਿਚ ਸ਼ਕਸਤ ਦੇ ਕੇ ਪਾਕਪਟਨ ਤੇ ਇਲਾਕੇ ਉਤੇ ਕਬਜ਼ਾ ਕਰ ਲਿਆ ।

ਏਦੋਂ ਅੱਗੇ ਵਧ ਕੇ ਸ. ਝੰਡਾ ਸਿੰਘ ਗੰਡਾ ਸਿੰਘ ਨੇ ਮੁਲਤਾਨ 'ਤੇ ਚੜ੍ਹਾਈ ਕਰ ਦਿਤੀ । ਮੁਲਤਾਨ ਦਾ ਹਾਕਮ ਓਦੋਂ ਸ਼ੁਜਾਅ ਖ਼ਾਂ ਸੀ । ਉਸ ਨੇ ਆਪਣੀ ਮਦਦ ਉੱਤੇ ਬਹਾਵਲਪੁਰ ਦੇ ਨਵਾਬ ਮੁਬਾਰਕ ਖ਼ਾਂ ਨੂੰ ਬੁਲਾ ਲਿਆ । ਦੋਹਾਂ ਦਲਾਂ ਵਿਚ ਸਤਲੁਜ ਕੰਢੇ ਸਖਤ ਲੜਾਈ ਹੋਈ । ਜਦ ਕੋਈ ਧਿਰ ਵੀ ਵਿਰੋਧੀ ਉੱਤੇ ਫ਼ਤਹਿ ਨਾ ਪਾ ਸੱਕੀ, ਤਾਂ ਦੋਹਾਂ ਧਿਰਾਂ ਨੇ ਪਾਕਪਟਨ ਨੂੰ ਹੱਦ ਮੰਨ ਕੇ ਸੁਲ੍ਹਾ ਕਰ ਲਈ† ।

ਅਬਦਾਲੀ ਦਾ

ਦਸੰਬਰ, ੧੭੬੬ ਈ. ਵਿਚ ਅਬਦਾਲੀ ਨੇ ਨੌਂਵਾਂ ਹਮਲਾ ਕੀਤਾ, ਤਾਂ ਭੰਗੀ ਸਰਦਾਰ ਲਾਹੌਰ ਖ਼ਾਲੀ ਕਰ

---

† ਲਤੀਫ਼, ਪੰਨਾ ੨੯੭ ।

Sri Satguru Jagjit Singh Ji eLibrary NamdhariElibrary@gmail.com

ਨੌਂਵਾਂ ਹਮਲਾ

ਗਏ, ਸ. ਲਹਿਣਾ ਸਿੰਘ ਗੁੱਜਰ ਸਿੰਘ ਕਸੂਰ ਨੂੰ ਤੇ ਸ. ਸੋਭਾ ਸਿੰਘ ਪਾਕਪਟਨ ਨੂੰ ਚਲਾ ਗਿਆ। ੨੨ ਦਸੰਬਰ ਨੂੰ ਅਬਦਾਲੀ ਨੇ ਖ਼ਾਲੀ ਲਾਹੌਰ ਉੱਤੇ ਕਬਜ਼ਾ ਕਰ ਲਿਆ। ਉਸਨੇ ਕਈ ਸਿਰ-ਕਰਦੇ ਮੁਸਲਮਾਨਾਂ ਨੂੰ ਬੁਲਾ ਕੇ ਲਾਹੌਰ ਦੀ ਸੂਬੇਦਾਰੀ ਸੰਭਾਲਣ ਵਾਸਤੇ ਕਿਹਾ, ਪਰ ਕਿਸੇ ਵੀ ਹਾਮੀ ਨਾ ਭਰੀ। ਅੰਤ ਸ਼ਹਿਰ ਦੇ ਬਹੁਤ ਸਾਰੇ ਹਿੰਦੂ ਮੁਸਲਮਾਨ ਪਤਵੰਤਿਆਂ ਨੇ ਮਿਲ ਕੇ ਅਬਦਾਲੀ ਕੋਲ ਬੇਨਤੀ ਕੀਤੀ, "ਜੇ ਤੁਸੀਂ ਪਰਜਾ ਦਾ ਭਲਾ ਚਾਹੁੰਦੇ ਹੋ, ਤਾਂ ਸ. ਲਹਿਣਾ ਸਿੰਘ ਭੰਗੀ ਨੂੰ ਬੁਲਾ ਕੇ ਲਾਹੌਰ ਦਾ ਸੂਬੇਦਾਰ ਬਣਾ ਦਿਉ। ਉਹ ਨੇਕ, ਇਨਸਾਫ਼ ਪਸੰਦ ਤੇ ਸਾਰਿਆਂ ਦਾ ਸਾਂਝਾ ਹਾਕਮ ਹੈ। ਉਹ ਹਿੰਦੂ ਮੁਸਲ-ਮਾਨਾਂ ਨੂੰ ਇਕੋ ਜੇਹਾ ਜਾਣਦਾ ਸੀ। ਉਹਨੇ ਈਦ ਦੇ ਦਿਨ ਸ਼ਹਿਰ ਦੇ ਕਾਜ਼ੀਆਂ ਨੂੰ ਇੱਜ਼ਤ ਵਜੋਂ ਪਗੜੀਆਂ ਦਿਤੀਆਂ ਸਨ। ਤੇ ਜੇ ਤੁਸਾਂ ਕਿਸੇ ਹੋਰ ਨੂੰ ਲਾਹੌਰ ਦੇ ਦਿਤਾ, ਤਾਂ ਸਿੱਖ ਉਸਦੇ ਕਬਜ਼ੇ ਵਿਚ ਰਹਿਣ ਨਹੀਂ ਦੇਣਗੇ।"

ਅਬਦਾਲੀ ਤੇ ਲਹਿਣਾ ਸਿੰਘ

ਅਬਦਾਲੀ ਦੇ ਇਹ ਗੱਲ ਦਿਲ ਲੱਗੀ। ਉਸਨੇ ਪਿੰਡ 'ਮੱਦੇ' ਦੇ ਰਹਿਮਤੁੱਲਾ ਬੇਗ ਨੂੰ ਆਪਣਾ ਰਾਜਦੂਤ ਬਣਾ ਕੇ ਸ. ਲਹਿਣਾ ਸਿੰਘ ਕੋਲ ਭੇਜਿਆ। ਉਸਦੇ ਹੱਥ ਆਪਣੀ ਦੋਸਤਾਨਾ ਚਿੱਠੀ ਤੇ ਤੁਹਫ਼ੇ ਵਜੋਂ ਕਾਬਲੀ ਮੇਵਿਆਂ ਦੇ ਊਠ ਭੇਜੇ। ਚਿੱਠੀ ਵਿਚ ਲਾਹੌਰ ਦੀ ਸੂਬੇਦਾਰੀ ਸੰਭਾਲਣ ਵਾਸਤੇ ਲਿਖਿਆ ਸੀ। ਸ. ਲਹਿਣਾ ਸਿੰਘ ਨੇ ਅਬਦਾਲੀ ਦੀ ਦੋਸਤੀ ਪਰਵਾਨ ਨਾ ਕੀਤੀ। ਉਹਨੇ ਅਬਦਾਲੀ ਦੇ ਮੇਵੇ ਮੋੜ ਘੱਲੇ ਤੇ ਨਾਲ ਨਮੂਨੇ ਵਜੋਂ ਦੋ ਮੁੱਠਾਂ ਛੋਲਿਆਂ ਦੇ ਦਾਣੇ ਭੇਜ ਦਿਤੇ। ਚਿੱਠੀ ਦੇ ਉੱਤਰ ਵਿਚ ਉਸਨੇ ਲਿਖਿਆ, "ਮੇਵੇ ਬਾਦਸ਼ਾਹ ਦੀ ਖ਼ੁਰਾਕ ਹੈ। ਮੈਂ ਤਾਂ ਇਕ ਸਿਪਾਹੀ ਹਾਂ, ਜੋ ਐਹੋ ਜੇਹੀ ਸਾਦਾ ਖ਼ੁਰਾਕ (ਛੋਲਿਆਂ) ਉੱਤੇ ਗੁਜ਼ਾਰਾ ਕਰ ਸਕਦਾ ਹਾਂ। ਬਾਕੀ ਗੱਲ ਰਹੀ ਸੂਬੇਦਾਰੀ ਦੀ। ਮੈਂ ਉਸ ਪੰਥ ਦਾ ਇਕ ਸਿਪਾਹੀ ਹਾਂ, ਜੋ ਗੁਰੂ ਗੋਬਿੰਦ ਸਿੰਘ ਦੀ ਬਖ਼ਸ਼ਸ਼ ਤੋਂ ਬਿਨਾਂ, ਹੋਰ ਕਿਸੇ ਦਾ ਦਿਤਾ ਹੋਇਆ ਤਰੈਲੋਕੀ ਦਾ ਰਾਜ ਲੈਣ ਨੂੰ ਵੀ ਤਿਆਰ ਨਹੀਂ।"

Sri Satguru Jagjit Singh Ji eLibrary NamdhariElibrary@gmail.com

ਦਾਦਨ ਖ਼ਾਂ ਨੂੰ ਲਾਹੌਰ ਦਾ ਸੂਬੇਦਾਰ ਬਣਾ ਕੇ ਅਬਦਾਲੀ ਵਾਪਸ ਚਲਾ ਗਿਆ। ਉਹਦੇ ਜਾਣ ਦੀ ਦੇਰ ਸੀ, ਜਾਂ ਭੰਗੀ ਸਰਦਾਰ—ਲਹਿਣਾ ਸਿੰਘ, ਗੁੱਜਰ ਸਿੰਘ, ਸੋਭਾ ਸਿੰਘ—ਫ਼ੌਜ ਲੈ ਕੇ ਸ਼ਾਲਾਮਾਰ ਬਾਗ਼ ਆ ਬੈਠੇ। ਉਹਨਾਂ ਦਾਦਨ ਖ਼ਾਂ ਨੂੰ ਸੁਨੇਹਾ ਭੇਜਿਆ, ਕਿ ਜਾਂ ਲਾਹੌਰ ਖ਼ਾਲੀ ਕਰ ਦਿਉ, ਜਾਂ ਲੜਾਈ ਵਾਸਤੇ ਤਿਆਰ ਹੋ ਜਾਉ। ਸਿੱਖਾਂ ਦਾ ਟਾਕਰਾ ਕਰਨ ਦੀ ਦਾਦਨ ਖ਼ਾਂ ਵਿਚ ਹਿੰਮਤ ਕਿੱਥੇ ਸੀ? ਉਹ ਸ਼ਹਿਰ ਦੇ ਬਹੁਤ ਸਾਰੇ ਪਤਵੰਤਿਆਂ ਨੂੰ ਨਾਲ ਲੈ ਕੇ ਸਿੱਖ ਸਰਦਾਰਾਂ ਦੀ ਸ਼ਰਨ ਆ ਗਿਆ। ਸ. ਲਹਿਣਾ ਸਿੰਘ ਨੇ ਬੜੀ ਇਜ਼ਤ ਕੀਤੀ ਤੇ ਵੀਹ ਰੁਪੈ ਰੋਜ਼ ਭੱਤਾ ਨੀਯਤ ਕਰ ਦਿਤਾ। ਏਸਤਰ੍ਹਾਂ ਅਮਨ ਨਾਲ ਹੀ ਭੰਗੀਆਂ ਨੇ ਫਿਰ ਲਾਹੌਰ 'ਤੇ ਕਬਜ਼ਾ ਕਰ ਲਿਆ।

ਦਾਦਨ ਖ਼ਾਂ ਤੇ ਲਹਿਣਾ ਸਿੰਘ

ਆਪਣੇ ਪੁਰਾਣੇ ਕਬਜ਼ੇ ਬਹਾਲ ਕਰਕੇ ਸਿੰਘ ਫਿਰ ਨਵੇਂ ਇਲਾਕੇ ਮੱਲਣ ਲੱਗ ਪਏ। ਸ. ਗੁੱਜਰ ਸਿੰਘ ਭੰਗੀ ਨੇ ਰਾਵਲ-ਪਿੰਡੀ ਤੇ ਉਦਾਲੇ ਦਾ ਗੱਖੜਾਂ ਦਾ ਇਲਾਕਾ ਮੱਲ ਕੇ ਆਪਣੇ ਵੱਲੋਂ ਸ. ਮਿਲਖਾ ਸਿੰਘ ਥੇਹਪੁਰੀਏ ਨੂੰ ਦਿਤਾ। ਉਸਨੇ, ਆਪਣੀ ਰਾਜਧਾਨੀ ਰਾਵਲਪਿੰਡੀ ਬਣਾ ਲਈ। ੧੭੬੭ ਈ. ਦੇ ਅਖ਼ੀਰ ਤਕ ਉਹਦੇ ਕਬਜ਼ੇ ਵਿਚ ਤਿੰਨ ਲੱਖ ਸਾਲਾਨਾ ਦਾ ਇਲਾਕਾ ਹੋ ਗਿਆ ਸੀ।

ਰਾਵਲ ਪਿੰਡੀ 'ਤੇ ਕਬਜ਼ਾ

ਅਬਦਾਲੀ ਦੇ ਆਖ਼ਰੀ ਹਮਲੇ ਦੋਵੇਂ ਬੜੇ ਕਮਜ਼ੋਰ ਸਨ। ਦਸਵੀਂ ਵਾਰ ਉਹ ਝਨਾਂ ਤੋਂ (ਬਿਨਾਂ ਲੜੇ) ਤੇ ਯਾਰ੍ਹਵੀਂ ਵਾਰ (ਦਸੰਬਰ, ੧੭੬੯ ਈ.) ਜਿਹਲਮੋਂ ਪਾਰੋਂ ਹੀ ਮੁੜ ਗਿਆ। ਪਿੱਛੋਂ ਪੰਜਾਬ ਦੇ ਮਾਲਕ ਕੇਵਲ ਸਿੱਖ ਹੀ ਰਹਿ ਗਏ। ਉਸ ਵੇਲੇ [੧੭੬੯ ਈ.] ਪੰਜਾਬ ਵਿਚ ਹੇਠ ਲਿਖੇ ਇਲਾਕੇ ਭੰਗੀ ਮਿਸਲ ਦੇ ਕਬਜ਼ੇ ਵਿਚ ਸਨ। ਸੂਬਾ ਸਰਹਿੰਦ ਵਿਚੋਂ :—ਬੂੜੀਆ, ਜਗਾਧਰੀ ਆਦਿ ੨੦੪ ਪਿੰਡ ਸ. ਰਾਏ ਸਿੰਘ, ਬਾਘ ਸਿੰਘ, ਬਾਜ਼ ਸਿੰਘ [ਤਿੰਨੇ ਲਖਮੀਰ ਸਿੰਘ—ਜ਼ਿਲਾ ਅੰਮ੍ਰਿਤਸਰ—ਦੇ ਪੁੱਤਰ ਸਨ ਤੇ

੧੭੬੯ ਵਿਚ ਭੰਗੀ ਇਲਾਕੇ

Sri Satguru Jagjit Singh Ji eLibrary NamdhariElibrary@gmail.com

ਸ. ਝੰਡਾ ਸਿੰਘ ਭੰਗੀ ਦੇ ਮਾਤਹਿਤ] ਦੇ ਕਬਜ਼ੇ ਵਿਚ। ਜ਼ਿਲਾ ਫ਼ੀਰੋਜ਼-ਪੁਰ ਵਿਚ ੩੭ ਪਿੰਡ ਸਨ :—ਫ਼ੀਰੋਜ਼ਪੁਰ ਖ਼ਾਸ ਸ. ਗੁੱਜਰ ਸਿੰਘ ਭੰਗੀ ਵੱਲੋਂ [ਉਸਦੇ ਭਣੇਵਿਆਂ] ਗੁਰਬਖ਼ਸ਼ ਸਿੰਘ, ਮਸਤਾਨ ਸਿੰਘ ਦੇ ਕਬਜ਼ੇ ਤੇ ਖਾਈ, ਵਾਂ, ਵਜੀਦਪੁਰ, ਆਦਿ ਜੈ ਸਿੰਘ ਘੜੀਆ ਭੰਗੀ ਦੇ ਕਬਜ਼ੇ। ਬਾਰੀ ਦੁਆਬ ਵਿਚ :—ਪਠਾਨਕੋਟ, ਬੁਲਾਕੀ ਚੱਕ [੨੯ ਪਿੰਡ], ਛੀਨਾ, ਸੈਂਸਰਾਂ, ਤਰਨ ਤਾਰਨ, ਅੰਮ੍ਰਿਤਸਰ, ਲਾਹੌਰ ਆਦਿ। ਦੁਆਬਾ ਰਚਨਾ ਵਿਚ :—ਸਿਆਲਕੋਟ, ਗੁਜਰਾਂਵਾਲਾ ਤੇ ਝੰਗ ਜ਼ਿਲਿਆਂ ਦੇ ਬਹੁਤ ਸਾਰੇ ਹਿੱਸੇ ਸ. ਝੰਡਾ ਸਿੰਘ, ਗੰਡਾ ਸਿੰਘ ਦੇ ਕਬਜ਼ੇ ਵਿਚ। ਡਸਕਾ, ਵਡਾਲਾ, ਜੱਬੋਕੇ, ਨਿਡਾਲਾ, ਮੋਖਲ, ਅਕਬਰ, ਭੱਟੀ ਭੰਗੂ, ਗਲੋਟੀਆਂ ਤੇ ਧਾਮੋਕੇ ਸ. ਨਿਧਾਨ ਸਿੰਘ ਹੱਟੂ ਦੇ ਕਬਜ਼ੇ। ਜ਼ਫਰਵਾਲ, ਥੱਲ, ਕਿਲ੍ਹਾ ਸੋਭਾ ਸਿੰਘ ਕਿਲ੍ਹਾ ਸੂਬਾ ਸਿੰਘ, ਢੋਢਾ, ਸੋਂਕਣ ਵਿੰਡ, ਚੰਗੀ ਚੰਗਾ, ਕੱਸੋਵਾਲਾ, ਦੋਰੀਕੀ, ਬੁਢਾ ਗੋਰਾਇਆ, ਸ. ਬਾਘ ਸਿੰਘ ਹੱਲੋਵਾਈਆ ਦੇ ਕਬਜ਼ੇ। ਕਲਾਲਵਾਲਾ, ਪਰਵਾਨਾ, ਚੋਬਾਰਾ, ਮਹਾਰਾਜਕੇ ਸ. ਧੰਨਾ ਸਿੰਘ ਕਲਾਸ ਵਾਲੀਆ ਦੇ ਕਬਜ਼ੇ। ਬਾਜਰਾ, ਰੁੜਕੀ, ਫ਼ੀਰੋਜ਼ਕੇ, ਕਾਲੇਕੇ, ਸੀਓਕੇ, ਖੰਨਾ ਸ. ਕਰਮ ਸਿੰਘ ਛੀਨਾ ਦੇ ਕਬਜ਼ੇ। ਪਸਰੂਰ, ਲੱਲਾ, ਸੰਖੱਤਰਾ, ਧਾਮਬਲ, ਮਰਾਰਾ, ਸੀਹੋਵਾਲ, ਜ਼ਹੂਰ, ਦਰੋਹ, ਚ੍ਵਿੰਡਾ, ਸ਼ਾਹਜ਼ਾਦਾ, ਮੁੰਡੇਕੇ, ਬੱਡਿਆਨਾ, ਖ਼ਾਨੋਵਾਲੀ ਸ. ਨਾਹਰ ਸਿੰਘ ਚਮਿਆਰੀ ਦੇ ਕਬਜ਼ੇ। ਬਜਵਾਤ ਸੁਹਾਵਾ, ਰਾਜੇਵਾਲਾ, ਹਮੀਦਪੁਰ ਸ. ਸਾਹਿਬ ਸਿੰਘ ਗੁੰਜਰਾਤ ਦੇ ਕਬਜ਼ੇ। ਘੜਥਲ, ਗੋਜ਼ਰਾਂ, ਮਿੱਤਰਾਂ ਵਾਲੀ, ਤਲਵੰਡੀ ਮੂਸਾ ਖ਼ਾਂ, ਸ. ਜੋਧ ਸਿੰਘ ਦੇ ਕਬਜ਼ੇ। ਚਪਰਾਰ, ਗੋਂਦਲ, ਰੰਗਪੁਰ ਕੋਟਲੀ ਲੁਹਾਰਾਂ, ਬਹਾਦਰਪੁਰ, ਕਾਲੋਵਾਲ, ਉਗੋਕੇ, ਸਾਹੋਵਾਲਾ, ਬੁਧੋਕੇ, ਆਦਮਕੇ, ਕੋਪਰਾ, ਬੇਗੋਵਾਲ, ਗੋਇੰਦਕੇ, ਰਚਾਰਾ, ਬਨਬਾਜਵਾ, ਕੁਲ ਬਾਜਵਾ, ਸੋਹਦਰਾ, ਭਾਗੋਵਾਲ, ਮੁਰਾਦਪੁਰ, ਚਿੱਟੀ ਸ਼ੇਖ਼ਾਂ, ਸਿਆਲਕੋਟ, ਪਠਾਣਵਾਲੀ, ਕਮਾਨ ਵਾਲਾ, ਕੁੰਦਨਪੁਰ, ਚਨਿਓਟ, ਝੰਗ, ਆਦਿ ਸ. ਝੰਡਾ ਸਿੰਘ, ਗੰਡਾ ਸਿੰਘ ਦੇ ਕਬਜ਼ੇ ਸਨ ਤੇ ਉਹਨਾਂ ਅਗ੍ਹਾਂ ਆਪਣੇ ਮਾਤਹਿਤ ਜਰਨੈਲਾਂ ਨੂੰ ਦਿਤੇ ਹੋਏ ਸਨ। ਦੁਆਬਾ ਚੱਜ ਵਿਚ :—ਗੁਜਰਾਤ, ਵੜਾਇਚ, ਮਿਢ, ਮੂਸਾ ਚੂਹਾ, ਕਾਦਰਾ-

Sri Satguru Jagjit Singh Ji eLibrary NamdhariElibrary@gmail.com

ਬਾਦ, ਆਦਿ ਸ. ਗੁੱਜਰ ਸਿੰਘ ਭੰਗੀ ਦੇ ਕਬਜ਼ੇ। ਦੁਆਬਾ ਸਿੰਧ ਸਾਗਰ ਵਿਚ :—ਰਾਵਲਪਿੰਡੀ ਤੋਂ ਇਲਾਕਾ, ਸ. ਗੁੱਜਰ ਸਿੰਘ ਭੰਗੀ ਨੇ ਆਪਣੇ ਕਪਤਾਨ ਸ. ਮਿਲਖਾ ਸਿੰਘ ਥੇਹਪੁਰੀਆ ਨੂੰ ਦਿਤਾ।*

ਕਦੇ ਕੋਈ ਜਿਉਂਦੀ ਕੌਮ ਦੌੜ ਵਿਚ ਝਿਜਕ ਤੋਂ ਕੰਮ ਨਹੀਂ ਲੈਂਦੀ ਏਸੇ ਤਰ੍ਹਾਂ ਸਿੱਖ ਮਿਸਲਾਂ ਵੀ ਰਾਤ ਦਿਨ ਆਪਣੇ ਇਲਾਕੇ ਵਧਾਉਣ ਵਿਚ ਲੱਗੀਆਂ ਰਹਿੰਦੀਆਂ।

**ਕਸੂਰ 'ਤੇ ਹਮਲਾ**

੧੭੭੦ ਈ. ਵਿਚ ਸ. ਝੰਡਾ ਸਿੰਘ ਨੇ ਜੰਮੂੰ 'ਤੇ ਹਮਲਾ ਕਰਕੇ ਰਾਜਾ ਰਣਜੀਤ ਸਿੰਘ ਦੇਵ ਤੋਂ ਖ਼ਰਾਜ ਲਿਆ। ੧੭੭੧ ਈ. ਵਿਚ ਕਸੂਰ ਦੇ ਪੰਡਤਾਂ ਨੇ ਓਥੋਂ ਦੇ ਪਠਾਣਾਂ ਦੇ ਵਿਰੁਧ ਫ਼ਰਯਾਦ ਕੀਤੀ, ਕਿ ਉਹ ਗਾਂਈਂ ਮਾਰਦੇ ਤੇ ਹਿੰਦੂਆਂ 'ਤੇ ਬੜਾ ਜ਼ੁਲਮ ਕਰਦੇ ਹਨ। ਸ. ਝੰਡਾ ਸਿੰਘ ਭੰਗੀ ਤੇ ਸ. ਜੱਸਾ ਸਿੰਘ ਆਹਲੂ-ਵਾਲੀਆ ਅੰਮ੍ਰਿਤਸਰੋਂ ਚੜ੍ਹਾਈ ਕਰ ਕੇ ਤਰਨ ਤਾਰਨ ਰਾਹੀਂ ਕਸੂਰ 'ਤੇ ਜਾ ਪਏ। ਹਮੀਦ ਖ਼ਾਂ ਤੇ ਉਸਮਾਨ ਖ਼ਾਂ ਕਸੂਰੀਏ ਲੜ ਕੇ ਹਾਰ ਗਏ। ਸਿੱਖਾਂ ਦੀਆਂ ਸ਼ਰਤਾਂ ਮੰਨ ਕੇ ਪਠਾਣਾਂ ਨੇ ਸੁਲ੍ਹਾ ਕਰ ਲਈ। ਉਹਨਾਂ ਚਾਰ ਲੱਖ ਨਜ਼ਰਾਨਾ ਓਸੇ ਵੇਲੇ ਦੇ ਦਿਤਾ ਤੇ ਅੱਗੇ ਵਾਸਤੇ ਹਰ ਸਾਲ ਖ਼ਰਾਜ ਦੇਣਾ ਮੰਨਿਆਂ।

**ਮੱਜਾ ਸਿੰਘ ਕਤਲ**

ਏਸੇ ਸਾਲ [੧੭੭੧ ਈ. ਸ. ਝੰਡਾ ਸਿੰਘ ਨੇ ਆਪਣੇ ਜਰਨੈਲ ਸ. ਮੱਜਾ ਸਿੰਘ ਨੂੰ ਮੁਲਤਾਨ ਫ਼ਤਹਿ ਕਰਨ ਵਾਸਤੇ ਭੇਜਿਆ। ਉਸਨੇ ਮੁਲਤਾਨ ਦਾ ਕੁਛ ਇਲਾਕਾ ਲੁੱਟ ਲਿਆ। ਸ਼ੁਜਾਅ ਖ਼ਾਂ ਨੇ ਮਦਦ ਵਾਸਤੇ ਨਵਾਬ ਬਹਾਵਲਪੁਰ ਤੇ ਜਹਾਨ ਖ਼ਾਂ ਨੂੰ ਬੁਲਾ ਲਿਆ। ਸਖ਼ਤ ਲੜਾਈ ਵਿਚ ਸ. ਮੱਜਾ ਸਿੰਘ ਕਤਲ

---

* ਗੁਪਤਾ, (ਹਿਸਟਰੀ ਆਫ਼ ਦੀ ਸਿੱਖਸ, ਹਿੱਸਾ ਤਿੱਜਾ, ਕਰਤਾ ਪ੍ਰੋ: ਹਰੀ ਰਾਮ ਗੁਪਤਾ, (M.A. ph.D.) ਪੰਨੇ ੩ ਤੋਂ ੬। ਪ੍ਰੋ: ਸਾਹਿਬ ਨੇ ਸਿੱਖ ਇਤਿ-ਹਾਸ ਬਾਰੇ ਇਹ ਖੋਜ ਭਰੀਆਂ ਪੁਸਤਕਾਂ ਲਿਖ ਕੇ ਪੰਥ ਦੀ ਬੜੀ ਸੇਵਾ ਕੀਤੀ ਹੈ। ਮੈਂ ਆਪ ਜੀ ਦਾ ਦਿਲੋਂ ਧੰਨਵਾਦੀ ਹਾਂ।

Sri Satguru Jagjit Singh Ji eLibrary NamdhariElibrary@gmail.com

ਹੋ ਗਿਆ‡। ਸੋ ਸਿੱਖ ਵਾਪਸ ਆ ਗਏ।

ਆਹਮਦ ਸ਼ਾਹ ਤੇ ਜਹਾਨ ਖ਼ਾਂ ਪਿੱਛੋਂ ਤੈਮੂਰ ਸ਼ਾਹ ਨੇ ਸ਼ੁਜਾਅ ਖ਼ਾਂ ਦੀ ਥਾਂ ਹਾਜੀ ਸ਼ਰੀਫ਼ ਖ਼ਾਂ ਸੱਦੋਜ਼ਈ ਨੂੰ ਮੁਲਤਾਨ ਦਾ ਗਵਰਨਰ ਬਣਾਇਆ। ਫਿਰ ਉਸਨੂੰ ਹਟਾ ਕੇ ਸ਼ਰੀਫ਼ ਬੇਗ ਤਕਲੂ ਨੂੰ ਗਵਰਨਰ ਬਣਾ ਦਿਤਾ। ਉਹਨਾਂ ਤਿੰਨਾਂ ਵਿਚ ਝਗੜਾ ਹੋ ਪਿਆ।

**ਮੁਲਤਾਨ 'ਤੇ ਕਬਜ਼ਾ**

ਤਕਲੂ ਨੇ ਇਕ ਲੱਖ ਨਜ਼ਰਾਨਾ ਦੇਣਾ ਕਰ ਕੇ ਭੰਗੀ ਸਰਦਾਰਾਂ ਨੂੰ ਮਦਦ ਵਾਸਤੇ ਬੁਲਾ ਲਿਆ। ਸ. ਝੰਡਾ ਸਿੰਘ, ਗੰਡਾ ਸਿੰਘ ਤੇ ਲਹਿਣਾ ਸਿੰਘ ਝੱਟ ਫ਼ੌਜ ਲੈ ਕੇ ਜਾ ਪਹੁੰਚੇ। ਸ਼ੁਜਾਅ ਖ਼ਾਂ ਤੇ ਨਵਾਬ ਬਹਾਵਲ ਪੁਰ ਨੇ ਸਿੱਖਾਂ ਦਾ ਟਾਕਰਾ ਕੀਤਾ, ਪਰ ਹਾਰ ਗਏ। ਸਿੱਖਾਂ ਨੇ ਅੱਗੇ ਵਧ ਕੇ ਮੁਲਤਾਨ ਸ਼ਹਿਰ ਤੇ ਕਿਲੇ ਉੱਤੇ ੨੫ ਦਸੰਬਰ, ੧੭੭੨ ਈ. ਨੂੰ ਕਬਜ਼ਾ ਕਰ ਲਿਆ। ਸ. ਝੰਡਾ ਸਿੰਘ ਨੇ ਸ. ਦੀਵਾਨ ਸਿੰਘ ਛਾਛੋਵਾਲੀਏ ਨੂੰ ਮੁਲਤਾਨ ਦਾ ਗਵਰਨਰ ਬਣਾਇਆ†।

ਸ਼ੁਜਾਅ ਖ਼ਾਂ ਏਥੋਂ ਜਾਨ ਬਚਾ ਕੇ ਨੱਸ ਗਿਆ, ਜੋ ਪਿੱਛੋਂ ੧੭੭੬ ਈ. ਵਿਚ ਮਰ ਗਿਆ। ਸ਼ਰੀਫ਼ ਬੇਗ ਤਕਲੂ ਖ਼ੈਰ ਪੁਰ ਚਲਾ ਗਿਆ ਤੇ ਥੋੜੇ ਚਿਰ ਪਿੱਛੋਂ ਕਾਲ ਵੱਸ ਹੋ ਗਿਆ।

ਸ. ਦੀਵਾਨ ਸਿੰਘ ਨੂੰ ਮੁਲਤਾਨ ਛੱਡ ਕੇ ਸ. ਝੰਡਾ ਸਿੰਘ ਅੱਗੇ ਵਧਿਆ। ਉਹ ਮਾਨਖ਼ੈਰਾ, ਕਾਲਾ ਬਾਗ਼, ਝੰਗ ਤੋਂ ਖ਼ਰਾਜ ਵਸੂਲ ਕਰਕੇ ਰਾਮਨਗਰ ਚੱਠਿਆਂ 'ਤੇ ਜਾ ਪਿਆ। ਚੱਠੇ ਲੜ ਕੇ ਹਾਰ ਗਏ। ਉਹਨਾਂ ਪ੍ਰਸਿਧ ਤੋਪ ਜ਼ਮਜ਼ਮਾ ਦੇ ਕੇ ਭੰਗੀਆਂ ਨਾਲ ਸੁਲ੍ਹਾ ਕਰ ਲਈ। ਏਹਾ ਤੋਪ ਪਿੱਛੋਂ ਭੰਗੀਆਂ ਵਾਲੀ ਤੋਪ ਅਖਵਾਈ।

**ਭੰਗੀਆਂ ਵਾਲੀ ਤੋਪ**

ਇਹ ਤੋਪ ੧੭੬੧ ਈ. ਵਿਚ ਆਹਮਦ ਸ਼ਾਹ ਅਬਦਾਲੀ ਦੇ ਹੁਕਮ ਨਾਲ, ਵਜ਼ੀਰ ਸ਼ਾਹ ਵਲੀ ਖ਼ਾਂ ਨੇ ਲਾਹੌਰ ਵਿਚ ਸ਼ਾਹ ਨਜ਼ੀਰ ਕਾਰੀਗਰ ਕੋਲੋਂ ਤਾਂਬੇ ਤੇ ਪਿੱਤਲ ਦੀ

---

‡ ਲਤੀਫ਼, ਪੰਨਾ ੨੯੭; ਕਨਿੰਘਮ, ਪੰਨਾ ੧੧੪।

† ਲਤੀਫ਼, ਪੰਨਾ ੨੯੭; ਰਾਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੭੭੮; ਮੈਕਗ੍ਰੇਗਰ, ਪੰਨਾ ੧੨੨; ਰਾਜ ਖ਼ਾਲਸਾ, ਪੰਨਾ ੩; ਗੁਪਤਾ, ਹਿੱਸਾ ਤਿੱਜਾ ਪੰਨਾ ੧੫

Sri Satguru Jagjit Singh Ji eLibrary NamdhariElibrary@gmail.com

ਢਲਵਾਈ । ਇਹਦੇ ਢਾਲਣ ਦੀ ਤਾਰੀਖ਼ ਇਹਦੇ ਉਪਰ ਲਿਖੇ ਨਾਮ 'ਪੀਕਰੇ ਅਜ਼ਦਹਾਏ ਆਤਸ਼ ਬਾਰ' ਤੋਂ ਪਤਾ ਲੱਗ ਜਾਂਦਾ ਹੈ। 'ਅਬਜਦ' ਦੇ ਹਿਸਾਬ ਨਾਲ ਇਸਦਾ ਸੰਨ ੧੧੭੪ ਹਿਜਰੀ ਨਿਕਲਦਾ ਹੈ, ਜੋ ੧੭੬੧ ਈ. ਦੇ ਬਰਾਬਰ ਹੈ। ਪਾਨੀਪਤ ਦੀ ਤੀਜੀ ਲੜਾਈ ਪਿੱਛੋਂ ਵਾਪਸ ਮੁੜਦਾ ਹੋਇਆ ਅਬਦਾਲੀ ਇਹ ਤੋਪ ਲਾਹੌਰ ਦੇ ਸੂਬੇਦਾਰ ਖ਼ਵਾਜਾ ਉਬੇਦ ਖ਼ਾਂ ਨੂੰ ਦੇ ਗਿਆ। ਜਦ ੧੭੬੪ ਈ. ਵਿਚ ਸਿੱਖਾਂ ਨੇ ਲਾਹੌਰ 'ਤੇ ਕਬਜ਼ਾ ਕੀਤਾ, ਤਾਂ ਇਹ ਤੋਪ ਸ. ਚੜ੍ਹਤ ਸਿੰਘ ਸੁਕਰਚੱਕੀਏ ਦੇ ਹਿੱਸੇ ਆਈ। ਉਹ ਇਸਨੂੰ ਗੁਜਰਾਂਵਾਲੇ ਲੈ ਗਿਆ। ਇਕ ਲੜਾਈ ਵਿਚ ਇਹ ਤੋਪ ਚੱਠਿਆਂ ਨੇ ਖੋਹ ਲਈ। ਉਹ ਇਸਨੂੰ ਰਸੂਲ ਨਗਰ ਲੈ ਗਏ। ਮੁਲਤਾਨ ਤੋਂ ਵਾਪਸ ਆਉਂਦਿਆਂ ਸ. ਝੰਡਾ ਸਿੰਘ ਨੇ ਚੱਠਿਅ ਨੂੰ ਸ਼ਕਸਤ ਦੇ ਕੇ, ਤੋਪ ਖੋਹ ਕੇ ਅੰਮ੍ਰਿਤਸਰ ਲੈ ਆਂਦੀ। ਏਥੋਂ ਇਸਦਾ ਨਾਮ 'ਭੰਗੀਆਂ ਵਾਲੀ ਤੋਪ' ਪੈ ਗਿਆ। ੧੮੦੪ ਈ. ਵਿਚ ਮ.ਰਣਜੀਤ ਸਿੰਘ ਨੇ ਅੰਮ੍ਰਿਤ-ਸਰ ਫ਼ਤਹਿ ਕੀਤਾ, ਤਾਂ ਇਹ ਤੋਪ ਉਸਦੇ ਹੱਥ ਆ ਗਈ। ਜਦ ਸਿੱਖ ਰਾਜ ਖ਼ਤਮ ਹੋਇਆ, ਤਾਂ ਇਹ ਤੋਪ ਅੰਗਰੇਜ਼ਾਂ ਦੇ ਹੱਥ ਆਈ। ਇਸ ਵੇਲੇ ਇਹ ਲਾਹੌਰ ਵਿਚ ਅਜਾਇਬ ਘਰ ਦੇ ਸਾਹਮਣੇ ਪਈ ਹੈ*।

**ਕਿਲ੍ਹਾ ਭੰਗੀਆਂ**

ਰਾਮ ਨਗਰ ਆਦਿ ਇਲਾਕਾ ਫ਼ਤਹਿ ਕਰਕੇ ਭੰਗੀ ਸਰਦਾਰ ਵਾਪਸ ਅੰਮ੍ਰਿਤਸਰ ਪੁੱਜੇ, ਦਰਬਾਰ ਸਾਹਿਬ ਚੜ੍ਹਾਵਾ ਚੜ੍ਹਾਇਆ ਤੇ 'ਕਿਲ੍ਹਾ ਭੰਗੀਆਂ' ਬਣਾਇਆ, ਜਿਸਦੇ ਨਿਸ਼ਾਨ ਅੱਜ ਕੱਲ੍ਹ ਲੂਣ ਮੰਡੀ ਕੋਲ ਹਨ †।

**ਝੰਡਾ ਸਿੰਘ ਕਤਲ**

੧੭੭੪ ਈ. ਵਿਚ ਜੰਮੂੰ ਦੇ ਰਾਜੇ ਰਣਜੀਤ ਦੇਵ ਤੇ ਉਸਦੇ ਪੁੱਤਰ ਬ੍ਰਿਜਰਾਮ ਦੇਵ ਵਿਚ ਝਗੜਾ ਹੋ ਪਿਆ। ਦੋਹਾਂ ਨੇ ਆਪਣੀ ਮਦਦ ਵਾਸਤੇ ਸਿੱਖ ਬੁਲਾ ਲਏ। ਰਣਜੀਤ ਦੇਵ ਦੇ ਪਾਸੇ ਸ. ਝੰਡਾ ਸਿੰਘ ਗੰਡਾ ਸਿੰਘ ਭੰਗੀ ਆ ਗਏ ਤੇ ਬ੍ਰਿਜਰਾਜ

---

* ਰਾਊਸਾ-ਏ-ਪੰਜਾਬ, ਪੰਨਾ ੭੭੮।

† ਲਤੀਫ਼, ਪੰਨਾਂ ੨੯੭।

Sri Satguru Jagjit Singh Ji eLibrary NamdhariElibrary@gmail.com

ਦੇਵ ਦੀ ਮਦਦ 'ਤੇ ਸ. ਚੜ੍ਹਤ ਸਿੰਘ ਸੁਕਰਚੱਕੀਆ, ਸ. ਜੈ ਸਿੰਘ ਤੇ ਸ. ਹਕੀਕਤ ਸਿੰਘ ਕਨ੍ਹਈਏ ਆ ਗਏ। ਕੋਈ ਦਿਨ ਲੜਾਈ ਹੁੰਦੀ ਰਹੀ। ਸ. ਚੜ੍ਹਤ ਸਿੰਘ ਤਾਂ ਆਪਣੀ ਬੰਦੂਕ ਦੀ ਨਾਲੀ ਫਟਣ ਨਾਲ ਮਰ ਗਿਆ ਤੇ ਸ. ਝੰਡਾ ਸਿੰਘ ਭੰਗੀ ਨੂੰ ਸ. ਜੈ ਸਿੰਘ ਕਨ੍ਹਈਏ ਨੇ—ਓਸੇ ਦੇ ਨੌਕਰ ਕੋਲੋਂ ਗੋਲੀ ਮਰਵਾ ਕੇ—ਧੋਖੇ ਨਾਲੇ ਮਰਵਾ ਦਿਤਾ। ਭੰਗੀ ਮੈਦਾਨ ਛੱਡ ਕੇ ਵਾਪਸ ਅੰਮ੍ਰਿਤਸਰ ਆ ਗਏ।

ਗੰਡਾ ਸਿੰਘ ਲੀਡਰ

ਸ: ਝੰਡਾ ਸਿੰਘ ਦੀ ਥਾਂ ਮਿਸਲ ਦਾ ਲੀਡਰ ਉਸਦਾ ਭਰੱਾ ਗੰਡਾ ਸਿੰਘ ਬਣਿਆਂ‡।

ਮੁਜ਼ੱਫਰ ਦਾ ਹਮਲਾ ਤੇ ਸ਼ਕਸਤ

ਸੁਜਾਂ ਖ਼ਾਂ ਦੇ ਸੁਰਗਵਾਸ ਹੋ ਜਾਣ 'ਤੇ ਉਸ ਦਾ ਪੁੱਤਰ ਮੁਜ਼ੱਫਰ ਖ਼ਾਂ ਸੁਜਾਅਬਾਦ ਦਾ ਹਾਕਮ ਬਣਿਆਂ। ਸ: ਦੀਵਾਨ ਸਿੰਘ ਨੇ ਸ਼ੁਜਾਆਬਾਦ ਉੱਤੇ ਹਮਲਾ ਕੀਤਾ, ਪਰ ਕਾਮਯਾਬ ਨਾ ਹੋ ਸਕਿਆ। ਫਿਰ ਮੁਜ਼ੱਫਰ ਖ਼ਾਂ ਨੇ ਨਵਾਬ ਬਹਾਵਲਪੁਰ ਨੂੰ ਨਾਲ ਲੈ ਕੇ ਮੁਲਤਾਨ ਨੂੰ ਘੇਰ ਲਿਆ। ਉਹਨਾਂ ਧੋਖੇ ਨਾਲ ਸ਼ਹਿਰ ਵਿਚ ਦਾਖ਼ਲ ਹੋ ਕੇ ਸ਼ਹਿਰ ਲੁੱਟ ਲਿਆ। ਦੀਵਾਨ ਸਿੰਘ ਕਿਲ੍ਹਾ ਬੰਦ ਹੋ ਬੈਠਾ। ਕੁਛ ਦਿਨਾਂ ਪਿੱਛੋਂ ਸ: ਗੰਡਾ ਸਿੰਘ ਫ਼ੌਜ ਲੈ ਕੇ ਆ ਪੁੱਜਾ। ਬੜੀ ਸਖ਼ਤ ਲੜਾਈ ਹੋਈ, ਜਿਸ ਵਿਚ ਮੁਜ਼ੱਫਰ ਖ਼ਾਂ ਤੇ ਨਵਾਬ ਬਹਾਵਲਪੁਰ ਹਾਰ ਕੇ ਘਰੋ ਘਰੀ ਜਾ ਵੜੇ। * ਸ: ਗੰਡਾ ਸਿੰਘ ਫਿਰ ਅੰਮ੍ਰਿਤਸਰ ਨੂੰ ਪਰਤ ਗਿਆ।

ਗੰਡਾ ਸਿੰਘ ਸੁਰਗਵਾਸ

ਪਠਾਣਕੋਟ ਭੰਗੀ ਮਿਸਲ ਦੇ ਸ. ਨੰਦ ਸਿੰਘ (ਉਰਫ਼ ਮਨਸਾ ਸਿੰਘ) ਦੇ ਕਬਜ਼ੇ ਵਿਚ ਸੀ। ੧੭੭੪ ਈ. ਵਿਚ ਸ. ਨੰਦ ਸਿੰਘ ਸੁਰਗਵਾਸ ਹੋ ਗਿਆ। ਉਸਦੀ ਵਿਧਵਾ ਨੇ ਆਪਣੀ ਲੜਕੀ ਤਾਰਾ ਸਿੰਘ (ਸ. ਹਕੀਕਤ ਸਿੰਘ ਕਨ੍ਹਈਆ ਦੇ ਭਰੱਾ) ਨਾਲ ਵਿਆਹ ਦਿਤੀ ਤੇ ਪਠਾਣਕੋਟ ਉਸਨੂੰ ਜਾਗੀਰ ਵਜੋਂ ਦੇ

‡ ਵੇਖੋ ਸਿੱਖਰਾਜ ਤੇ ਸ਼ੇਰੇ-ਪੰਜਾਬ, (ਕਰਤਾ ਲਿਖਤ)।

* ਗੁਪਤਾ, ਹਿੱਸਾ ਤਿੱਜਾ, ਪੰਨਾ ੧੬।

Sri Satguru Jagjit Singh Ji eLibrary NamdhariElibrary@gmail.com

ਦਿਤਾ। ਸ: ਗੰਡਾ ਸਿੰਘ ਨੇ ਇਹ ਜਾਗੀਰੀ ਪਤਾ ਪਰਵਾਨ ਨਾ ਕੀਤਾ। ਉਹਨੇ ਰਾਮਗੜ੍ਹੀਆਂ ਦੀ ਮਦਦ ਨਾਲ ਪਠਾਣਕੋਟ 'ਤੇ ਚੜ੍ਹਾਈ ਕਰ ਦਿਤੀ। ਤਾਰਾ ਸਿੰਘ ਦੀ ਮਦਦ ਵਾਸਤੇ ਸ. ਹਕੀਕਤ ਸਿੰਘ ਤੇ ਗੁਰਬਖ਼ਸ਼ ਸਿੰਘ ਆ ਗਏ। ਦੀਨਾ ਨਗਰ ਕੋਲ ਦਸ ਦਿਨ ਲੜਾਈ ਹੁੰਦੀ ਰਹੀ। ਸ: ਗੰਡਾ ਸਿੰਘ ਬੀਮਾਰ ਹੋ ਕੇ ਮਰ ਗਿਆ। ਉਸਦਾ ਪੁੱਤਰ ਦੇਸਾ ਸਿੰਘ ਅਜੇ ਬਾਲਕ ਸੀ, ਸੋ ਗੰਡਾ ਸਿੰਘ ਦਾ ਭਰਾ ਚੜ੍ਹਤ ਸਿੰਘ ਲੀਡਰ ਬਣਿਆਂ।

**ਚੜ੍ਹਤ ਸਿੰਘ ਕਤਲ**

ਲੜਾਈ ਜਾਰੀ ਰਹੀ। ਏਸੇ ਲੜਾਈ ਵਿਚ ਸ: ਚੜ੍ਹਤ ਸਿੰਘ ਮਾਰਿਆ ਗਿਆ। ਭੰਗੀ ਪਿੜ ਛਡ ਕੇ ਅੰਮ੍ਰਿਤਸਰ ਆ ਗਏ। ਫਿਰ ਦੇਸਾ ਸਿੰਘ ਮਿਸਲ ਦਾ ਲੀਡਰ ਬਣਿਆਂ ਤੇ ਸ: ਗੁੱਜਰ ਸਿੰਘ ਉਸਦਾ ਵਜ਼ੀਰ*।

ਭੰਗੀ ਮਿਸਲ ਦੀ ਲੀਡਰਸ਼ਿਪ ਕਮਜ਼ੋਰ ਹੋ ਗਈ ਤੇ ਉਸਦੇ ਮਾਤਹਿਤ ਕੁਛ ਸਰਦਾਰ (ਜਿਵੇਂ ਬਾਘ ਸਿੰਘ ਹੱਲੋਵਾਲੀਆ) ਖ਼ੁਦਮੁਖ਼ਤਿਆਰ ਹੋ ਗਏ। ਝੰਗ ਦਾ ਮਾਮਲਾ ਵੀ ਆਉਣੋਂ ਬੰਦ ਹੋ ਗਿਆ। ਓਧਰ ਮੁਲਤਾਨ 'ਤੇ ਦੁਬਾਰਾ ਕਬਜ਼ਾ ਕਰਨ ਬਦਲੇ ਤੈਮੂਰ ਮੈਦਾਨ ਵਿਚ ਆ ਗਿਆ।

**ਤੈਮੂਰ**

ਆਹਮਦ ਸ਼ਾਹ ਅਬਦਾਲੀ ਦੇ ਘਰ, ਮਸ਼ਅਦ (ਈਰਾਨ) ਅੰਦਰ ਦਸੰਬਰ, ੧੭੪੬ ਈ. ਨੂੰ ਤੈਮੂਰ ਜਨਮਿਆਂ। ੧੪ ਅਪ੍ਰੈਲ, ੧੭੭੨ ਈ. ਨੂੰ ਆਹਮਦ ਸ਼ਾਹ ਮਰਿਆ, ਤਾਂ ਤੈਮੂਰ ਅਫ਼ਗਾਨਿਸਤਾਨ ਦਾ ਬਾਦਸ਼ਾਹ ਬਣਿਆਂ। ਉਹਨੇ ਕੰਧਾਰ ਦੀ ਥਾਂ ਕਾਬਲ ਨੂੰ ਰਾਜਧਾਨੀ ਬਣਾ ਲਿਆ। ਫਿਰ ਉਹਨੇ ਹਿੰਦ ਉੱਤੇ ਹਮਲਾ ਕਰਨ ਦੀ

**ਤੈਮੂਰ ਦਾ ਪਹਿਲਾ ਹਮਲਾ**

ਧਾਰੀ। ੧੭੭੪ ਈ: ਵਿਚ ਉਹਨੇ ਆਪਣੇ ਰਾਜਦੂਤ ਦਿੱਲੀ ਭੇਜੇ। ਫ਼ੈਜ਼ਅੱਲਾ ਖ਼ਾਂ ਖ਼ਲੀਲ ਨੇ ਵੀ ਤੈਮੂਰ ਨੂੰ ਹਮਲਾ ਕਰਨ ਦੀ ਪ੍ਰੇਰਨਾ ਕੀਤੀ। ਨਵੰਬਰ, ੧੭੭੪ ਈ. ਵਿਚ ਤੈਮੂਰ ਕਾਬਲੋਂ ਤੁਰਿਆ। ਜਦ ਉਹ ਪਿਸ਼ਾਵਰ ਪੁੱਜਾ, ਤਾਂ ਫ਼ੈਜ਼ਅੱਲਾ ਖ਼ਾਂ ਨੇ ਆਪਣੀ ਫ਼ੌਜ ਤੈਮੂਰ ਦੇ ਹਵਾਲੇ ਕਰ ਦਿਤੀ।

---

† ਲਤੀਫ਼, ਪੰਨਾ ੨੯੮; ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨੇ ੨੯੦-੧।

Sri Satguru Jagjit Singh Ji eLibrary NamdhariElibrary@gmail.com

੧੫ ਜਨਵਰੀ, ੧੭੭੫ ਈ. ਨੂੰ ਤੈਮੂਰ ਅਟਕੋਂ ਪਾਰ ਹੋਇਆ। ਸ. ਮਿਲਖਾ ਸਿੰਘ ਰਾਵਲਪਿੰਡੀ ਨੇ ਕੁਛ ਹੋਰ ਸਿੱਖ ਸਰਦਾਰਾਂ ਨੂੰ ਨਾਲ ਲੈ ਕੇ ਟਾਕਰਾ ਕੀਤਾ। ਬੜੀ ਸਖ਼ਤ ਲੜਾਈ ਹੋਈ, ਪਰ ਤਸੱਲੀ ਨਾਲ ਜਿੱਤ ਕੋਈ ਵੀ ਨਾ ਸਕਿਆ। ਸਿੱਖ ਹਟ ਕੇ ਝਨਾਂ 'ਤੇ ਆ ਖਲੇ ਤੇ ਤੈਮੂਰ ਘਬਰਾ ਕੇ ਵਾਪਸ ਪਿਸ਼ਾਵਰ ਚਲਾ ਗਿਆ।

ਪਿਸ਼ਾਵਰ ਵਿਚ ਫ਼ੈਜ਼ਅੱਲਾ ਖ਼ਾਂ ਨੇ ਤੈਮੂਰ ਦੇ ਕਤਲ ਕਰਨ ਦੀ ਸਾਜ਼ਸ਼ ਕੀਤੀ, ਜੋ ਨੇਪਰੇ ਨਾ ਚੜ੍ਹੀ। ਫ਼ੈਜ਼ ਤਾਂ ਨੱਸ ਗਿਆ, ਪਰ ਤੈਮੂਰ ਨੇ ਗੁੱਸੇ ਅੰਦਰ ਪਿਸ਼ਾਵਰ ਵਿਚ ਕਤਲਾਮ ਦਾ ਹੁਕਮ ਦੇ ਕੇ ਛੇ ਹਜ਼ਾਰ ਬੰਦਾ ਕਤਲ ਕਰਾ ਦਿਤਾ‡। ਕੁਛ ਚਿਰ ਪਿੱਛੋਂ ਤੈਮੂਰ ਨੇ ਫ਼ੈਜ਼ ਨੂੰ ਕਾਬਲ ਬੁਲਾ ਕੇ ਧੋਖੇ ਨਾਲ ਮਰਵਾ ਦਿਤਾ।

**ਪਿਸ਼ਾਵਰ ਵਿਚ ਕਤਲਆਮ**

ਮੁਜ਼ੱਫ਼ਰ ਖ਼ਾਂ ਸਿੱਖਾਂ ਦੇ ਵਿਰੁੱਧ ਤੈਮੂਰ ਨੂੰ ਭੜਕਾਉਂਦਾ ਰਹਿੰਦਾ ਸੀ। ਪਹਿਲਾ ਮੁਲਤਾਨ ਫ਼ਤਹਿ ਕਰਨ ਵਾਸਤੇ ਦੂਸਰੇ ਤੋਂ ਮਦਦ ਮੰਗਦਾ ਰਹਿੰਦਾ ਸੀ। ੧੭੭੮ ਈ. ਵਿਚ ਤੈਮੂਰ ਨੇ ਬਹਾਰੂ ਖ਼ਾਂ ਨੂੰ ਮੁਲਤਾਨ ਫ਼ਤਹਿ ਕਰਨ ਵਾਸਤੇ ਭੇਜਿਆ। ਉਹ ਸਫਲ ਨਾ ਹੋਇਆ, ਤਾਂ ਉਸਨੂੰ ਵਾਪਸ ਬੁਲਾ ਕੇ ਤੈਮੂਰ ਨੇ ਮਦਦ ਖ਼ਾਂ ਨੂੰ ਭੇਜਿਆ, ਮਗਰ ਉਹ ਵੀ ਕਾਮਯਾਬ ਨਾ ਹੋਇਆ, ਤਾਂ ਵਾਪਸ ਬੁਲਾ ਲਿਆ ਗਿਆ।

**ਬਹਾਰੂ ਖ਼ਾਂ ਤੇ ਮਦਦ ਖ਼ਾਂ**

੧੭੭੯ ਈ. ਵਿਚ ਤੈਮੂਰ ਨੇ ਆਪ ਚੜ੍ਹਾਈ ਕੀਤੀ। ਅਕ-ਤੂਬਰ ਵਿਚ ਉਹ ਪਿਸ਼ਾਵਰ ਆ ਗਿਆ। ਉਹਨੇ ਹਾਜੀ ਅਲੀ ਖ਼ਾਂ ਨੂੰ ਸਿੱਖਾਂ ਕੋਲ ਭੇਜਿਆ। ਉਹ ਤੈਮੂਰ ਦੇ ਨਾਂ ਦੀਆਂ ਧਮਕੀਆਂ ਦੇ ਕੇ ਸਿੱਖਾਂ ਨੂੰ ਈਨ ਮਨਾਉਣ ਲੱਗਾ। ਜੋਸ਼ ਵਿਚ ਉਹਨੇ ਕਈ ਗੱਲਾਂ ਸਿੱਖੀ ਦੀ ਸ਼ਾਨ ਦੇ ਵਿਰੁੱਧ ਕਹਿ ਦਿਤੀਆਂ। ਗੁੱਸੇ

**ਦੂੱਜਾ ਹਮਲਾ**

‡ ਪੰਜਾਬ ਮੁਗ਼ਲ, (ਲੇਟਰ ਮੁਗ਼ਲ ਹਿਸਟਰੀ ਆਫ਼ ਦੀ ਪੰਜਾਬ ਕਰਤਾ ਪ੍ਰੋ: ਹਰੀ ਰਾਮ ਗੁਪਤਾ) ਪੰਨਾ ੨੩੬।

Sri Satguru Jagjit Singh Ji eLibrary NamdhariElibrary@gmail.com

ਵਿਚ ਕਿਸੇ ਭੜਕੀਲੇ ਸਿੱਖ ਨੇ ਉਸਨੂੰ ਕਤਲ ਕਰ ਦਿਤਾ। ਤੈਮੂਰ ਨੇ ਜੰਗੀ ਖ਼ਾਂ ਦੁਰਾਨੀ ਨੂੰ ੧੮ ਹਜ਼ਾਰ ਫ਼ੌਜ ਦੇ ਕੇ ਰੁਹਤਾਸ ਉੱਤੇ ਹਮਲਾ ਕਰਨ ਵਾਸਤੇ ਭੇਜਿਆ। ਰੁਹਤੱਾਸ ਵਿਚ ਉਸ ਵੇਲੇ ਮਸਾਂ ਪੰਜ ਹਜ਼ਾਰ ਸਿੱਖ ਸਨ। ਉਹਨਾਂ ਨੂੰ ਤਦ ਹੀ ਪਤਾ ਲੱਗਾ, ਜਾਂ ਚੋਖੇ ਤੜਕੇ ਜੰਗੀ ਖ਼ਾਂ ਨੇ ਉਹਨਾਂ 'ਤੇ ਹੱਲਾ ਬੋਲ ਦਿਤਾ। ਅੱਗੋਂ ਸਿੱਖ ਇਸ ਬਹਾਦਰੀ ਨਾਲ ਲੜੇ, ਕਿ ਵੈਰੀ ਲੜਾਈ ਜਿੱਤ ਕੇ ਵੀ ਅੱਗੇ ਵਧਣ ਦਾ ਹੌਸਲਾ ਨਾ ਕਰ ਸਕਿਆ ਲੜਾਈ ਵਿਚ ਤਿੰਨ ਹਜ਼ਾਰ ਸਿੱਖ ਮਾਰੇ ਗਏ ਤੇ ਦੋ ਹਜ਼ਾਰ ਕਿਲ੍ਹਾ ਛੱਡ ਕੇ ਝਨਾਂ ਵੱਲ ਆ ਗਏ*। ਜੰਗੀ ਖ਼ਾਂ ਫ਼ਤਹਿ ਦੇ ਵਾਜੇ ਵਜਾਉਂਦਾ ਪਿੱਛੇ ਪਰਤ ਗਿਆ।

ਤੈਮੂਰ ਭਾਰੀ ਫ਼ੌਜ ਲੈ ਕੇ ਦਰਿਆ ਅਟਕ ਦੇ ਨਾਲ ਨਾਲ ਮੁਲਤਾਨ ਵੱਲ ਵਧਿਆ। ਭੰਗੀ ਮਿਸਲ ਦੇ ਨਾਮਵਰ ਸਰਦਾਰ ਝੰਡਾ ਸਿੰਘ, ਗੰਡਾ ਸਿੰਘ ਸੁਰਗਵਾਸ ਹੋ ਚੁਕੇ ਸਨ। ਮੁਲਤਾਨ ਵਿਚ ਉਸ ਵੇਲੇ ਸਿੱਖਾਂ ਦੀ ਫ਼ੌਜ ਥੋੜੀ ਹੀ ਸੀ। ਜਨਵਰੀ, ੧੭੮੦ ਈ. ਵਿਚ ਤੈਮੂਰ ਨੇ ਮੁਲਤਾਨ ਨੂੰ ਘੇਰਾ ਪਾ ਲਿਆ। ਨਵਾਬ ਬਹਾਵਲਪੁਰ ਨੇ ੧੨ ਹਜ਼ਾਰ ਫ਼ੌਜ ਤੈਮੂਰ ਦੀ ਮਦਦ ਵਾਸਤੇ ਭੇਜ ਦਿਤੀ।

ਸਿੱਖਾਂ ਨੂੰ ਖ਼ਬਰ ਮਿਲੀ, ਤਾਂ ਸ: ਜੱਸਾ ਸਿੰਘ, ਗੁੱਜਰ ਸਿੰਘ, ਲਹਿਣਾ ਸਿੰਘ, ਹਕੀਕਤ ਸਿੰਘ ਆਦਿ ੧੫ ਹਜ਼ਾਰ ਫ਼ੌਜ ਲੈ ਕੇ ਮੁਲਤਾਨ ਵੱਲ ਵਧੇ ਅੱਠ ਫ਼ਰਵਰੀ, ੧੭੮੦ ਈ. ਨੂੰ ਸ਼ੁਜਾਆਬਾਦ ਕੋਲ ਤੈਮੂਰ ਨਾਲ ਸਖ਼ਤ ਲੜਾਈ ਹੋਈ। ਇਸ ਲੜਾਈ ਵਿਚ ਸਖ਼ਤ ਨੁਕਸਾਨ ਉਠਾ ਕੇ ਸਿੱਖ ਲਾਹੌਰ ਨੂੰ ਪਰਤ ਆਏ†। ਤੈਮੂਰ ਨੇ ਭੌਂ ਕੇ ਮੁਲਤਾਨ ਸ਼ਹਿਰ 'ਤੇ ਧਾਵਾ ਬੋਲ ਦਿਤਾ। ਸਿੱਖ ਫ਼ੌਜ ਸ਼ਹਿਰ ਖ਼ਾਲੀ ਕਰਕੇ ਕਿਲ੍ਹੇ ਵਿਚ ਚਲੀ ਗਈ। ਤੈਮੂਰ ਨੇ ਸ਼ਹਿਰ ਲੁੱਟ ਲਿਆ ਤੇ ਕਤਲਾਮ ਕੀਤੀ। ਤੈਮੂਰ ਨੇ

ਤੈਮੂਰ ਦਾ ਮੁਲਤਾਨ ਉਤੇ ਕਬਜ਼ਾ

---

* ਪੰਜਾਬ ਮੁਗ਼ਲ, ਪੰਨਾ ੨੪੦।

† ਲਤੀਫ਼, ਪੰਨਾ ੨੯੯।

Sri Satguru Jagjit Singh Ji eLibrary NamdhariElibrary@gmail.com

ਕਿਲ੍ਹੇ ਨੂੰ ਘੇਰਾ ਪਾ ਲਿਆ ਤੇ ਸਿੱਖਾਂ ਨੂੰ ਸੁਲ੍ਹਾ ਨਾਲ ਕਿਲ੍ਹਾ ਛੱਡਣ ਵਾਸਤੇ ਕਿਹਾ। ਸਿੱਖ ਫ਼ੌਜ ਕਿਲ੍ਹਾ ਖ਼ਾਲੀ ਕਰਕੇ ਲਾਹੌਰ ਨੂੰ ਆ ਗਈ। ਏਸ ਤਰ੍ਹਾਂ

**ਮੁਜ਼ੱਫ਼ਰ ਖ਼ਾਂ ਗਵਰਨਰ**

੧੮ ਫ਼ਰਵਰੀ, ੧੭੮੦ ਈ. ਨੂੰ ਤੈਮੂਰ ਨੇ ਕਿਲ੍ਹਾ ਮੁਲਤਾਨ ਉੱਤੇ ਕਬਜ਼ਾ ਕਰ ਲਿਆ। ਉਸਨੇ ਮੁਜ਼ੱਫ਼ਰ ਖ਼ਾਂ ਨੂੰ ਵੀਹ ਹਜ਼ਾਰ ਫ਼ੌਜ ਦੇ ਕੇ ਮੁਲਤਾਨ ਦਾ ਗਵਰਨਰ ਬਣਾਇਆ‡। ਆਪ ਉਹ ਪੰਦਰਾਂ ਦਿਨ ਮੁਲਤਾਨ ਰਹਿਕੇ ਵਾਪਸ ਅਫ਼ਗਾਨ-ਸਤਾਨ ਨੂੰ ਚਲਾ ਗਿਆ।

**ਤਿੱਜਾ ਹਮਲਾ**

੧੭੮੦ ਈ. ਦੇ ਅਖ਼ੀਰ ਵਿਚ ਤੈਮੂਰ ਨੇ ਤਿੱਜਾ ਹਮਲਾ ਕੀਤਾ। ਉਹ ਦਰਿਆ ਅਟਕ ਦੇ ਨਾਲ ਨਾਲ ਮੁਲਤਾਨ ਰਾਹੀਂ ਬਹਾਵਲਪੁਰ ਜਾ ਪੁੱਜਾ। ਬਹਾਵਲਪੁਰ ਤਬਾਹ ਕਰਕੇ, ਨਵਾਬ ਨੂੰ ਈਨ ਮਨਾ ਕੇ ਤੇ ਖ਼ਰਾਜ ਲੈ ਕੇ ਤੈਮੂਰ ਉਸੇ ਰਸਤੇ ਵਾਪਸ ਚਲਾ ਗਿਆ।

**ਚੌਥਾ ਹਮਲਾ**

ਦਸੰਬਰ, ੧੭੮੫ ਈ. ਵਿਚ ਤੈਮੂਰ ਫਿਰ ਪਿਸ਼ਾਵਰ ਆ ਬੈਠਾ। ਉਸਨੇ ਆਪਣੇ ਸ਼ਾਹਜ਼ਾਦੇ ਹਮਾਯੂੰ ਨੂੰ ੩੦ ਹਜ਼ਾਰ ਫ਼ੌਜ ਦੇ ਕੇ ਅਟਕੋਂ ਪਾਰ ਕੀਤਾ, ਜੋ ਹਸਨਅਬਦਾਲ (ਪੰਜਾ ਸਾਹਿਬ) ਤਕ ਆਇਆ। ਉਹ ਸਿੱਖਾਂ ਦੇ ਮੁਲਕ ਵਿਚ ਅਗ੍ਹਾਂ ਵਧਣ ਦੀ ਥਾਂ ਕਸ਼ਮੀਰ ਦੇ ਸੂਬੇਦਾਰ ਆਜ਼ਾਦ ਖ਼ਾਂ ਨੂੰ ਕਤਲ ਕਰ ਕੇ ਵਾਪਸ ਮੁੜ ਗਿਆ।

**ਪੰਜਵਾਂ ਹਮਲਾ**

ਗ਼ੁਲਾਮ ਕਾਦਰ ਰੁਹੇਲੇ ਨੇ ੩੦ ਜੁਲਾਈ, ੧੭੮੮ ਈ: ਨੂੰ ਸ਼ਾਹ ਆਲਮ ਸਾਨੀ (ਬਾਦਸ਼ਾਹ ਦਿੱਲੀ) ਨੂੰ ਤਖ਼ਤੋਂ ਲਾਹ ਦਿਤਾ ਤੇ ੧੦ ਅਗਸਤ ਨੂੰ ਉਸਨੂੰ ਅੰਨ੍ਹਾ ਕਰ ਦਿਤਾ। ਸ਼ਾਹ ਆਲਮ ਦੀ ਮਦਦ ਵਾਸਤੇ ਤੈਮੂਰ ਨੇ ਹਿੰਦ 'ਤੇ ਚੜ੍ਹਾਈ ਕਰ ਦਿਤੀ। ੧੦ ਨਵੰਬਰ, ੧੭੮੮ ਈ: ਨੂੰ ਉਹ ਪਿਸ਼ਾਵਰੋਂ ਤੁਰ ਕੇ ੧੪ ਨਵੰਬਰ ਨੂੰ ਦਰਿਆ ਅਟਕ ਟਪਿਆ, ਅੱਗੇ ਸਿੱਖਾਂ ਦਾ ਇਲਾਕਾ

‡ ਪੰਜਾਬ ਮੁਗ਼ਲ, ਪੰਨਾ ੨੪੧।

Sri Satguru Jagjit Singh Ji eLibrary NamdhariElibrary@gmail.com

ਸੀ। ਸੋ ਤੈਮੂਰ ਸਿੱਖਾਂ ਤੋਂ ਡਰਦਾ ਦਰਿਆ ਦੇ ਨਾਲ ਨਾਲ ਮੁਲਤਾਨ ਵੱਲ ਹੋ ਤੁਰਿਆ। ਤੈਮੂਰ ਨਾਲ ਇਸ ਵਾਰੀ ਸਵਾ ਲੱਖ ਫ਼ੌਜ ਸੀ। ਉਸਦੀ ਫ਼ੌਜ ਦੇ ਸਾਮ੍ਹਣੇ ਸਿੱਖ ਫ਼ੌਜ ਆਪਣੇ ਇਲਾਕੇ ਵਿਚ ਰਹਿੰਦੀ ਰਹੀ, ਪਰ ਦੋਹਾਂ ਦੀ ਲੜਾਈ ਕਿਤੇ ਨਾ ਹੋਈ। ਜਨਵਰੀ, ੧੭੮੯ ਈ. ਵਿਚ ਤੈਮੂਰ ਨੇ ਬਹਾਵਲ ਪੁਰ ਉੱਤੇ ਹਮਲਾ ਕੀਤਾ। ਨਵਾਬ ਲੜਾਈ ਵਿਚ ਹਾਰ ਕੇ ਨੱਸ ਗਿਆ। ਤੈਮੂਰ ਨੇ ਬਹਾਵਲਪੁਰ ਵਿਚ ਦਿਲ ਖੋਲ੍ਹ ਕੇ ਕਤਲਾਮ ਕੀਤੀ। ਪਿੱਛੋਂ ਨਵਾਬ ਨੇ ੧੦ ਲੱਖ ਖ਼ਰਾਜ ਦੇ ਕੇ ਸੁਲ੍ਹਾ ਕਰ ਲਈ। ਫਿਰ ਸਿੰਧ ਦੇ ਅਮੀਰਾਂ ਤੋਂ ਸੱਠ ਲੱਖ ਖ਼ਰਾਜ ਉਗਰਾਹ ਕੇ ਤੈਮੂਰ ਵਾਪਸ ਚਲਾ ਗਿਆ* ਇਹ ਉਸਦਾ ਆਖ਼ਰੀ ਹਮਲਾ ਸੀ। ੧੮ ਮਈ, ੧੭੯੩ ਈ. ਨੂੰ ਤੈਮੂਰ ਮਰ ਗਿਆ, ਤਾਂ ਉਸਦਾ ਲੜਕਾ ਸ਼ਾਹ ਜ਼ਮਾਨ ਬਾਦਸ਼ਾਹ ਬਣਿਆਂ†।

ਮੁਲਤਾਨ ਹੱਥੋਂ ਨਿਕਲ ਜਾਣ ਕਰਕੇ ਭੰਗੀ ਮਿਸਲ ਦਾ ਮੋਢੀ ਘਰਾਣਾ ਅਸਲੋਂ ਕਮਜ਼ੋਰ ਹੋ ਗਿਆ। ਸ. ਚੜ੍ਹਤ ਸਿੰਘ ਦੇ ਸੁਰਗਵਾਸ ਹੋਣ ਪਿਛੋਂ ਸ. ਦੇਸਾ ਸਿੰਘ (ਸ. ਗੰਡਾ ਸਿੰਘ ਦਾ ਪੁੱਤਰ) ਮਿਸਲ ਦਾ ਲੀਡਰ ਬਣਿਆਂ ਤੇ ਸ. ਗੁੱਜਰ ਸਿੰਘ ਉਸਦਾ ਵਜ਼ੀਰ। ਸ. ਦੇਸਾ ਸਿੰਘ, ਸ. ਮਹਾਂ ਸਿੰਘ ਸੁਕਰਚੱਕੀਏ ਨਾਲ ਕਈ ਵਾਰ ਲੜਿਆ, ਤੇ ਅੰਤ ਇਕ ਲੜਾਈ ਅੰਦਰ, ੧੭੮੨ ਈ. ਵਿਚ ਮਾਰਿਆ ਗਿਆ‡।

**ਦੇਸਾ ਸਿੰਘ**

ਫਿਰ ਉਸਦਾ ਪੁੱਤਰ ਸ. ਗੁਲਾਬ ਸਿੰਘ ਲੀਡਰ ਬਣਿਆਂ ਤੇ ਸ. ਕਰਮ ਸਿੰਘ ਦੁੱਲੂ ਉਸਦਾ ਸਲਾਹਕਾਰ()। ਜਦ ਰਣਜੀਤ ਸਿੰਘ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ, ਤਾਂ

**ਗੁਲਾਬ ਸਿੰਘ**

---

* ਪੰਜਾਬ ਮੁਗ਼ਲ, ਪੰਨਾ ੨੫੧।

† ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦਾ ਜ਼ਿਕਰ 'ਸਿੱਖਰਾਜ ਕਿਵੇਂ ਬਣਿਆਂ ?' ਵਿਚ ਤੇ ਸ਼ਾਹ ਜ਼ਮਾਨ ਦੇ ਹਮਲਿਆਂ ਦਾ ਹਾਲ 'ਸਿੱਖਰਾਜ ਤੇ ਸ਼ੇਰੇ-ਪੰਜਾਬ' ਵਿਚ ਆ ਚੁਕਾ ਹੈ।

‡ ਲਤੀਫ਼, ਪੰਨਾ ੩੮੦; ਰਾਊਸਾ-ਏ-ਪੰਜਾਬ, ਪੰਨਾ ੭੮੨।

() ਲਤੀਫ਼, ਪੰਨਾ ੩੮੩; ਮੈਕਗ੍ਰੇਗਰ, ਪੰਨਾ ੧੨੪।

Sri Satguru Jagjit Singh Ji eLibrary NamdhariElibrary@gmail.com

ਉਦਾਲੇ ਦੇ ਬਹੁਤ ਸਾਰੇ ਸਰਦਾਰਾਂ ਕੱਠੇ ਹੋ ਕੇ ਉਸ ਦੇ ਟਾਕਰੇ ਲਈ ਭਸੀਣ ਆ ਬੈਠੇ (੧੮੦੦ ਈ.)। ਓਥੇ ਸ. ਗੁਲਾਬ ਸਿੰਘ ਭੰਗੀ ਇਕ ਦਿਨ ਬਹੁਤੀ ਸ਼ਰਾਬ ਪੀਣ ਕਰਕੇ ਸੁਰਗਵਾਸ ਹੋ ਗਿਆ। ਉਹਦੇ ਬਾਕੀ ਸਾਥੀ ਵੀ ਭਸੀਣ ਦਾ ਮੈਦਾਨ ਛੱਡ ਕੇ ਘਰੋ ਘਰੀ ਚਲੇ ਗਏ।

**ਗੁਰਦਿਤ ਸਿੰਘ**

ਸ. ਗੁਲਾਬ ਸਿੰਘ ਦੇ ਅਕਾਲ ਚਲਾਣੇ ਪਿੱਛੋਂ ਉਸਦਾ ਦਸ ਸਾਲ ਦਾ ਲੜਕਾ ਗੁਰਦਿਤ ਸਿੰਘ ਲੀਡਰ ਬਣਿਆਂ ਤੇ ਉਸਦੀ ਮਾਂ ਸੁੱਖਾਂ ਸਲਾਹਕਾਰ ਬਣੀ। ਉਹਨਾਂ ਦੇ ਕਬਜ਼ੇ ਵਿਚ ਉਸ ਵੇਲੇ ਅੰਮ੍ਰਿਤਸਰ ਹੀ ਸੀ। ਮਾਰਚ, ੧੮੦੪ ਈ. ਨੂੰ ਅੰਮ੍ਰਿਤਸਰ ਮ. ਰਣਜੀਤ ਸਿੰਘ ਨੇ ਫ਼ਤਹਿ ਕਰ ਲਿਆ ਤੇ ਗੁਰਦਿਤ ਸਿੰਘ ਤੇ ਉਸਦੀ ਮਾਤਾ ਨੂੰ ਜਾਗੀਰ ਦੇ ਦਿਤੀ। ਗੁਰਦਿਤ ਸਿੰਘ ਆਪਣੇ ਪੁਰਾਣੇ ਪਿੰਡ ਪੰਜਵੜ ਆ ਵੱਸਿਆ‡।

**ਗੁਰਬਖ਼ਸ਼ ਸਿੰਘ**

ਸ. ਹਰੀ ਸਿੰਘ ਭੰਗੀ ਦੇ ਸਾਥੀ ਸਰਦਾਰਾਂ ਵਿਚੋਂ ਸ. ਗੁਰਬਖ਼ਸ਼ ਸਿੰਘ ਰੋੜਾਂਵਾਲੇ ਦਾ ਸੀ। ਉਸਦੇ ਕਬਜ਼ੇ ਵਿਚ ਚਾਲੀ ਪਿੰਡ ਸਨ। ੧੭੬੩ ਈ. ਵਿਚ ਉਹ ਬੇ-ਔਲਾਦ ਮਰ ਗਿਆ।

**ਲਹਿਣਾ ਸਿੰਘ ਤੇ ਗੁੱਜਰ ਸਿੰਘ**

ਉਸਨੇ (ਦਰਗਾਹੀਆ ਸਿੰਘ, ਪਿੰਡ ਸਾਧਾਂ ਵਾਲਾ, ਜ਼ਿਲਾ ਅੰਮ੍ਰਿਤਸਰ ਦੇ ਪੁੱਤਰ) ਲਹਿਣਾ ਸਿੰਘ ਨੂੰ ਪੁਤਰੇਲਾ ਬਣਾਇਆ ਹੋਇਆ ਸੀ। ਗੁੱਜਰ ਸਿੰਘ, ਸ. ਗੁਰਬਖ਼ਸ਼ ਸਿੰਘ ਦਾ ਦੋਹਤਰਾ ਸੀ। ਇਸ ਵਾਸਤੇ ਸ: ਗੁਰਬਖ਼ਸ਼ ਸਿੰਘ ਦੇ ਸੁਰਗਵਾਸ ਹੋਣ ਉੱਤੇ ਗੁਜਰ ਸਿੰਘ ਤੇ ਲਹਿਣਾ ਸਿੰਘ ਵਿਚ ਝਗੜਾ ਹੋ ਪਿਆ। ਸ. ਹਰੀ ਸਿੰਘ ਨੇ ਦੋਹਾਂ ਦੀ ਸੁਲ੍ਹਾ ਕਰਾ ਕੇ ਜਾਗੀਰ ਅੱਧੋ ਅੱਧ ਵੰਡ ਦਿਤੀ। ਲਹਿਣਾ ਸਿੰਘ ਰੋੜਾਂ ਵਾਲੇ ਤੇ ਗੁੱਜਰ ਸਿੰਘ ਰਣਗੜ੍ਹ ਜਾ ਵੱਸਿਆ*।

ਸ. ਝੰਡਾ ਸਿੰਘ, ਗੰਡਾ ਸਿੰਘ ਨਾਲ ਮਿਲਕੇ ਇਹਨਾਂ ਦੋਹਾਂ ਨੇ ਬਹੁਤ

---

† ਵੇਖੋ 'ਸਿੱਖਰਾਜ ਤੇ ਸ਼ੇਰੇ-ਪੰਜਾਬ'।

‡ ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੭੮੪।

* ਰਊਸਾ-ਏ-ਪੰਜਾਬ, ਪੰਨਾ ੭੮੫; ਲਤੀਫ਼, ਪੰਨਾ ੩੦੦।

Sri Satguru Jagjit Singh Ji eLibrary NamdhariElibrary@gmail.com

ਸਾਰੇ ਇਲਾਕੇ ਉੱਤੇ ਕਬਜ਼ਾ ਕਰ ਲਿਆ। ੧੫ ਮਈ, ੧੭੬੫ ਈ. ਨੂੰ ਇਹਨਾਂ ਦੋਹਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਅਗਲੇ ਦਿਨ ਸ. ਸੋਭਾ ਸਿੰਘ (ਸ. ਜੈ ਸਿੰਘ ਕਨ੍ਹਈਏ ਦਾ ਭਤੀਜਾ) ਨਿਆਜ਼ਬੇਗ ਵਾਲਾ ਵੀ ਨਾਲ ਆ ਰਲਿਆ। ਦਸੰਬਰ, ੧੭੬੬ ਈ. ਵਿਚ ਅਬਦਾਲੀ ਨੇ ਨੌਂਵਾਂ ਹਮਲਾ ਕੀਤਾ, ਤਾਂ ਸਿੱਖ ਸਰਦਾਰ ਲਾਹੌਰ ਖ਼ਾਲੀ ਕਰ ਗਏ। ਅਬਦਾਲੀ ਨੇ ਆਪਣਾ ਦੂਤ ਸ. ਲਹਿਣਾ ਸਿੰਘ ਕੋਲ ਭੇਜਿਆ ਤੇ ਉਸਨੂੰ ਲਾਹੌਰ ਦੀ ਸੂਬੇਦਾਰੀ ਦੇਣੀ ਚਾਹੀ, ਪਰ ਲਹਿਣਾ ਸਿੰਘ ਨੇ ਇਹ ਸ਼ਰਤ ਪਰਵਾਨ ਨਾ ਕੀਤੀ।† ਅਬਦਾਲੀ ਗਿਆ, ਤਾਂ ਭੰਗੀਆਂ ਫੇਰ ਲਾਹੌਰ ਉਤੇ ਕਬਜ਼ਾ ਕਰ ਲਿਆ।

੧੭੭੪ ਈ. ਵਿਚ ਸ. ਗੁੱਜਰ ਸਿੰਘ ਦੇ ਲੜਕੇ ਸਾਹਿਬ ਸਿੰਘ ਦਾ ਵਿਆਹ ਮਹਾਂ ਸਿੰਘ ਸੁਕਰਚੱਕੀਏ ਦੀ ਭੈਣ—ਬੀਬੀ ਰਾਜ ਕੌਰ—ਨਾਲ ਹੋਇਆ। ਸ. ਗੁੱਜਰ ਸਿੰਘ ਭੰਗੀ ਦੇ ਤਿੰਨ ਲੜਕੇ ਸਨ: ਸੁੱਖਾ ਸਿੰਘ, ਸਾਹਿਬ ਸਿੰਘ ਤੇ ਫ਼ਤਹਿ ਸਿੰਘ। ਸਾਹਿਬ ਸਿੰਘ ਦਾ ਗੁਜਰਾਤ 'ਤੇ ਕਬਜ਼ਾ ਸੀ। ਉਸਦੀ ਸੁੱਖਾ ਸਿੰਘ ਨਾਲ ਲੜਾਈ ਹੋ ਪਈ, ਜਿਸ ਵਿਚ ਸੁੱਖਾ ਸਿੰਘ ਮਾਰਿਆ ਗਿਆ। ਸ. ਗੁੱਜਰ ਸਿੰਘ ਨੇ ਸਾਹਿਬ ਸਿੰਘ 'ਤੇ ਚੜ੍ਹਾਈ ਕਰਕੇ ਉਸਦਾ ਇਲਾਕਾ ਖੋਹ ਕੇ ਫ਼ਤਹਿ ਸਿੰਘ ਨੂੰ ਦੇ ਦਿਤਾ। ਗੁੱਜਰ ਸਿੰਘ ਵਾਪਸ ਲਾਹੌਰ ਆ ਗਿਆ। ਪਿੱਛੋਂ ਮਹਾਂ ਸਿੰਘ ਸੁਕਰਚੱਕੀਏ ਦੀ ਮਦਦ ਨਾਲ ਸਾਹਿਬ ਸਿੰਘ ਨੇ ਫ਼ਤਹਿ ਸਿੰਘ ਕੋਲੋਂ ਆਪਣਾ ਇਲਾਕਾ ਖੋਹ ਲਿਆ।

ਗੁਜਰ ਸਿੰਘ ਦੇ ਲੜਕੇ

੧੭੯੧ ਈ. ਵਿਚ ਸ. ਗੁੱਜਰ ਸਿੰਘ ਸੁਰਗਵਾਸ ਹੋ ਗਿਆ‡। ਉਸਦੀ ਥਾਂ ਸਾਹਿਬ ਸਿੰਘ ਲਾਹੌਰ ਦਾ ਖ਼ੁਦ ਮੁਖ਼ਤਿਆਰ ਹਾਕਮ ਬਣਿਆਂ। ਸ. ਮਹਾਂ ਸਿੰਘ ਸੁਕਰਚੱਕੀਆ ਪਿਛਲੀਆਂ ਮੁਹਿੰਮਾਂ ਵਿਚ ਸ: ਸਾਹਿਬ ਸਿੰਘ ਭੰਗੀ ਦੀ ਮਦਦ ਕਰਦਾ ਰਿਹਾ ਸੀ।

ਸਾਹਿਬ ਸਿੰਘ

† ਪੂਰਾ ਵੇਰਵਾ ਵੇਖੋ 'ਸਿੱਖਰਾਜ ਕਿਵੇਂ ਬਣਿਆਂ'।

‡ ਕਨਿੰਘਮ, ਪੰਨਾ ੧੧੯।

Sri Satguru Jagjit Singh Ji eLibrary NamdhariElibrary@gmail.com

ਸੋ ਮਹਾਂ ਸਿੰਘ ਨੇ ਉਸ ਤੋਂ ਨਜ਼ਰਾਨਾ ਮੰਗਿਆ। ਸਾਹਿਬ ਸਿੰਘ ਨੇ ਨਜ਼ਰਾਨਾ ਦੇਣੋਂ ਨਾਂਹ ਕੀਤੀ ਤਾਂ ਮਹਾਂ ਸਿੰਘ ਨੇ ਉਸ ਉਤੇ ਚੜ੍ਹਾਈ ਕਰ ਦਿਤੀ। ਮੈਦਾਨ ਵਿਚ ਟਾਕਰੇ ਦੀ ਸਮਰਥਾ ਨਾ ਵੇਖ ਕੇ ਸਾਹਿਬ ਸਿੰਘ ਕਿਲ੍ਹਾ ਸੋਹਦਰਾ ਵਿਚ ਬੰਦ ਹੋ ਬੈਠਾ। ਮਹਾਂ ਸਿੰਘ ਨੇ ਸੋਹਦਰੇ ਨੂੰ ਘੇਰਾ ਪਾ ਲਿਆ। ਥੋੜੇ ਦਿਨਾਂ ਪਿੱਛੋਂ ਮਹਾਂ ਸਿੰਘ ਬੀਮਾਰ ਹੋ ਕੇ ਗੁਜਰਾਂਵਾਲੇ ਆ ਗਿਆ ਤੇ ਮੁਹਿੰਮ ਦੀ ਸੌਂਪਣਾ ਬਾਰਾਂ ਸਾਲ ਦੇ ਰਣਜੀਤ ਸਿੰਘ ਨੂੰ ਕਰ ਆਇਆ। ਸਾਹਿਬ ਸਿੰਘ ਦੀ ਮਦਦ ਵਾਸਤੇ ਸ. ਕਰਮ ਸਿੰਘ ਦੂੱਲੂ (ਚਨਿਓਟ) ਤੇ ਜੋਧ ਸਿੰਘ ਭੰਗੀ ਆ ਰਹੇ ਸਨ। ਰਣਜੀਤ ਸਿੰਘ ਨੇ ਰਾਹ ਵਿਚ (ਕੋਟ ਮਹਾਰਾਜਾ ਕੋਲ) ਉਹਨਾਂ ਉੱਤੇ ਅਚਨਚੇਤ ਹਮਲਾ ਕਰ ਦਿਤਾ। ਕਰਮ ਸਿੰਘ ਤੇ ਜੋਧ ਸਿੰਘ ਲੜਾਈ ਵਿਚ ਹਾਰ ਕੇ ਨੱਸ ਗਏ। ਥੋੜੇ ਦਿਨਾਂ ਪਿੱਛੋਂ ਸ.ਮਹਾਂ ਸਿੰਘ (੧੭੯੨ ਈ:) ਸੁਰਗਵਾਸ ਹੋ ਗਿਆ। ਸੋ ਰਣਜੀਤ ਸਿੰਘਾਂ ਸੋਹਦਰੇ ਦਾ ਘੇਰਾ ਉਠਾਕੇ ਵਾਪਸ ਆ ਗਿਆ।

**ਸਾਹਿਬ ਸਿੰਘ ਦੀ ਸ਼ੂਕਰਚਕੀਆਂ ਨਾਲ ਲੜਾਈ**

ਨਵੰਬਰ, ੧੭੯੬ ਈ: ਨੂੰ ਸ਼ਾਹ ਜ਼ਮਾਨ ਨੇ ਹਿੰਦ ਉੱਤੇ ਤਿੱਜਾ ਹਮਲਾ* ਕੀਤਾ। ਉਹਨੇ ਸ: ਲਹਿਣਾ ਸਿੰਘ ਨੂੰ ਲਿਖਿਆ, ਕਿ ਈਨ ਮੰਨ ਕੇ ਲਾਹੌਰ ਦੀ ਸੂਬੇਦਾਰੀ ਸੰਭਾਲ ਲਵੇ। ਪਰ ਇਹ ਓਹਾ ਲਹਿਣਾ ਸਿੰਘ ਸੀ, ਜਿਸਨੇ ਅਬਦਾਲੀ ਦੀ ਇਹ ਸ਼ਰਤ ਨਹੀਂ ਸੀ ਮੰਨੀ, ਤਾਂ ਹੁਣ ਸ਼ਾਹ ਜ਼ਮਾਨ ਦੀ ਸ਼ਰਤ ਕਿਵੇਂ ਮੰਨਦਾ। ਉਸਨੇ ਅੱਗੋਂ ਉੱਤਰ ਦਿਤਾ, "ਸ਼ਾਹ ਜ਼ਮਾਨ ! ਸਿੱਖ ਮੈਦਾਨ ਵਿਚ ਲੜ ਕੇ ਸ਼ਹੀਦ ਹੋਣਾ ਜਾਣਦੇ ਹਨ, ਈਨ ਮੰਨਣਾ ਨਹੀਂ।"

**ਸ਼ਾਹ ਜ਼ਮਾਨ ਦਾ ਤਿੱਜਾ ਹਮਲਾ**

ਸ਼ਾਹ ਜ਼ਮਾਨ ਕੋਲ ਬੜਾ ਭਾਰਾ ਤੋਪਖ਼ਾਨਾ ਸੀ। ਸ. ਲਹਿਣਾ ਸਿੰਘ ਆਦਿ ਉਸਦੇ ਪਹੁੰਚਣ ਤੋਂ ਪਹਿਲਾਂ ਹੀ ਲਾਹੌਰ ਖ਼ਾਲੀ ਕਰ ਗਏ। ਖ਼ਾਲੀ ਪਏ ਲਾਹੌਰ ਉੱਤੇ ਪਹਿਲੀ ਜਨਵਰੀ, ੧੭੯੭ ਈ ਨੂੰ ਸ਼ਾਹ ਜ਼ਮਾਨ ਨੇ

* ਸ਼ਾਹ ਜ਼ਮਾਨ ਦੇ ਹਮਲਿਆਂ ਦਾ ਪੂਰਾ ਵੇਰਵਾ 'ਸਿੱਖਰਾਜ ਤੇ ਸ਼ੇਰੇ-ਪੰਜਾਬ', ਵਿਚ ਵੇਖੋ।

Sri Satguru Jagjit Singh Ji eLibrary NamdhariElibrary@gmail.com

ਕਬਜ਼ਾ ਕਰ ਲਿਆ। ੧੨ ਜਨਵਰੀ ਨੂੰ ਜ਼ਮਾਨ ਨੇ ਅੰਮ੍ਰਿਤਸਰ 'ਤੇ ਧਾਵਾ ਕੀਤਾ, ਪਰ ਵੀਹ ਹਜ਼ਾਰ ਫ਼ੌਜ ਮਰਵਾ ਕੇ ਤੇ ਸਿੱਖਾਂ ਤੋਂ ਪੂਰੀ ਤਰ੍ਹਾਂ ਹਾਰ ਖਾ ਕੇ ਵਾਪਸ ਆ ਗਿਆ। ਏਨੇ ਸ਼ਕਸਤ ਤੋਂ ਭੈ ਭੀਤ ਹੋ ਕੇ ਜ਼ਮਾਨ ੩੦ ਜਨਵਰੀ ਨੂੰ ਲਾਹੌਰ ਖ਼ਾਲੀ ਕਰਕੇ ਤੁਰ ਗਿਆ।

**ਲਾਹੌਰ ਦੇ ਨਵੇਂ ਹਾਕਮ**

ਸ਼ਾਹ ਜ਼ਮਾਨ ਦੇ ਜਾਣ ਦੀ ਦੇਰ ਸੀ, ਭੰਗੀਆਂ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ। ਏਸੇ ਸਾਲ (੧੭੯੭ ਈ.) ਸ ਲਹਿਣਾ ਸਿੰਘ ਸੁਰਗਵਾਸ ਹੋ ਗਿਆ, ਤਾਂ ਉਸਦਾ ਪੁੱਤਰ ਚੇਤ ਸਿੰਘ ਲਾਹੌਰ ਦਾ ਹਾਕਮ ਬਣਿਆਂ*। ਸ ਸੋਭਾ ਸਿੰਘ ਸੁਰਗਵਾਸ ਹੋ ਗਿਆ। ਉਸਦਾ ਪੁੱਤਰ ਮੋਹਰ ਸਿੰਘ ਹਾਕਮ ਬਣਿਆਂ।

**ਜ਼ਮਾਨ ਦਾ ਚੌਥਾ ਹਮਲਾ**

ਅਕਤੂਬਰ, ੧੭੯੮ ਈ. ਵਿਚ ਸ਼ਾਹ ਜ਼ਮਾਨ ਨੇ ਚੌਥਾ ਹਮਲਾ ਕੀਤਾ। ਰਾਹ ਵਿਚ ਸਿੱਖਾਂ ਨਾਲ ਕਈ ਲੜਾਈਆਂ ਲੜਦਾ ਲੜਾਉਂਦਾ ਉਹ ੩੦ ਨਵੰਬਰ ਨੂੰ ਲਾਹੌਰ ਆ ਪੁੱਜਾ। ਉਸਦੇ ਪਹੁੰਚਣ ਤੋਂ ਪਹਿਲਾਂ ਹੀ ਭੰਗੀ ਸਰਦਾਰ ਲਾਹੌਰ ਖ਼ਾਲੀ ਕਰ ਗਏ। ਜ਼ਮਾਨ ਇਕ ਮਹੀਨਾ ਤੇ ਪੰਜ ਦਿਨ ਲਾਹੌਰ ਰਿਹਾ, ਪਰ ਸਿੱਖਾਂ ਨੇ ਉਸਨੂੰ ਚੈਨ ਨਾ ਲੈਣ ਦਿਤਾ। ਉਹਦੇ ਜਰਨੈਲ ਜਿੰਨੀ ਵਾਰ ਬਾਹਰ ਨਿਕਲ ਕੇ ਸਿੱਖਾਂ ਨਾਲ ਲੜੇ, ਓਨੀ ਵਾਰ ਸਿੱਖਾਂ ਤੋਂ ਹਾਰ ਖਾ ਕੇ ਮੁੜੇ। ਅੰਤ ਤੰਗ ਆ ਕੇ ੪ ਜਨਵਰੀ, ੧੭੯੯ ਈ ਨੂੰ ਸ਼ਾਹ ਜ਼ਮਾਨ ਲਾਹੌਰ ਖ਼ਾਲੀ ਕਰਕੇ ਵਾਪਸ ਤੁਰ ਗਿਆ। ਉਹ ਅਜੇ ਰਾਵੀ ਹੀ ਟੱਪਿਆ ਸੀ, ਜਾਂ ਭੰਗੀ ਸਰਦਾਰਾਂ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ।

ਲਾਹੌਰ ਦੇ ਪੁਰਾਣੇ ਤਿੰਨੇ ਸਿੱਖ ਹਾਕਮ—ਲਹਿਣਾ ਸਿੰਘ ਗੁੱਜਰ ਸਿੰਘ, ਸੋਭਾ ਸਿੰਘ—ਸੁਰਗਵਾਸ ਹੋ ਚੁਕੇ ਸਨ। ਇਸ ਵੇਲੇ ਚੇਤ ਸਿੰਘ (ਲਹਿਣਾ ਸਿੰਘ ਦਾ) ਸਾਹਿਬ ਸਿੰਘ (ਗੁੱਜਰ ਸਿੰਘ ਦਾ) ਤੇ ਮੋਹਰ ਸਿੰਘ (ਸੋਭਾ ਸਿੰਘ ਦਾ) ਲਾਹੌਰ ਦੇ ਮਾਲਕ ਸਨ। ਉਹਨਾਂ ਤਿੰਨਾਂ ਦੀ ਆਪਸ ਵਿਚ ਨਹੀਂ ਸੀ ਬਣਦੀ। ਸਾਹਿਬ ਸਿੰਘ ਵਧੇਰੇ ਗੁਜਰਾਤ ਰਹਿੰਦਾ ਸੀ। ਦੂੱਜੇ ਦੋਵੇਂ

* ਲਤੀਫ਼, ਪੰਨਾ ੩੦੨; ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੭੯੮।

Sri Satguru Jagjit Singh Ji eLibrary NamdhariElibrary@gmail.com

ਆਪਸ ਵਿਚ ਲੜਦੇ ਰਹਿੰਦੇ ਸਨ। ਉਹਨਾਂ ਹੱਥੋਂ ਪਰਜਾ ਬੜੀ ਤੰਗ ਆ ਚੁਕੀ ਸੀ। ਸ. ਚੇਤ ਸਿੰਘ ਬੜਾ ਬੇਲਿਹਾਜ਼ ਤੇ ਧੱਕੇਖੋਰ ਹਾਕਮ ਸੀ।

**ਚੇਤ ਸਿੰਘ**

ਉਹਨੇ ਬਿਨਾਂ ਕਿਸੇ ਕਾਰਨ ਮੀਆਂ ਆਸ਼ਕ ਮੁਹੰਮਦ ਦੇ ਜਵਾਈ ਮੀਆਂ ਬਦਰੁੱਦੀਨ ਨੂੰ ਕੈਦ ਕਰ ਦਿਤਾ। ਸ਼ਹਿਰ ਦੇ ਪਤਵੰਤੇ ਮੇਲਾ ਬਣ ਕੇ ਸ. ਚੇਤ ਸਿੰਘ ਕੋਲ ਗਏ, ਪਰ ਉਹਨੇ ਸਾਰਿਆਂ ਦੀ ਬੇਇੱਜ਼ਤੀ ਕਰਕੇ ਮੋੜਿਆ। ਅੰਤ ਤੰਗ ਆ ਕੇ ਲਾਹੌਰ ਦੇ ਪਤਵੰਤਿਆਂ ਨੇ ਰਣਜੀਤ ਸਿੰਘ ਨੂੰ ਲਾਹੌਰ ਦੀ ਹਕੂਮਤ ਸੰਭਾਲਣ ਵਾਸਤੇ ਬੁਲਾ ਲਿਆ

**ਰਣਜੀਤ ਸਿੰਘ ਦਾ ਲਾਹੌਰ ਉਤੇ ਕਬਜ਼ਾ**

ਚਾਰ ਜੁਲਾਈ ਨੂੰ ਰਣਜੀਤ ਸਿੰਘ ਤੇ ਸਦਾ ਕੌਰ ਪੰਜ ਹਜ਼ਾਰ ਫ਼ੌਜ ਲੈ ਕੇ ਲਾਹੌਰ ਵਜ਼ੀਰ ਖ਼ਾਂ ਦੇ ਬਾਗ਼ਾਂ† ਵਿਚ ਆ ਉਤਰੇ। ਲਾਹੌਰ ਦੇ ਲਗਭਗ ਸਾਰੇ ਪਤਵੰਤੇ ਰਣਜੀਤ ਸਿੰਘ ਨਾਲ ਮਿਲ ਗਏ। ਛੇ ਜੁਲਾਈ, ੧੭੯੯ ਈ. ਨੂੰ ਸਵੇਰੇ ਅੱਠ ਵਜੇ ਰਣਜੀਤ ਸਿੰਘ ਨੇ ਲੁਹਾਰੀ ਦਰਵਾਜ਼ੇ ਉੱਤੇ ਹਮਲਾ ਕੀਤਾ। ਉਸ ਵੇਲੇ ਸਦਾ ਕੌਰ ਨੇ ਦਿੱਲੀ ਦਰਵਾਜ਼ੇ ਉੱਤੇ ਧਾਵਾ ਬੋਲ ਦਿਤਾ। ਲੁਹਾਰੀ ਦਰਵਾਜ਼ੇ ਦੀ ਰਾਖੀ ਚੇਤ ਸਿੰਘ ਆਪ ਕਰ ਰਿਹਾ ਸੀ। ਦਰਵਾਜ਼ੇ ਦੇ ਰਾਖੇ ਰਣਜੀਤ ਸਿੰਘ ਨਾਲ ਮਿਲ ਚੁਕੇ ਸਨ। ਉਹਨਾਂ ਰਣਜੀਤ ਸਿੰਘ ਦੇ ਪਹੁੰਚਣ ਤੋਂ ਪਹਿਲਾਂ ਹੀ ਸ. ਚੇਤ ਸਿੰਘ ਨੂੰ ਝੂਠੀ ਖ਼ਬਰ ਸੁਣਾ ਦਿਤੀ, ਕਿ ਰਣਜੀਤ ਸਿੰਘ ਨੇ ਦਿੱਲੀ ਦਰਵਾਜ਼ੇ 'ਤੇ ਹਮਲਾ ਕਰ ਦਿਤਾ ਹੈ। ਚੇਤ ਸਿੰਘ ਓਧਰ ਗਿਆ, ਤਾਂ ਪਿੱਛੋਂ ਰਣਜੀਤ ਸਿੰਘ ਪਹੁੰਚ ਪਿਆ। ਮੀਆਂ ਮੁਹਕਮ ਦੀਨ ਦੇ ਹੁਕਮ ਨਾਲ ਰਾਖਿਆਂ ਨੇ ਬੂਹਾ ਖੋਲ੍ਹ ਦਿਤਾ ਤੇ ਰਣਜੀਤ ਸਿੰਘ ਲੁਹਾਰੀ ਦਰਵਾਜ਼ੇ ਤੋਂ ਸ਼ਹਿਰ ਵਿਚ ਦਾਖਲ ਹੋ ਗਿਆ। ਓਧਰ ਦਿੱਲੀ ਦਰਵਾਜ਼ਾ ਵੀ ਰਾਖਿਆਂ ਨੇ ਖੋਲ੍ਹ ਦਿਤਾ ਤੇ ਸਦਾ ਕੌਰ ਸ਼ਹਿਰ ਵਿਚ ਆ ਵੜੀ। ਸ. ਚੇਤ ਸਿੰਘ ਨੂੰ ਇਹ ਖਬਰਾਂ ਰਾਹ ਵਿਚ ਹੀ ਮਿਲ ਗਈਆਂ। ਘਰ ਪਾਟਾ ਵੇਖ ਕੇ ਚੇਤ ਸਿੰਘ ਕਿਲ੍ਹੇ ਵਿਚ ਜਾ ਲੁਕਿਆ। ਰਣਜੀਤ ਸਿੰਘ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ। ਦੋਹਾਂ ਪਾਸਿਆਂ

---

† ਏਥੇ ਅਜ ਕਲ੍ਹ ਅਜਾਇਬ ਘਰ ਹੈ।

Sri Satguru Jagjit Singh Ji eLibrary NamdhariElibrary@gmail.com

ਤੋਂ ਮਾਮੂਲੀ ਤੋਪਾਂ ਚੱਲਣ ਲੱਗੀਆਂ। ਸਦਾ ਕੌਰ ਨੇ ਵਿਚ ਪੈ ਕੇ ਦੋਹਾਂ ਧਿਰਾਂ ਦੀ ਸੁਲ੍ਹਾ ਕਰਾ ਦਿਤੀ। ਅਗਲੇ ਦਿਨ ਚੇਤ ਸਿੰਘ ਨੇ ਕਿਲ੍ਹਾ ਰਣਜੀਤ ਸਿੰਘ ਦੇ ਹਵਾਲੇ ਕਰਕੇ ਵਣੀਂਕੇ ਵਿਚ ਸੱਠ ਹਜਾਰ ਰੁਪੈ ਸਾਲਾਨਾ ਦੀ ਜਾਗੀਰ ਲੈ ਲਈ‡। ਚੇਤ ਸਿੰਘ ਆਪਣੀ ਜਾਗੀਰ 'ਤੇ ਜਾ ਵੱਸਿਆ ਤੇ ਰਣਜੀਤ ਸਿੰਘ ਨੇ ਲਾਹੌਰ ਵਿਚ ਆਪਣੀ ਹਕੂਮਤ ਕਾਇਮ ਕਰ ਲਈ।

ਮੋਹਰ ਸਿੰਘ, ਰਣਜੀਤ ਸਿੰਘ ਦਾ ਆਉਣਾ ਸੁਣ ਕੇ ਹੀ, ਨੱਸ ਗਿਆ ਸੀ।

੧੮੧੫ ਈ. ਵਿਚ ਸ. ਚੇਤ ਸਿੰਘ ਸੁਰਗਵਾਸ ਹੋ ਗਿਆ। ਰਣਜੀਤ ਸਿੰਘ ਨੇ ਉਸਦੀ ਜਾਗੀਰ ਜ਼ਬਤ ਕਰ ਲਈ। ਚੇਤ ਸਿੰਘ ਦੇ ਸੁਰਗਵਾਸ ਹੋਣ ਤੋਂ ਚਾਰ ਮਹੀਨੇ ਪਿੱਛੋਂ ਉਸਦੀ ਵਿਧਵਾ ਹੁਕਮ ਕੌਰ ਦੇ ਘਰ ਪੁੱਤਰ—ਅਤਰ ਸਿੰਘ—ਜਨਮਿਆਂ, ਤਾਂ ਮਹਾਰਾਜਾ ਰਣਜੀਤ ਸਿੰਘ ਨੇ ਉਸਦੇ ਨਾਂ ਛੇ ਹਜ਼ਾਰ ਸਾਲਾਨਾ ਜਾਗੀਰ ਲਾ ਦਿਤੀ।

ਅਤਰ ਸਿੰਘ

ਭਸੀਣ ਦੀ ਲੜਾਈ ਵਿਚ ਸਾਹਿਬ ਸਿੰਘ ਭੰਗੀ ਵੀ ਰਣਜੀਤ ਸਿੰਘ ਦੇ ਵਿਰੋਧੀ ਧੜੇ ਵਿਚ ਸ਼ਾਮਿਲ ਸੀ। ਅਗਲੇ ਸਾਲ (੧੮੦੧ ਈ:) ਸਾਹਿਬ ਸਿੰਘ ਤੇ ਦਲ ਸਿੰਘ (ਹਾਕਮ ਅਕਾਲ ਗੜ੍ਹ) ਗੁੱਜਰਾਂਵਾਲੇ ਉੱਤੇ ਹਮਲਾ ਕਰਨ ਦੀ ਤਿਆਰੀ ਕਰਨ ਲੱਗੇ। ਖ਼ਬਰ ਪਾ ਕੇ ਰਣਜੀਤ ਸਿੰਘ ਨੇ ਦਲ ਸਿੰਘ ਨੂੰ ਤਾਂ ਫੜ ਕੇ ਨਜ਼ਰ ਬੰਦ ਕਰ ਲਿਆ ਤੇ ਗੁਜਰਾਤ ਉੱਤੇ ਦਸ ਹਜ਼ਾਰ ਫ਼ੌਜ ਨਾਲ ਹਮਲਾ ਕਰ ਦਿਤਾ। ਸ਼ਹਿਰੋਂ ਦੋ ਮੀਲ ਬਾਹਰ ਨਿਕਲ ਕੇ ਸਾਹਿਬ ਸਿੰਘ ਭੰਗੀ ਲੜਿਆ। ਚੌਥੇ ਦਿਨ ਪਿੜ ਵਿਚੋਂ ਹਾਰ ਕੇ ਸਾਹਿਬ ਸਿੰਘ ਕਿਲ੍ਹੇ ਵਿਚ ਜਾ ਵੜਿਆ। ਦੋਹਾਂ ਪਾਸਿਆਂ ਤੋਂ ਅੱਗ ਵੱਸਣ ਲੱਗੀ। ਹਾਰ ਹੁੰਦੀ ਵੇਖ ਕੇ ਸਾਹਿਬ ਸਿੰਘ ਨੇ ਸੋਢੀ ਕੇਸਰਾ ਸਿੰਘ ਤੇ ਬੇਦੀ ਸਾਹਿਬ ਸਿੰਘ ਨੂੰ ਸਹਾਇਤਾ ਵਾਸਤੇ ਬੁਲਾ ਲਿਆ। ਦੋਹਾਂ

ਰਣਜੀਤ ਸਿੰਘ ਦੀ ਗੁਜਰਾਤ 'ਤੇ ਚੜ੍ਹਾਈ

‡ ਰਾਉਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੭੮੯।

Sri Satguru Jagjit Singh Ji eLibrary NamdhariElibrary@gmail.com

ਬਾਬਿਆਂ ਨੇ ਵਿਚ ਪੈ ਕੇ ਦੋਹਾਂ ਦੀ ਸੁਲ੍ਹਾ ਕਰਾ ਦਿਤੀ। ਸਾਹਿਬ ਸਿੰਘ ਨੇ ਮ: ਰਣਜੀਤ ਸਿੰਘ ਦੀ ਅਧੀਨਗੀ ਮੰਨ ਕੇ ਨਜ਼ਰਾਨਾ ਤਾਰ ਦਿਤਾ। ਰਣਜੀਤ ਸਿੰਘ ਨੇ ਗੁਜਰਾਤ ਸਾਹਿਬ ਸਿੰਘ ਕੋਲ ਹੀ ਰਹਿਣ ਦਿਤਾ ਤੇ ਸ: ਦਲ ਸਿੰਘ ਨੂੰ ਰਿਹਾ ਕਰ ਦਿਤਾ।

ਸ: ਸਾਹਿਬ ਸਿੰਘ ਅਧੀਨਗੀ ਮੰਨ ਕੇ ਵੀ ਆਪਣੇ ਆਪ ਨੂੰ ਸੁਤੰਤਰ ਹਾਕਮ ਹੀ ਸਮਝਦਾ ਸੀ। ਇਸ ਵਾਸਤੇ ਇਹ ਕਈ ਵਾਰ ਨਜ਼ਰਾਨਾ ਤਾਰਨ ਵਿਚ ਢਿੱਲ ਮੱਠ ਕਰਦਾ। ੧੮੧੦ ਈ.ਵਿਚ ਉਸਦਾ ਆਪਣੇ ਪੁੱਤਰ —ਗੁਲਾਬ ਸਿੰਘ—ਨਾਲ ਝਗੜਾ ਹੋ ਪਿਆ। ਸਮਾਂ ਤਾੜਕੇ ਮ. ਰਣਜੀਤ ਸਿੰਘ ਫ਼ੌਜ ਲੈ ਕੇ ਗੁਜਰਾਤ 'ਤੇ ਜਾ ਪਿਆ। ਸਾਹਿਬ ਸਿੰਘ ਬਿਨਾਂ ਟਾਕਰੇ ਹੀ ਪਹਾੜਾਂ ਨੂੰ ਨੱਸ ਗਿਆ। ਮਹਾਰਾਜੇ ਨੇ ਉਸਦੇ ਸਾਰੇ ਇਲਾਕੇ (ਗੁਜਰਾਤ ਜਲਾਲਪੁਰ, ਇਸਲਾਮ ਗੜ੍ਹ ਆਦਿ) ਉਤੇ ਕਬਜ਼ਾ ਕਰ ਲਿਆ। ਅਗਲੇ ਸਾਲ (੧੮੧੧ ਈ ) ਸਾਹਿਬ ਸਿੰਘ ਦੀ ਮਾਤਾ (ਮਾਈ ਲਛਮੀ) ਦੇ ਕਹਿਣ ਉੱਤੇ ਮ ਰਣਜੀਤ ਸਿੰਘ ਨੇ ਸਾਹਿਬ ਸਿੰਘ ਨੂੰ ਪਹਾੜਾਂ 'ਚੋਂ ਬੁਲਾ ਕੇ ਬਜਵੰਤ ਦੇ ਇਲਾਕੇ ਵਿਚ ਇਕ ਲੱਖ ਸਾਲਾਨਾ ਦੀ ਜਾਗੀਰ ਦਿਤੀ। ਸ. ਸਾਹਿਬ ਸਿੰਘ ਏਸੇ ਸਾਲ ਮਰ ਗਿਆ। ਮਹਾਰਾਜੇ ਨੇ ਉਸਦੇ ਪੁੱਤਰ ਗੁਲਾਬ ਸਿੰਘ ਕੋਲ ਪੰਜੀ ਹਜ਼ਾਰ ਦੀ ਜਾਗੀਰ ਰਹਿਣ ਦਿਤੀ

**ਗੁਲਾਬ ਸਿੰਘ** ੧੮੩੨ ਈ ਗੁਲਾਬ ਸਿੰਘ ਵੀ ਮਰ ਗਿਆ, ਸੋ ਜਾਗੀਰ ਜ਼ਬਤ ਹੋ ਗਈ*।

**ਫ਼ਤਹਿ ਸਿੰਘ** ਸ. ਗੁੱਜਰ ਸਿੰਘ ਭੰਗੀ ਦੇ ਤਿੱਜੇ ਲੜਕੇ ਫ਼ਤਹਿ ਸਿੰਘ ਨੇ ਕਪੂਰਥਲੀਏ ਆਹਲੂਵਾਲੀਏ ਸਰਦਾਰਾਂ ਦੀ ਨੌਕਰੀ ਕਰ ਲਈ। ਫਿਰ ਓਧਰੋਂ ਛੱਡ ਕੇ ਉਹ ਸਰਦਾਰ ਸ਼ਾਮ ਸਿੰਘ ਅਟਾਰੀ ਦੀ ਨੌਕਰੀ ਵਿਚ ਆ ਗਿਆ। ਉਹ ਬੰਨੂੰ ਦੀ ਲੜਾਈ (੧੮੩੪ ਈ) ਵਿਚ ਮਾਰਿਆ ਗਿਆ। ਉਸਦਾ ਪੁੱਤਰ ਜੈਮਲ ਸਿੰਘ ਸ ਸ਼ਾਮ

**ਜੈਮਲ ਸਿੰਘ** ਸਿੰਘ ਅਟਾਰੀ ਦੀ ਫ਼ੌਜ ਵਿਚ ਨੌਕਰ ਰਿਹਾ। ਉਹ ੧੮੭੧

---

* ਰਾਊਸਾ-ਏ ਪੰਜਾਬ, ਹਿੱਸਾ ਪਹਿਲਾ, ਪੰਨਾ ੭੯੫।

Sri Satguru Jagjit Singh Ji eLibrary NamdhariElibrary@gmail.com

ਈ ਵਿਚ ਸੁਰਗਵਾਸ ਹੋਇਆ।

ਏਸੇ ਤਰ੍ਹਾਂ ਏਸ ਮਿਸਲ ਦੇ ਬਾਕੀ ਸਰਦਾਰ ਵੀ ਸਹਿਜ ਸਹਿਜ ਮ: ਰਣਜੀਤ ਸਿੰਘ ਦੇ ਅਧੀਨ ਹੋ ਗਏ, ਜਿਨ੍ਹਾਂ ਦਾ ਜ਼ਿਕਰ 'ਸਿੱਖ ਰਾਜ ਤੇ ਸ਼ੇਰੇ-ਪੰਜਾਬ' ਨਾਮੇ ਪੁਸਤਕ ਵਿਚ ਆ ਚੁਕਾ ਹੈ।

### ਬੰਸਾਵਲੀ ਸ: ਗੁੱਜਰ ਸਿੰਘ ਭੰਗੀ

ਸ: ਗੁੱਜਰ ਸਿੰਘ ਭੰਗੀ
- ਸੁੱਖਾ ਸਿੰਘ
- ਸਾਹਿਬ ਸਿੰਘ
  - ਗੁਲਾਬ ਸਿੰਘ
- ਫ਼ਤਹਿ ਸਿੰਘ
  - ਜੈਮਲ ਸਿੰਘ

Sri Satguru Jagjit Singh Ji eLibrary NamdhariElibrary@gmail.com

# ੩. ਮਿਸਲ ਰਾਮਗੜ੍ਹੀਆਂ

ਬੰਸਾਵਲੀ




**ਖ਼ੁਸ਼ਹਾਲ ਸਿੰਘ**

ਏਸ ਜਥੇ ਦਾ ਮੋਢੀ ਸ: ਖ਼ੁਸ਼ਹਾਲ ਸਿੰਘ ਜੱਟ ਪਿੰਡ ਗੱਗੋ ਬੂਹਾ, ਜ਼ਿਲਾ ਅੰਮ੍ਰਿਤਸਰ ਦਾ ਸੀ। ਉਹ ਬਾਬਾ ਬੰਦਾ ਸਿੰਘ ਤੋਂ ਅੰਮ੍ਰਿਤ ਛਕ ਕੇ ਉਸ ਦੀਆਂ ਲੜਾਈਆਂ ਵਿਚ ਸ਼ਾਮਲ ਰਿਹਾ। ਸ: ਖ਼ੁਸ਼ਹਾਲ ਸਿੰਘ ਦੇ ਸ਼ਹੀਦ ਹੋਣ 'ਤੇ ਸ: ਨੰਦ ਸਿੰਘ ਜੱਟ ਪਿੰਡ ਸਾਂਘਣਾ, ਜ਼ਿਲਾ ਅੰਮ੍ਰਿਤਸਰ, ਲੀਡਰ ਬਣਿਆਂ।

**ਨੰਦ ਸਿੰਘ**

ਜਦ ੨੯ ਮਾਰਚ, ੧੭੪੮ ਈ. (ਵਿਸਾਖੀ ਦੇ ਦਿਨ) ਮਿਸਲਾਂ ਬਣੀਆਂ, ਤਾਂ ਉਹਨੇ ਵੀ ਆਪਣੀ ਵਖਰੀ ਮਿਸਲ ਬਣਾ ਲਈ, ਜਿਸ ਦਾ ਨਾਮ ਉਸ ਵੇਲੇ ਮਿਸਲ ਸਾਂਘਣੀਆਂ ਰੱਖਿਆ ਗਿਆ।

Sri Satguru Jagjit Singh Ji eLibrary NamdhariElibrary@gmail.com

ਏਹਾ ਮਿਸਲ ਪਿੱਛੋਂ ਰਾਮਗੜ੍ਹੀਆਂ ਦੀ ਮਿਸਲ ਮਸ਼ਹੂਰ ਹੋਈ। ਜੱਸਾ ਸਿੰਘ, ਤਾਰਾ ਸਿੰਘ, ਮਾਲੀ ਸਿੰਘ—ਤਿੰਨੇ ਭਰਾ—ਸ: ਨੰਦ ਸਿੰਘ ਦੀ ਮਿਸਲ ਵਿਚ ਸ਼ਾਮਲ ਹੋ ਗਏ। ਸ: ਨੰਦ ਸਿੰਘ ਨੇ ਜੱਸਾ ਸਿੰਘ ਨੂੰ ਆਪਣੀ ਮਿਸਲ ਦਾ ਸੈਨਾਪਤੀ ਬਣਾ ਲਿਆ।*

**ਹਰਦਾਸ ਸਿੰਘ**

ਜੱਸਾ ਸਿੰਘ ਦਾ ਦਾਦਾ ਹਰਦਾਸ ਸਿੰਘ ਤਖਾਣ, ਪਿੰਡ ਸੁਰਸਿੰਘ, ਜ਼ਿਲਾ ਲਾਹੌਰ (ਹੁਣ ਜ਼ਿਲਾ ਅੰਮ੍ਰਿਤਸਰ) ਦਾ ਰਹਿਣ ਵਾਲਾ ਸੀ†।

**ਭਗਵਾਨ ਸਿੰਘ**

ਉਸ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ। ਉਸ ਦਾ ਪੁੱਤਰ ਭਗਵਾਨ ਸਿੰਘ ਪਿੰਡ ਈਚੋਗਿੱਲ‡ ਜਾ ਵੱਸਿਆ। ਭਗਵਾਨ ਸਿੰਘ ਦੇ ਅੱਗੇ ਪੰਜ ਪੁੱਤਰ ਹੋਏ: ਜੈ ਸਿੰਘ, ਜੱਸਾ ਸਿੰਘ, ਖ਼ੁਸ਼ਹਾਲ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ।

**ਜੱਸਾ ਸਿੰਘ**

ਸ: ਨੰਦ ਸਿੰਘ ਦੇ ਸੁਰਗਵਾਸ ਹੋਣ 'ਤੇ ਜੱਸਾ ਸਿੰਘ ਮਿਸਲ ਦਾ ਜਥੇਦਾਰ ਬਣਿਆਂ।

੧੭੪੯ ਈ. ਵਿਚ ਸ:ਜੱਸਾ ਸਿੰਘ ਦੀ ਸਿੰਘਣੀ ਨੇ ਕੰਨਿਆਂ ਮਾਰ ਦਿਤੀ()। ਇਸ ਗੁਨਾਹ ਪਿੱਛੇ ਪੰਥ ਨੇ ਸ: ਜੱਸਾ ਸਿੰਘ ਨੂੰ ਛੇਕ ਦਿਤਾ

**ਅਦੀਨਾ ਬੇਗ ਦੀ ਨੌਕਰੀ**

ਉਹ ਆਪਣੇ ਤਿੰਨ ਭਰਾਵਾਂ—ਜੈ ਸਿੰਘ, ਖ਼ੁਸ਼ਹਾਲ ਸਿੰਘ, ਮਾਲੀ ਸਿੰਘ—ਤੇ ਸੌ ਸਿਪਾਹੀਆਂ ਸਣੇ ਜਲੰਧਰ ਦੇ ਫ਼ੌਜਦਾਰ ਅਦੀਨਾ ਬੇਗ ਦਾ ਨੌਕਰ ਜਾ ਹੋਇਆ। ਉਸ ਦਾ ਪੰਜਵਾਂ ਭਰਾ—ਤਾਰਾ ਸਿੰਘ—ਸਦਾ ਪੰਥ ਦੇ ਨਾਲ ਰਿਹਾ, ਉਹਨੇ

---

* ਮੈਕਗ੍ਰੇਗਰ, ਪੰਨਾ ੧੩੦; ਲਤੀਫ਼, ਪੰਨਾ ੩੦੬।

† ਰਾਜ ਖ਼ਾਲਸਾ, ਪੰਨਾ ੮; ਲਤੀਫ਼, ਪੰਨਾ ੩੦੬; ਰਾਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੭੧੫।

‡ ਮੈਕਗ੍ਰੇਗਰ, ਪੰਨਾ ੧੩੦; ਰਾਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੭੧੫; ਰਾਜ ਖ਼ਾਲਸਾ, ਪੰਨਾ ੮।

()ਪੰਥ ਪ੍ਰਕਾਸ਼, ਪੰਨਾ ੬੮੭।

Sri Satguru Jagjit Singh Ji eLibrary NamdhariElibrary@gmail.com

ਮੁਸਲਮਾਨ ਹਾਕਮ ਦੀ ਨੌਕਰੀ ਨਹੀਂ ਕੀਤੀ।

ਰਾਮ ਰਉਣੀ ਨੂੰ ਘੇਰਾ

ਅਕਤਬਰ, ੧੭੪੮ ਈ. ਵਿਚ ਸਿੰਘ ਅੰਮ੍ਰਿਤਸਰ ਦੀਵਾਲੀ ਉੱਤੇ ਕੱਠੇ ਹੋਏ, ਤਾਂ ਮੀਰ ਮੰਨੂੰ ਦੀਆਂ ਫ਼ੌਜਾਂ ਨੇ ਅੰਮ੍ਰਿਤਸਰ ਨੂੰ ਘੇਰਾ ਆ ਪਾਇਆ। ਪੰਜ ਸੌ ਸਿੰਘ ਤਾਂ ਕੱਚੇ ਕਿਲ੍ਹੇ ਰਾਮ ਰਉਣੀ ਵਿਚ ਹੋ ਬੈਠੇ ਤੇ ਬਾਕੀ ਲਾਗੇ ਦੇ ਜੰਗਲ ਵਿਚ ਜਾ ਲੁਕੇ। ਮੀਰ ਮੰਨੂੰ ਦੀ ਫ਼ੌਜ ਨੇ ਰਾਮ ਰਉਣੀ ਨੂੰ ਘੇਰਾ ਪਾ ਲਿਆ। ਲੱਗੀ ਬਾਹਰੋਂ ਕੱਚੀ ਗੜ੍ਹੀ 'ਤੇ ਅੱਗ ਵਰ੍ਹਨ। ਦੋ ਮਹੀਨੇ ਘੇਰਾ ਰਿਹਾ। ਅੰਦਰੋਂ ਦਾਣਾ ਪੱਠਾ ਅਸਲੋਂ ਮੁੱਕ ਗਿਆ। ਸਿੰਘ ਤੇ ਘੋੜੇ ਭੁੱਖ ਦੇ ਦੁੱਖੋਂ ਮਰਨ ਲੱਗੇ। ਦੋ ਮਹੀਨੇ ਦੀ ਲੜਾਈ ਵਿਚ ਦੋ ਸੌ ਸਿੰਘ ਸ਼ਹੀਦ ਹੋ ਗਏ। ਬਾਕੀ ਤਿੰਨ ਸੌ ਨੇ ਮਤਾ ਪਕਾਇਆ, ਕਿ ਭੁੱਖੇ ਮਰਨ ਨਾਲੋਂ ਇਕ ਦਿਨ ਵੈਰੀ ਦੇ ਗਲ ਪੈ ਕੇ ਸ਼ਹੀਦ ਹੋ ਜਾਈਏ।

ਘੇਰੇ ਦੀ ਜ਼ੁੰਮੇਵਾਰੀ ਮੀਰ ਮੰਨੂੰ ਦੇ ਦੋ ਵੱਡੇ ਅਫ਼ਸਰਾਂ—ਕੌੜਾ ਮੱਲ ਤੇ ਅਦੀਨਾ ਬੇਗ—ਦੇ ਸਿਰ ਸੀ। ਅਦੀਨਾ ਬੇਗ ਦੀ ਫ਼ੌਜ ਵਿਚ ਸ: ਜੱਸਾ ਸਿੰਘ ਈਚੋਗਿੱਲੀਆ ਵੀ ਆਪਣੇ ਤਿੰਨ ਭਰਾਵਾਂ ਤੇ ਸੌ ਸਿਪਾਹੀਆਂ ਸਣੇ ਸ਼ਾਮਲ ਸੀ। ਅੰਦਰਲੇ ਸਿੰਘਾਂ ਨੇ ਬਾਹਰ ਨਿਕਲ ਕੇ ਧਾਵਾ ਕਰਨ ਤੋਂ ਪਹਿਲਾਂ ਬਾਹਰਲੀ ਫ਼ੌਜ ਦਾ ਪਤਾ ਲੈਣਾ ਜ਼ਰੂਰੀ ਸਮਝਿਆ। ਇਕ ਸਿੰਘ ਭੇਸ ਬਦਲ ਕੇ ਬਾਹਰ ਵੈਰੀ ਦੀ ਫ਼ੌਜ ਦਾ ਪਤਾ ਕਰਨ ਆਇਆ। ਉਸਨੇ ਜੱਸਾ ਸਿੰਘ ਤੇ ਉਸ ਦੇ ਸਾਥੀਆਂ ਨੂੰ ਵੇਖ ਕੇ ਕਿਹਾ, "ਹੱਛਾ! ਤੁਸੀਂ ਹੋ ਰਾਮ ਰਉਣੀ ਦੇ ਸਿੰਘਾਂ ਦੇ ਕਾਤਲ?" ਇਹ ਸੁਣ ਕੇ ਜੱਸਾ ਸਿੰਘ ਤੇ ਉਹਦੇ ਸਾਥੀਆਂ ਦੀਆਂ ਅੱਖਾਂ ਵਿਚ ਪਾਣੀ ਆ ਗਿਆ। ਉਹਨਾਂ ਬੜੇ ਤਰਲੇ ਨਾਲ ਕਿਹਾ, "ਕੋਈ ਚਾਰਾ ਕਰੋ। ਜਿਵੇਂ ਪੰਥ ਸਾਨੂੰ ਵਿਛੜਿਆਂ ਨੂੰ ਮਿਲਾ ਲਵੇ।" ਅੱਗੋਂ ਸਿੰਘ ਨੇ ਉੱਤਰ ਦਿਤਾ, "ਅਸੀਂ ਸਾਰੇ ਭਲਕੇ ਵੈਰੀ 'ਤੇ ਹਮਲਾ ਕਰ ਕੇ ਸ਼ਹੀਦ ਹੋ ਜਾਵਾਂਗੇ। ਅੰਦਰ ਦਾਣਾ ਪੱਠਾ ਮੁੱਕ ਚੁੱਕਾ ਹੈ, ਤੇ ਸਿੰਘ ਭੁੱਖੇ ਮਰ ਰਹੇ ਹਨ। ਜੇ ਤੁਸੀਂ ਵੀ ਸਾਡੇ ਨਾਲ ਸ਼ਹੀਦੀ ਵਿਚ ਹਿੱਸੇਦਾਰ ਬਣਨਾ ਚਾਹੋ, ਤਾਂ ਇਸ ਦਾ ਫਲ ਤੁਹਾਨੂੰ ਗੁਰੂ ਮਹਾਰਾਜ ਦੇਣਗੇ।"

ਜੱਸਾ ਸਿੰਘ ਪੰਥ ਦੀ ਸ਼ਰਨ

ਇਹ ਖ਼ਬਰ ਸੁਣ ਕੇ, ਕਿ ਅੰਦਰਲੇ ਤਿੰਨ ਸੌ ਸਿੰਘ ਭਲਕੇ ਸ਼ਹੀਦ ਹੋ ਜਾਣਗੇ, ਸ. ਜੱਸਾ ਸਿੰਘ ਦੇ ਦਿਲ 'ਤੇ ਬੜੀ ਭਾਰੀ ਸੱਟ ਵੱਜੀ। ਉਹਨੇ ਤੀਰ ਨਾਲ ਚਿੱਠੀ ਬੰਨ੍ਹ ਕੇ ਗੜ੍ਹੀ ਦੇ ਅੰਦਰ ਭੇਜੀ, 'ਪੰਥ ਮੇਰੀ ਪਿਛਲੀ ਭੁੱਲ ਬਖ਼ਸ਼ ਕੇ ਅੰਦਰ ਆਉਣ ਦੀ ਆਗਿਆ ਬਖ਼ਸ਼ੇ; ਮੈਂ ਵੈਰੀ ਦਾ ਸਾਥ ਛੱਡ ਕੇ ਆਉਣ ਨੂੰ ਤਿਆਰ ਹਾਂ।' ਸਿੰਘਾਂ ਨੇ ਅੰਦਰੋਂ ਤੀਰ ਨਾਲ ਬੰਨ੍ਹ ਕੇ ਹੀ ਜਵਾਬੀ ਚਿੱਠੀ ਘੱਲੀ, 'ਪੰਥ ਸਦਾ ਬਖ਼ਸ਼ਣ ਹਾਰ ਹੈ; ਤੂੰ ਚਾਹਵੇਂ; ਤਾਂ ਇਸ ਵੇਲੇ ਪੰਥ ਦੀ ਸ਼ਰਨ ਆ ਸਕਦਾ ਏਂ†।' ਇਹ ਉੱਤਰ ਪੜ੍ਹ ਕੇ ਸ. ਜੱਸਾ ਸਿੰਘ, ਸਣੇ ਸਾਥੀਆਂ, ਬਹੁਤ ਸਾਰਾ ਸਾਮਾਨ ਖ਼ੁਰਾਕ ਤੇ ਦਾਰੂ ਸਿੱਕਾ ਨਾਲ ਲੈ ਕੇ ਰਾਤੋ ਰਾਤ ਰਾਮ ਰੌਣੀ ਵਿਚ ਜਾ ਵੜਿਆ। ਏਨੇ ਨਾਲ ਅੰਦਰਲੇ ਸਿੰਘਾਂ ਨੂੰ ਬੜਾ ਹੌਸਲਾ ਹੋ ਗਿਆ ਤੇ ਉਹ ਕੁਛ ਚਿਰ ਹੋਰ ਲੜਾਈ ਜਾਰੀ ਰੱਖਣ ਦੇ ਜੋਗ ਹੋ ਗਏ।

ਸ ਜੱਸਾ ਸਿੰਘ ਨੇ ਕੌੜਾ ਮੱਲ ਨੂੰ ਸੁਨੇਹਾ ਭੇਜਿਆ, ਕਿ ਘਿਰੇ ਸਿੰਘਾਂ ਦੀ ਜਾਨ ਬਚਾਉਣ ਦਾ ਕੋਈ ਚਾਰਾ ਕਰੋ। ਏਸੇ ਵੇਲੇ ਖ਼ਬਰ ਮਿਲੀ, ਕਿ ਅਬਦਾਲੀ ਚੜ੍ਹਾਈ ਕਰੀ ਆ ਰਿਹਾ ਹੈ‡। ਨਾਲ ਹੀ ਦਿੱਲੀ ਤੋਂ ਖ਼ਬਰ ਆਈ,ਕਿ ਵਜ਼ੀਰ ਸਫ਼ਦਰ ਜੰਗ,ਸ਼ਾਹ ਨਿਵਾਜ਼ ਨੂੰ ਮੁਲਤਾਨ ਦਾ ਗਵਰਨਰ ਬਣਾ ਕੇ ਭੇਜ ਰਿਹਾ ਹੈ। ਇਹਨਾਂ ਖ਼ਬਰਾਂ ਦੀ ਰੌਸ਼ਨੀ ਵਿਚ ਕੌੜਾ ਮੱਲ ਨੇ ਮੀਰ ਮੰਨੂੰ ਨੂੰ ਸਲਾਹ ਦਿਤੀ, ਕਿ ਰਾਮ ਰੌਣੀ ਦਾ ਘੇਰਾ ਉਠਾ ਕੇ ਸਿੰਘਾਂ ਨਾਲ ਸੁਲ੍ਹਾ ਕਰ ਲਈ ਜਾਵੇ, ਤਾਂ ਜੋ ਆਉਣ ਵਾਲੀਆਂ ਔਕੜਾਂ ਵਿਚ ਇਹਨਾਂ ਦੀ ਮਦਦ ਹਾਸਲ ਕੀਤੀ ਜਾਏ।

**ਸਿੱਖਾਂ ਨੂੰ ਜਾਗੀਰ**

ਮੀਰ ਮੰਨੂੰ ਨੇ ਇਹ ਸਲਾਹ ਮੰਨ ਕੇ ਰਾਮ ਰੌਣੀ ਦਾ ਘੇਰਾ ਉਠਾ ਲਿਆ ਤੇ ਪਰਗਣਾ ਪੱਟੀ ਦੇ ਮਾਮਲੇ ਵਿਚੋਂ ਅੱਧਾ ਸਿੱਖਾਂ ਨੂੰ ਜਾਗੀਰ ਵਜੋਂ ਦੇਣਾ ਮੰਨ ਲਿਆ, ਨਾਲੇ ਦਰਬਾਰ ਸਾਹਿਬ ਦੇ ਪੁਰਾਣੇ ਬਾਰਾਂ ਪਿੰਡਾਂ ਦਾ ਜ਼ਬਤ ਹੋਇਆ ਮਾਮਲਾ ਬਹਾਲ ਕਰ ਦਿਤਾ।

---

† ਭੰਗੂ, ਪੰਨੇ ੧੪-੧੫।

‡ ਕਨਿੰਘਮ, ਪੰਨਾ ੯੫।

Sri Satguru Jagjit Singh Ji eLibrary NamdhariElibrary@gmail.com

ਮਈ, ੧੭੪੯ ਈ ਵਿਚ ਸ਼ਾਹ ਨਿਵਾਜ਼ ਨੇ ਮੁਲਤਾਨ 'ਤੇ ਕਬਜ਼ਾ ਕਰ ਲਿਆ। ਮੀਰ ਮੰਨੂੰ ਨੇ ਕੌੜਾ ਮੱਲ ਰਾਹੀਂ ਸਿੱਖਾਂ ਦੀ ਮਦਦ ਹਾਸਲ ਕਰ ਲਈ। ੧੦ ਹਜ਼ਾਰ ਸਿੱਖ ਕੌੜਾ ਮੱਲ ਦੇ ਨਾਲ ਮੁਲਤਾਨ ਫ਼ਤਹਿ ਕਰਨ ਵਾਸਤੇ ਗਏ। ਸ ਜੱਸਾ ਸਿੰਘ ਆਹਲੂਵਾਲੀਏ ਦੀ ਗੋਲੀ ਨਾਲ ਸ਼ਾਹ ਨਿਵਾਜ਼ ਮਾਰਿਆ ਗਿਆ। ਜੱਸਾ ਸਿੰਘ ਈਚੋਗਿੱਲੀਆ ਬੀਮਾਰ ਸੀ, ਸੋ ਉਹ ਪਿੱਛੇ ਰਾਮ ਰਉਣੀ ਹੀ ਰਿਹਾ। ਕੁਛ ਸਾਲਾਂ ਪਿੱਛੋਂ ਏਸੇ ਜੱਸਾ ਸਿੰਘ ਨੇ ਰਾਮ ਰਉਣੀ ਨੂੰ ਨਵੇਂ ਸਿਰਿਓਂ ਬਣਾ ਕੇ ਨਾਮ 'ਰਾਮ ਗੜ੍ਹ' ਰਖਿਆ। ਏਸੇ ਕਰਕੇ ਇਸਨੂੰ ਸਿੱਖ 'ਰਾਮਗੜ੍ਹੀਆਂ' ਆਖਣ ਲੱਗ ਪਏ। ਉਸ ਵੇਲੇ ਪੰਥ ਵਿਚ ਦੋ ਸਰਦਾਰ ਜੱਸਾ ਸਿੰਘ ਪ੍ਰਸਿਧ ਸਨ। ਸੋ ਦੋਹਾਂ ਨੂੰ ਨਿਖੇੜਨ ਵਾਸਤੇ ਇਕ ਨੂੰ ਸ. ਜੱਸਾ ਸਿੰਘ 'ਆਹਲੂਵਾਲੀਆ' (ਪਿੰਡ ਆਹਲੂ ਦਾ ਹੋਣ ਕਰਕੇ) ਆਖਣ ਲੱਗ ਪਏ, ਤੇ ਦੂਜੇ ਨੂੰ ਸ: ਜੱਸਾ ਸਿੰਘ 'ਰਾਮਗੜ੍ਹੀਆਂ' (ਕਿਲ੍ਹਾ ਰਾਮ ਗੜ੍ਹ ਤੋਂ)। ਜੱਸਾ ਸਿੰਘ ਰਾਮਗੜੀਆ ਤਖਾਣ ਸੀ, ਸੋ ਸਾਰੇ ਤਖਾਣ ਸਿੱਖ ਆਪਣੇ ਆਪ ਨੂੰ 'ਰਾਮਗੜ੍ਹੀਏ' ਅਖਵਾਉਣ ਲੱਗ ਪਏ। ਏਸ ਤਰ੍ਹਾਂ ਸ ਜੱਸਾ ਸਿੰਘ ਆਹਲੂਵਾਲੀਆ 'ਕਲਾਲ' ਸੀ, ਸੋ ਸਾਰੇ ਕਲਾਲ ਸਿੱਖ ਹੁਣ 'ਆਹਲੂਵਾਲੀਏ' ਅਖਵਾਉਂਦੇ ਹਨ।

**ਸਿੱਖਾਂ ਨੇ ਮੀਰਮੰਨੂੰ ਦੀ ਮਦਦ ਕੀਤੀ**

**ਰਾਮ ਗੜ੍ਹੀਆ ਲਕਬ**

ਜੈ ਸਿੰਘ ਪਠਾਣਾਂ ਨਾਲ ਲੜਦਾ ਸ਼ਹੀਦ ਹੋ ਗਿਆ। ਬਾਕੀਆਂ ਵਿਚੋਂ ਤਿੰਨ ਭਰਾ (ਜੱਸਾ ਸਿੰਘ, ਮਾਲੀ ਸਿੰਘ, ਤਾਰਾ ਸਿੰਘ) ਰਾਮਗੜ੍ਹੀਏ ਮਸ਼ਹੂਰ ਹੋਏ।

**ਜੈ ਸਿੰਘ**

ਜਦ ਬੁਢਾ ਦਲ ਤੇ ਤਰਨਾ ਦਲ ਬਣੇ, ਤਾਂ ਰਾਮਗੜ੍ਹੀਏ ਸਰਦਾਰ ਤਰਨਾ ਦਲ ਵਿਚ ਸ਼ਾਮਲ ਹੋ ਗਏ। ਕਸੂਰ ਦੇ ਹਾਕਮ ਉਸਮਾਨ ਖ਼ਾਂ ਨੇ ਇਕ ਪੰਡਤ ਦੀ ਪੰਡਤਾਣੀ ਖੋਹ ਲਈ। ਉਹ ਅੰਮ੍ਰਿਤਸਰ ਸਿੱਖਾਂ ਸਾਮ੍ਹਣੇ ਜਾ ਪਿੱਟਿਆ। ਤਰਨਾ ਦਲ ਨੇ ਹਮਲਾ ਕਰਕੇ ਮਈ, ੧੭੬੩ ਈ. ਵਿਚ ਉਸਮਾਨ ਖ਼ਾਂ ਕਤਲ ਕਰਕੇ ਕਸੂਰ ਵਿਚੋਂ ਲੱਖਾਂ ਰੁਪੈ ਧਨ ਲੁੱਟਿਆ। ਰਾਮਗੜ੍ਹਏ ਤੇ ਕਨ੍ਹਈਏ

**ਉਸਮਾਨ ਖ਼ਾਂ ਕਸੂਰੀ ਕਤਲ**

Sri Satguru Jagjit Singh Ji eLibrary NamdhariElibrary@gmail.com

ਉਸ ਵੇਲੇ ਇਕੱਠੇ ਰਹਿੰਦੇ ਸਨ ਤੇ ਸਾਂਝੀ ਲੁੱਟਮਾਰ ਕਰ ਕੇ ਪਿੱਛੋਂ ਅੱਧੋ ਅੱਧ ਵੰਡ ਲੈਂਦੇ ਸਨ। ਕਸੂਰ ਦੇ ਪ੍ਰਸਿਧ ਧਨੀ ਦਿਲੇ ਰਾਮ ਦੇ ਪੋਤਰੇ ਹਿਰਦੇ ਰਾਮ ਕੋਲੋਂ ਮਾਲੀ ਸਿੰਘ (ਸ. ਜੱਸਾ ਸਿੰਘ ਰਾਮਗੜ੍ਹੀਏ ਦੇ ਭਰਾ) ਨੇ ਪੰਜਾਹ ਲੱਖ ਦਾ ਮਾਲ ਲੁੱਟਿਆ। ਕਨ੍ਹਈਆਂ ਨੂੰ ਪਤਾ ਲੱਗਾ, ਤਾਂ ਕੀਤੇ ਹੋਏ ਫ਼ੈਸਲੇ ਅਨੁਸਾਰ ਉਹਨਾਂ ਮਾਲੀ ਸਿੰਘ ਕੋਲੋਂ ਉਸ ਧਨ ਵਿਚੋਂ ਅੱਧ ਮੰਗਿਆ। ਮਾਲੀ ਸਿੰਘ ਨੇ ਹਿੱਸਾ ਦੇਣੋਂ ਨਾਂਹ ਕਰ ਦਿਤੀ, ਤਾਂ ਦੋਵੇਂ ਧਿਰਾਂ ਲੜਾਈ ਵਾਸਤੇ ਤਿਆਰ ਹੋ ਪਈਆਂ। ਸ. ਚੜ੍ਹਤ ਸਿੰਘ ਨੇ ਵਿਚ ਪੈ ਕੇ, ਕੁਛ ਹਿੱਸਾ ਕਨ੍ਹਈਆਂ ਨੂੰ ਦੁਆ ਕੇ ਦੋਹਾਂ ਮਿਸਲਾਂ ਦੀ ਸੁਲ੍ਹਾ ਕਰਾ ਦਿਤੀ। ਪਰ ਮਾਲੂਮ ਹੁੰਦਾ ਹੈ, ਕਿ ਉਹਨਾਂ ਦੇ ਦਿਲਾਂ ਵਿਚੋਂ ਇਹ ਰੰਜ ਨਾ ਗਿਆ ਤੇ ਏਸੇ ਕਾਰਨ ਪਿੱਛੋਂ ਇਹ ਦੋਵੇਂ ਮਿਸਲਾਂ ਲੜਦੀਆਂ ਝਗੜਦੀਆਂ ਰਹੀਆਂ।

੧੭੬੪ ਈ. ਵਿਚ ਜ਼ੈਨ ਖ਼ਾਂ ਨੂੰ ਮਾਰ ਕੇ ਸਿੱਖਾਂ ਨੇ ਸੂਬਾ ਸਰਹਿੰਦ ਵੰਡਿਆ, ਤਾਂ ਰਾਮਗੜ੍ਹੀਆਂ ਨੇ ਉਸ ਵਿਚੋਂ ਇਲਾਕਾ ਨਾ ਮੱਲਿਆ। ਸਗੋਂ ਉਹਨਾਂ ਰਿਆੜਕੀ ਤੇ ਬਿਆਸ ਦੇ ਦੋਹੀਂ ਪਾਸੀਂ ਮੁਲਕ ੧੭੬੯ ਵਿਚ ਆਣ ਮੱਲਿਆ। ੧੭੬੯ ਈ. ਵਿਚ ਉਹਨਾਂ ਦੇ ਕਬਜ਼ੇ

ਕਬਜ਼ੇ

ਵਿਚ ੧੦ ਲੱਖ ਦਾ ਇਲਾਕਾ ਸੀ, ਜਿਸਦਾ ਵੇਰਵਾ ਇਉਂ ਹੈ ਮਿਆਣੀ, ਸਿਹਰੀ, ਮਰਾਲਾ, ਉੜਮੁੜ ਟਾਂਡਾ, ਮੋਘੋਵਾਲ, ਮਨੀਵਾਲ, ਦਬਵਨ, ਝੋੜਾ, ਮੁਕੰਦਪੁਰ, ਸਰੀਹਾ* ਆਦਿ, ਦੁਆਬਾ ਜਾਲੰਧਰ ਵਿਚ। ਬਟਾਲਾ, ਦੀਨਾ ਨਗਰ, ਕਲਾਨੌਰ, ਕਾਦੀਆਂ, ਸ੍ਰੀ ਹਰਿਗੋਬਿੰਦਪੁਰਾ, ਮੱਤੇਵਾਲ, ਘੁਮਾਣ ਆਦਿ, ਬਾਰੀ ਦੁਆਬ ਵਿਚ। ਇਹ ਦਸ ਹਜ਼ਾਰ ਫ਼ੌਜ ਮੈਦਾਨ ਵਿਚ ਲੈ ਜਾ ਸਕਦੇ ਸਨ।

ਸ. ਜੱਸਾ ਸਿੰਘ ਨੇ ਬਟਾਲਾ ਮਾਲੀ ਸਿੰਘ ਨੂੰ ਤੇ ਕਲਾਨੌਰ ਤਾਰਾ ਸਿੰਘ ਨੂੰ ਦੇ ਦਿਤਾ ਤੇ ਬਾਕੀ ਇਲਾਕੇ ਆਪ ਰੱਖ ਲਏ†। ੧੭੭੦ ਈ.

---

* ਰਾਜ ਖ਼ਾਲਸਾ, ਪੰਨਾ ੧੮; ਪੰਥ ਪ੍ਰਕਾਸ਼, (ਕਰਤਾ ਗਿਆਨੀ ਗਿਆਨ ਸਿੰਘ ਛੇਵੀਂ ਐਡੀਸ਼ਨ, ਅਕਤੂਬਰ, ੧੯ ੩ ਈ.) ਪੰਨਾ ੧੦੦੨।

† ਲਤੀਫ਼, ਪੰਨਾ ੩੦੮; ਮੈਕਗ੍ਰੇਗਰ, ਪੰਨਾ ੧੩੪।

Sri Satguru Jagjit Singh Ji eLibrary NamdhariElibrary@gmail.com

ਪਹਾੜੀ ਰਾਜ ਈਨ ਵਿਚ

ਵਿਚ ਜੱਸਵਾਂ, ਨੂਰ ਪੁਰ, ਚੰਬਾ, ਹਰੀਪੁਰ, ਕਟੋਚ ਆਦਿ, ਦੇ ਪਹਾੜੀ ਰਾਜਿਆਂ ਨੇ ਰਾਮਗੜ੍ਹੀਆਂ ਦੀ ਈਨ ਮੰਨ ਕੇ ਸਾਲਾਨਾ ਖ਼ਰਾਜ ਦੇਣਾ ਪਰਵਾਨ ਕਰ ਲਿਆ। ਸ. ਜੱਸਾ ਸਿੰਘ ਨੇ ਇਹਨਾਂ ਪਹਾੜੀ ਇਲਾਕਿਆਂ ਦੀ ਰਾਖੀ ਵਾਸਤੇ ਕਿਲ੍ਹਾ ਹਲਵਾਰਾ ਬਣਾ ਕੇ ਸ. ਮਾਲੀ ਸਿੰਘ ਨੂੰ ਚਾਰ ਹਜ਼ਾਰ ਫ਼ੌਜ ਸਣੇ ਹਾਕਮ ਨੀਯਤ ਕੀਤਾ‡। ੧੭੭੫ ਈ. ਵਿਚ ਸ: ਜੈ ਸਿੰਘ ਕਨ੍ਹਈਆ ਨੇ ਇਹਨਾਂ ਪਹਾੜੀ ਰਿਆਸਤਾਂ ਤੋਂ ਰਾਮਗੜ੍ਹੀਆਂ ਦੀ ਸਰਦਾਰੀ ਤੋੜ ਕੇ ਆਪਣੀ ਹਕੂਮਤ ਕਾਇਮ ਕਰ ਲਈ*।

ਜ਼ਹੂਰਾ ਦੀ ਲੜਾਈ

ਰਾਮਗੜ੍ਹੀਆਂ ਦੀ ਇਕ ਪਾਸੇ ਕਨ੍ਹਈਆਂ ਨਾਲ ਦੇ ਇਕ ਪਾਸੇ ਆਹਲੂਵਾਲੀਆਂ ਨਾਲ ਨਿਤ ਲੜਾਈ ਰਹਿੰਦੀ ਸੀ। ੧੭੭੫ ਈ. ਵਿਚ ਬਿਆਸ ਕੰਢੇ ਪਿੰਡ ਜ਼ਹੂਰਾ ਕੋਲ ਦੋਵੇਂ ਜੱਸਾ ਸਿੰਘ ਲੜ ਪਏ। ਰਾਮਗੜ੍ਹੀਆ ਗੋਲੀ ਨਾਲ ਜ਼ਖ਼ਮੀ ਹੋ ਕੇ ਪਿੜ ਛੱਡ ਆਇਆ ਤੇ ਆਹਲੂਵਾਲੀਏ ਨੇ ਪਿੰਡ ਜ਼ਹੂਰਾ ਸ. ਬਘੇਲ ਸਿੰਘ ਮਿਸਲ ਕਰੋੜਾ ਸਿੰਘੀਏ ਨੂੰ ਦੇ ਦਿਤਾ।

ਜੱਸਾ ਸਿੰਘ ਆਹਲੂ ਗ੍ਰਿਫ਼ਤਾਰ

੧੭੭੬ ਈ. ਵਿਚ ਸ. ਜੱਸਾ ਸਿੰਘ ਆਹਲੂ ਅੱਚਲ ਇਸ਼ਨਾਨ ਕਰਨ ਗਿਆ, ਤਾਂ ਤਾਰਾ ਸਿੰਘ, ਮਾਲੀ ਸਿੰਘ, ਖ਼ੁਸ਼ਹਾਲ ਸਿੰਘ ਨੇ ਹਮਲਾ ਕਰਕੇ ਆਹਲੂ-ਵਾਲੀਏ ਨੂੰ ਜ਼ਖ਼ਮੀ ਕਰਕੇ ਫੜ ਲਿਆ। ਉਹ ਉਸਨੂੰ ਪਾਲਕੀ ਵਿਚ ਪਾ ਕੇ ਸ੍ਰੀ ਹਰਿਗੋਬਿੰਦ ਪੁਰੇ ਲੈ ਗਏ, ਜੋ ਰਾਮਗੜ੍ਹੀਆਂ ਦੀ ਰਾਜਧਾਨੀ ਸੀ। ਸ: ਜੱਸਾ ਸਿੰਘ ਰਾਮਗੜ੍ਹੀਆ ਬੜੇ ਆਦਰ ਨਾਲ ਪੇਸ਼ ਆਇਆ ਤੇ ਸਤਿਕਾਰ ਵਜੋਂ ਆਹਲੂਵਾਲੀਏ ਨੂੰ ਘੋੜਾ, ਦੁਸ਼ਾਲੇ ਆਦਿ ਤੁਹਫ਼ੇ ਦੇ ਕੇ ਉਸਦੀ ਰਾਜਧਾਨੀ ਫ਼ਤਹਿਆਬਾਦ ਪੁਚਾ ਦਿਤਾ†।

‡ ਰਾਜ ਖ਼ਾਲਸਾ, ਪੰਨਾ ੮੦।
* ਗੁਪਤਾ, ਹਿੱਸਾ ਤਿੱਜਾ, ਪੰਨਾ ੨੫।
† ਰਾਉਸਾਤ-ਏ-ਪੰਜਾਬ, ਪੰਨਾ ੭੧੭।

Sri Satguru Jagjit Singh Ji eLibrary NamdhariElibrary@gmail.com

**ਰਾਮਗੜ੍ਹੀਆਂ ਦਾ ਮੁਲਕ ਖੁੱਸ ਗਿਆ**

੧੭੭੬ ਈ. ਵਿਚ ਜੈ ਸਿੰਘ, ਹਕੀਕਤ ਸਿੰਘ, ਗੁਰਬਖ਼ਸ਼ ਸਿੰਘ ਕਨ੍ਹਈਏ, ਜੱਸਾ ਸਿੰਘ ਆਹਲੂਵਾਲੀਆ, ਮਹਾਂ ਸਿੰਘ ਸੁਕਰਚੱਕੀਆ, ਰਾਜਾ ਸੰਸਾਰ ਚੰਦ, ਆਦਿ ਨੇ ਰਲ ਕੇ ਰਾਮਗੜ੍ਹੀਆਂ 'ਤੇ ਹਮਲਾ ਕੀਤਾ। ਸ੍ਰੀ ਹਰਗੋਬਿੰਦ ਪੁਰਾ, ਕਲਾਨੌਰ ਤੇ ਬਟਾਲਾ ਵਿਚ ਬੜੀਆਂ ਸਖ਼ਤ ਲੜਾਈਆਂ ਹੋਈਆਂ। ਇਸ ਜੰਗ ਵਿਚ ਰਾਮਗੜ੍ਹੀਏ ਪੂਰੀ ਤਰ੍ਹਾਂ ਹਾਰ ਗਏ ਤੇ ਇਲਾਕਾ ਛੱਡ ਕੇ ਹਿਸਾਰ ਨੂੰ ਨੱਸ ਗਏ। ਸ: ਜੱਸਾ ਸਿੰਘ ਰਾਮਗੜ੍ਹੀਏ ਦਾ ਭਾਈ ਤਾਰਾ ਸਿੰਘ ਮਾਰਿਆ ਗਿਆ ਤੇ ਖ਼ੁਸ਼ਹਾਲ ਸਿੰਘ ਸਖ਼ਤ ਜ਼ਖ਼ਮੀ ਹੋਇਆ‡।

**ਹਿਸਾਰ ਵਿਚ**

ਹਿਸ਼ਾਰ ਦੇ ਇਲਾਕੇ ਵਿਚ ਲੁੱਟ ਮਾਰ ਕਰਕੇ ਰਾਮਗੜ੍ਹੀਏ ਗੁਜ਼ਾਰਾ ਕਰਨ ਲੱਗੇ। ਸ: ਜੱਸਾ ਸਿੰਘ ਨੇ ਹਿਸਾਰ ਦੇ ਹਾਕਮ ਨੂੰ ਕਤਲ ਕਰਕੇ ਇਕ ਪੰਡਤ ਦੀਆਂ ਦੋ ਲੜਕੀਆਂ ਛੁਡਾਈਆਂ, ਮੇਰਠ ਤਕ ਧਾਵਾ ਕਰਕੇ ਨਜ਼ਰਾਨਾ ਲਿਆ ਤੇ ਇਕ ਵਾਰ ਦਿੱਲੀ 'ਤੇ ਹਮਲਾ ਕਰਕੇ ਮੁਗਲਾਂ ਦੀਆਂ ਚਾਰ ਤੋਪਾਂ ਖੋਹ ਲਿਆਇਆ*।

**ਰਾਮਗੜ੍ਹੀਏ ਫਿਰ ਰਿਆੜਕੀ ਵਿਚ**

੧੭੮੨ ਈ ਵਿਚ ਜੰਮੂੰ ਦੀ ਲੁੱਟ ਤੋਂ ਸੁਕਰਚੱਕੀਆਂ ਤੇ ਕਨ੍ਹਈਆਂ ਵਿਚ ਵਿਗਾੜ ਪੈ ਗਿਆ। ਸ: ਮਹਾਂ ਸਿੰਘ ਨੇ ਸ: ਜੱਸਾ ਸਿੰਘ ਰਾਮਗੜ੍ਹੀਏ ਨੂੰ ਬੁਲਾ ਲਿਆ ਕਿ ਮੈਂ ਤੇਰੇ ਇਲਾਕੇ ਵਾਪਸ ਦੁਆਉਣ ਵਿਚ ਮਦਦ ਕਰਾਂਗਾ। ਖ਼ਬਰ ਮਿਲਦਿਆਂ ਸਾਰ ਰਾਮਗੜ੍ਹੀਏ ਧਾਈ ਕਰ ਆਏ। ੧੭੮੪ ਈ. ਵਿਚ ਸ: ਜੱਸਾ ਸਿੰਘ ਰਾਮਗੜ੍ਹੀਏ, ਸ. ਮਹਾਂ ਸਿੰਘ ਸੁਕਰਚਕੀਏ ਤੇ ਰਾਜਾ ਸੰਸਾਰ ਚੰਦ ਨੇ ਮਿਲ ਕੇ ਕਨ੍ਹਈਆਂ 'ਤੇ ਹਮਲਾ ਕੀਤਾ ਅੱਚਲ ਦੇ ਕੋਲ ਸਖ਼ਤ ਲੜਾਈ ਹੋਈ। ਸ: ਜੈ ਸਿੰਘ ਕਨ੍ਹਈਏ ਦਾ ਪੁੱਤਰ

‡ ਰਾਜ ਖ਼ਾਲਸਾ, ਪੰਨਾ ੧੧।

* ਰਾਉਸਾ-ਏ-ਪੰਜਾਬ, ਪੰਨਾ ੭੧੮; ਲਤੀਫ਼, ਪੰਨਾ ੩੦੮।

Sri Satguru Jagjit Singh Ji eLibrary NamdhariElibrary@gmail.com

ਗੁਰਬਖ਼ਸ਼ ਸਿੰਘ ਰਣ ਤੱਤੇ ਵਿਚ ਮਾਰਿਆ ਗਿਆ। ਕਨ੍ਹਈਏ ਹਾਰ ਗਏ ਤੇ ਰਾਮਗੜ੍ਹੀਆਂ ਨੇ ਆਪਣਾ ਇਲਾਕਾ ਮੱਲ ਲਿਆ। ਕਾਂਗੜਾ ਰਾਜਾ ਸੰਸਾਰ ਚੰਦ ਨੂੰ ਮਿਲ ਗਿਆ।†

ਰਾਮਗੜ੍ਹੀਆਂ ਤੇ ਕਨ੍ਹਈਆਂ ਦੀ ਦੁਸ਼ਮਣੀ ਖ਼ਤਮ ਨਾ ਹੋਈ। ਸ: ਜੱਸਾ ਸਿੰਘ ਰਾਮਗੜ੍ਹੀਆ ਆਏ ਦਿਨ ਸਰਦਾਰਨੀ ਸਦਾ ਕੌਰ ਕਨ੍ਹਈਆ ਦੇ ਇਲਾਕੇ ਉੱਤੇ ਹਮਲਾ ਕਰਦਾ ਰਹਿੰਦਾ। ੧੭੯੬ ਈ. ਵਿਚ ਸਦਾ ਕੌਰ ਨੇ ਰਣਜੀਤ ਸਿੰਘ ਦੀ ਮਦਦ ਨਾਲ ਬਿਆਸ ਦੇ ਕੰਢੇ ਕਿਲ੍ਹਾ ਮਿਆਣੀ ਵਿਚ ਸ: ਜੱਸਾ ਸਿੰਘ ਨੂੰ ਘੇਰ ਲਿਆ। ਦਰਿਆ ਵਿਚ ਚੜ੍ਹਾ ਆ ਜਾਣ ਕਰਕੇ ਰਣਜੀਤ ਸਿੰਘ ਤੇ ਸਦਾ ਕੌਰ ਨੇ ਬਿਨਾਂ ਕਿਸੇ ਫ਼ੈਸਲੇ ਹੀ ਘੇਰਾ ਉਠਾ ਲਿਆ।

**ਮਿਆਣੀ ਦਾ ਘੇਰਾ**

ਭਸੀਣ ਦੀ ਲੜਾਈ ਵਿਚ ਰਾਮਗੜ੍ਹੀਏ ਵੀ ਰਣਜੀਤ ਸਿੰਘ ਦੇ ਵਿਰੋਧੀ ਧੜੇ ਵਿਚ ਸ਼ਾਮਲ ਸਨ। ਏਸੇ ਸਾਲ ਦੇ ਅਖ਼ੀਰ ਵਿਚ ਰਣਜੀਤ ਸਿੰਘ ਨੇ ਰਾਮਗੜ੍ਹੀਆਂ 'ਤੇ ਧਾਵਾ ਬੋਲ ਦਿਤਾ। ਬਟਾਲੇ ਦੀ ਲੜਾਈ ਵਿਚ ਰਾਮਗੜ੍ਹੀਏ ਸਦਾ ਵਾਸਤੇ ਹਾਰ ਗਏ ਉਹਨਾਂ ਦਾ ਬਹੁਤ ਸਾਰਾ ਇਲਾਕਾ ਸਦਾ ਕੌਰ ਦੇ ਕਬਜ਼ੇ ਵਿਚ ਆ ਗਿਆ। ਇਸ ਦਿਨ ਤੋਂ ਇਹ ਮਿਸਲ ਅਸਲੋਂ ਕਮਜ਼ੋਰ ਹੋ ਗਈ।

**ਰਾਮਗੜ੍ਹੀਏ ਹਾਰ ਗਏ**

੧੮੦੩ ਈ. ਵਿਚ ਸ: ਜੱਸਾ ਸਿੰਘ ਸੁਰਗਵਾਸ‡ ਹੋ ਗਿਆ, ਤਾਂ ਉਸ ਦਾ ਲੜਕਾ ਜੋਧ ਸਿੰਘ ਮਿਸਲ ਦਾ ਲੀਡਰ ਬਣਿਆਂ। ਉਸਨੇ ਮਹਾਰਾਜਾ ਰਣਜੀਤ ਸਿੰਘ ਦੀ ਨੌਕਰੀ ਕਰ ਲਈ। ਸ਼ੇਰੇ ਪੰਜਾਬ ਉਸਦੀ ਬੜੀ ਇੱਜ਼ਤ ਕਰਦਾ ਸੀ ਤੇ ਉਸਨੂੰ 'ਬਾਬਾ ਜੀ' ਕਹਿੰਦਾ ਸੀ।

**ਜੋਧ ਸਿੰਘ**

---

† ਏਸ ਲੜਾਈ ਦਾ ਪੂਰਾ ਵੇਰਵਾ ਵੇਖੋ 'ਸਿੱਖਰਾਜ ਤੇ ਸ਼ੇਰੇ-ਪੰਜਾਬ',।

‡ ਰਾਉਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੭੨੦, ਰਾਜ ਖ਼ਾਲਸਾ, ਪੰਨਾ ੧੩।

Sri Satguru Jagjit Singh Ji eLibrary NamdhariElibrary@gmail.com

ਜੋਧ ਸਿੰਘ ਦੇ ਵਾਰਸਾਂ ਨੂੰ ਜਾਗੀਰਾਂ

ਸਤੰਬਰ, ੧੮੧੫ ਈ. ਵਿਚ ਸ: ਜੋਧ ਸਿੰਘ ਸੁਰਗਵਾਸ ਹੋ ਗਿਆ । ਉਹਦੇ ਵਾਰਸ ਪਿੱਛੋਂ ਆਪਸ ਵਿਚ ਲੜਨ ਝਗੜਨ ਲੱਗ ਪਏ । ਮ: ਰਣਜੀਤ ਸਿੰਘ ਨੇ ਸਾਰਾ ਇਲਾਕਾ ਜ਼ਬਤ ਕਰਕੇ ਸ. ਜੋਧ ਸਿੰਘ ਦੀ ਵਿਧਵਾ, ਵੀਰ ਸਿੰਘ (ਜੋਧ ਸਿੰਘ ਦਾ ਭਾਈ) ਤੇ ਦੀਵਾਨ ਸਿੰਘ (ਤਾਰਾ ਸਿੰਘ ਦਾ ਪੁੱਤਰ) ਨੂੰ ਜਾਗੀਰ ਦੇ ਦਿਤੀ । ਏਸਤਰ੍ਹਾਂ ਇਹ ਮਿਸਲ ਖ਼ਤਮ ਹੋ ਗਈ ।

Sri Satguru Jagjit Singh Ji eLibrary NamdhariElibrary@gmail.com

# ੪. ਮਿਸਲ ਕਨ੍ਹਈਆਂ

ਬੰਸਾਵਲੀ




ਜੈ ਸਿੰਘ

ਜਥੇ ਦਾ ਬਾਨੀ ਸ:ਜੈ ਸਿੰਘ ਸੰਧੂ ਜੱਟ ਪਿੰਡ 'ਕਾਹਨਾ' ਜ਼ਿਲਾ ਲਾਹੌਰ ਦਾ ਸੀ। ਪਿੰਡ ਕਾਹਨਾ ਤੋਂ ਹੀ ਏਸ ਦਾ ਲਕਬ 'ਕਨ੍ਹਈਆ' ਪੈ ਗਿਆ। ਇਸ ਲਕਬ ਦਾ ਇਕ ਹੋਰ ਕਾਰਨ ਵੀ ਦਸਦੇ ਹਨ।

ਸ: ਜੈ ਸਿੰਘ ਬਹੁਤ ਖ਼ੂਬਸੂਰਤ ਸੀ। ਕ੍ਰਿਸ਼ਨ ਭਗਵਾਨ ਖ਼ੂਬਸੂਰਤ ਹੋਣ ਕਰਕੇ 'ਕਨ੍ਹਈਆ' ਅਖਵਾਉਂਦਾ ਸੀ, ਸੋ ਸ: ਜੈ ਸਿੰਘ ਨੂੰ ਵੀ ਲੋਕ 'ਕਨ੍ਹਈਆ' ਕਹਿਣ ਲੱਗ ਪਏ। ੧੭੪੮ ਈ. ਵਿਚ ਮਿਸਲਾਂ ਬਣੀਆਂ, ਤਾਂ ਸ: ਜੈ ਸਿੰਘ ਨੇ ਵੱਖਰੀ ਮਿਸਲ ਕਨ੍ਹਈਆਂ ਬਣਾ ਲਈ। ਬੁੱਢਾ ਦਲ, ਤਰਨਾ ਦਲ ਬਣੇ, ਤਾਂ ਇਹ ਮਿਸਲ ਤਰਨਾ ਦਲ ਵਿਚ ਸ਼ਾਮਲ ਹੋ ਗਈ। ੧੭੬੩ ਈ. ਵਿਚ ਕਸੂਰ ਮਾਰਿਆ, ਤਾਂ ਲੁੱਟ ਦੇ ਮਾਲ ਤੋਂ ਰਾਮਗੜ੍ਹੀਆਂ ਤੇ

Sri Satguru Jagjit Singh Ji eLibrary NamdhariElibrary@gmail.com

ਕਨ੍ਹਈਆਂ ਵਿਚ ਵੈਰ ਪੈ ਗਿਆ* । ੧੭੬੪ ਈ. ਵਿਚ ਜ਼ੈਨ ਖ਼ਾਂ ਨੂੰ ਮਾਰ ਕੇ ਸਿੱਖਾਂ ਨੇ ਸੂਬਾ ਸਰਹਿੰਦ ਵੰਡਿਆ । ਕਨ੍ਹਈਆਂ ਨੇ ਉਸ ਵਿਚੋਂ ਇਲਾਕੇ 'ਤੇ ਕਬਜ਼ਾ ਨਾ ਕੀਤਾ । ਇਹ ਵਾਪਸ ਰਿਆੜਕੀ ਵੱਲ ਆ ਗਏ । ਇਹ ਪੰਥ ਦੀ ਹਰ ਮੁਹਿੰਮੇ ਵਿਚ ਸ਼ਾਮਲ ਰਹੇ । ਸ: ਜੈ ਸਿੰਘ ਦੇ ਸਾਥੀ ਸਰਦਾਰ ਇਹ ਸਨ : ਝੰਡਾ ਸਿੰਘ, ਸਿੰਘਾ (ਦੋਵੇਂ ਸ: ਜੈ ਸਿੰਘ ਦੇ ਭਰੱਾ), ਹਕੀਕਤ ਸਿੰਘ, ਅਮਰ ਸਿੰਘ ਵਾਘਾ, ਅਮਰ ਸਿੰਘ ਕਿੰਗਰਾ, ਲੱਖਾ ਸਿੰਘ, ਬੁਧ ਸਿੰਘ ਧਰਮਕੋਟ, ਝੰਡਾ ਸਿੰਘ ਬਾਕਰਪੁਰੀਆ, ਝੰਡਾ ਸਿੰਘ ਕਰੋਹ ਆਦਿ† ।

੧੭੬੯ ਈ. ਵਿਚ ਇਸ ਮਿਸਲ ਦੇ ਕਬਜ਼ੇ ਵਿਚ ਇਹ ਥਾਂ ਸਨ :

ਹਾਜੀਪੁਰ, ਮੁਕੇਰੀਆਂ, ਕਰੋਟ‡, ਦੁਆਬਾ ਜਲੰਧਰ ਵਿਚ । ਬਟਾਲਾ ਕਬਜ਼ੇ ਪਰਗਣਾ ਵਿਚੋਂ ਕੁਛ ਪਿੰਡ, ਪੜੋਲ, ਘਰੋਟਾ, ਤਾਰਾਗੜ੍ਹ, ਅਦਾਲਤ ਗੜ੍ਹ, ਨੰਗਲਬੂਰ, ਗੁਰਦਾਸਪੁਰ, ਫ਼ਤਹਿਗੜ੍ਹ, ਸ਼ਕਾਰਗੜ੍ਹ, ਸੋਹੀਆਂ, ਗਿਲਵਾਲੀ, ਪੰਜਗਰਾਈਂ ਆਦਿ, (ਜੈ ਸਿੰਘ ਦੇ ਕਬਜ਼ੇ ਵਿਚ), ਸੁਜਾਨਪੁਰ ਸੁਕਾਲਗੜ੍ਹ, ਪਲਾਹੀ, ਧਰਮਕੋਟ, ਬਹਿਰਾਮਪੁਰ (ਅਮਰ ਸਿੰਘ ਵਾਘਾ ਦੇ ਕਬਜ਼ੇ ਵਿਚ), ਤੇ ਕੁਛ ਪਿੰਡ ਹੋਰ ਮਾਤਹਿਤ ਸਰਦਾਰਾਂ ਦੇ ਕਬਜ਼ੇ ਵਿਚ, ਬਾਰੀ ਦੁਆਬ ਵਿਚ । ਮੰਭੜਿਆਲ, ਸਤਰਾਹ, ਮਲਕਾਂ ਵਾਲਾ, ਸਿਰਾਂਵਾਲੀ ਨੁਨਾਰ, (ਜੈਮਲ ਸਿੰਘ ਦੇ ਕਬਜ਼ੇ) ਦੁਆਬਾ ਰਚਨਾ ਵਿਚ()।

ਨਧਾਨ ਸਿੰਘ ਰੰਧਾਵਾ ਨਾਲ ਲੜ ਕੇ ਝੰਡਾ ਸਿੰਘ (ਜੈ ਸਿੰਘ ਦਾ ਭਰੱਾ) ਮਾਰਿਆ ਗਿਆ । ਉਸ ਦੀ ਸਿੰਘਣੀ ਨਾਲ ਜੈ ਸਿੰਘ ਨੇ ਪੁਨਰ-ਵਿਆਹ ਕਰਾ ਲਿਆ[] । ਸਰਦਾਰਾਂ ਵਿਚ ਇਲਾਕੇ ਵੰਡੇ,

---

* ਵੇਖੋ 'ਸਿੱਖਰਾਜ ਕਿਵੇਂ ਬਣਿਆ' ।

† ਰਾਜ ਖ਼ਾਲਸਾ, ਪੰਨਾ ੧੭ ।

‡ ਰਾਉਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੬੨੫ ।

() ਗੁਪਤਾ, ਹਿੱਸਾ ਤਿੱਜਾ, ਪੰਨੇ ੩-੪ ।

[] ਰਾਉਸਾ-ਏ-ਪੰਜਾਬ, ਪੰਨਾ ੬੨੫; ਰਾਜ ਖ਼ਾਲਸਾ, ਪੰਨਾ ੧੭ ।

Sri Satguru Jagjit Singh Ji eLibrary NamdhariElibrary@gmail.com

ਹਕੀਕਤ ਸਿੰਘ ਤਾਂ ਜੈ ਸਿੰਘ ਨੇ ਸੰਗਤਪੁਰ ਹਕੀਕਤ ਸਿੰਘ ਤੇ ਮਤਾਬ ਸਿੰਘ (ਜੈ ਸਿੰਘ ਦੇ ਰਿਸ਼ਤੇਦਾਰ) ਨੂੰ ਦੇ ਦਿਤਾ। ਕਲਾਨੌਰ ਵੀ ਹਕੀਕਤ ਸਿੰਘ ਨੂੰ ਦਿਤਾ, ਜੋ ਪਿੱਛੋਂ ਉਸ ਦੇ ਪੁੱਤਰ ਜੈਮਲ ਸਿੰਘ ਕੋਲ ਰਿਹਾ।

ਪਹਾੜੀ ਰਿਆਸਤਾਂ

ਜੰਮੂੰ ਦੀ ਲੜਾਈ (੧੭੭੪ ਈ.) ਵਿਚ ਸ: ਜੈ ਸਿੰਘ ਕਨ੍ਹਈਆ ਨੇ ਧੋਖੇ ਨਾਲ ਸ: ਝੰਡਾ ਸਿੰਘ ਭੰਗੀ ਨੂੰ ਮਰਵਾ ਦਿਤਾ, ਏਸ ਤਰ੍ਹਾਂ ਭੰਗੀ ਮਿਸਲ ਕਮਜ਼ੋਰ ਹੋ ਗਈ। ੧੭੭੫ ਈ. ਵਿਚ ਸ: ਜੈ ਸਿੰਘ ਨੇ ਨੂਰਪੁਰ, ਚੰਬਾ ਆਦਿ ਪਹਾੜੀ ਰਿਆਸਤਾਂ ਉੱਤੇ ਆਪਣੀ ਸਰਦਾਰੀ ਕਾਇਮ ਕਰ ਲਈ। ਪਹਿਲਾਂ ਇਹ ਰਿਆਸਤਾਂ ਰਾਮਗੜ੍ਹੀਆਂ ਦੇ ਅਧੀਨ ਸਨ।

੧੭੭੬ ਈ. ਵਿਚ ਕਨ੍ਹਈਆਂ ਨੇ ਆਹਲੂਵਾਲੀਆਂ, ਸ਼ੁਕਰਚੱਕੀਆਂ ਤੇ ਸੰਸਾਰ ਚੰਦ ਦੀ ਮਦਦ ਨਾਲ ਰਾਮਗੜ੍ਹੀਆਂ ਦਾ ਇਲਾਕਾ ਖੋਹਕੇ ਆਪਣੇ ਕਬਜ਼ੇ ਕਰ ਲਿਆ ਤੇ ਰਾਮਗੜ੍ਹੀਏ ਹਿਸਾਰ ਨੂੰ ਚਲੇ ਗਏ।

ਜੰਮੂੰ ਅਧੀਨ ਕੀਤਾ

੧੭੮੧ ਈ.ਵਿਚ ਸ: ਹਕੀਕਤ ਸਿੰਘ ਨੇ ਰਾਜਾ ਜੰਮੂੰ ਬ੍ਰਿਜ-ਰਾਜ ਦੇਵ ਦੀ ਮਦਦ, ਭੰਗੀ ਮਿਸਲ ਦੇ ਵਿਰੁਧ ਕੀਤੀ। ਤਾਂ ਜੰਮੂੰ ਦੇ ਰਾਜਾ ਨੇ ਸ: ਹਕੀਕਤ ਸਿੰਘ ਦੀ ਅਧੀਨਗੀ ਪ੍ਰਵਾਨ ਕਰਕੇ ਖ਼ਰਾਜ ਦੇਣਾ ਮੰਨਿਆਂ‡।

ਕਟੋਚ

ਪਹਾੜੀ ਰਿਆਸਤਾਂ ਵਿਚੋਂ ਸਭ ਤੋਂ ਪਹਿਲਾਂ ਕਟੋਚ ਦੇ ਰਾਜੇ ਘੁਮੰਡ ਚੰਦ ਨੇ ਸਿੱਖਾਂ ਦੀ ਈਨ ਮੰਨੀ ਸੀ। ਉਹ ੧੭੭੪ ਈ. ਵਿਚ ਮਰਿਆ, ਤਾਂ ਉਸ ਦਾ ਪੁੱਤਰ ਤੇਗ਼ ਚੰਦ ਗੱਦੀ 'ਤੇ ਬੈਠਾ। ਉਹ ੧੭੭੬ ਈ. ਵਿਚ ਮਰ ਗਿਆ, ਤਾਂ ਉਸ ਦਾ ਪੁੱਤਰ ਸੰਸਾਰ ਚੰਦ ਰਾਜਾ ਬਣਿਆਂ। ਉਹਦੇ ਦਿਲ ਵਿਚ ਹਰ ਵੇਲੇ ਕਿਲ੍ਹਾ ਕਾਂਗੜਾ ਲੈਣ ਦੀ ਰੀਝ ਬਣੀ ਰਹਿੰਦੀ ਸੀ। ਕਾਂਗੜੇ ਉੱਤੇ ਉਸ ਵੇਲੇ ਮੁਗ਼ਲ ਫ਼ੌਜਦਾਰ ਸੈਫ਼ ਅਲੀ ਦਾ ਕਬਜ਼ਾ ਸੀ। ਸੰਸਾਰ ਚੰਦ ਨੇ ਸ: ਜੈ ਸਿੰਘ ਕਨ੍ਹ-

---

‡ ਵੇਖੋ 'ਸਿੱਖਰਾਜ ਤੇ ਸ਼ੇਰੇ-ਪੰਜਾਬ'।

Sri Satguru Jagjit Singh Ji eLibrary NamdhariElibrary@gmail.com

ਕਾਂਗੜੇ 'ਤੇ ਕਬਜ਼ਾ

ਈਆ ਤੋਂ ਮਦਦ ਮੰਗੀ। ਸ: ਜੈ ਸਿੰਘ ਨੇ ਆਪਣੇ ਪੁੱਤਰ ਗੁਰਬਖ਼ਸ਼ ਸਿੰਘ ਤੇ ਸ: ਬਘੇਲ ਸਿੰਘ ਕਰੋੜਾਸਿੰਘੀਏ ਨੂੰ ਫ਼ੌਜ ਦੇ ਕੇ ਭੇਜਿਆ। ਉਹਨਾਂ ੧੭੮੨ ਈ. ਵਿਚ ਕਿਲ੍ਹੇ ਕਾਂਗੜੇ ਨੂੰ ਘੇਰਾ ਪਾ ਲਿਆ, ਜੋ ਸਾਲ ਭਰ ਰਿਹਾ। ੧੭੮੩ ਈ. ਵਿਚ ਸੈਫ ਅਲੀ ਕੁਦਰਤੀ ਮੌਤ ਮਰ ਗਿਆ। ਸੰਸਾਰ ਚੰਦ ਨੇ ਅੰਦਰਖ਼ਾਨੇ ਸੈਫ ਅਲੀ ਦੇ ਨੌਕਰਾਂ ਨਾਲ ਗੰਢ ਲਈ, ਕਿ ਸਿੱਖਾਂ ਨੂੰ ਪਤਾ ਲੱਗੇ ਬਿਨਾਂ ਕਿਲ੍ਹੇ 'ਤੇ ਕਬਜ਼ਾ ਕਰ ਲਵੇ। ਸੈਫ ਅਲੀ ਦੇ ਪੁੱਤਰ ਜੀਵਨ ਖ਼ਾਂ ਨੇ ਸਿੱਖਾਂ ਨਾਲ ਸੁਲ੍ਹਾ ਕਰ ਲਈ। ਸੋ ਜਦ ਸੈਫ ਅਲੀ ਦੀ ਅਰਥੀ ਬਾਹਰ ਨਿਕਲੀ, ਤਾਂ ਸਿੱਖਾਂ ਨੇ ਕਿਲ੍ਹਾ ਕਾਂਗੜਾ 'ਤੇ ਕਬਜ਼ਾ ਕਰ ਲਿਆ*।

ਸੁਕਰਚੱਕੀਆਂ ਨਾਲ ਵਿਗਾੜ

੧੭੮੧ ਈ. ਵਿਚ ਰਾਜਾ ਬ੍ਰਿਜਰਾਜ ਦੇਵ ਜੰਮੂੰ ਨੇ ਸ: ਹਕੀਕਤ ਸਿੰਘ ਕਨ੍ਹਈਆ ਨੂੰ ਤੀਹ ਹਜ਼ਾਰ ਸਾਲਾਨਾ ਖ਼ਰਾਜ ਦੇਣਾ ਮੰਨਿਆਂ ਸੀ। ਅਗਲੇ ਸਾਲ ਸ: ਹਕੀਕਤ ਸਿੰਘ ਨੇ ਖ਼ਰਾਜ ਮੰਗਿਆ, ਤਾਂ ਰਾਜਾ ਜੰਮੂੰ ਨੇ ਇਨਕਾਰ ਕਰ ਦਿਤਾ। ਸ: ਹਕੀਕਤ ਸਿੰਘ ਨੇ ਜਮੂੰ 'ਤੇ ਹਮਲਾ ਕਰਨ ਵਾਸਤੇ ਸ: ਮਹਾਂ ਸਿੰਘ ਸੁਕਰਚੱਕੀਏ ਨੂੰ ਮਦਦ ਲਈ ਬੁਲਾ ਲਿਆ। ਹਕੀਕਤ ਸਿੰਘ ਜ਼ਫ਼ਰਵਾਲ ਵੱਲੋਂ ਤੇ ਮਹਾਂ ਸਿੰਘ ਚਪਰਾਲ ਵੱਲੋਂ ਜੰਮੂੰ ਵੱਲ ਵਧੇ। ਬ੍ਰਿਜਰਾਜ ਦੇਵ ਡਰਦਾ ਤ੍ਰਿਕੁਟਾ ਦੇਵੀ ਦੇ ਪਹਾੜਾਂ ਨੂੰ ਨੱਸ ਗਿਆ। ਮਹਾਂ ਸਿੰਘ ਆਪਣੇ ਸਾਥੀ ਤੋਂ ਪਹਿਲਾਂ ਜੰਮੂੰ ਜਾ ਪੁੱਜਾ। ਉਹ ਇਕੱਲਾ ਹੀ ਜੰਮੂੰ ਵਿਚੋਂ ਦੋ-ਕੁ ਕਰੋੜ ਦਾ ਮਾਲ ਲੁੱਟ ਕੇ ਵਾਪਸ ਮੁੜ ਗਿਆ। ਪਿੱਛੋਂ ਹਕੀਕਤ ਸਿੰਘ ਨੇ ਜੰਮੂੰ ਦੀ ਲੁੱਟ ਵਿਚੋਂ ਹਿੱਸਾ ਮੰਗਿਆ, ਪਰ ਸ: ਮਹਾਂ ਸਿੰਘ ਨੇ ਇਹ ਗੱਲ ਮੰਨੀ ਨਾਂ†। ਏਸ ਗੱਲੋਂ ਦੋਹਾਂ ਮਿਸਲਾਂ ਵਿਚ ਵਿਗਾੜ ਪੈ ਗਿਆ। ਨਹੀਂ ਤਾਂ ਮਹਾਂ ਸਿੰਘ ਦੀ ਛੋਟੀ ਉਮਰ ਵਿਚ ਸ: ਜੈ ਸਿੰਘ ਕਨ੍ਹਈਆ ਉਸਦੀ ਕਾਫ਼ੀ ਮਦਦ ਕਰਦਾ ਰਿਹਾ ਸੀ।

---

* ਰਾਜ ਖ਼ਾਲਸਾ, ਪੰਨੇ ੧੭-੮; ਗੁਪਤਾ, ਹਿੱਸਾ ਤਿੱਜਾ, ਪੰਨੇ ੨੬-੭।

† ਲਤੀਫ਼, ਪੰਨੇ ੩੪੨-੩।

Sri Satguru Jagjit Singh Ji eLibrary NamdhariElibrary@gmail.com

ਜੈਮਲ ਸਿੰਘ

ਏਸੇ ਸਾਲ (੧੭੯੨ ਈ.) ਕਲਾਨੌਰ ਵਿਚ ਸ: ਹਕੀਕਤ ਸਿੰਘ ਸੁਰਗਵਾਸ ਹੋ ਗਿਆ। ਉਸਦਾ ਪੁੱਤਰ ਜੈਮਲ ਸਿੰਘ ਜਾਗੀਰ ਦਾ ਮਾਲਕ ਬਣਿਆਂ।

ਜੈ ਸਿੰਘ ਤੇ ਮਹਾਂ ਸਿੰਘ

ਦੀਵਾਲੀ ਦੇ ਸਮੇਂ ਸ: ਮਹਾਂ ਸਿੰਘ, ਬੁਢੇ ਸ: ਜੈ ਸਿੰਘ ਕਨ੍ਹਈਏ ਨੂੰ ਮਿਲਨ ਅੰਮ੍ਰਿਤਸਰ ਗਿਆ ਤੇ ਸਤਕਾਰ ਵਜੋਂ ਮਠਿਆਈ ਲੈ ਕੇ ਹਾਜ਼ਰ ਹੋਇਆ। ਸ: ਜੈ ਸਿੰਘ ਨੇ ਜੰਮੂੰ ਦੀ ਲੁੱਟ ਵਿਚੋਂ ਹਕੀਕਤ ਸਿੰਘ ਦਾ ਹਿੱਸਾ ਮੰਗਿਆ। ਸ: ਮਹਾਂ ਸਿੰਘ ਹਿੱਸਾ ਦੇਣ ਵਾਸਤੇ ਤਿਆਰ ਨਾ ਹੋਇਆ, ਤਾਂ ਜੈ ਸਿੰਘ ਨੇ ਬੜਾ ਨਿਰਾਦਰ ਕਰਕੇ ਮਹਾਂ ਸਿੰਘ ਨੂੰ ਘਰੋਂ ਕਢਿਆ। ਮਹਾਂ ਸਿੰਘ ਨੇ ਇਸ ਨਿਰਾਦਰੀ ਦਾ ਬਦਲਾ ਲੈਣ ਬਦਲੇ ਸ: ਜੱਸਾ ਸਿੰਘ ਰਾਮ-ਗੜ੍ਹੀਏ ਨੂੰ ਬੁਲਾ ਲਿਆ, ਕਿ ਕਨ੍ਹਈਆਂ ਤੋਂ ਆਪਣਾ ਇਲਾਕਾ ਵਾਪਸ ਲਵੋ, ਮੈਂ ਮਦਦ ਕਰਾਂਗਾ।

ਥੋੜੇ ਸਮੇਂ ਪਿੱਛੋਂ ਸ: ਜੈ ਸਿੰਘ ਕਨ੍ਹਈਏ ਨੇ ਹਮਲਾ ਕਰਕੇ ਮਹਾਂ ਸਿੰਘ ਦੇ ਕੁਛ ਇਲਾਕੇ ਲੁੱਟ ਲਏ। ਖ਼ਬਰ ਸੁਣ ਕੇ ਮਹਾਂ ਸਿੰਘ ਟਾਕਰੇ 'ਤੇ ਆ ਪਹੁੰਚਾ। ਮਜੀਠੇ ਕੋਲ ਲੜਾਈ ਹੋਈ, ਜਿਸ ਵਿਚ ਕਨ੍ਹਈਏ ਹਾਰ ਕੇ ਜੰਡਿਆਲੇ ਜਾ ਵੜੇ।

ਏਨੇ ਨੂੰ ਸ: ਜੱਸਾ ਸਿੰਘ ਰਾਮਗੜ੍ਹੀਆ ਵੀ ਆ ਗਿਆ। ੧੭੮੪ ਈ. ਵਿਚ ਸ: ਮਹਾਂ ਸਿੰਘ ਸੁਕਰਚੱਕੀਏ, ਸ: ਜੱਸਾ ਸਿੰਘ ਰਾਮਗੜ੍ਹੀਏ ਤੇ ਰਾਜਾ ਸੰਸਾਰ ਚੰਦ ਕਟੋਚੀਏ ਨੇ ਰਲ ਕੇ ਕਨ੍ਹਈਆਂ ਉੱਤੇ ਚੜ੍ਹਾਈ

ਗੁਰਬਖ਼ਸ਼ ਸਿੰਘ ਕਤਲ

ਕਰ ਦਿਤੀ। ਅੱਗੋਂ ਸ: ਜੈ ਸਿੰਘ ਕਨ੍ਹਈਆ ਤੇ ਉਸਦਾ ਪੁੱਤਰ ਗੁਰਬਖ਼ਸ਼ ਸਿੰਘ ਟਾਕਰੇ 'ਤੇ ਆਏ। 'ਅੱਚਲ' ਕੋਲ ਬੜੀ ਸਖ਼ਤ ਲੜਾਈ ਹੋਈ, ਜਿਸ ਵਿਚ ਸ: ਗੁਰਬਖ਼ਸ਼ ਸਿੰਘ ਮਾਰਿਆ ਗਿਆ। ਕਨ੍ਹਈਏ ਪੂਰੀ ਤਰ੍ਹਾਂ ਹਾਰ ਗਏ। ਸ: ਜੱਸਾ ਸਿੰਘ ਰਾਮਗੜ੍ਹੀਏ ਨੇ ਬਟਾਲੇ ਉੱਤੇ ਕਬਜ਼ਾ ਕਰ ਲਿਆ ਤੇ ਰਾਜਾ ਸੰਸਾਰ ਚੰਦ ਨੇ ਕਾਂਗੜਾ ਮੱਲ ਲਿਆ‡।

‡ ਕਨਿੰਘਮ, ਪੰਨਾ ੧੧੮।

Sri Satguru Jagjit Singh Ji eLibrary NamdhariElibrary@gmail.com

ਨੌਸ਼ਹਿਰੇ ਕੋਲ ਸ: ਜੈ ਸਿੰਘ ਨੇ ਫਿਰ ਮਹਾਂ ਸਿੰਘ 'ਤੇ ਹਮਲਾ ਕੀਤਾ ਕਨ੍ਹਈਆ ਸਰਦਾਰ ਏਥੇ ਵੀ ਹਾਰ ਗਿਆ* ।

ਸ: ਜੈ ਸਿੰਘ ਦੇ ਤਿੰਨਾਂ ਪੁੱਤਰਾਂ ਵਿਚੋਂ ਵੱਡਾ ਗੁਰਬਖ਼ਸ਼ ਸਿੰਘ ਹੀ ਲਾਇਕ ਸੀ । ਉਹਦੇ ਮਰਨ ਨਾਲ ਮਿਸਲ ਦੀ ਤਾਕਤ ਅਸਲੋਂ ਖੇਰੂੰ ਖੇਰੂੰ ਹੋ ਗਈ । ਸ: ਗੁਰਬਖ਼ਸ਼ ਸਿੰਘ ਦੀ ਵਿਧਵਾ ਸਰਦਾਰਨੀ ਸਦਾ ਕੌਰ ਬੜੀ ਦੂਰ ਦੀ ਸੋਚਣ ਵਾਲੀ ਸੀ । ਉਹਨੇ ਡਿਗਦੇ ਵਕਾਰ ਨੂੰ ਸੰਭਾਲਣ ਦਾ ਰਾਹ ਸੋਚ ਲਿਆ । ਸ: ਜੈ ਸਿੰਘ ਦੀ ਆੱਗਿਆ ਨਾਲ ੧੭੮੫ ਈ. ਵਿਚ ਉਹਨੇ ਆਪਣੀ ਲੜਕੀ ਮਹਿਤਾਬ ਕੌਰ ਦੀ ਮੰਗਣੀ ਸ: ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਨਾਲ ਕਰ ਦਿਤੀ ਤੇ ਅਗਲੇ ਸਾਲ (੧੭੮੬ ਈ.) ਬੜੀ ਧੂਮ ਧਾਮ ਨਾਲ ਵਿਆਹ ਕਰ ਦਿਤਾ । ਏਸਤਰ੍ਹਾਂ ਉਸਨੇ ਮਿਸਲ ਸੁਕਰਚੱਕੀਆਂ ਦੀ ਹਮਾਇਤ ਹਾਸਲ ਕਰ ਲਈ ।

**ਮਹਿਤਾਬ ਕੌਰ ਦੀ ਰਣਜੀਤ ਸਿੰਘ ਨਾਲ ਸ਼ਾਦੀ**

੧੭੯੮ ਈ. ਵਿਚ ਸ: ਜੈ ਸਿੰਘ ਸੁਰਗਵਾਸ ਹੋ ਗਿਆ । ਤਾਂ ਮਿਸਲ ਦੀ ਲੀਡਰ ਉਸਦੀ ਨੂੰਹ-ਸਦਾ ਕੌਰ-ਬਣੀ । ਜਿਸ ਬਾਰੇ ਕਨਿੰਘਮ ਲਿਖਦਾ ਹੈ :—'ਸਦਾ ਕੌਰ ਬੜੇ ਹੌਸਲੇ ਵਾਲੀ ਤੇ ਰਾਜਸੀ ਤਾਕਤ ਹਾਸਲ ਕਰਨ ਲਈ ਤੀਬਰ ਇੱਛਿਆ ਰੱਖਣ ਵਾਲੀ ਸੀ । ਜੀਵਨ ਦੇ ਆਰੰਭ ਵਿਚ ਉਹਨੇ ਰਣਜੀਤ ਸਿੰਘ ਦੀ ਬੜੀ ਮਦਦ ਕੀਤੀ । ਲਾਹੌਰ ਤੇ ਅੰਮ੍ਰਿਤਸਰ ਦਾ ਮਾਲਕ ਬਣਨ ਵਿਚ ਉਹਨੇ ਮਹਾਰਾਜੇ ਦਾ ਪੂਰਾ ਸਾਥ ਦਿਤਾ । ਉਹਦੇ ਦਿਲ ਵਿਚ ਬੜੀਆਂ ਰੀਝਾਂ ਸਨ, ਕਿ ਰਣਜੀਤ ਸਿੰਘ ਦਾ ਵਲੀ ਅਹਿਦ (ਉਹਦੇ ਪਿੱਛੋ ਤਖ਼ਤ ਦਾ ਵਾਰਸ) ਉਸਦਾ ਦੋਹਤਰਾ ਬਣੇਗਾ ਤੇ ਸਿੱਖਰਾਜ ਵਿਚ ਉਹਦਾ ਉਚੇਰਾ ਅਧਿਕਾਰ ਰਹੇਗਾ† । ਪਰ ਉਹਦੀਆਂ ਆਸਾਂ ਦੇ ਉਲਟ ਰਣਜੀਤ

**ਸਦਾ ਕੌਰ ਤੇ ਰਣਜੀਤ ਸਿੰਘ**

---

* ਲਤੀਫ਼, ਪੰਨਾ ੩੪੪ ।

† ਕਨਿੰਘਮ, ਪੰਨਾ ੭੫ ।

Sri Satguru Jagjit Singh Ji eLibrary NamdhariElibrary@gmail.com

ਸਿੰਘ ਦੇ ਘਰ ਜੇਠਾ ਪੁੱਤਰ (ਖੜਕ ਸਿੰਘ) ੧੮੦੨ ਈ. ਵਿਚ ਰਾਣੀ ਨਕਾਇਣ ਦੇ ਘਰ ਜਨਮਿਆਂ। ਮਹਿਤਾਬ ਕੌਰ (ਸਦਾ ਕੌਰ ਦੀ ਲੜਕੀ) ਦੀ ਕੁੱਖੋਂ ਸ਼ੇਰ ਸਿੰਘ ੧੮੦੭ ਈ. ਵਿਚ ਹੋਇਆ। ਸ਼ੇਰ ਸਿੰਘ ਤਾਰਾ ਸਿੰਘ (ਜੌੜੇ) ਸਦਾ ਕੌਰ ਕੋਲ ਹੀ ਪਲੇ ਸਨ। ਸਦਾ ਕੌਰ ਨੂੰ ਭਰੋਸਾ ਨਹੀਂ ਸੀ, ਕਿ ਮ. ਰਣਜੀਤ ਸਿੰਘ ਟਿੱਕਾ ਖੜਕ ਸਿੰਘ ਦਾ ਹੱਕ ਮਾਰ ਕੇ ਰਾਜ ਗੱਦੀ ਸ਼ੇਰ ਸਿੰਘ ਨੂੰ ਦੇ ਦੇਵੇਗਾ। ਸੋ, ਸਦਾ ਕੌਰ ਏਸ ਪਾਸਿਓਂ ਨਿਰਾਸ ਹੋ ਕੇ ਅੰਦਰ ਖ਼ਾਨੇ ਅੰਗਰੇਜ਼ਾਂ ਨਾਲ ਗੰਢਣ ਲੱਗ ਪਈ। ੧੮੧੦ ਈ. ਵਿਚ ਉਹਨੇ ਅੰਗਰੇਜ਼ਾਂ ਨੂੰ ਲਿਖਿਆ, ਕਿ ਮ: ਰਣਜੀਤ ਸਿੰਘ ਨੇ ਮੇਰਾ ਹੱਕ ਮਾਰ ਲਿਆ ਹੈ, ਤੇ ਉਹ ਅੰਗਰੇਜ਼ਾਂ ਨਾਲ ਲੜਨ ਦੀ ਤਿਆਰੀ ਕਰ ਰਿਹਾ ਹੈ‡। ਏਸ ਚਿੱਠੀ ਨੇ ਅੰਗਰੇਜਾਂ ਦੇ ਦਿਲ ਵਿਚ ਸ਼ੱਕ ਪੈਦਾ ਕਰ ਦਿਤਾ, ਪਰ ਛੇਤੀ ਹੀ ਮਹਾਰਾਜੇ ਨੇ ਏਸ ਗੱਲ ਦੀ ਸਫ਼ਾਈ ਕਰ ਦਿਤੀ।

**ਸਦਾ ਕੌਰ ਦੀ ਅੰਗਰੇਜ਼ਾਂ ਨੂੰ ਚਿੱਠੀ**

੧੮੧੬ ਈ. ਵਿਚ ਮ: ਰਣਜੀਤ ਸਿੰਘ ਨੇ ਸ: ਖੜਕ ਸਿੰਘ ਨੂੰ ਰਾਜ-ਤਿਲਕ ਦੇ ਕੇ ਗੱਦੀ ਦਾ ਵਾਰਸ (ਵਲੀ-ਅਹਿਦ) ਬਣਾ ਦਿਤਾ। ਏਸ ਗੱਲੋਂ ਸਦਾ ਕੌਰ ਨਾਰਾਜ਼ ਹੋ ਗਈ। ੧੮੨੧ ਈ. ਵਿਚ ਉਹਨੇ ਫਿਰ ਕੁਛ ਅਜੇਹੀਆਂ ਹਰਕਤਾਂ ਕੀਤੀਆਂ, ਜਿਸ ਤੋਂ ਉਸਦੇ ਵਿਰੁਧ ਮਹਾਰਾਜੇ ਦੇ ਦਿਲ ਵਿਚ ਸ਼ੱਕ ਪੈ ਗਿਆ। ਉਹਨੇ ਸਦਾ ਕੌਰ ਦੀ ਤਾਕਤ ਘਟਾਉਣ ਦੀ ਸੋਚੀ। ਸਦਾ ਕੌਰ ਨੂੰ ਲਾਹੌਰ ਬੁਲਾ ਕੇ ਮਹਾਰਾਜੇ ਨੇ ਕਿਹਾ, ਕਿ ਆਪਣੇ ਦੋਹਤਰਿਆਂ ਨੂੰ ਆਪਣੇ ਇਲਾਕੇ ਵਿਚੋਂ ਜਾਗੀਰ ਦੇਵੋ। ਏਸ ਗੱਲੋਂ ਸਦਾ ਕੌਰ ਏਨੀ ਨਾਰਾਜ਼ ਹੋਈ, ਕਿ ਉਹ ਸਤਲੁਜੋਂ ਪਾਰ ਅੰਗਰੇਜ਼ਾਂ ਦੀ ਰਾਖੀ ਵਿਚ ਚਲੀ ਜਾਣ ਦੀ ਧਮਕੀ ਦੇਣ ਲੱਗੀ। ਤਾਂ ਮਹਾਰਾਜੇ ਨੇ ਸਦਾ ਕੌਰ ਨੂੰ ਫੜ ਕੇ ਨਜ਼ਰਬੰਦ ਕਰ ਦਿਤਾ। ਏਸਤਰ੍ਹਾਂ ਉਸ ਤੋਂ ਜ਼ਬਰਦਸਤੀ ਸ਼ੇਰ ਸਿੰਘ ਤਾਰਾ ਸਿੰਘ ਦੇ ਨਾਂ ਜਾਗੀਰ ਲਿਖਵਾਈ ਗਈ। ਸਦਾ ਕੌਰ ਚੋਰੀ ਲਾਹੌਰੋਂ ਨੱਸ ਗਈ, ਪਰ

**ਸਦਾ ਕੌਰ ਨਜ਼ਰਬੰਦ**

‡ ਕਨਿੰਘਮ, ਪੰਨਾ ੧੭੫।

Sri Satguru Jagjit Singh Ji eLibrary NamdhariElibrary@gmail.com

ਰਾਹ ਵਿਚੋਂ ਹੀ ਗ੍ਰਿਫ਼ਤਾਰ ਕਰਕੇ ਫਿਰ ਲਾਹੌਰ ਵਿਚ ਕੈਦ ਕੀਤੀ ਗਈ।

ਸਦਾ ਕੌਰ ਦੇ ਅੰਗਰੇਜ਼ਾਂ ਨਾਲ ਚਿੱਠੀ-ਪੱਤਰ ਦਾ ਨਤੀਜਾ ਇਹ ਨਿਕਲਿਆ, ਕਿ ਅੰਗਰੇਜ਼ੀ ਏਜੰਟ ਨੇ ਐਲਾਨ ਕੀਤਾ, "ਰਾਣੀ ਸਦਾ ਕੌਰ ਕਨ੍ਹਈਆ ਮਿਸਲ ਦੀ ਖ਼ੁਦਮੁਖ਼ਤਿਆਰ ਲੀਡਰ ਹੈ। ਸਤਲੁਜ ਤੋਂ ਖੱਬੇ ਹੱਥ ਮਿਸਲ ਦੇ ਇਲਾਕੇ ਹਨ, ਇਸ ਵਾਸਤੇ ਉਹ ਸਰਕਾਰ

**ਸਦਾ ਕੌਰ ਸੁਰਗਵਾਸ**

ਅੰਗਰੇਜ਼ੀ ਦੀ ਰੱਖਿਆ ਵਿਚ ਹੈ*।" ਇਹਨਾਂ ਕਾਰਨਾਂ ਕਰਕੇ ਸਦਾ ਕੌਰ ਬਾਕੀ ਦੀ ਉਮਰ ਨਜ਼ਰਬੰਦ ਹੀ ਰਹੀ। ਉਹ ੧੮੩੨ ਈ. ਦੇ ਅਖ਼ੀਰ ਵਿਚ ਅੰਮ੍ਰਿਤਸਰ ਨਜ਼ਰਬੰਦੀ ਅੰਦਰ ਸੁਰਗ-ਵਾਸ ਹੋਈ।

**ਭਾਗ ਸਿੰਘ ਨਿਧਾਨ ਸਿੰਘ ਨੂੰ ਜਾਗੀਰ**

ਸ: ਜੈ ਸਿੰਘ ਦੇ ਦੂਜੇ ਦੋਵੇਂ ਪੁੱਤਰ—ਭਾਗ ਸਿੰਘ ਤੇ ਨਿਧਾਨ ਸਿੰਘ—ਹਾਜੀਪੁਰ ਦਲੇ ਗਏ। ਉਹਨਾਂ ਦਾ ਪ੍ਰਬੰਧ ਐਨਾ ਭੈੜਾ ਸੀ, ਕਿ ਪਰਜਾ ਉਹਨਾਂ ਹੱਥੋਂ ਤੰਗ ਆ ਗਈ। ੧੮੧੧ ਈ. ਵਿਚ ਮ: ਰਣਜੀਤ ਸਿੰਘ ਨੇ ਉਹਨਾਂ ਦਾ ਇਲਾਕਾ ਜ਼ਬਤ ਕਰਕੇ ਉਹਨਾਂ ਨੂੰ ਜਾਗੀਰ ਦੇ ਦਿਤੀ†।

**ਹਕੀਕਤ ਸਿੰਘ**

ਇਸ ਮਿਸਲ ਦਾ ਦੂੱਜਾ ਪ੍ਰਸਿਧ ਸਰਦਾਰ ਹਕੀਕਤ ਸਿੰਘ ਸੀ। ਉਹ ਸਰਦਾਰ ਬਘੇਲ ਸਿੰਘ ਸੰਧੂ ਜੱਟ ਪਿੰਡ ਜੁਲਕਾ ਦਾ ਪੁੱਤਰ ਸੀ। ਸ: ਬਘੇਲ ਸਿੰਘ ਦੇ ਤਿੰਨ ਪੁੱਤਰ ਸਨ : ਹਕੀਕਤ ਸਿੰਘ, ਮਤਾਬ ਸਿੰਘ ਤੇ ਸੱਦਾ ਸਿੰਘ। ਹਕੀਕਤ ਸਿੰਘ ਨੇ ਫ਼ਤਹਿ-ਗੜ੍ਹ ਵਸਾਇਆ ਤੇ ਮਤਾਬ ਸਿੰਘ ਨੇ ਉਸਦੇ ਨੇੜੇ ਹੀ ਕਿਲ੍ਹਾ ਚਤੌੜ ਗੜ੍ਹ ਬਣਾਇਆ। ੧੭੮੨ ਈ. ਵਿਚ ਸ: ਹਕੀਕਤ ਸਿੰਘ ਸੁਰਗਵਾਸ ਹੋ ਗਿਆ, ਤਾਂ ਉਸਦਾ ੧੧ ਸਾਲ ਦਾ ਪੁੱਤਰ ਜੈਮਲ ਸਿੰਘ ਜਾਗੀਰ ਦਾ

**ਜੈਮਲ ਸਿੰਘ**

ਮਾਲਕ ਬਣਿਆਂ। ੧੮੦੩ ਈ. ਸ:ਜੈਮਲ ਸਿੰਘ ਦੀ ਲੜਕੀ—

---

* ਕਨਿੰਘਮ, ਪੰਨਾ ੧੬੦।

† ਲਤੀਫ਼, ਪੰਨਾ ੩੯੦।

Sri Satguru Jagjit Singh Ji eLibrary NamdhariElibrary@gmail.com

ਬੀਬੀ ਚੰਦ ਕੌਰ—ਦੀ ਮੰਗਣੀ ਸ਼ਾ: ਖੜਕ ਸਿੰਘ ਨਾਲ ਹੋਈ।

**ਰਾਣੀ ਚੰਦ ਕੌਰ**

੬ ਫ਼ਰਵਰੀ ੧੮੧੨ ਈ. ਨੂੰ ਫ਼ਤਹਿਗੜ੍ਹ (ਜ਼ਿਲਾ ਗੁਰਦਾਸਪੁਰ) ਵਿਚ ਬੜੀ ਧੂਮ ਧਾਮ ਨਾਲ ਚੰਦ ਕੌਰ ਤੇ ਸ਼ਾ: ਖੜਕ ਸਿੰਘ ਦਾ ਵਿਆਹ ਹੋਇਆ। ਏਸੇ ਚੰਦ ਕੌਰ ਦੀ ਕੁੱਖੋਂ ੯ ਮਾਰਚ, ੧੮੨੧ ਈ. ਨੂੰ ਕੰਵਰ ਨੌਨਿਹਾਲ ਸਿੰਘ ਦਾ ਜਨਮ ਹੋਇਆ।

**ਚੰਦਾ ਸਿੰਘ**

ਅਗਸਤ, ੧੮੧੨ ਈ. ਵਿਚ ਸ: ਜੈਮਲ ਸਿੰਘ ਸੁਰਗਵਾਸ ਹੋ ਗਿਆ। ਮਹਾਰਾਜੇ ਨੇ ਉਸਦਾ ਸਾਰਾ ਇਲਾਕਾ ਜ਼ਬਤ ਕਰ ਲਿਆ ਤਿੰਨਾਂ ਮਹੀਨਿਆਂ ਪਿਛੋਂ ਉਸਦੇ ਘਰ ਪੁੱਤਰ—ਚੰਦਾ ਸਿੰਘ—ਜਨਮਿਆਂ, ਤਾਂ ਮਹਾਰਾਜੇ ਨੇ ਉਹਦੇ ਨਾਂ ਪੰਦਰਾਂ ਹਜ਼ਾਰ ਦੀ ਸਾਲਾਨਾ ਜਾਗੀਰ ਲਾ ਦਿਤੀ‡।

ਬੰਸਾਵਲੀ ਸ: ਹਕੀਕਤ ਸਿੰਘ ਕਨ੍ਹਈਆ




‡ ਲਤੀਫ਼, ਪੰਨਾ ੩੯੪; ਰਾਉਸਾ-ਏ-ਪੰਜਾਬ, ਹਿੱਸਾ ਦੂਜਾ, ਪੰਨਾ ੨੯।

Sri Satguru Jagjit Singh Ji eLibrary NamdhariElibrary@gmail.com

# ੫. ਮਿਸਲ ਨਕਈਆਂ

ਬੰਸਾਵਲੀ




ਨਕਈ ਮਿਸਲ ਸਾਰੀਆਂ ਮਿਸਲਾਂ ਵਿਚੋਂ ਛੋਟੀ ਸੀ। ਸ: ਹੀਰਾ ਸਿੰਘ (ਚੌਧਰੀ ਹੇਮਰਾਜ ਸੰਧੂ ਜੱਟ, ਪਿੰਡ ਬਹਿੜਵਾਲ, ਜ਼ਿਲਾ ਲਾਹੌਰ, ਦਾ ਪੁੱਤਰ) ਆਪਣੇ ਇਲਾਕੇ 'ਨੱਕਾ' ਦੇ ਨਾਂ ਤੇ 'ਨਕਈ' ਅਖਵਾਉਂਦਾ ਸੀ। ੧੭੪੮ ਈ. ਵਿਚ ਜਦ

**ਹੀਰਾ ਸਿੰਘ**

Sri Satguru Jagjit Singh Ji eLibrary NamdhariElibrary@gmail.com

ਮਿਸਲਾਂ ਬਣੀਆਂ, ਤਾਂ ਸ: ਹੀਰਾ ਸਿੰਘ ਨਕਈ ਨੇ ਆਪਣੀ ਵੱਖਰੀ ਮਿਸਲ ਬਣਾ ਲਈ, ਜਿਸਦਾ ਨਾਮ 'ਮਿਸਲ ਨਕਈ' ਰੱਖਿਆ ਗਿਆ। ਜਦ ਬਾਕੀ ਮਿਸਲਾਂ ਨੇ ਮੁਲਕ ਮੱਲਿਆ, ਤਾਂ ਨਕਈ ਮਿਸਲ ਨੇ ਇਲਾਕਾ ਨੱਕਾ ਤੇ ਲੰਮਾਂ ਉੱਤੇ ਕਬਜ਼ਾ ਕਰ ਲਿਆ (੧੭੬੪ ਈ.)।

**ਨਾਹਰ ਸਿੰਘ**

੧੭੬੬ ਈ. ਵਿਚ ਸ: ਹੀਰਾ ਸਿੰਘ ਨਕਈ ਨੇ ਪਾਕਪਟਨ ਦੇ ਇਲਾਕੇ ਉੱਤੇ ਹਮਲਾ ਕੀਤਾ। ਪਾਕਪਟਨ ਦੇ ਦੀਵਾਨ ਨਾਲ ਭੂਮਣ ਸ਼ਾਹ ਕੋਲ ਬੜੀ ਸਖ਼ਤ ਲੜਾਈ ਹੋਈ। ਸ: ਹੀਰਾ ਸਿੰਘ ਮੈਦਾਨ ਵਿਚ ਮਾਰਿਆ ਗਿਆ। ਨਕਈ ਲੜਾਈ ਛੱਡ ਕੇ ਵਾਪਸ ਚਲੇ ਗਏ। ਫਿਰ ਹੀਰਾ ਸਿੰਘ ਦਾ ਭਤੀਜਾ—ਨਾਹਰ ਸਿੰਘ—ਮਿਸਲ ਦਾ ਲੀਡਰ ਬਣਿਆਂ। ਕਿਉਂਕਿ ਸ: ਹੀਰਾ ਸਿੰਘ ਦਾ ਪੁੱਤਰ—ਦਲ ਸਿੰਘ—ਅਜੇ ਬਾਲਕ ਸੀ।

**ਰਣ ਸਿੰਘ**

੧੭੬੮ ਈ. ਵਿਚ ਕੋਟ ਕਮਾਲੀਆ ਦੇ ਖਰਲਾਂ ਨਾਲ ਬੜੀ ਸਖ਼ਤ ਲੜਾਈ ਹੋਈ, ਜਿਸ ਵਿਚ ਸ: ਨਾਹਰ ਸਿੰਘ ਮਾਰਿਆ ਗਿਆ* । ਫਿਰ ਉਸਦਾ ਭਰਾ ਰਣ ਸਿੰਘ ਮਿਸਲਦਾਰ ਬਣਿਆਂ। ਏਸ ਮਿਸਲ ਵਿਚ ਇਹ ਸਭ ਤੋਂ ਤਾਕਤਵਾਰ ਸਰਦਾਰ ਹੋ ਬੀਤਿਆ ਹੈ। ਇਸਨੇ ਬੁੱਚੇਕੇ, ਫ਼ਰੀਦਾਬਾਦ, ਜੇਠਪੁਰ, ਚੂਣੀਆਂ, ਸ਼ਕਰਪੁਰ, ਗੁਗੇਰਾ, ਆਦਿ ਕਈ ਨਵੇਂ ਇਲਾਕੇ ਆਪਣੇ ਕਬਜ਼ੇ ਵਿਚ ਕਰ ਲਏ।

**ਕਬਜ਼ੇ**

੧੭੬੯ ਈ. ਵਿਚ ਹੇਠ ਲਿਖੇ ਇਲਾਕਿਆਂ ਉੱਤੇ ਇਸ ਮਿਸਲ ਦਾ ਕਬਜ਼ਾ ਸੀ : ਬਹਿੜਵਾਲ, ਚੂਣੀਆਂ, ਦੀਪਾਲਪੁਰ, ਕੰਗਣਪੁਰ, ਜੇਠਪੁਰ,ਖੁੱਡੀਆਂ, ਮੁਸਤਫ਼ਾਬਾਦ, ਸ਼ੇਰਗੜ੍ਹ ਦੇਊਸਿਆਲ, ਫ਼ਰੀਦਾ-ਬਾਦ, ਜੰਬਰ, ਛਾਂਗਾ ਮਾਂਗਾ, ਗੁਗੇਰਾ, ਆਦਿ† ਬਾਰੀ ਦੁਆਬ ਵਿਚ। ਕੋਟ ਕਮਾਲੀਆ ਦਾ ਕੁਛ ਹਿੱਸਾ (ਕਮਰ ਸਿੰਘ ਦੇ ਕਬਜ਼ੇ) ਤੇ ਪਰਗਣਾ

---

* ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੪੭੧; ਲਤੀਫ਼, ਪੰਨਾ ੩੧੩।

† ਰਾਜ ਖ਼ਾਲਸਾ, ਪੰਨਾ ੨੨।

Sri Satguru Jagjit Singh Ji eLibrary NamdhariElibrary@gmail.com

ਸ਼ਕਰਪੁਰ ਦਾ ਕੁਛ ਹਿੱਸਾ (ਰਣ ਸਿੰਘ ਦੇ ਕਬਜ਼ੇ)‡ ਦੁਆਬਾ ਰਚਨਾ ਵਿਚ। ਇਹ ਇਲਾਕਾ ਨੌਂ ਲੱਖ ਤੋਂ ਵਧੇਰੇ ਆਮਦਨ ਦਾ ਸੀ। ਇਸ ਕੋਲ ਦੋ ਹਜ਼ਾਰ ਅੰਸਵਾਰ ਹਮੇਸ਼ਾਂ ਰਹਿੰਦੇ ਸਨ। ਰਾਜਧਾਨੀ ਬਹਿੜਵਾਲ ਸੀ।

ਇਸ ਮਿਸਲ ਦੇ ਸਾਥੀ ਸਰਦਾਰ ਕਮਰ ਸਿੰਘ, ਵਜ਼ੀਰ ਸਿੰਘ (ਭਰਾ), ਲਾਲ ਸਿੰਘ, ਰੂਪਾ ਸਿੰਘ ਆਦਿ ਸਨ। ਇਹਨਾਂ ਵਿਚੋਂ ਸ: ਕਮਰ ਸਿੰਘ ਤੇ ਵਜ਼ੀਰ ਸਿੰਘ ਦੋਵੇਂ ਪ੍ਰਸਿਧ ਸਨ। ਇਹਨਾਂ ਨੇ ਆਪਣੀ ਰਾਜਧਾਨੀ ਸੱਯਦ ਵਾਲਾ ਬਣਾ ਲਈ। ਕਮਰ ਸਿੰਘ ਤੇ ਰਣ ਸਿੰਘ ਸਦਾ ਲੜਦੇ ਰਹਿੰਦੇ ਸਨ। ਕਮਰ ਸਿੰਘ ੧੭੮੦ ਈ. ਵਿਚ ਮਰ ਗਿਆ, ਤਾਂ ਉਸਦਾ ਭਰਾ ਵਜ਼ੀਰ ਸਿੰਘ ਸਰਦਾਰ ਬਣਿਆਂ। ੧੭੮੧ ਈ. ਵਿਚ ਰਣ ਸਿੰਘ ਸੁਰਗਂ-ਵਾਸ ਹੋ ਗਿਆ, ਤਾਂ ਉਸਦਾ ਪੁੱਤਰ ਭਗਵਾਨ ਸਿੰਘ ਲੀਡਰ ਬਣਿਆਂ।

**ਭਗਵਾਨ ਸਿੰਘ**

ਫਿਰ ਭਗਵਾਨ ਸਿੰਘ ਤੇ ਵਜ਼ੀਰ ਸਿੰਘ ਵਿਚ ਲੜਾਈ ਸ਼ੁਰੂ ਹੋ ਗਈ। ੧੭੮੪ ਈ. ਨੂੰ ਜੈ ਸਿੰਘ ਕਨ੍ਹਈਆ ਦੇ ਵਿਰੁੱਧ ਲੜਨ ਵਾਸਤੇ ਸ: ਮਹਾਂ ਸਿੰਘ ਸੁਕਰਚੱਕੀਏ ਨੇ ਭਗਵਾਨ ਸਿੰਘ ਤੇ ਵਜ਼ੀਰ ਸਿੰਘ (ਨਕਈ) ਨੂੰ ਮਦਦ ਵਾਸਤੇ ਬੁਲਾਇਆ। ਇਹ ਦੋਵੇਂ (ਭਗਵਾਨ ਸਿੰਘ, ਵਜ਼ੀਰ ਸਿੰਘ) ਅੰਮ੍ਰਿਤਸਰ ਹੀ ਲੜ ਪਏ (੧੭੮੫ ਈ.)। ਵਜ਼ੀਰ ਸਿੰਘ ਹੱਥੋਂ ਭਗਵਾਨ ਸਿੰਘ ਮਾਰਿਆ ਗਿਆ*। ਫਿਰ ਗਿਆਨ ਸਿੰਘ ਲੀਡਰ ਬਣਿਆਂ।

ਇਸ ਤੋਂ ਥੋੜਾ ਚਿਰ ਪਿੱਛੋਂ ਸ: ਹੀਰਾ ਸਿੰਘ ਨਕਈ ਦੇ ਪੁੱਤਰ ਦਲ ਸਿੰਘ ਨੇ ਕਮਰ ਸਿੰਘ ਦੇ ਭਰਾ ਵਜ਼ੀਰ ਸਿੰਘ ਨੂੰ ਕਤਲ ਕਰ ਦਿਤਾ। ਵਜ਼ੀਰ ਸਿੰਘ ਦੇ ਨੌਕਰਾਂ ਨੇ ਹਮਲਾ ਕਰਕੇ ਦਲ ਸਿੰਘ ਨੂੰ ਕਤਲ ਕਰ ਦਿਤਾ (੧੭੮੫ ਈ.)।

**ਗਿਆਨ ਸਿੰਘ**

੧੭੯੮ ਈ. ਵਿਚ ਸ: ਗਿਆਨ ਸਿੰਘ ਨੇ ਆਪਣੀ ਭੈਣ—ਬੀਬੀ ਰਾਜ ਕੌਰ—ਦਾ ਵਿਆਹ ਮ: ਰਣਜੀਤ

‡ ਰਾਜ ਖ਼ਾਲਸਾ, ਪੰਨਾ ੨੨।

* ਰਉਸਾ-ਏ-ਪੰਜਾਬ, ਪੰਨਾ ੪੭੨ ੩।

Sri Satguru Jagjit Singh Ji eLibrary NamdhariElibrary@gmail.com

ਸਿੰਘ ਨਾਲ ਕਰ ਦਿਤਾ, ਜਿਸ ਦੀ ਕੁੱਖੋਂ ਖੜਕ ਸਿੰਘ (ਮਹਾਰਾਜਾ) ਪੈਦਾ ਹੋਇਆ।

ਸ: ਗਿਆਨ ਸਿੰਘ ੧੮੦੭ ਈ. ਵਿਚ ਸੁਰਗਵਾਸ ਹੋਇਆ, ਤਾਂ ਉਸਦਾ ਪੁੱਤਰ ਕਾਹਨ ਸਿੰਘ ਲੀਡਰ ਬਣਿਆਂ। ੧੮੧੦ ਈ. ਵਿਚ ਮ: ਰਣਜੀਤ ਸਿੰਘ ਨੇ ਨਕਈ ਮਿਸਲ ਦਾ ਸਾਰਾ ਇਲਾਕਾ (ਨੌਂ ਲੱਖ ਦਾ) ਜ਼ਬਤ ਕਰਕੇ ਸ਼ਾਹਜ਼ਾਦੇ ਖੜਕ ਸਿੰਘ ਨੂੰ ਜਾਗੀਰ ਵਜੋਂ ਦੇ ਦਿਤਾ। ਜਦ ਕਾਹਨ ਸਿੰਘ, ਮਹਾਰਾਜੇ ਕੋਲ ਆ ਕੇ ਫ਼ਰਯਾਦੀ ਹੋਇਆ, ਤਾਂ ਉਸਨੂੰ ਬਹਿੜਵਾਲ ਵਿਚ ਵੀਹ ਹਜ਼ਾਰ ਸਾਲਾਨਾ ਦੀ ਜਾਗੀਰ ਦੇ ਦਿਤੀ।

ਇਸ ਮਿਸਲ ਦੇ ਸਿਰਕਰਦਾ ਸ: ਹਰਦਿਆਲ ਸਿੰਘ ਜੀ ਨਕਈ ਇਸ ਵੇਲੇ ਜ਼ੀਰਾ, ਜ਼ਿਲਾ ਫ਼ੀਰੋਜ਼ਪੁਰ ਵਿਚ ਰਹਿੰਦੇ ਹਨ। ਉਹਨਾਂ ਨੂੰ ਜ਼ੀਰਾ ਤੇ ਪਾਕਾਂ (ਜ਼ਿਲਾ ਫ਼ੀਰੋਜ਼ਪੁਰ) ਵਿਚ ਜ਼ਮੀਨ ਅਲਾਟ ਹੋਈ ਹੈ।

Sri Satguru Jagjit Singh Ji eLibrary NamdhariElibrary@gmail.com

# ੬. ਮਿਸਲ ਸਿੰਘਪੁਰੀਆਂ

ਬੰਸਾਵਲੀ

- ਦਲੀਪ ਸਿੰਘ
  - ਨਵਾਬ ਕਪੂਰ ਸਿੰਘ
  - ਦਾਨ ਸਿੰਘ
    - ਖ਼ੁਸ਼ਹਾਲ ਸਿੰਘ
      - ਬੁਧ ਸਿੰਘ
        - ਅਮਰ ਸਿੰਘ
        - ਭੋਪਾਲ ਸਿੰਘ
        - ਗੋਪਾਲ ਸਿੰਘ
        - ਲਾਲ ਸਿੰਘ
        - ਗੁਰਦਿਆਲ ਸਿੰਘ
        - ਹਰਦਿਆਲ ਸਿੰਘ
        - ਦਿਆਲ ਸਿੰਘ
      - ਸਾਧੂ ਸਿੰਘ

**ਕਪੂਰ ਸਿੰਘ**

ਮਿਸਲ ਦਾ ਬਾਨੀ ਨਵਾਬ ਕਪੂਰ ਸਿੰਘ ਵਿਰਕ ਜੱਟ (ਪਿੰਡ ਫ਼ੈਜ਼ੁਲਾਪੁਰ*, ਜ਼ਿਲਾ ਅੰਮ੍ਰਿਤਸਰ) ਸੀ। ਕਪੂਰ ਸਿੰਘ ਨੇ ਭਾਈ ਮਨੀ ਸਿੰਘ ਜੀ ਤੋਂ ਅੰਮ੍ਰਿਤੰ ਛਕਿਆ। ਫਿਰ ਉਹ ਆਪਣੀ ਬਰਾਦਰੀ ਦੇ ਕਈ ਹੋਰ ਬੰਦਿਆਂ ਨੂੰ ਅੰਮ੍ਰਿਤ ਛਕਾ ਕੇ ਦੀਵਾਨ ਦਰਬਾਰਾ ਸਿੰਘ ਦੇ ਜਥ ਵਿਚ ਸ਼ਾਮਲ ਹੋ ਗਿਆ।

੧੭੩੩ ਈ. ਦੀ ਵਿਸਾਖੀ ਉੱਤੇ ਸਾਰੇ ਸਿੰਘ ਅੰਮ੍ਰਿਤਸਰ ਕੱਠੇ ਹੋਏ ਹੋਏ ਸਨ। ਖ਼ਾਨ ਬਹਾਦਰ ਜ਼ਕਰੀਆ ਖ਼ਾਨ ਗਵਰਨਰ ਲਾਹੌਰ ਵੱਲੋਂ

* ਫ਼ੈਜ਼ੁਲਾਪੁਰ ਕਦੇ ਫ਼ੈਜ਼ੁਲਾ ਖ਼ਾਂ ਨੇ ਵਸਾਇਆ ਸੀ। ਪਿਛੋਂ ਨਵਾਬ ਕਪੂਰ ਸਿੰਘ ਨੇ ਕਬਜ਼ਾ ਕਰਕੇ ਨਾਮ 'ਸਿੰਘਪੁਰਾ' ਰੱਖ ਦਿਤਾ, ਜੋ ਅੱਜ ਤਕ ਪ੍ਰਚਲਤ ਹੈ।

Sri Satguru Jagjit Singh Ji eLibrary NamdhariElibrary@gmail.com

ਸ: ਸ਼ੁਬੇਗ ਸਿੰਘ 'ਨਵਾਬੀ' ਦਾ ਖ਼ਿਤਾਬ ਤੇ ਜਾਗੀਰ ਦਾ ਪਟਾ ਲੈ ਕੇ ਆਇਆ। ਸਿੰਘਾਂ ਨੇ ਜਾਗੀਰ ਤਾਂ ਪਰਵਾਨ ਕਰ ਲਈ, ਪਰ ਨਵਾਬੀ ਦਾ ਖ਼ਿਤਾਬ ਕੋਈ ਪਰਵਾਨ ਨਾ ਕਰੇ। ਉਸ ਵੇਲੇ ਕਪੂਰ ਸਿੰਘ ਸੰਗਤ ਵਿਚ ਪੱਖਾ ਝੱਲ ਰਿਹਾ ਸੀ। ਸਾਰਿਆਂ ਨੇ ਸਰਬ ਸੰਮਤੀ ਨਾਲ ਨਵਾਬੀ ਦਾ ਖ਼ਿਲਅਤ (ਸਿਰੋਪਾ) ਕਪੂਰ ਸਿੰਘ ਦੇ ਸਿਰ 'ਤੇ ਧਰ ਦਿਤਾ। ਉਸ ਦਿਨ ਤੋਂ ਉਹ ਪੰਥ ਵਿਚ 'ਨਵਾਬ ਕਪੂਰ ਸਿੰਘ' ਕਰਕੇ ਪ੍ਰਸਿਧ ਹੋ ਗਿਆ। ਉਸ ਵੇਲੇ ਪੰਥ ਦਾ ਦਾ ਜਥੇਦਾਰ ਦੀਵਾਨ ਦਰਬਾਰਾ ਸਿੰਘ ਸੀ। ਨਵਾਬ ਕਪੂਰ ਸਿੰਘ ਨੂੰ ਪੰਥ ਦੇ ਨਿਸ਼ਾਨ ਸਾਹਿਬ ਦੀ ਸੌਂਪਣਾ ਕੀਤੀ ਗਈ। (ਨਿਸ਼ਾਨ ਬਰਦਾਰ ਬਣਾਇਆ ਗਿਆ)।

**ਨਵਾਬੀ ਦਾ ਖ਼ਿਤਾਬ**

ਸਾਵਣ, ੧੭੯੧ ਬਿ. (੧੭੩੪ ਈ.) ਨੂੰ ਦੀਵਾਨ ਦਰਬਾਰਾ ਸਿੰਘ ਸੁਰਗਵਾਸ ਹੋ ਗਿਆ, ਤਾਂ ਉਸਦੀ ਥਾਂ ਪੰਥ ਦਾ ਜਥੇਦਾਰ ਨਵਾਬ ਕਪੂਰ ਸਿੰਘ ਚੁਣਿਆਂ ਗਿਆ। ਉਸਨੇ ਸਾਰੇ ਸਰਦਾਰਾਂ ਦੀ ਸਲਾਹ ਨਾਲ ਖ਼ਾਲਸਾ ਫ਼ੌਜ ਦੇ ਦੋ ਜਥੇ ਬਣਾ ਦਿਤੇ : ਬੁਢਾ ਦਲ ਤੇ ਤਰਨਾ ਦਲ। ਬੁਢਾ ਦਲ ਦਾ ਜਥੇਦਾਰ ਨਵਾਬ ਕਪੂਰ ਸਿੰਘ ਬਣਿਆਂ ਤੇ ਤਰਨਾ ਦਲ ਦੇ ਪੰਜ ਜਥੇ ਬਣਾ ਕੇ ਵੱਖੋ ਵੱਖ ਜਥੇਦਾਰ ਬਣਾ ਦਿਤੇ।

**ਪੰਥ ਦੀ ਜਥੇਦਾਰੀ**

੨੯ ਮਾਰਚ, ੧੭੪੮ ਈ. (ਵਿਸਾਖੀ) ਦੇ ਦਿਨ ਸਿੱਖਾਂ ਦੀਆਂ ਬਾਰਾਂ ਮਿਸਲਾਂ ਬਣੀਆਂ, ਤਾਂ ਇਕ ਮਿਸਲ ਦਾ ਲੀਡਰ ਨਵਾਬ ਕਪੂਰ ਸਿੰਘ ਬਣਿਆਂ। ਮਿਸਲ ਦਾ ਨਾਮ ਉਹਦੇ ਪਿੰਡ ਦੇ ਨਾਂ ਉੱਤੇ ਮਿਸਲ ਸਿੰਘਪੁਰੀਆਂ (ਜਾਂ ਫ਼ੈਜ਼ੁੱਲਾਪੁਰੀਆਂ) ਰੱਖਿਆ ਗਿਆ।

**ਮਿਸਲ ਬਣਾਈ**

ਮੋਮਨ ਖ਼ਾਂ, ਲਾਹੌਰ ਦੇ ਸੂਬੇਦਾਰ ਦਾ ਨਾਇਬ ਸੀ। ਉਹ ਬੜਾ ਜ਼ਾਲਮ ਤੇ ਸਿੱਖਾਂ ਦਾ ਪੱਕਾ ਵੈਰੀ ਸੀ। ਇਕ ਦਿਨ ਨਵਾਬ ਕਪੂਰ ਸਿੰਘ ਨੇ ਆਪਣੀ ਮਿਸਲ ਦੇ ਸਿਪਾਹੀਆਂ ਨੂੰ ਕਿਹਾ, ਕਿ ਕੋਈ ਇਕੱਲਾ ਸੂਰਮਾ ਮੋਮਨ ਖ਼ਾਂ ਦਾ ਸਿਰ ਲਿਆਵੇ।

**ਮੋਮਨ ਖ਼ਾਂ ਕਤਲ**

Sri Satguru Jagjit Singh Ji eLibrary NamdhariElibrary@gmail.com

ਭਾਈ ਮਨੀ ਸਿੰਘ ਜੀ ਦਾ ਭਤੀਜਾ ਸ: ਅਘੜ ਸਿੰਘ, ਪੰਥ ਦੀ ਆੱਗਿਆ ਪਾ ਕੇ ਮੋਮਨ ਖ਼ਾਂ ਦਾ ਨੌਕਰ ਜਾ ਹੋਇਆ ਤੇ ਸਮਾਂ ਪਾ ਕੇ ਉਸਦਾ ਸਿਰ ਲਾਹ ਕੇ ਨਵਾਬ ਕਪੂਰ ਸਿੰਘ ਦੇ ਸਾਮ੍ਹਣੇ ਆ ਧਰਿਆ†। ਨਵਾਬ ਕਪੂਰ ਸਿੰਘ ਨੇ ਉਸਨੂੰ ਛਾਤੀ ਨਾਲ ਲਾਇਆ ਤੇ ਪੰਥ ਵੱਲੋਂ ਸਿਰੋਪਾ ਦਿਤਾ। ਇਹ ਘਟਨਾ ੧੭੫੪ ਈ. ਦੀ ਹੈ।

੧੫ ਸਤੰਬਰ, ੧੭੫੮ ਈ. ਨੂੰ ਜਲੰਧਰ ਦਾ ਹਾਕਮ ਅਦੀਨਾ ਬੇਗ ਮਰ ਗਿਆ, ਤਾਂ ੩੦ ਅਕਤੂਬਰ, ੧੭੫੮ ਈ. ਨੂੰ ਦੀਵਾਲੀ ਮਨਾ ਕੇ ਸਿੰਘ ਦੁਆਬੇ ਉੱਤੇ ਚੜ੍ਹ ਪਏ। ਉੜਮੁੜ ਟਾਂਡਾ ਕੋਲ ਅਦੀਨਾ ਬੇਗ ਦੇ ਪੁੱਤਰ ਹਸਨ ਬੇਗ ਤੇ ਦੀਵਾਨ ਬਿਸ਼ੰਭਰ ਦਾਸ ਨਾਲ ਲੜਾਈ ਹੋਈ। ਬਿਸ਼ੰਭਰ ਦਾਸ ਗੋਲੀ ਲੱਗ ਕੇ ਮਰ ਗਿਆ। ਉਸਦਾ ਸਿਰ ਵਢ ਕੇ ਕਰੋੜਾ ਸਿੰਘ ਨੇ ਨਵਾਬ ਕਪੂਰ ਸਿੰਘ ਅੱਗੇ ਜਾ ਧਰਿਆ। ਵੈਰੀ ਦੀ ਫ਼ੌਜ ਪਿੜ ਛੱਡ ਕੇ ਨੱਸ ਗਈ। ਇਲਾਕਾ ਸਾਰਾ ਸਿਖ ਸਰਦਾਰਾਂ ਨੇ ਵੰਡ ਲਿਆ।

ਬਿਸ਼ੰਭਰ ਦਾਸ ਕਤਲ

ਜਦ ੧੭੬੧ ਈ. ਨੂੰ ਸ: ਜੱਸਾ ਸਿੰਘ ਆਹਲੂਵਾਲੀਏ ਨੇ ਲਾਹੌਰ ਦੇ ਤਖ਼ਤ 'ਤੇ ਕਬਜ਼ਾ ਕਰਕੇ ਸਿੱਕਾ ਚਲਾਇਆ, ਓਦੋਂ ਨਵਾਬ ਕਪੂਰ ਸਿੰਘ ਉਸਦੇ ਨਾਲ ਸੀ।

੧੭੬੨ ਈ. ਵਿਚ ਵੱਡੇ ਘਲੂਘਾਰੇ ਸਮੇਂ ਸਿੰਘਪੁਰੀਆਂ ਦੀ ਮਿਸਲ ਬੜੀ ਬਹਾਦਰੀ ਨਾਲ ਲੜੀ। ਅਬਦਾਲੀ ਦੇ ਵਾਪਸ ਜਾਣ ਪਿੱਛੋਂ ਜਦ ਬੁਢਾ ਦਲ ਤੇ ਤਰਨਾ ਦਲ, ਦੋ ਵੱਡੇ ਜਥੇ ਬਣੇ, ਤਾਂ ਇਹ ਮਿਸਲ ਬੁਢਾ ਦਲ ਵਿਚ ਸ਼ਾਮਲ ਹੋ ਗਈ।

੧੭ ਨਵੰਬਰ,੧੭੬੩ ਈ. (ਕੱਤਕ ਸੁਦੀ ਤੇਰਾਂ) ਨੂੰ ਜਦ (ਅਬਦਾਲੀ ਦੇ ਢਾਹੇ ਹੋਏ) 'ਹਰਿਮੰਦਰ' ਸਾਹਿਬ ਦੀ ਦੁਬਾਰਾ ਨੀਂਹ ਧਰੀ, ਤਾਂ ਨਵਾਬ ਕਪੂਰ ਸਿੰਘ ਦੇ ਹੱਥੋਂ ਇੱਟ ਰਖਵਾਈ ਗਈ।

ਆਖ਼ਰੀ ਲੜਾਈ ਸਰਹਿੰਦ ਦੀ ਸੀ, ਜਿਸ ਵਿਚ ਨਵਾਬ

---

† ਪੂਰਾ ਵੇਰਵਾ ਵੇਖੋ 'ਸਿੱਖਰਾਜ ਕਿਵੇਂ ਬਣਿਆਂ ?'

Sri Satguru Jagjit Singh Ji eLibrary NamdhariElibrary@gmail.com

ਜ਼ੈਨ ਖ਼ਾਂ ਕਤਲ

ਕਪੂਰ ਸਿੰਘ ਲੜਿਆ। ੧੪ ਜਨਵਰੀ, ੧੭੬੪ ਈ. ਨੂੰ ਸ: ਜੱਸਾ ਸਿੰਘ ਆਹਲੂਵਾਲੀਏ ਦੀ ਗੋਲੀ ਨਾਲ ਸਰਹਿੰਦ ਦਾ ਸੂਬੇਦਾਰ ਜ਼ੈਨ ਖ਼ਾਂ ਮਾਰਿਆ ਗਿਆ। ਭਾਈ ਮਨੀ ਸਿੰਘ ਦੇ ਭਤੀਜੇ ਥਰਾਜ ਸਿੰਘ ਨੇ ਜ਼ੈਨ ਖ਼ਾਂ ਦਾ ਸਿਰ ਵਢ ਕੇ ਨਵਾਬ ਕਪੂਰ ਸਿੰਘ ਅੱਗੇ ਜਾ ਧਰਿਆ। ਜਦ ਬਾਕੀ ਮਿਸਲਾਂ ਨੇ ਸਰਹਿੰਦ ਸੂਬੇ ਦੇ ਇਲਾਕੇ ਮੱਲੇ, ਤਾਂ ਸਿੰਘਪੁਰੀਆਂ ਦੀ ਮਿਸਲ ਨੇ ਵੀ ਹੇਠ ਲਿਖੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਪ੍ਰਸਿਧ ਪਰਗਣੇ ਇਹ ਸਨ : ਅਬੋਹਰ, ਆਦਮਪੁਰ, ਛੱਤ, ਬਨੂੜ, ਮਨੌਲੀ, ਘਨੌਲੀ, ਭਰਤ ਗੜ੍ਹ, ਕੰਧੋਲਾ, ਚੂਨੀ ਮਛਲੀ, ਭੁਰੇਲੀ, ਬੰਗਾ, ਬੇਲਾ, ਅਟੱਲ ਗੜ੍ਹ, ਆਦਿ।

ਕਪੂਰ ਸਿੰਘ ਸੁਰਗਵਾਸ

ਇਸ ਤੋਂ ਥੋੜਾ ਸਮਾਂ ਪਿਛੋਂ ਨਵਾਬ ਕਪੂਰ ਸਿੰਘ ਅੰਮ੍ਰਿਤਸਰ ਵਿਚ ਸੁਰਗਵਾਸ ਹੋ ਗਿਆ‡। ਉਸਦੀ ਸਮਾਧ ਬਾਬਾ ਅਟੱਲ ਦੇ ਕੋਲ ਹੈ। ਉਹ ਸਾਰੀ ਉਮਰ ਸਿੱਖਾਂ ਦਾ ਧਾਰਮਕ ਲੀਡਰ ਰਿਹਾ। ਹਜ਼ਾਰਾਂ ਸਿੱਖਾਂ ਨੂੰ ਉਹਨੇ ਅੰਮ੍ਰਿਤ ਛਕਾਇਆ। ਕੜਾਹੇ ਭਰ ਕੇ ਉਹ ਅੰਮ੍ਰਿਤ ਤਿਆਰ ਕਰਦਾ ਤੇ ਹਜ਼ਾਰਾਂ

---

‡ ਨਵਾਬ ਕਪੂਰ ਸਿੰਘ ਦੇ ਸੁਰਗਵਾਸ ਹੋਣ ਦੀ ਤਾਰੀਖ਼ ਬਾਰੇ ਇਤਿਹਾਸਕਾਰਾਂ ਦੀ ਵੱਖ ਵੱਖ ਰਾਏ ਹੈ। ਲਤੀਫ਼ (ਪੰਨਾ ੩੨੩) ਤੇ ਗ੍ਰਿਫਨ (ਪੰਜਾਬ ਰਾਜਾਜ਼ ਪੰਨਾ ੫੦੫) ੧੭੫੩ ਈ. ਮੰਨਦੇ ਹਨ। ਗੁਪਤਾ (ਹਿੱਸਾ ਪਹਿਲਾ, ਪੰਨਾ ੧੫੯) ਕਈ ਪੁਰਾਤਨ ਤਾਰੀਖਾਂ ਦੀ ਗਵਾਹੀ ਦੇ ਕੇ ਲਿਖਦਾ ਹੈ, ਕਿ ਨਵੰਬਰ, ੧੭੬੧ ਈ. ਵਿਚ ਨਵਾਬ ਕਪੂਰ ਸਿੰਘ ਨੇ ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਲਾਹੌਰ ਦੇ ਤਖ਼ਤ 'ਤੇ ਬਿਠਾ ਕੇ 'ਬਾਦਸ਼ਾਹ' ਦਾ ਖ਼ਿਤਾਬ ਦਿਤਾ। ਵੱਡੇ ਘੱਲੂਘਾਰੇ (੧੭੬੨ ਈ.) ਤੋਂ ਪਿਛੋਂ ਅਬਦਾਲੀ ਨੇ 'ਹਰਿਮੰਦਰ' ਸਾਹਿਬ ਢਾਹ ਦਿਤਾ ਸੀ। ਉਸ ਦੀ ਦੁਬਾਰਾ ਨੀਂਹ ਨਵਾਬ ਕਪੂਰ ਸਿੰਘ ਦੇ ਹੱਥੀਂ (੧੭ ਨਵੰਬਰ, ੧੭੬੩ ਈ.) ਰਖਾਈ ਗਈ। ਇਹ ਦੋਵੇਂ ਸਾਖੀਆਂ ਸਿੱਖਾਂ ਵਿਚ ਸੀਨਾ-ਬ-ਸੀਨਾ ਵੀ ਪ੍ਰਚਲਤ ਹਨ। ਇਸ ਤੋਂ ਸਾਬਤ ਹੋਇਆ, ਕਿ ੧੭੬੩ ਈ. ਵਿਚ ਨਵਾਬ ਕਪੂਰ ਸਿੰਘ ਦਾ ਸੁਰਗਵਾਸ ਹੋਣਾ ਦਰੁਸਤ ਨਹੀਂ। ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਦੇ ਪੰਨਾ ੧੦੧੧ ਉੱਤੇ→

Sri Satguru Jagjit Singh Ji eLibrary NamdhariElibrary@gmail.com

ਬੰਦਿਆਂ ਨੂੰ ਇਕ ਪੰਗਤ ਵਿਚ ਛਕਾਉਂਦਾ। ਵਧੇ ਅੰਮ੍ਰਿਤ ਦੇ ਉਹ ਜੰਗਲ ਵਿਚ ਝਾੜੀਆਂ 'ਤੇ ਛੱਟੇ ਮਾਰਕੇ ਕਹਿੰਦਾ 'ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਖਿਲਾਰਦਾ ਫਿਰਦਾ ਹਾਂ।' ਉਹਦੇ ਹੱਥੋਂ ਅੰਮ੍ਰਿਤ ਛਕਣਾ ਉਸ ਵੇਲੇ ਵਡਿਆਈ ਦਾ ਕਾਰਨ ਸਮਝਿਆ ਜਾਂਦਾ ਸੀ। ਰਿਆਸਤ ਪਟਿਆਲਾ ਦੇ ਬਾਨੀ ਸ: ਆਲਾ ਸਿੰਘ ਨੇ ਵੀ ਉਸੇ ਤੋਂ ਅੰਮ੍ਰਿਤ ਛਕਿਆ ਸੀ। ਮੈਦਾਨ ਵਿਚ ਉਹ (ਨਵਾਬ ਕਪੂਰ ਸਿੰਘ) ਏਨਾ ਤੇਗ਼ ਦਾ ਧਨੀ ਸੀ, ਕਿ ਉਹਨੇ ਪੰਜ ਸੌ ਮੁਸਲਮਾਨ ਆਪਣੇ ਹੱਥੀਂ ਕਤਲ ਕੀਤੇ ਸਨ। ਉਹਦਾ ਸਾਰਾ ਸਰੀਰ ਫੱਟਾਂ ਦੇ ਦਾਗ਼ਾਂ ਨਾਲ ਭਰਿਆ ਪਿਆ ਸੀ।

**ਖ਼ੁਸ਼ਹਾਲ ਸਿੰਘ**

ਨਵਾਬ ਕਪੂਰ ਸਿੰਘ ਦੀ ਔਲਾਦ ਕੋਈ ਨਹੀਂ ਸੀ। ਉਸਦਾ ਭਤੀਜਾ ਖ਼ੁਸ਼ਹਾਲ ਸਿੰਘ ਮਿਸਲ ਦਾ ਲੀਡਰ ਬਣਿਆਂ। ਜਦ ਅਬਦਾਲੀ ਨੌਵੇਂ ਹਮਲੇ ਪਿੱਛੋਂ ਵਾਪਸ ਗਿਆ, ਤਾਂ ਸਿੰਘਾਂ ਨੇ ਨਵੇਂ ਇਲਾਕੇ ਮੱਲਣੇ ਆਰੰਭ ਦਿੱਤੇ। ਜਲੰਧਰ ਦਾ ਹਾਕਮ ਓਦੋਂ ਸ਼ੇਖ਼ ਨਜ਼ਾਮੁੱਦੀਨ ਸੀ।

**ਬੁਧ ਸਿੰਘ ਦਾ ਜਾਲੰਧਰ 'ਤੇ ਕਬਜ਼ਾ**

ਸ: ਖ਼ੁਸ਼ਹਾਲ ਸਿੰਘ ਸਿੰਘਪੁਰੀਏ ਦੇ ਪੁੱਤਰ ਸ: ਬੁਧ ਸਿੰਘ ਨੇ ਨਜ਼ਾਮੁੱਦੀਨ ਨੂੰ ਮੈਦਾਨ ਵਿਚ ਸ਼ਕਸਤ ਦੇ ਕੇ ਜਲੰਧਰ ਉਤੇ ਕਬਜ਼ਾ ਕਰ ਲਿਆ। ਨਾਲ ਹੀ ਉਸ ਨੇ ਬੁਲੰਦ ਗੜ੍ਹ ਬਹਿਰਾਮਪੁਰ, ਨੂਰਪੁਰ ਤੇ ਹੈਬਤ ਪੁਰ ਪੱਟੀ ਉਤੇ ਕਬਜ਼ਾ ਕਰ ਲਿਆ।

---

→ ਨਵਾਬ ਦੇ ਸੁਰਗਵਾਸ ਹੋਣ ਦਾ ਸੰਮਤ ੧੮੧੭ ਬਿ. (੧੭੬੧ ਈ.) ਲਿਖਦਾ ਹੈ, ਪਰ ਸਰਹਿੰਦ ਦੀ ਲੜਾਈ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ, ਕਿ ਬਰਾਜ ਸਿੰਘ ਨੇ ਜ਼ੈਨ ਖ਼ਾਂ ਦਾ ਸਿਰ ਵੱਢ ਕੇ ਨਵਾਬ ਕਪੂਰ ਸਿੰਘ ਅੱਗੇ ਜਾ ਰੱਖਿਆ। ਇਹ ਘਟਨਾ ੧੪ ਜਨਵਰੀ,੧੭੬੪ ਈ. ਨੂੰ ਹੋਈ। ਦਸੰਬਰ,੧੭੬੪ ਈ. ਨੂੰ ਅਬਦਾਲੀ ਦੇ ਨਾਲ ਕਾਜ਼ੀ ਨੂਰਮੁਹੰਮਦ ਆਉਂਦਾ ਹੈ। ਉਹ ਆਪਣੇ ਜੰਗਨਾਮੇ ਵਿਚ ਨਵਾਬ ਕਪੂਰ ਸਿੰਘ ਦਾ ਨਾਮ ਨਹੀਂ ਲਿਖਦਾ। ਸੋ ਸਿੱਧ ਹੋਇਆ, ਕਿ ਜਨਵਰੀ ੧੭੬੪ ਈ. ਵਿਚ ਨਵਾਬ ਜਿਉਂਦਾ ਸੀ, ਪਰ ਦਸੰਬਰ ਵਿਚ ਨਹੀਂ। ਏਸੇ ਅਧਾਰ 'ਤੇ ਮੈਂ ਨਵਾਬ ਕਪੂਰ ਸਿੰਘ ਦੇ ਸੁਰਗਵਾਸ ਹੋਣ ਦੀ ਤਾਰੀਖ਼ ੧੭੬੪ ਈ. ਮੰਨੀ ਹੈ।

Sri Satguru Jagjit Singh Ji eLibrary NamdhariElibrary@gmail.com

ਇਹ ਤਿੰਨ ਲੱਖ ਸਾਲਾਨਾ ਦਾ ਇਲਾਕਾ ਸੀ।

**੧੭੬੯ ਵਿਚ ਕਬਜ਼ੇ**

੧੭੬੯ ਈ. ਵਿਚ ਏਸ ਮਿਸਲ ਦੇ ਹੇਠ ਲਿਖੇ ਇਲਾਕਿਆਂ ਉਤੇ ਕਬਜ਼ੇ ਸਨ : ਜ਼ਿਲਾ ਜਲੰਧਰ ਤੇ ਜ਼ਿਲਾ ਹੁਸ਼ਿਆਰਪੁਰ ਦੇ ਕੁਛ ਹਿੱਸੇ (ਤਿੰਨ ਲੱਖ ਸਾਲਾਨਾ ਦੇ) ਜਲੰਧਰ ਦੁਆਬ ਵਿਚ, ਖਾਪੜਖੇੜੀ, ਸਿੰਘਪੁਰਾ, ਬਾਰੀ ਦੁਆਬ ਵਿਚ, ਅਬੋਹਰ, ਆਦਮਪੁਰ, ਛੱਤ, ਬਨੂੜ, ਮਨੌਲੀ, ਘਨੌਲੀ, ਭਰਤਗੜ੍ਹ, ਕੰਧੌਲਾ ਚੂਨੀ ਮਛਲੀ, ਭਰੇਲੀ, ਬੰਗਾ, ਬੇਲਾ, ਅਟੱਲ ਗੜ੍ਹ, ਆਦਿ ਸੂਬਾ ਸਰਹਿੰਦ ਵਿਚ।

**ਬੁਧ ਸਿੰਘ ਲੀਡਰ ਬਣਿਆ**

ਸ: ਖ਼ੁਸ਼ਹਾਲ ਸਿੰਘ ਮਾਲਵੇ ਦੀਆਂ ਕਈ ਮੁਹਿੰਮਾਂ ਵਿਚ ਸ਼ਾਮਲ ਰਿਹਾ। ਉਹ ੧੭੯੫ ਈ. ਵਿਚ ਮਰ ਗਿਆ, ਤਾਂ ਉਸਦਾ ਪੁੱਤਰ ਸ: ਬੁਧ ਸਿੰਘ ਮਿਸਲਦਾਰ ਬਣਿਆਂ।

**ਤਰਨ ਤਾਰਨ ਸਰੋਵਰ ਦੀ ਸੇਵਾ**

ਜਦ ਗੁਰੂ ਅਰਜਨ ਦੇਵ ਜੀ ਨੇ ਤਰਨ ਤਾਰਨ ਦਾ ਸਰੋਵਰ (ਤਾਲਾਬ) ਬਨਾਉਣ ਵਾਸਤੇ ਇੱਟਾਂ ਪਕਾਈਆਂ, ਤਾਂ ਇਲਾਕੇ ਦਾ ਚੌਧਰੀ ਨੂਰਦੀਨ ਉਹ ਇਟਾਂ ਜ਼ਬਰ-ਦਸਤੀ ਚੁਕਵਾ ਕੇ ਆਪਣੇ ਪਿੰਡ (ਸਰਾਏ ਨੂਰਦੀਨ) ਲੈ ਗਿਆ ਤੇ ਉਹਨੇ ਆਪਣੇ ਮਕਾਨ ਬਣਾ ਲਏ। ਗੁਰੂ ਸਾਹਿਬ ਨੇ ਉਸ ਵੇਲੇ ਵਾਕ ਕੀਤਾ, ਕਿ ਕਦੇ ਕੋਈ ਸਾਡਾ ਸਿੱਖ ਇਹ ਇੱਟਾਂ ਹੱਥੋਂ ਹੱਥ* ਲਿਆ ਕੇ ਫਿਰ ਸਰੋਵਰ ਬਣਾਵੇਗਾ। ਸ: ਬੁਧ ਸਿੰਘ ਸਿੰਘਪੁਰੀਏ ਨੇ ਗੁਰੂ ਮਹਾਰਾਜ ਦਾ ਉਹ ਵਾਕ ਪੂਰਾ ਕੀਤਾ। ਉਹਨੇ ਨੂਰ-ਦੀਨ ਦੇ ਮਕਾਨ ਢਾਹ ਕੇ ਉਹ ਇੱਟਾਂ ਹੱਥੋਂ ਹੱਥ ਤਰਨ ਤਾਰਨ ਲਿਆ ਕੇ ਸਰੋਵਰ ਬਣਾਇਆ।

ਪਹਿਲਾਂ ਕੁਛ ਚਿਰ ਸ: ਬੁਧ ਸਿੰਘ ਸ਼ੇਰੇ-ਪੰਜਾਬ ਦੇ ਨਾਲ ਰਿਹਾ,

---

* ਨੂਰਦੀਨ ਦੀ ਸਰਾਂ ਤੋਂ ਤਰਨ ਤਾਰਨ ਤਕ ਸੰਗਤਾਂ ਪਾਲ ਬੰਨ੍ਹ ਕੇ ਖਲੋ ਜਾਂਦੀਆਂ। ਇਕ ਸਿੱਖ ਨਾਲ ਦੇ ਖਲੇ ਨੂੰ ਇੱਟ ਫੜਾਉਂਦਾ ਤੇ ਉਹ ਅਗਲੇ ਨਾਲ ਦੇ ਨੂੰ ਫੜਾ ਦੇਂਦਾ। ਏਸੇ ਤਰ੍ਹਾਂ ਸਾਰੀਆਂ ਇੱਟਾਂ ਤਰਨ ਤਾਰਨ ਲਿਆਂਦੀਆਂ ਗਈਆਂ।

Sri Satguru Jagjit Singh Ji eLibrary NamdhariElibrary@gmail.com

ਪਰ ਪਿੱਛੋਂ ਕੁਛ ਬਾਗ਼ੀ ਹੋ ਗਿਆ। ਉਹਦੇ ਇਲਾਕੇ ਸਤਲੁਜ ਦੇ ਦੋਹੀਂ ਪਾਸੀਂ ਸਨ। ਇਸ ਵਾਸਤੇ ਉਹ ਪੂਰੀ ਤਰ੍ਹਾਂ ਆਪਣੇ ਆਪ ਨੂੰ ਸ਼ੇਰੇ-ਪੰਜਾਬ ਦੇ ਅਧੀਨ ਨਹੀਂ ਸੀ ਸਮਝਦਾ।

**ਸ਼ੇਰੇ ਪੰਜਾਬ ਨੇ ਜਲੰਧਰ ਜ਼ਬਤ ਕਰ ਲਿਆ**

੧੮੧੧ ਈ. ਵਿਚ ਉਸਨੂੰ ਲਾਹੌਰ ਦਰਬਾਰ ਵਿਚ ਹਾਜ਼ਰ ਹੋਣ ਵਾਸਤੇ ਹੁਕਮ ਗਿਆ, ਤਾਂ ਉਹਨੇ ਹਾਜ਼ਰ ਹੋਣ ਤੋਂ ਇਨਕਾਰ ਕਰ ਦਿਤਾ। ਗੁੱਸੇ ਵਿਚ ਆ ਕੇ ਸ਼ੇਰੇ-ਪੰਜਾਬ ਨੇ ਦੀਵਾਨ ਮੋਹਕਮ ਚੰਦ, ਸ: ਫਤਹਿ ਸਿੰਘ ਆਹਲੂਵਾਲੀਏ ਤੇ ਸ: ਜੋਧ ਸਿੰਘ ਰਾਮਗੜ੍ਹੀਏ ਨੂੰ ਬੁਧ ਸਿੰਘ ਦੇ ਇਲਾਕੇ ਜ਼ਬਤ ਕਰ ਲੈਣ ਵਾਸਤੇ ਫ਼ੌਜ ਦੇ ਕੇ ਭੇਜਿਆ। ਕੁਛ ਦਿਨ ਤਾਂ ਬੁਧ ਸਿੰਘ ਨੇ ਅਗੋਂ ਟਾਕਰਾ ਕੀਤਾ, ਪਰ ਅੰਤ ਹਾਰਕੇ ਅੰਗਰੇਜ਼ਾਂ ਕੋਲ ਲੁਧਿਆਣੇ ਚਲਾ ਗਿਆ। ਸ਼ੇਰੇ-ਪੰਜਾਬ ਨੇ ਉਸਦਾ ਸਤਲੁਜ ਤੋਂ ਸੱਜੇ ਹੱਥ ਦਾ ਸਾਰਾ ਇਲਾਕਾ ਸਿੱਖ ਰਾਜ ਵਿਚ ਮਿਲਾ ਲਿਆ।

**ਬੁਧ ਸਿੰਘ ਸੁਰਗਵਾਸ**

ਸ: ਬੁਧ ਸਿੰਘ ੧੮੧੬ ਈ. ਵਿਚ ਸੁਰਗਵਾਸ ਹੋ ਗਿਆ। ਪਿੱਛੇ ਉਸ ਦੇ ਸੱਤ ਲੜਕੇ ਸਨ। ਵੱਡੇ ਲੜਕੇ ਅਮਰ ਸਿੰਘ ਨੇ ਭਰਤ ਗੜ੍ਹ ਆਪਣੇ ਕਬਜ਼ੇ ਵਿਚ ਰੱਖ ਲਿਆ ਤੇ ਬਾਕੀ ਭਰਾਵਾਂ ਨੂੰ ਏਸ ਹਿਸਾਬ ਨਾਲ ਜਾਗੀਰ ਵੰਡ ਦਿਤੀ: ਭੋਪਾਲ ਸਿੰਘ ਨੂੰ ਘਨੌਲੀ, ਗੁਪਾਲ ਸਿੰਘ ਨੂੰ ਮਨੌਲੀ; ਲਾਲ ਸਿੰਘ ਨੂੰ ਬੰਗਾ, ਗੁਰਦਿਆਲ ਸਿੰਘ ਨੂੰ ਅਟੱਲ ਗੜ੍ਹ, ਹਰਦਿਆਲ ਸਿੰਘ ਨੂੰ ਬੇਲਾ, ਦਿਆਲ ਸਿੰਘ ਨੂੰ ਕੰਧੋਲਾ ਦੇ ਪਰਗਣੇ ਦਿਤੇ। ਓਥੇ ਓਥੇ ਉਹਨਾਂ ਦੀ ਔਲਾਦ ਵਸਦੀ ਹੈ।

**ਅਮਰ ਸਿੰਘ ਸੁਰਗਵਾਸ**

ਸ: ਅਮਰ ਸਿੰਘ ਦਾ ਲੜਕਾ ਕਿਰਪਾਲ ਸਿੰਘ ਬਿਨਾਂ ਕਿਸੇ ਔਲਾਦ ਦੇ ਮਰ ਗਿਆ। ਇਸ ਵਾਸਤੇ ਅਮਰ ਸਿੰਘ ਦਾ ਦਿਲ ਟੁੱਟ ਗਿਆ। ਉਹ ਦੁਨੀਆਂ ਤੋਂ ਉਦਾਸ ਹੋ ਕੇ ਤੀਰਥਾਂ 'ਤੇ ਚਲਾ ਗਿਆ, ਜਿਥੇ ਉਹ ੧੮੪੩ ਈ. ਵਿਚ ਮਰ ਗਿਆ।

---

† ਰਾਜ ਖ਼ਾਲਸਾ, ਪੰਨਾ ੪੨।

Sri Satguru Jagjit Singh Ji eLibrary NamdhariElibrary@gmail.com

# ੭. ਮਿਸਲ ਸ਼ਹੀਦਾਂ

ਬੰਸਾਵਲੀ




**ਬਾਬਾ ਦੀਪ ਸਿੰਘ**

ਇਸ ਮਿਸਲ ਦੇ ਬਾਨੀ ਬਾਬਾ ਦੀਪ ਸਿੰਘ ਜੀ (ਪਿੰਡ ਪਹੂਵਿੰਡ, ਜ਼ਿਲਾ ਲਾਹੌਰ*) ਦੇ ਸਨ। ਬਾਬਾ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਸਿੰਘਾਂ ਵਿਚੋਂ ਸਨ। ਗੁਰੂ ਜੀ ਦੇ ਹੱਥੋਂ ਅੰਮ੍ਰਿਤ ਛਕ ਕੇ ਉਹ ਗੁਰੂ ਮਹਾਰਾਜ ਦੀਆਂ ਲੜਾਈਆਂ ਵਿਚ ਸ਼ਾਮਲ ਰਹੇ। ਜਦ ਕਲਗ਼ੀਧਰ ਨਦੇੜ ਚਲੇ ਗਏ, ਤਾਂ ਬਾਬਾ ਦੀਪ ਸਿੰਘ ਜੀ ਦਮਦਮਾ ਸਾਹਿਬ (ਤਲਵੰਡੀ) ਟਿਕ

---

* ਪਾਕਿਸਤਾਨ ਬਣਨ ਪਿੱਛੋਂ ਇਹ ਇਲਾਕਾ ਜ਼ਿਲਾ ਅੰਮ੍ਰਿਤਸਰ ਵਿਚ ਆ ਗਿਆ ਹੈ।

Sri Satguru Jagjit Singh Ji eLibrary NamdhariElibrary@gmail.com

ਗਏ। ਓਥੇ ਉਹਨਾਂ ਇਕ ਖੂਹ ਲਵਾਇਆ, ਜੋ ਅਜੇ ਮੌਜੂਦ ਹੈ। ਜਦ ਬਾਬਾ ਬੰਦਾ ਸਿੰਘ ਜੀ 'ਬਹਾਦਰ' ਪੰਜਾਬ ਵਿਚ ਆਏ, ਤਾਂ ਬਾਬਾ ਦੀਪ ਸਿੰਘ ਜੀ ਆਪਣਾ ਜਥਾ ਲੈ ਕੇ ਉਸ ਨਾਲ ਜਾ ਮਿਲੇ। ਲੜਾਈ ਵਿਚ ਉਹ ਸਦਾ ਅੱਗੇ ਹੋ ਕੇ ਲੜਦੇ। ਇਸ ਵਾਸਤੇ ਉਸ ਜਥੇ ਦਾ ਨਾਮ 'ਸ਼ਹੀਦਾਂ ਦਾ ਜੱਥਾ' ਤੇ ਬਾਬਾ ਦੀਪ ਸਿੰਘ ਦਾ ਲਕਬ 'ਸ਼ਹੀਦ' ਪੈ ਗਿਆ। ਜਦ ਬਾਬਾ ਬੰਦਾ ਸਿੰਘ ਜੀ ਸ਼ਹੀਦ ਹੋ ਗਏ, ਤਾਂ ਬਾਬਾ ਦੀਪ ਸਿੰਘ ਜੀ ਫਿਰ ਦਮਦਮਾ ਸਾਹਿਬ ਆ ਟਿਕੇ।

ਗੁਰੂ ਗੋਬਿੰਦ ਸਿੰਘ ਜੀ ਨੇ ਜੋ ਆਦਿ ਗੁਰੂ 'ਗ੍ਰੰਥ' ਸਾਹਿਬ ਦੀ ਬੀੜ ਤਿਆਰ ਕਰਵਾਈ ਸੀ, ਉਹ ਦਮਦਮੇ ਸਾਹਿਬ ਪਈ ਸੀ। ਬਾਬਾ ਦੀਪ ਸਿੰਘ ਜੀ ਨੇ ਉਸ ਉੱਤੋਂ ਉਤਾਰਾ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਬੀੜਾਂ ਤਿਆਰ ਕੀਤੀਆਂ। ਉਹਨਾਂ ਵਿਚੋਂ ਇਕ ਅਕਾਲ ਤਖ਼ਤ ਅੰਮ੍ਰਿਤਸਰ, ਇਕ ਪਟਨਾ ਸਾਹਿਬ ਤੇ ਇਕ ਅਨੰਦਪੁਰ ਸਾਹਿਬ ਭੇਜ ਦਿਤੀ। ਚੌਥੀ ਬੀੜ ਦਮਦਮਾ ਸਾਹਿਬ ਰੱਖੀ ਗਈ।

੧੭੪੮ ਈ. ਨੂੰ ਮਿਸਲਾਂ ਬਣੀਆਂ, ਤਾਂ ਸ਼ਹੀਦਾਂ ਦੀ ਮਿਸਲ ਵਖਰੀ ਬਣ ਗਈ, ਜਿਸ ਦਾ ਜਥੇਦਾਰ ਬਾਬਾ ਦੀਪ ਸਿੰਘ ਬਣਿਆਂ।

ਆਹਮਦ ਸ਼ਾਹ ਅਬਦਾਲੀ ਚੌਥੇ ਹਮਲੇ ਤੋਂ ਵਾਪਸ ਮੁੜਦਾ ਹੋਇਆ ਲਾਹੌਰ ਦਾ ਸੂਬੇਦਾਰ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਬਣਾ ਗਿਆ। ਉਸ ਦਾ ਨਾਇਬ ਤੇ ਸੈਨਾਪਤੀ ਉਹ ਆਪਣੇ ਪ੍ਰਸਿਧ ਜਰਨੈਲ ਜਹਾਨ ਖ਼ਾਂ ਨੂੰ ਛੱਡ ਗਿਆ। ਜਹਾਨ ਖ਼ਾਂ ਨੇ ਫ਼ੌਜ ਲੈ ਕੇ ਅੰਮ੍ਰਿਤਸਰ ਤੇ ਚੜ੍ਹਾਈ ਕਰ ਦਿਤੀ।

**ਸ਼ਹੀਦੀ ਬਾਬਾ ਗੁਰਬਖ਼ਸ਼ ਸਿੰਘ**

ਉਸ ਵੇਲੇ ਬਾਬਾ ਗੁਰਬਖ਼ਸ਼ ਸਿੰਘ (ਪਿੰਡ ਲੀਲ, ਤਸੀਲ ਕਸੂਰ) ਹਰਿਮੰਦਰ ਸਾਹਿਬ ਦੀ ਰਾਖੀ ਕਰ ਰਹੇ ਸਨ। ਉਹ ਆਪਣੇ ਥੋੜੇ ਜਹੇ ਸਾਥੀਆਂ ਸਣੇ ਮਰਦਾਂ ਵਾਂਗ ਲੜ ਕੇ ਸ਼ਹੀਦ ਹੋ ਗਏ। ਜਹਾਨ ਖ਼ਾਂ ਨੇ ਅੰਮ੍ਰਿਤਸਰ ਉੱਤੇ ਕਬਜ਼ਾ ਕਰ ਲਿਆ। ਉਹਨੇ ਅੰਮ੍ਰਿਤਸਰ ਦਾ ਸਰੋਵਰ ਪੂਰ ਦਿਤਾ ਤੇ ਬਹੁਤ ਸਾਰੇ ਗੁਰਦਵਾਰੇ ਢਾਹ ਦਿਤੇ। ਜਦੋਂ ਇਹ ਖ਼ਬਰਾਂ ਦਮਦਮੇ ਸਾਹਿਬ ਪੁੱਜੀਆਂ, ਤਾਂ ਓਥੋਂ ਦੀ ਸੇਵਾ ਆਪਣੇ ਭਤੀਜੇ

Sri Satguru Jagjit Singh Ji eLibrary NamdhariElibrary@gmail.com

ਸੱਦਾ ਸਿੰਘ ਨੂੰ ਸੌਂਪ ਕੇ ਬਾਬਾ ਦੀਪ ਸਿੰਘ ਜੀ ਆਪ ਫ਼ੌਜ ਲੈ ਕੇ ਅੰਮ੍ਰਿਤ-ਸਰ ਨੂੰ ਚੜ੍ਹ ਪਏ। ਰਾਹ ਵਿਚੋਂ ਖ਼ਬਰਾਂ ਸੁਣ ਕੇ ਹੋਰ ਸਿੰਘ ਵੀ ਬਾਬਾ ਜੀ ਦੇ ਦਲ ਵਿਚ ਸ਼ਾਮਲ ਹੋ ਗਏ। ਤਰਨ ਤਾਰਨ ਤੋਂ ਅੱਗੇ ਤੁਰਨ ਵਾਲੇ ਦਿਨ ਤਕ ਦਸ ਹਜ਼ਾਰ ਸਿੱਖ ਹੋ ਗਏ। ੧੧ ਨਵੰਬਰ, ੧੭੫੭ ਈ. ਨੂੰ

**ਸ਼ਹੀਦੀ ਬਾਬਾ ਦੀਪ ਸਿੰਘ**

ਗੋਲ੍ਹਵੜ ਕੋਲ ਲੜਾਈ ਆਰੰਭ ਹੋਈ ਤੇ ਅੰਮ੍ਰਿਤਸਰ ਪਰਕਰਮਾ ਵਿਚ ਜਾ ਖ਼ਤਮ ਹੋਈ। ਚਾਟੀ ਵਿੰਡ ਦੇ ਦਰਵਾਜ਼ੇ ਅੱਗੇ (ਗੁ. ਰਾਮ ਸਰ ਕੋਲ) ਬਾਬਾ ਦੀਪ ਸਿੰਘ ਜੀ ਅਮਾਨ ਖ਼ਾਂ ਨਾਲ ਲੜ ਕੇ ਸ਼ਹੀਦ ਹੋਏ। ਦੋਹਾਂ ਜਰਨੈਲਾਂ ਦੇ ਸਾਂਝੇ ਵਾਰ ਨਾਲ ਸਿਰ ਲੱਥੇ। ਬਾਬਾ ਦੀਪ ਸਿੰਘ ਬਾਰੇ ਇਹ ਕਹਾਣੀ ਪ੍ਰਸਿਧ ਹੈ, ਕਿ ਉਹ ਲੱਥਾ ਸਿਰ ਖੱਬੇ ਹੱਥ 'ਤੇ ਰੱਖ ਕੇ ਲੜਦੇ ਲੜਦੇ ਦਰਬਾਰ ਸਾਹਿਬ ਤਕ ਜਾ ਅਪੜੇ। ਕਹਿੰਦੇ ਹਨ, ਕਿ ਪਿੰਡ ਚਾਟੀਵਿੰਡ ਕੋਲੋਂ ਲੜਦਾ ਧੜ ਦਰਬਾਰ ਸਾਹਿਬ ਪੁੱਜਾ ਸੀ। ਬਾਬਾ ਜੀ ਦਾ ਸ਼ਹੀਦ ਗੰਜ ਰਾਮ ਸਰ ਕੋਲ ਹੈ।

**ਸੱਦਾ ਸਿੰਘ ਸੁਰਗਵਾਸ**

ਬਾਬਾ ਦੀਪ ਸਿੰਘ ਜੀ ਦੇ ਸ਼ਹੀਦ ਹੋਣ ਪਿੱਛੋਂ ਸ: ਸੱਦਾ ਸਿੰਘ ਮਿਸਲ ਦਾ ਲੀਡਰ ਬਣਿਆਂ। ਉਹ ਦਕੋਹੇ ਕੋਲ ਪਠਾਣਾਂ ਨਾਲ ਲੜ ਕੇ ਸ਼ਹੀਦ ਹੋਇਆ [੧੭੬੨ ਈ. ?], ਤਾਂ ਸ: ਕਰਮ ਸਿੰਘ ਮਿਸਲ ਦਾ ਲੀਡਰ ਬਣਿਆਂ। ਉਹ ਸ: ਬੀਰ ਸਿੰਘ ਸੰਧੂ ਜੱਟ [ਪਿੰਡ ਮਰੂਕਾ, ਜ਼ਿਲਾ ਲਾਹੌਰ] ਦਾ ਪੁੱਤਰ

**ਕਰਮ ਸਿੰਘ ਮਿਸਲਦਾਰ**

ਸੀ। ਏਸ ਮਿਸਲ ਵਿਚ ਉਹ ਸਭ ਤੋਂ ਨਾਮਵਰ ਸਰਦਾਰ ਹੋਇਆ ਹੈ। ਵੱਡੇ ਘਲੂਘਾਰੇ ਵਿਚ ਉਹ ਬੜੀ ਬਹਾਦਰੀ ਨਾਲ ਲੜਿਆ। ਲਗਭਗ ਹਰ ਮੁਹਿੰਮ ਵਿਚ ਇਹ ਮਿਸਲ ਪੰਥ ਨਾਲ ਸ਼ਾਮਲ ਰਹੀ। ਜਦ ਬੁਢਾ ਦਲ ਤੇ ਤਰਨਾ ਦਲ—ਦੋ ਜਥੇ—ਬਣੇ, ਤਾਂ ਇਹ ਮਿਸਲ ਬੁਢਾ ਦਲ ਵਿਚ ਸ਼ਾਮਲ ਹੋ ਗਈ। ੧੪ ਜਨਵਰੀ ੧੭੬੪ ਈ. ਨੂੰ ਸਰਹਿੰਦ ਦੀ ਲੜਾਈ ਵਿਚ ਜ਼ੈਨ ਖ਼ਾਂ ਨੂੰ ਮਾਰ ਕੇ ਸਿੰਘਾਂ

**ਇਲਾਕੇ**

ਇਲਾਕੇ ਉੱਤੇ ਕਬਜ਼ਾ ਕੀਤਾ, ਤਾਂ ਹੇਠ ਲਿਖੇ ਇਲਾਕੇ ਮਿਸਲ ਸ਼ਹੀਦਾਂ ਨੇ ਦਬਾ ਲਏ :—ਸ਼ਾਹਜ਼ਾਦਪੁਰ, ਕੇਸਰੀ, ਮਾਜਰਾ,

Sri Satguru Jagjit Singh Ji eLibrary NamdhariElibrary@gmail.com

ਟਿਪਲਾ, ਸੁਬਕਾ, ਮਾਜਰੂ, ਤੰਗੌੜ, ਤਰਾਵੜੀ, ਜੜੌਲੀ, ਦਮਦਮਾ ਸਾਹਿਬ, ਆਦਿ।

ਸ: ਕਰਮ ਸਿੰਘ ਨੇ ਆਪਣੀ ਰਿਹਾਇਸ਼ ਕੇਸਰੀ ਪੱਕੀ ਕਰ ਲਈ ਤੇ ਸ਼ਾਹਜ਼ਾਦਪੁਰ ਆਪਣੇ ਭਰੱਾ ਧਰਮ ਸਿੰਘ ਨੂੰ ਦਿਤਾ। ਜਦ ਧਰਮ ਸਿੰਘ ਸੁਰਗਵਾਸ ਹੋ ਗਿਆ, ਸ: ਕਰਮ ਸਿੰਘ ਪੱਕੀ ਤਰ੍ਹਾਂ ਸ਼ਾਹਜ਼ਾਦਪੁਰ ਜਾ ਵੱਸਿਆ। ਦਮਦਮਾ ਸਾਹਿਬ ਦੇ ਨਾਮ ਬਾਰਾਂ ਪਿੰਡ ਜਾਗੀਰ ਲਾ ਕੇ ਸ: ਰਣ ਸਿੰਘ ਨੂੰ ਓਥੋਂ ਦਾ ਮੁਖ਼ਤਿਆਰ ਬਣਾ ਦਿਤਾ।

**ਜਮਨਾ ਪਾਰ ਹਮਲੇ**

ਜਦ ੧੭੬੪ ਈ. ਵਿਚ ਸ: ਜੱਸਾ ਸਿੰਘ ਆਹਲੂਵਾਲੀਏ ਦੀ ਜਥੇਦਾਰੀ ਥੱਲੇ ਬੁਢਾ ਦਲ ਨੇ ਜਮਨਾ ਤੋਂ ਪਾਰ ਹਮਲਾ ਕੀਤਾ, ਸ: ਕਰਮ ਸਿੰਘ ਸ਼ਹੀਦ ਵੀ ਨਾਲ ਸੀ। ਜਮਨਾ ਪਾਰ ਕਈ ਹਮਲਿਆਂ ਵਿਚ ਸ: ਕਰਮ ਸਿੰਘ ਸ਼ਾਮਲ ਹੋਇਆ। ਉਸਦਾ ਸਭ ਤੋਂ ਪ੍ਰਸਿਧ ਹਮਲਾ ੧੭੭੩ ਈ. ਵਾਲਾ ਹੈ†। ਇਸ ਵਿਚ ਖ਼ਾਲਸਾ ਫ਼ੌਜ ਦਾ ਪ੍ਰਧਾਨ ਸੈਨਾਪਤੀ ਸ: ਕਰਮ ਸਿੰਘ ਸ਼ਹੀਦ ਸੀ। ਜਲਾਲਬਾਦ (ਗ਼ੌਸ ਗੜ੍ਹ, ਲੁਹਾਰੀ ਕੋਲ) ਦੇ ਹਾਕਮ ਹਸਨ ਖ਼ਾਂ ਨੇ ਇਕ ਗ਼ਰੀਬ ਪੰਡਤ ਦੀ ਲੜਕੀ ਖੋਹ ਲਈ। ਉਹ ਪੰਡਤ ਅੰਮ੍ਰਿਤਸਰ ਅਕਾਲ ਤਖ਼ਤ ਆ ਫ਼ਰਿਯਾਦੀ ਹੋਇਆ। ਓਥੋਂ ਸ: ਕਰਮ ਸਿੰਘ ਸ਼ਹੀਦ ਦੀ ਜਥੇਦਾਰੀ ਥੱਲੇ ਤੀਹ ਹਜ਼ਾਰ ਸਿੱਖਾਂ ਨੇ ਚੜ੍ਹਾਈ ਕੀਤੀ। ੧੧ ਦਸੰਬਰ, ੧੭੭੩ ਈ. ਨੂੰ ਨਨੌਤਾ ਮਾਰ ਕੇ ਫਿਰ ਸਿੰਘ ਜਲਾਲਾਬਾਦ 'ਤੇ ਜਾ ਪਏ। ਹਸਨ ਖ਼ਾਂ ਨੂੰ ਕਤਲ ਕਰਕੇ ਪੰਡਤ ਦੀ ਲੜਕੀ ਨੂੰ ਸਹੁਰੇ ਤੋਰਿਆ। ਪਹਿਲਾਂ ਤਾਂ ਲੜਕੀ ਦੇ ਸਹੁਰੇ ਉਸਨੂੰ ਅਪਨਾਉਣ ਤੋਂ ਕੁਝ ਝਿਜਕਣ ਲੱਗੇ, ਪਰ ਜਦ ਸਿੰਘਾਂ ਨੇ ਕਿਰਪਾਨ ਵਿਖਾਈ, ਤਾਂ ਉਹ ਸਭ ਸ਼ਰਤਾਂ ਮੰਨ ਗਏ।

ਬਹੁਤ ਸਾਰਾ ਇਲਾਕਾ ਲੁੱਟ ਕੇ ਸਿੰਘਾਂ ਦਿੱਲੀ ਵੱਲ ਮੂੰਹ ਕੀਤਾ। ੧੯ ਜਨਵਰੀ, ੧੭੭੪ ਈ. ਨੂੰ ਅੱਧੀ-ਕੁ ਰਾਤ ਸਿੰਘ ਸ਼ਾਹਦਰੇ ਉਤੇ ਜਾ

---

† ਪੂਰਾ ਪ੍ਰਸੰਗ ਵੇਖੋ 'ਸੀਤਲ ਚੰਗਿਆੜੇ' ਵਿਚ।

Sri Satguru Jagjit Singh Ji eLibrary NamdhariElibrary@gmail.com

ਪਏ ਤੇ ਹਜ਼ਾਰਾਂ ਰੁਪੈ ਦਾ ਮਾਲ ਲੁੱਟ ਕੇ ਫੇਰ ਵਾਪਸ ਆ ਗਏ । ਹੋਰ ਵੀ ਕਈ ਹਮਲਿਆਂ ਵਿਚ ਸ: ਕਰਮ ਸਿੰਘ ਸ਼ਾਮਲ ਹੋਇਆ ।

**ਕਰਮ ਸਿੰਘ ਸੁਰਗਵਾਸ**

੧੭੯੮ ਈ.‡ ਵਿਚ ਸ: ਕਰਮ ਸਿੰਘ ਸੁਰਗਵਾਸ ਹੋ ਗਿਆ, ਤਾਂ ਉਸਦਾ ਵੱਡਾ ਪੁੱਤਰ ਗੁਲਾਬ ਸਿੰਘ ਮਿਸਲ ਦਾ ਲੀਡਰ ਬਣਿਆਂ । ੧੮੦੪ ਈ. ਵਿਚ ਉਸਨੇ ਸਭ ਤੋਂ ਪਹਿਲਾਂ ਅੰਗਰੇਜ਼ਾਂ ਕੋਲ ਰੱਖਿਆ ਵਾਸਤੇ ਦਰਖ਼ਾਸਤ ਕੀਤੀ । ਅੰਤ

**ਗੁਲਾਬ ਸਿੰਘ**

੩ ਮਈ, ੧੮੦੯ ਈ. ਨੂੰ ਸਰਕਾਰ ਅੰਗਰੇਜ਼ੀ ਨੇ ਮਾਲਵੇ ਦੀਆਂ ਸਾਰੀਆਂ ਰਿਆਸਤਾਂ ਨੂੰ ਆਪਣੇ ਅਧੀਨ ਰੱਖਿਆ ਵਿਚ ਲੈ ਲਿਆ ।

੧੮੪੪ ਈ. ਵਿਚ ਸ: ਗੁਲਾਬ ਸਿੰਘ ਸੁਰਗਵਾਸ ਹੋ ਗਿਆ, ਤਾ ਜਾਗੀਰ ਦਾ ਮਾਲਕ ਸ਼ਿਵਕਿਰਪਾਲ ਸਿੰਘ ਬਣਿਆਂ ।

**ਸ਼ਿਵਕਿਰਪਾਲ ਸਿੰਘ**

ਉਸ ਨੇ ਸਿੱਖਾਂ ਦੀਆਂ ਲੜਾਈਆਂ ਤੇ ੧੮੫੭ ਈ. ਦੇ ਗਦਰ ਵਿਚ ਅੰਗਰੇਜ਼ਾਂ ਦੀ ਬੜੀ ਮਦਦ ਕੀਤੀ । ਉਹ ੧੮੭੧ ਈ. ਵਿਚ ਸੁਰਗਵਾਸ ਹੋ ਗਿਆ, ਤਾਂ ਉਸਦਾ

**ਜੀਵਨ ਸਿੰਘ**

ਪੁੱਤਰ ਸ: ਜੀਵਨ ਸਿੰਘ ਜਾਗੀਰਦਾਰ ਬਣਿਆਂ, ਜਿਸ ਨੂੰ ੧੮੯੦ ਈ. ਵਿਚ ਸਰਕਾਰ ਅੰਗਰੇਜ਼ੀ ਵੱਲੋਂ 'ਸਤਾਰਾ-ਇ-ਹਿੰਦ' (Star of India) ਦਾ ਖ਼ਿਤਾਬ ਮਿਲਿਆ । ਇਹ ਘਰਾਣਾ ਸ਼ਾਹਜ਼ਾਦਪੁਰੀਏ ਸਰਦਾਰ ਅਖਵਾਉਂਦਾ ਹੈ ।

---

‡ ਪੰਜਾਬ ਰਾਜਾਜ਼, ਪੰਨਾ ੪੭ ।

Sri Satguru Jagjit Singh Ji eLibrary NamdhariElibrary@gmail.com

# ੯. ਮਿਸਲ ਨਸ਼ਾਨਾਂ ਵਾਲੀ

## ਬੰਸਾਵਲੀ

- ਚੌਧਰੀ ਸਾਹਿਬ ਸਿੰਘ
  - ਦਸੌਂਧਾ ਸਿੰਘ
  - ਸੰਗਤ ਸਿੰਘ
    - ਮਿਹਰ ਸਿੰਘ
    - ਕਪੂਰ ਸਿੰਘ
      - ਫ਼ਤਹਿ ਸਿੰਘ
    - ਅਨੂਪ ਸਿੰਘ

**ਦਸੌਂਧਾ ਸਿੰਘ**

ਏਸ ਮਿਸਲ ਦਾ ਬਾਨੀ ਸ: ਦਸੌਂਧਾ ਸਿੰਘ (ਪਿੰਡ ਮਨਸੂਰ, ਜ਼ਿਲਾ ਫ਼ੀਰੋਜ਼ਪੁਰ) ਗਿੱਲ ਜੱਟ ਸੀ। ਉਸਨੇ ਦੀਵਾਨ ਦਰਬਾਰਾ ਸਿੰਘ ਤੋਂ ਅੰਮ੍ਰਿਤ ਛਕਿਆ ਸੀ। ਉਸਦਾ ਜਥਾ ਦਲ ਖ਼ਾਲਸੇ ਦੇ ਅੱਗੇ ਨਸ਼ਾਨ ਸਾਹਿਬ (ਕੇਸਰੀ ਝੰਡਾ) ਲੈ ਕੇ ਚੱਲਿਆ ਕਰਦਾ ਸੀ। ਜਦ ਮਿਸਲਾਂ ਬਣੀਆਂ, ਤਾਂ ਸ: ਦਸੌਂਧਾ ਸਿੰਘ ਦੀ ਮਿਸਲ ਦਾ ਨਾਮ ਨਸ਼ਾਨਾਂ ਵਾਲੀ ਮਿਸਲ ਪੈ ਗਿਆ। ਸਿੱਖਾਂ ਦੀਆਂ ਬਹੁਤ ਸਾਰੀਆਂ ਮੁਹਿੰਮਾਂ ਵਿਚ ਇਹ ਮਿਸਲ ਨਾਲ ਰਹੀ। ਜਦ ਸਰਹਿੰਦ ਦੇ ਜ਼ੈਨ ਖ਼ਾਂ ਨੂੰ ਮਾਰ ਕੇ ਸਿੰਘਾਂ ਨੇ ਇਲਾਕੇ ਮੱਲੇ, ਤਾਂ ਏਸ ਮਿਸਲ ਨੇ ਹੇਠ ਲਿਖੇ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ :—ਅੰਬਾਲਾ,

**ਇਲਾਕੇ**

ਬੋਹ, ਬਾਬਯਾਲ, ਪੰਜਖੋਰ, ਖਿੜਵਾ, ਸ਼ਾਹਾਬਾਦ, ਲਿਧੜਾਂ, ਸਰਾਏ ਲਸ਼ਕਰੀ ਖ਼ਾਂ, ਸਿੰਘਾਂ ਵਾਲਾ, ਸਾਹਨੇਵਾਲ, ਦੋਰਾਹਾ, ਸੌਂਤੀ, ਜ਼ੀਰਾ, ਲੁਧੜ, ਖੇੜੀ, ਇਸਮਾਈਲਾਬਾਦ, ਮਨਸੂਰ ਵਾਲ, ਆਦਿ। ਅੰਬਾਲਾ ਮਿਸਲ ਦੀ ਰਾਜਧਾਨੀ ਬਣਾਇਆ ਗਿਆ।

Sri Satguru Jagjit Singh Ji eLibrary NamdhariElibrary@gmail.com

ਸ: ਦਸੌਂਧਾ ਸਿੰਘ ਜਮਨਾ ਪਾਰ ਦੇ ਇਕ ਹਮਲੇ ਵਿਚ ਮਾਰਿਆ ਗਿਆ (੧੮੨੨ ਬਿ., ਮੁਤਾਬਕ ੧੭੬੫-੬ ਈ.*), ਤਾਂ ਉਸਦਾ ਭਰਾ

ਸੰਗਤ ਸਿੰਘ

ਗੁਰਬਖਸ਼ ਸਿੰਘ

ਸੰਗਤ ਸਿੰਘ ਮਿਸਲਦਾਰ ਬਣਿਆਂ। ਉਹ ਅੰਬਾਲੇ ਦੀ ਹਕੂਮਤ ਸ: ਗੁਰਬਖ਼ਸ਼ ਸਿੰਘ ਨੂੰ ਦੇ ਕੇ ਆਪ ਸਿੰਘਾਂ ਵਾਲਾ (ਜ਼ਿਲਾ ਫ਼ੀਰੋਜ਼ਪੁਰ) ਵਿਚ ਆ ਵੱਸਿਆ, ਜਿੱਥੇ ੧੮੩੧ ਬਿ. (੧੭੭੪ ਈ.) ਨੂੰ ਸੁਰਗਵਾਸ ਹੋ ਗਿਆ। ਉਸਦੇ ਪੁੱਤਰ ਅਜੇ ਬਾਲਕ ਸਨ, ਸੋ ਜਾਗੀਰ ਦਾ ਸਰ-ਪ੍ਰਸਤ ਸ: ਧਿਆਨ

ਧਿਆਨ ਸਿੰਘ

ਮਿਹਰ ਸਿੰਘ

ਸਿੰਘ ਹੋਇਆ। ਜਦ ਮਿਹਰ ਸਿੰਘ (ਸੰਗਤ ਸਿੰਘ ਦਾ ਵੱਡਾ ਪੁੱਤਰ) ਜਵਾਨ ਹੋਇਆ, ਤਾਂ ਜਾਗੀਰ ਉਸਨੇ ਸੰਭਾਲੀ। ਉਹ ਮੁਰੰਡੇ ਦੇ ਹਾਕਮ ਨਾਲ ਲੜਕੇ ਮਰਿਆ।

ਗੁਰਬਖ਼ਸ਼ ਸਿੰਘ ਅੰਬਾਲੇ ਦਾ ਸੁਤੰਤਰ ਹਾਕਮ ਬਣ ਗਿਆ

ਦਇਆ ਕੌਰ

ਸ: ਗੁਰਬਖ਼ਸ਼ ਸਿੰਘ ਦੇ ਸੁਰਗਵਾਸ ਹੋਣ ਉਤੇ ਉਸਦੀ ਸਰਦਾਰਨੀ ਦਇਆ ਕੌਰ ਅੰਬਾਲੇ ਦੀ ਮਾਲਕ ਬਣੀ। ੧੮੦੮ ਈ. ਵਿਚ ਸ਼ੇਰੇ-ਪੰਜਾਬ ਨੇ ਅੰਬਾਲੇ ਉੱਤੇ ਕਬਜ਼ਾ ਕਰ ਲਿਆ। ਪਰ ਮਾਲਵੇ ਦਾ ਇਲਾਕਾ ਅੰਗਰੇਜ਼ੀ ਰਖਿਆ ਵਿਚ ਜਾਣ ਕਰਕੇ ਫਿਰ ਸਰਦਾਰਨੀ ਦਇਆ ਕੌਰ ਨੂੰ ਮਿਲ ਗਿਆ ਤੇ ਉਸਦੇ ਮਰਨ ਉੱਤੇ ਸਰਕਾਰ ਅੰਗਰੇਜ਼ੀ ਨੇ ਜ਼ਬਤ ਕਰ ਲਿਆ (੧੮੮੭ ਬਿ., ਮੁਤਾਬਕ ੧੮੩੦ ਈ.)।

* ਰਾਜ ਖ਼ਾਲਸਾ, ਪੰਨਾ ੪੪।

Sri Satguru Jagjit Singh Ji eLibrary NamdhariElibrary@gmail.com

# ੯. ਮਿਸਲ ਡੱਲੇ ਵਾਲੀਆਂ

ਬੰਸਾਵਲੀ

- ਗੁਲਾਬ ਸਿੰਘ
  - ਗੁਰਦਿਆਲ ਸਿੰਘ (ਰਿਸ਼ਤੇਦਾਰ)
    - ਤਾਰਾ ਸਿੰਘ ਘੇਬਾ (ਜਾ-ਨਸ਼ੀਨ)
      - ਝੰਡਾ ਸਿਘ
        - ਨਾਰਲ ਸਿੰਘ
          - ਅਮਰ ਸਿੰਘ
            - ਠਾਕਰ ਸਿੰਘ
        - ਬਖ਼ਤਾਵਰ ਸਿੰਘ
      - ਦਸੌਂਧਾ ਸਿੰਘ
      - ਗੁੱਜਰ ਸਿੰਘ
        - ਜਗਤ ਸਿੰਘ
          - ਲਹਿਣਾ ਸਿੰਘ
          - ਖ਼ਜ਼ਾਨ ਸਿੰਘ

**ਗੁਲਾਬ ਸਿੰਘ**

ਇਸ ਜਥੇ ਦਾ ਬਾਨੀ ਸ: ਗੁਲਾਬ ਸਿੰਘ ਖੱਤਰੀ ਪਿੰਡ ਡੱਲੇਵਾਲ (ਦੁਆਬਾ ਜਲੰਧਰ ਵਿਚ ਸੁਲਤਾਨ ਪੁਰ ਦੇ ਨੇੜੇ*) ਦਾ ਸੀ, ਉਸਦੇ ਨਜ਼ਦੀਕੀ ਭਾਈ ਗੁਰਦਿਆਲ ਸਿੰਘ, ਹਰਦਿਆਲ ਸਿੰਘ, ਜੈਪਾਲ ਸਿੰਘ ਅੰਮ੍ਰਿਤ ਛਕ ਕੇ ਉਸਦੇ ਜਥੇ ਵਿਚ ਸ਼ਾਮਲ ਹੋ ਗਏ। ਛੋਟੇ ਘਲੂਘਾਰੇ ਸਮੇਂ ਸ: ਹਰਦਿਆਲ ਸਿੰਘ ਤੇ ਜੈਪਾਲ ਸਿੰਘ ਰਾਵੀ ਵਿਚ ਰੁੜ੍ਹ ਗਏ ਸਨ। ਜਦ ੧੭੪੮ ਈ. ਵਿਚ

* ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੨੯੮; ਰਾਜ ਖ਼ਾਲਸਾ, ਪੰਨਾ ੨੩।

Sri Satguru Jagjit Singh Ji eLibrary NamdhariElibrary@gmail.com

ਮਿਸਲਾਂ ਬਣੀਆਂ, ਤਾਂ ਸ: ਗੁਲਾਬ ਸਿੰਘ ਨੇ ਆਪਣੀ ਵੱਖਰੀ ਮਿਸਲ ਬਣਾ ਲਈ, ਜਿਸ ਦਾ ਨਾਂ ਉਸਦੇ ਪਿੰਡ ਦੇ ਨਾਂ ਉੱਤੇ 'ਮਿਸਲ ਡੱਲੇਵਾਲੀਆਂ' ਪੈ ਗਿਆ।

ਸ: ਗੁਲਾਬ ਸਿੰਘ ਕਲਾਨੌਰ ਦੇ ਹਾਕਮ ਨਾਲ ਲੜ ਕੇ ੧੮੧੨ ਬਿ. (੧੭੫੫ ਈ.†) ਵਿਚ ਸ਼ਹੀਦ ਹੋ ਗਿਆ, ਤਾਂ ਸ:

**ਗੁਰਦਿਆਲ ਸਿੰਘ**

ਗੁਰਦਿਆਲ ਸਿੰਘ ਮਿਸਲ ਦਾ ਲੀਡਰ ਬਣਿਆਂ। ਅਗਲੇ ਸਾਲ ਉਹ ਵੀ ਇਕ ਲੜਾਈ ਵਿਚ ਸ਼ਹੀਦ

**ਤਾਰਾ ਸਿੰਘ ਘੇਬਾ**

ਹੋ ਗਿਆ, ਤਾਂ ਸ: ਤਾਰਾ ਸਿੰਘ ਘੇਬਾ (ਕੰਗ ਜੱਟ, ਪਿੰਡ ਤੇੜਾ ਵਾਲੀ) ਮਿਸਲਦਾਰ ਬਣਿਆਂ।

੧੭੫੮ ਈ. ਨੂੰ ਉੜਮੁੜ ਟਾਂਡਾ ਦੀ ਲੜਾਈ ਵਿਚ ਦੀਵਾਨ ਬਿਸ਼ੰਭਰ ਦਾਸ ਕਤਲ ਹੋ ਗਿਆ, ਤਾਂ ਸਿੰਘਾਂ ਨੇ ਦੁਆਬਾ ਜਲੰਧਰ ਉੱਤੇ ਕਬਜ਼ਾ ਕਰ ਲਿਆ। ਉਸ ਵਿਚੋਂ ਲਗਭਗ ਤਿੰਨ ਲੱਖ ਦਾ ਇਲਾਕਾ ਸ: ਤਾਰਾ ਸਿੰਘ ਘੇਬਾ ਨੇ ਮੱਲ ਲਿਆ। ਜਦ ੧੭੬੪ ਈ. ਵਿਚ ਜ਼ੈਨ ਖ਼ਾਂ ਨੂੰ ਕਤਲ ਕਰਕੇ ਸਿੰਘਾਂ ਨੇ ਸੂਬਾ ਸਰਹਿੰਦ ਵੰਡਿਆ, ਤਾਂ ਹੇਠ ਲਿਖੇ ਇਲਾਕੇ ਇਸ ਮਿਸਲ ਦੇ ਕਬਜ਼ੇ ਵਿਚ ਆ ਗਏ :—ਢੋਆ, ਸਾਰਨ, ਮੁਜਤਫ਼ਾ-

**ਇਲਾਕੇ**

ਬਾਦ, ਬਿਜਰਾਲ, ਚਾਪੁਰ, ਧੁਮਸੀ, ਗੜ੍ਹੀ, ਜਾਮਾ ਰਾਈਆਂ, ਹੈਬਤਪੁਰ, ਖੇੜਾ, ਚੂੰਨੀਆਂ, ਲਾਡਵਾ, ਇੰਧਰੀ, ਸ਼ਾਮਗੜ੍ਹ, ਪਹੋਆ, ਕਹੋਦ, ਸਿਕੰਦਰਾ, ਮਿਕਰੀ, ਥਾਨੇਸਰ, ਸਿਆਲਬਾ, ਖੰਨਾ, ਧਰਮ ਸਿੰਘ ਵਾਲਾ, ਧਰਮ ਕੋਟ, ਮਾੜੀ, ਤਿਹਾੜਾ, ਕੰਗ, ਲੋਹੀਆਂ, ਰੋਪੜ, ਅਵਾਨਕੋਟ, ਸੀਸਵਾਲ, ਕੁਰਾਲੀ, ਖ਼ਿਜ਼ਰਾਬਾਦ, ਡੇਰਾ, ਟੰਡਵਾਲਾ, ਆਰਨੌਲੀ, ਸਿੱਧੂਵਾਲ, ਬਾਂਗਰ, ਆਮਲੂ, ਕੁਲਰ, ਖੜਿਆਲ, ਅਕਾਲ ਗੜ੍ਹ, ਬਰਾੜਾ।

ਏਸੇ ਸਾਲ (ਫ਼ਰਵਰੀ, ੧੭੬੪ ਈ.) ਜਦ ਬੁੱਢੇ ਦਲ ਨੇ ਜਮਨਾ ਪਾਰ ਹਮਲਾ ਕੀਤਾ, ਤਾਂ ਸ: ਤਾਰਾ ਸਿੰਘ ਘੇਬਾ ਵੀ ਨਾਲ ਸੀ। ਉਹ

† ਰਾਜ ਖ਼ਾਲਸਾ, ਪੰਨਾ ੨੫।

Sri Satguru Jagjit Singh Ji eLibrary NamdhariElibrary@gmail.com

ਜਮਨਾ ਪਾਰ ਕਈ ਹਮਲਿਆਂ ਵਿਚ ਸ਼ਾਮਲ ਰਿਹਾ ।

੧੭੬੯ ਈ. ਵਿਚ—ਉਪਰ ਲਿਖੇ ਇਲਾਕਿਆਂ ਤੋਂ ਇਲਾਵਾ—ਦੁਆਬਾ ਜਲੰਧਰ ਵਿਚ ਇਸ ਮਿਸਲ ਕੋਲ ਇਹ ਇਲਾਕੇ ਸਨ :—ਰਾਹੋਂ ਮਹਤਪੁਰ, ਨਵਾਂ ਸ਼ਹਿਰ, ਫਿਲੌਰ, ਸਰਾਏ ਦੱਖਣੀ, ਨਕੋਦਰ ਆਦਿ। ਇਹ ਸਾਰੇ ਇਲਾਕੇ (ਸਤਲੁਜ ਦੇ ਦੋਹੀਂ ਪਾਸੀਂ) ਅੱਠ ਲੱਖ ਸਾਲਾਨਾ ਦੇ ਸਨ ।

ਤਾਰਾ ਸਿੰਘ ਸੁਰਗਵਾਸ ਤੇ ਇਲਾਕਾ ਜ਼ਬਤ

ਸ: ਤਾਰਾ ਸਿੰਘ ਘੇਬਾ ਮਾਲਵੇ ਦੇ ਸਿੱਖਾਂ ਦੀਆਂ ਬਹੁਤ ਸਾਰੀਆਂ ਮੁਹਿੰਮਾਂ ਵਿਚ ਸ਼ਾਮਲ ਰਿਹਾ । ਇਕ ਵਾਰ (੧੭੯੦ ਈ. ਵਿਚ) ਪਟਿਆਲੇ ਨਾਲ ਵੀ ਲੜਿਆ। ਉਹ ਲੜਾਈ ਵਿਚ ਦਲੇਰ ਤੇ ਆਪਣੀ ਪਰਜਾ ਵਾਸਤੇ ਬੜਾ ਰਹਿਮ ਦਿਲ ਤੇ ਦਾਨੀ ਸੀ । ਗ਼ਰੀਬਾਂ ਵਾਸਤੇ ਉਹ ਹਮੇਸ਼ਾਂ ਸਦਾ-ਵਰਤ ਲਾਈ ਰਖਦਾ ਸੀ । ੧੮੦੭ ਈ. ਵਿਚ ਉਹ ਆਪਣੀ ਰਾਜਧਾਨੀ ਰਾਹੋਂ ਵਿਚ ਸੁਰਗ-ਵਾਸ ਹੋ ਗਿਆ, ਤਾਂ ਸ਼ੇਰੇ-ਪੰਜਾਬ ਨੇ ਉਸਦੇ ਦੁਆਬਾ ਜਲੰਧਰ ਵਿਚਲੇ ਸਾਰੇ ਇਲਾਕੇ ਜ਼ਬਤ ਕਰਕੇ ਵਾਰਸਾਂ ਨੂੰ ਜਾਗੀਰ ਦੇ ਦਿਤੀ । ਝੰਡਾ ਸਿੰਘ ਨੂੰ ਮਾਲਪੁਰ ਤੇ ਗੁੱਜਰ ਸਿੰਘ ਨੂੰ ਬੱਲਕੋ ਮਿਲਿਆ । ਸ: ਤਾਰਾ ਸਿੰਘ ਘੇਬਾ ਦੀ ਰਾਣੀ ਰਤਨ ਕੌਰ ਕੁਛ ਸਮੇਂ ਪਿਛੋਂ ਲੁਧਿਆਣੇ ਚਲੀ ਗਈ ਤੇ ਅੰਗਰੇਜ਼ਾਂ ਕੋਲੋਂ ਨਕਦ ਪੈਨਸ਼ਨ ਲੈਂਦੀ ਰਹੀ ।

Sri Satguru Jagjit Singh Ji eLibrary NamdhariElibrary@gmail.com

# ੧੦. ਮਿਸਲ ਕਰੋੜਾਸਿੰਘੀਆਂ

(ਪ੍ਰਸਿਧ ਲੀਡਰ)

ਸ: ਸ਼ਾਮ ਸਿੰਘ
ਸ: ਕਰਮ ਸਿੰਘ
ਸ: ਕਰੋੜਾ ਸਿੰਘ
ਸ: ਬਘੇਲ ਸਿੰਘ

**ਸ਼ਾਮ ਸਿੰਘ** ਏਸ ਜਥੇ ਦਾ ਮੋਢੀ ਸ: ਸ਼ਾਮ ਸਿੰਘ ਜੱਟ, ਪਿੰਡ ਨਾਰਲੀ ਦਾ ਸੀ। ਨਾਦਰ ਦੇ ਹਮਲੇ ਸਮੇਂ ਸ: ਸ਼ਾਮ ਸਿੰਘ ਨਾਦਰ ਦੀ ਫ਼ੌਜ ਨਾਲ ਲੜ ਕੇ ਸ਼ਹੀਦ ਹੋ ਗਿਆ* [੧੭੩੯ ਈ.], **ਕਰਮ ਸਿੰਘ** ਤਾਂ ਉਸਦਾ ਸਾਥੀ ਸ: ਕਰਮ ਸਿੰਘ ਜਥੇਦਾਰ ਬਣਿਆਂ। ਇਹ ਦੋਵੇਂ ਸਰਦਾਰ ਖ਼ਾਲਸੇ ਦੀਆਂ ਬਹੁਤ ਸਾਰੀਆਂ ਮੁਹਿੰਮਾਂ ਵਿਚ ਸ਼ਾਮਲ ਰਹੇ। ੧੮੦੩ ਬਿ. [੧੭੪੬ ਈ.] ਵਿਚ ਸ: ਕਰਮ ਸਿੰਘ ਇਕ ਲੜਾਈ ਵਿਚ ਸ਼ਹੀਦ ਹੋ ਗਿਆ†, ਤਾਂ ਸ: ਕਰੋੜਾ ਸਿੰਘ (ਪਿੰਡ ਪੈਜਗੜ੍ਹ, ਜ਼ਿਲਾ ਗੁਰਦਾਸਪੁਰ) ਜਥੇਦਾਰ ਬਣਿਆਂ। **ਕਰੋੜਾ ਸਿੰਘ** ਜਦ ੧੭੪੮ ਈ. ਵਿਚ ਮਿਸਲਾਂ ਬਣੀਆਂ, ਤਾਂ ਕਰੋੜਾ ਸਿੰਘ ਨੇ ਵੱਖਰੀ ਮਿਸਲ ਬਣਾ ਲਈ, ਜਿਸਦਾ ਨਾਮ ਮਿਸਲ ਪੈਜ-ਗੜ੍ਹੀਆਂ ਜਾਂ ਕਰੋੜਾ ਸਿੰਘੀਆਂ ਰੱਖਿਆ ਗਿਆ।

ਸ: ਕਰੋੜਾ ਸਿੰਘ ਬੜਾ ਦਲੇਰ ਤੇ ਤਲਵਾਰੀਆ ਸੀ। ਉੜਮੁੜ ਟਾਂਡਾ ਦੀ ਲੜਾਈ ਵਿਚ ਦੀਵਾਨ ਬਿਸ਼ੰਭਰ ਦਾਸ ਦਾ ਸਿਰ ਏਸੇ ਵਢਿਆ

* ਰਾਜ ਖ਼ਾਲਸਾ, ਪੰਨਾ ੨੮।

† ਰਾਜ ਖ਼ਾਲਸਾ, ਪੰਨਾ ੨੮।

Sri Satguru Jagjit Singh Ji eLibrary NamdhariElibrary@gmail.com

ਸੀ‡। ਵੱਡੇ ਘਲੂਘਾਰੇ ਵਿਚ (੧੭੬੨ ਈ.) ਇਹਦੇ ਸਰੀਰ 'ਤੇ ਕਈ ਫੱਟ ਲੱਗੇ, ਪਰ ਫੇਰ ਵੀ ਸੂਰਮਾ ਅੱਗੇ ਹੋ ਹੋ ਲੜਦਾ ਰਿਹਾ। ਜਦ ਅਬਦਾਲੀ ਦੇ ਵਾਪਸ ਮੁੜਨ ਉੱਤੇ ਦਲ ਖ਼ਾਲਸਾ ਦੇ ਦੋ ਜਥੇ (ਬੁਢਾ ਦਲ ਤੇ ਤਰਨਾ ਦਲ) ਬਣੇ, ਤਾਂ ਇਹ ਮਿਸਲ ਬੁਢਾ ਦਲ ਵਿਚ ਸ਼ਾਮਲ ਹੋ ਗਈ। ੧੭੬੪ ਈ. ਵਿਚ ਜ਼ੈਨ ਖ਼ਾਂ ਨੂੰ ਮਾਰ ਕੇ ਸਿੰਘਾਂ ਨੇ ਸਰਹਿੰਦ ਦਾ ਸੂਬਾ ਵੰਡਿਆ, ਤਾਂ ਹੇਠ ਲਿਖੇ ਇਲਾਕੇ ਏਸ ਮਿਸਲ ਨੇ ਮੱਲ ਲਏ :—ਸ਼ਾਮ ਸਿੰਘ ਵਾਲਾ, ਧੀਨ, ਗਦੋਲੀ, ਨਾਗਲਾ, ਲਾਲਪੁਰ, ਮੁਸੀਮਵਾਲਾ, ਕਬੂਤਰਖ਼ਾਨਾ, ਬਲਚੂਪੁਰ, ਤਲਾਕੌਰ, ਬਸੂੜ, ਕਾਲਾਵਾਰ, ਕਲਸੀਆਂ, ਲ਼ੀਦਾ, ਸਢੌਰਾ, ਬਿਲਾਸਪੁਰ, ਕੋਟਰੂ, ਮਛਰੌਲੀ, ਮਾਈ ਰਾਜਾ, ਸੈਦੋ, ਖਤਰਾਨੀ, ਰਾਜ ਕੌਰ, ਧਨੌੜਾ, ਰਾਡੌਰ, ਜੈਨਪੁਰ, ਭੇੜੀ, ਛਛਰੌਲੀ, ਚੜਿੱਕ, ਕੋਟ, ਕਿਨੌੜੀ, ਜਮੀਤ ਗੜ੍ਹ, ਛਲੌਂਦੀ, ਆਦਿ। ਇਸ ਤੋਂ ਵੱਖਰੇ ਦੁਆਬਾ ਜਲੰਧਰ ਵਿਚ ਇਹ ਇਲਾਕੇ ਇਸ ਮਿਸਲ ਦੇ ਕਬਜ਼ੇ ਵਿਚ ਸਨ :—ਹਰਿਆਨਾ, ਸ਼ਾਮ ਚੌਰਾਸੀ, ਖੁਰਦੀਨ, ਕਨੌੜੀ, ਗਰਜਾ, ਹੁਸ਼ਿਆਰਪੁਰ, ਚਾਰੇ ਬਸੀਆਂ, ਸ਼ੰਮਸਾਬਾਦ, ਬੰਦੇਲੀ, ਬਹਾਦਰਪੁਰ, ਤਲਵਨ, ਆਦਿ।

ਸਰਹਿੰਦ ਫ਼ਤਹਿ ਕਰ ਕੇ ਤਰਨਾ ਦਲ ਤਾਂ ਮਾਝੇ ਨੂੰ ਮੁੜ ਪਿਆ, ਤੇ ਬੁਢਾ ਦਲ ਸ: ਜੱਸਾ ਸਿੰਘ ਆਹਲੂਵਾਲੀਏ ਦੀ ਜਥੇਦਾਰੀ ਥੱਲੇ (ਅੱਧ ਫ਼ਰਵਰੀ, ੧੭੬੪ ਈ.) ਬੁੜੀਆ ਘਾਟ ਤੋਂ ਜਮਨਾ ਪਾਰ ਟੱਪ ਪਿਆ। ੨੦ ਫ਼ਰਵਰੀ ਨੂੰ ਸਿੰਘਾਂ ਸਹਾਰਨਪੁਰ ਜਾ ਲੁਟਿਆ। ਫਿਰ ਸ਼ਾਮਲੀ, ਕੰਦੇਲਾ, ਅੰਬਲੀ, ਮੀਰਾਂ ਪੁਰ, ਦੇਵ ਬੰਦ, ਮੁਜ਼ੱਫ਼ਰ ਨਗਰ, ਜਵਾਲਾ ਪੁਰ, ਕਨਖਲ, ਲੰਢੌਰਾ, ਨਜੀਬਾਬਾਦ, ਨਗੀਨਾ, ਮੁਰਾਦਾਬਾਦ, ਚੰਦੋਸੀ, ਅਨੂਪ ਸ਼ਹਿਰ, ਗੜ੍ਹ ਮੁਕਤੇਸ਼ਰ, ਆਦਿ ਸ਼ਹਿਰ ਲੁੱਟ ਲਏ। ਏਸ ਹਮਲੇ ਵਿਚ ਨਜੀਬੁੱਦੌਲਾ ਦੀ ਫ਼ੌਜ ਨਾਲ ਲੜ ਕੇ ਸ: ਕਰੋੜਾ ਸਿੰਘ ਗੋਲੀ ਨਾਲ ਸ਼ਹੀਦ ਹੋ ਗਿਆ*। ਸਿੰਘ ਫੇਰ ਸਰਹਿੰਦ ਆ

ਬਘੇਲ ਸਿੰਘ

‡ ਵੇਖੋ 'ਸਿੱਖਰਾਜ ਕਿਵੇਂ ਬਣਿਆਂ ?'

* ਭੰਗੂ, ਪੰਨਾ ੩੯੮।

Sri Satguru Jagjit Singh Ji eLibrary NamdhariElibrary@gmail.com

ਬੈਠੇ। ਸ: ਕਰੋੜਾ ਸਿੰਘ ਦੀ ਔਲਾਦ ਕੋਈ ਨਹੀਂ ਸੀ, ਸੋ ਮਿਸਲ ਦਾ ਲੀਡਰ ਸ: ਬਘੇਲ ਸਿੰਘ (ਧਾਲੀਵਾਲ ਜੱਟ) ਬਣਿਆਂ। ਉਹ ਇਸ ਮਿਸਲ ਦਾ ਸਭ ਤੋਂ ਨਾਮਵਰ ਸਰਦਾਰ ਹੋਇਆ ਹੈ। ਉਸ ਨੇ ਆਪਣੀ ਰਾਜਧਾਨੀ ਛਲੌਂਦੀ ਬਣਾ ਲਈ†।

੧੭੬੫ ਈ. ਵਿਚ ਜਦ ਬੁਢਾ ਦਲ ਨੇ ਨਜੀਬੁੱਦੌਲਾ ਦੇ ਵਿਰੁੱਧ ਰਾਜਾ ਜਵਾਹਰ ਮੱਲ ਦੀ ਮਦਦ ਕੀਤੀ, ਤਾਂ ਸ: ਬਘੇਲ ਸਿੰਘ ਵੀ ਖ਼ਾਲਸਾ ਫ਼ੌਜ ਵਿਚ ਸ਼ਾਮਲ ਸੀ। ਅਬਦਾਲੀ ਦੇ ਅੱਠਵੇਂ ਹਮਲੇ ਵਿਚ ਉਸਨੇ ਬੜੀ ਬਹਾਦਰੀ ਵਿਖਾਈ। ਖ਼ਾਸ ਕਰ ਬਟਾਲੇ ਦੀ ਲੜਾਈ ਵਿਚ ਬਘੇਲ ਸਿੰਘ ਨੇ ਅਬਦਾਲੀ ਦਾ ਡੇਰਾ ਲੁੱਟਿਆ।

ਮਈ, ੧੭੬੭ ਈ. ਨੂੰ ਸਿੱਖਾਂ ਨੇ ਫਿਰ ਜਮਨਾ ਪਾਰ ਹਮਲਾ ਕੀਤਾ। ਅਬਦਾਲੀ ਉਸ ਵੇਲੇ ਪੰਜਾਬ ਵਿਚ ਹੀ ਸੀ। ਉਸਨੇ ਆਪਣਾ ਜਰਨੈਲ ਜਹਾਨ ਖ਼ਾਂ, ਨਜੀਬੁੱਦੌਲਾ ਦੀ ਮਦਦ ਵਾਸਤੇ ਭੇਜਿਆ। ਸ਼ਾਮਲੀ ਤੇ ਕੈਰਾਨਾ ਦੇ ਵਿਚਕਾਰ ਨਜੀਬੁੱਦੌਲਾ ਤੇ ਜਹਾਨ ਖ਼ਾਂ ਨੇ ਸਿੱਖਾਂ ਉੱਤੇ ਹਮਲਾ ਕੀਤਾ। ਬੜੀ ਸਖ਼ਤ ਲੜਾਈ ਹੋਈ, ਜਿਸ ਵਿਚ ਸ: ਬਘੇਲ ਸਿੰਘ ਜ਼ਖ਼ਮੀ ਹੋ ਗਿਆ। ਸਿੱਖ ਵਾਪਸ ਪੰਜਾਬ ਨੂੰ ਪਰਤ ਆਏ।

ਏਸ (ਨੌਂਵੇਂ) ਹਮਲੇ ਸਮੇਂ ਵਾਪਸ ਜਾਂਦਾ ਹੋਇਆ ਅਬਦਾਲੀ ਸਿਆਲਕੋਟ ਦੇ ਇਲਾਕੇ ਵਿੱਚੋਂ ਢੱਕਾਂ ਬੰਨ੍ਹ ਤੁਰਿਆ, ਜੋ ਸ: ਜੱਸਾ ਸਿੰਘ, ਸ: ਚੜ੍ਹਤ ਸਿੰਘ ਤੇ ਸ: ਬਘੇਲ ਸਿੰਘ ਨੇ ਜਿਹਲਮ ਕੰਢੇ ਅਬਦਾਲੀ 'ਤੇ ਹਮਲਾ ਕਰਕੇ ਛੁਡਾ ਲਈਆਂ ਤੇ ਪੱਲਿਓਂ ਖ਼ਰਚ ਦੇ ਕੇ ਘਰੋ ਘਰੀ ਪੁਚਾਈਆਂ।

**ਜਮਨਾ ਪਾਰ ਹਮਲੇ**

ਅਬਦਾਲੀ ਦਾ ਡਰ ਹੁਣ ਸਿੱਖਾਂ ਦੇ ਦਿਲੋਂ ਲਹਿ ਗਿਆ ਸੀ। ਹੁਣ ਉਹਨਾਂ ਜਮਨਾਂ ਤੋਂ ਪਾਰਲੇ ਇਲਾਕੇ ਵੱਲ ਧਿਆਨ ਕੀਤਾ। ਜਮਨਾਂ ਤੋਂ ਪਾਰ ਸਿੱਖਾਂ ਨੇ ਸਭ ਤੋਂ ਪਹਿਲਾ ਹਮਲਾ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ੧੭੧੦ ਈ. ਵਿਚ ਕੀਤਾ

---

† ਲਤੀਫ਼, ਪੰਨਾ ੩੨੩।

Sri Satguru Jagjit Singh Ji eLibrary NamdhariElibrary@gmail.com

ਸੀ। ਦੂਜਾ ਹਮਲਾ—ਸਰਹਿੰਦ ਉੱਤੇ ਕਬਜ਼ਾ ਕਰਨ ਪਿੱਛੋਂ ਫ਼ਰਵਰੀ, ੧੭੬੪ ਈ. ਵਿਚ ਕੀਤਾ ਤੇ ਇਸ ਤੋਂ ਪਿੱਛੋਂ ਜਮਨਾਂ ਪਾਰ ਸਿੱਖਾਂ ਦੇ ਹਮਲੇ ਆਮ ਹੋ ਗਏ‡। ਇਲਾਕੇ ਦਾ ਹਾਕਮ ਨਜ਼ੀਬੁੱਦੌਲਾ ਕਈ ਵਾਰ ਸਿੱਖਾਂ ਨਾਲ ਲੜ-ਕੇ ਹਾਰ ਗਿਆ*, ਤੇ ਅੰਤ ਉਹਨੇ ਜਮਨਾ ਪਾਰ ਦੇ

**ਰਾਖੀ ਪ੍ਰਬੰਧ**

ਇਲਾਕੇ ਵਿਚ ਸਿੱਖਾਂ ਦਾ 'ਰਾਖੀ ਪ੍ਰਬੰਧ' ਮੰਨ ਲਿਆ (੧੭੬੮ ਈ.)। ਸਿੱਖ ਸਰਦਾਰਾਂ ਨੇ ਇਹ ਸਾਰਾ ਇਲਾਕਾ ਆਪਸ ਵਿਚ ਵੰਡ ਲਿਆ। ਇਸਨੂੰ ਪੱਤੀਦਾਰੀ ਆਖਦੇ ਸਨ। ਹਰ ਫ਼ਸਲ (ਛੇ ਮਹੀਨੇ) ਪਿੱਛੋਂ ਉਥੇ ਦੇ ਵੱਸਣ ਵਾਲੇ ਦੋ ਤੋਂ ਪੰਜ ਰੁਪੈ ਤਕ ਜੀ-ਪਰਤੀ ਸਿੱਖਾਂ ਨੂੰ ਨਜ਼ਰਾਨਾ ਦੇਣ ਤੇ ਇਸ ਬਦਲੇ ਸਿੱਖ ਉਸ ਇਲਾਕੇ ਵਿਚ ਲੁੱਟ ਮਾਰ ਨਾ ਕਰਨ। ਇਸ ਨੂੰ 'ਰਾਖੀ ਪ੍ਰਬੰਧ' ਕਹਿੰਦੇ ਸਨ। ਇਲਾਕੇ ਦੇ ਹਾਕਮ ਨਜੀਬੱਦੌਲਾ ਨੇ ਸਿੱਖਾਂ ਦਾ ਇਹ ਹੱਕ ਪਰਵਾਨ ਕਰ ਲਿਆ।

ਜਮਨਾ ਤੋਂ ਲੈ ਕੇ ਦਰਿਆ ਅਟਕ ਤਕ ਸਿੱਖਾਂ ਦੀ ਰਾਜਸੀ ਤਾਕਤ ਬਣ ਚੁਕੀ ਸੀ। ਹੁਣ ਸਿੱਖ ਮਿਸਲਾਂ ਆਪਸ ਵਿਚ ਲੜਨ ਖਹਿਣ ਲੱਗ ਪਈਆਂ ਸਨ। ਹਰ ਸਰਦਾਰ ਦੇ ਦਿਲ ਵਿਚ ਆਪਣੇ ਇਲਾਕੇ ਵਧਾਉਣ ਦੀ ਹਵਸ ਪੈਦਾ ਹੋ ਗਈ ਸੀ। ਉਹ ਕਈ ਵਾਰ ਆਪਸ ਵਿਚ ਇਕ ਦੂਜੇ ਦੇ ਇਲਾਕੇ ਲੁੱਟ ਲੈਂਦੇ ਤੇ ਮੱਲ ਲੈਂਦੇ। ੧੭੬੯ ਈ. ਵਿਚ ਸ: ਅਮਰ ਸਿੰਘ ਪਟਿਆਲੀਏ ਨੇ ਸ: ਬਘੇਲ ਸਿੰਘ ਦੇ ਕੁਛ ਪਿੰਡ (ਲਲੜੂ, ਭੁੰਨੀ, ਮੁੱਲਾਂਪੁਰ ਆਦਿ) ਮੱਲ ਲਏ। ਸ: ਬਘੇਲ ਸਿੰਘ ਨੇ ਦੂਲਚਾ ਸਿੰਘ, ਸੁੱਖੂ ਸਿੰਘ, ਭਾਗ ਸਿੰਘ, ਭੰਗਾ ਸਿੰਘ ਆਦਿ ਨੂੰ ਨਾਲ ਲੈ ਕੇ ਪਟਿਆਲੇ 'ਤੇ ਧਾਵਾ ਬੋਲ ਦਿਤਾ। ਘੁੜਾਮ ਕੋਲ ਅਮਰ ਸਿੰਘ ਦੀਆਂ ਫ਼ੌਜਾਂ ਨਾਲ ਲੜਾਈ

---

‡ ਜੇ ਇਹਨਾਂ ਹਮਲਿਆਂ ਦਾ ਵੇਰਵੇ ਨਾਲ ਹਾਲ ਲਿਖੀਏ, ਤਾਂ ਇਕ ਵੱਖਰੀ ਪੁਸਤਕ ਬਣ ਜਾਵੇਗਾ। ਕੁਝ-ਕੁ ਹਮਲਿਆਂ ਦਾ ਜ਼ਿਕਰ ਅਸੀਂ ਇਸ ਮਿਸਲ ਵਿਚ ਕਰਦੇ ਹਾਂ।

* ਵੇਖੋ 'ਸਿੱਖਰਾਜ ਕਿਵੇਂ ਬਣਿਆਂ ?' ਕਾਂਡ ਛੇਵਾਂ।

Sri Satguru Jagjit Singh Ji eLibrary NamdhariElibrary@gmail.com

ਹੋਟੀ। ਪਟਿਆਲੀਏ ਨੇ ਆਪਣੇ ਵਕੀਲ ਚੈਨ ਸਿੰਘ ਰਾਹੀਂ ਸੁਲ੍ਹਾ ਕਰ ਲਈ ਤੇ ਆਪਣੇ ਵੱਡੇ ਪੁੱਤਰ ਨੂੰ ਸ: ਬਘੇਲ ਸਿੰਘ ਹੱਥੋਂ ਅੰਮ੍ਰਿਤ ਛਕਾਇਆ।

ਜਲਾਲਾਬਾਦ ਮਾਰਿਆ

੧੭੭੩ ਈ. ਵਿਚ ਜਦ ਜਲਾਲਾਬਾਦ ਦੇ ਪੰਡਤ ਦੀ ਫ਼ਰਯਾਦ ਮੰਨ ਕੇ ਸ: ਕਰਮ ਸਿੰਘ ਸ਼ਹੀਦ ਨੇ ਜਮਨਾ ਪਾਰ ਹਮਲਾ ਕੀਤਾ, ਤਾਂ ਬਘੇਲ ਸਿੰਘ ਵੀ ਨਾਲ ਸੀ। ੧੧ ਦਸੰਬਰ, ੧੭੭੩ ਈ. ਨੂੰ ਨਨੌਤਾ ਮਾਰਕੇ ਸਿੰਘ ਅੱਗੇ ਵਧੇ। ਜਲਾਲਾਬਾਦ (ਲੁਹਾਰੀ) ਦਾ ਹਾਕਮ ਹਸਨ ਖ਼ਾਂ ਮਾਰਿਆ ਗਿਆ। ਸਿੰਘਾਂ ਨੇ ਸ਼ਹਿਰ ਤੇ ਇਲਾਕਾ ਲੁੱਟ ਲਿਆ। ਉਸ ਪੰਡਤ ਦੀ ਲੜਕੀ ਜ਼ਾਲਮ ਦੇ ਪੰਜੇ ਵਿਚੋਂ ਛੁੜਾ ਕੇ ਹਜ਼ਾਰਾਂ ਰੁਪੈ ਦਾਨ ਦੇ ਕੇ ਸਾਹੁਰੇ ਤੋਰੀ ਗਈ। ਉਦਾਲੇ ਪੁਦਾਲੇ ਦਾ ਇਲਾਕਾ ਲੁੱਟ ਕੇ ਸਿੰਘ ਦਿੱਲੀ 'ਤੇ ਜਾ ਪਏ। ੧੮ ਜਨਵਰੀ, ੧੭੭੪ ਈ. ਨੂੰ ਅੱਧੀ-ਕੁ ਰਾਤ ਵੇਲੇ ਸਿੰਘ ਸ਼ਾਹਦਰੇ (ਦਿੱਲੀ) ਵਿਚ ਜਾ ਵੜੇ। ਓਥੋਂ ਉਹਨਾਂ ਹਜ਼ਾਰਾਂ ਰੁਪੈ ਦਾ ਮਾਲ ਲੁੱਟਿਆ। ਸ਼ਾਹੀ ਸੈਨਾਂ ਦੇ ਤਿਆਰ ਹੋਣ ਤੋਂ ਪਹਿਲਾਂ ਹੀ ਸਿੰਘ ਲੁੱਟ ਦਾ ਮਾਲ ਸੰਭਾਲ ਕੇ ਵਾਪਸ ਪੰਜਾਬ ਨੂੰ ਆ ਗਏ।

੧੭੭੫ ਈ. ਵਿਚ ਸ: ਬਘੇਲ ਸਿੰਘ ਕਰੋੜਾ ਸਿੰਘੀਆਂ, ਸ: ਤਾਰਾ ਸਿੰਘ ਘੇਬਾ ਤੇ ਰਾਏ ਸਿੰਘ ਭੰਗੀ 'ਬੇਗੀ ਘਾਟ' ਤੋਂ ਜਮਨਾ ਟੱਪੇ (੨੨ ਅਪ੍ਰੈਲ)। ਲਖਨੌਤੀ, ਗੰਗੋਹ, ਅੰਬੇਹਟਾ, ਨਨੌਤਾ ਆਦਿ ਲੁੱਟ ਕੇ, ਫਿਰ ਉਹ ਦੇਵਬੰਦ 'ਤੇ ਜਾ ਪਏ। ਓਥੋਂ ਦਾ ਹਾਕਮ ਲੜਾਈ ਵਿਚ ਹਾਰ ਗਿਆ ਉਸਦੇ ਪਰਜਾ ਉੱਤੇ ਕੀਤੇ ਹੋਏ ਅੱਤਿਆਚਾਰਾਂ ਤੋਂ ਸਿੱਖ ਜਾਣੂ ਸਨ। ਸੋ ਉਸਨੂੰ ਜਿਉਂਦਾ ਸਾੜਿਆ ਗਿਆ। ਸ਼ਹਿਰ ਦੇ ਪਤਵੰਤਿਆਂ ਨੇ ਨਜ਼ਰਾਨਾ ਦੇ ਕੇ ਸਿੱਖਾਂ ਨਾਲ ਸੁਲ੍ਹਾ ਕਰ ਲਈ ਤੇ ਛੇ ਸੌ ਰੁਪੈ ਸਾਲਾਨਾ ਖ਼ਰਾਜ ਦੇਣਾ ਮੰਨ ਲਿਆ।

ਨਜੀਬੁੱਦੌਲਾ

ਏਥੋਂ ਵਿਹਲੇ ਹੋ ਕੇ ਸਿੱਖ ਗ਼ੌਸ ਗੜ੍ਹ ਵੱਲ ਵਧੇ। ਓਥੋਂ ਦਾ ਹਾਕਮ ਨਜੀਬੁੱਦੌਲਾ ਮਰ ਚੁਕਾ ਸੀ (੩੧ ਅਕਤੂਬਰ, ੧੭੭੦ ਈ.) ਇਸ ਵੇਲੇ ਉਸਦਾ ਵੱਡਾ ਪੱਤਰ ਜ਼ਬੀਤਾ ਖ਼ਾਂ ਗ਼ੌਸ ਗੜ੍ਹ ਦਾ

Sri Satguru Jagjit Singh Ji eLibrary NamdhariElibrary@gmail.com

ਮਾਰਿਆ

ਮਾਲਕ ਸੀ। ਉਸਨੇ ਪੰਜਾਹ ਹਜ਼ਾਰ ਨਜ਼ਰਾਨਾ ਦੇ ਕੇ ਸਿੱਖਾਂ ਨਾਲ ਸੁਲ੍ਹਾ ਕਰ ਲਈ। ਏਥੋਂ ਜ਼ਬੀਤਾ ਖ਼ਾਂ ਤੇ ਸਿੱਖ ਰਲ ਕੇ ਦਿੱਲੀ ਵੱਲ ਤੁਰ ਪਏ। ਰਾਹ ਵਿਚਲੇ ਸ਼ਹਿਰਾਂ, ਕਸਬਿਆਂ ਨੂੰ ਲੁੱਟਦੇ ਜਾਂ ਨਜ਼ਰਾਂ ਲੈਂਦੇ ਸਿੰਘ ਦਿੱਲੀ ਕੋਲ ਜਾ ਪੁੱਜੇ। ੧੫ ਜੁਲਾਈ ਨੂੰ ਸਿੰਘਾਂ ਨੇ ਪਹਾੜ ਗੰਜ ਤੇ ਜੈ ਸਿੰਘ ਪੁਰਾ (ਦਿੱਲੀ) ਲੁੱਟ ਲਏ†। ਏਨੇ

ਦਿੱਲੀ ਲੁੱਟੀ

ਨੂੰ ਸ਼ਾਹੀ ਸੈਨਾ ਆ ਗਈ। ਸਿੱਖਾਂ ਨਾਲ ਉਸਦੀ ਸਖ਼ਤ ਲੜਾਈ ਹੋਈ, ਪਰ ਹਾਰ ਜਿੱਤ ਕਿਸੇ ਧਿਰ ਨੂੰ ਨਸੀਬ ਨਾ ਹੋਈ। ਸਿੱਖ ਏਥੋਂ ਮੇਰਠ ਨੂੰ ਹੋ ਤੁਰੇ। ਨਜ਼ਫ਼ ਖ਼ਾਂ ਨੇ ਫਿਰ ਹਮਲਾ ਕੀਤਾ, ਪਰ ਲੜਾਈ ਦਾ ਫ਼ੈਸਲਾ ਕੋਈ ਨਾ ਹੋਇਆ। ਜ਼ਬੀਤਾ ਖ਼ਾਂ ਗੌਸ ਗੜ੍ਹ ਨੂੰ ਚਲਾ ਗਿਆ ਤੇ ਸਿੱਖ ਜਮਨਾ ਟੱਪ ਕੇ (੨੪ ਜੁਲਾਈ, ੧੭੭੫ ਈ.) ਪੰਜਾਬ ਨੂੰ ਪਰਤ ਆਏ।

ਅੱਬੁੱਲ ਕਾਸਮ

ਅਬਦੁੱਲ ਅਹਿਦ ਨੇ ਆਪਣੇ ਭਰਾ ਅੱਬੁੱਲ ਕਾਸਮ ਨੂੰ ਸਹਾਰਨਪੁਰ ਦਾ ਫ਼ੌਜਦਾਰ ਬਣਾ ਕੇ (ਅਕਤੂਬਰ, ੧੭੭੫ ਈ.) ਜ਼ਬੀਤਾ ਖ਼ਾਂ ਨੂੰ ਸਜ਼ਾ ਦੇਣ ਵਾਸਤੇ ਭੇਜਿਆ। ਜ਼ਬੀਤਾ ਖ਼ਾਂ ਨੇ ਮਦਦ ਵਾਸਤੇ ਸਿੱਖ ਬੁਲਾ ਲਏ। ਸ: ਬਘੇਲ ਸਿੰਘ, ਸ: ਦੇਸੂ ਸਿੰਘ ਕੈਥਲੀਆ, ਸ: ਰਾਏ ਸਿੰਘ, ਸ: ਦੁਲਚਾ ਸਿੰਘ, ਸ: ਦੀਵਾਨ ਸਿੰਘ ਆਦਿ ਫ਼ੌਜ ਲੈ ਕੇ ਬੁਢਾਨਾ ਕੋਲ ਜ਼ਬੀਤਾ ਖ਼ਾਂ ਨੂੰ ਜਾ ਮਿਲੇ। ਅੱਬੁੱਲ ਕਾਸਮ ਨਾਲ ਕਈ ਥਾਂਈਂ ਮਾਮੂਲੀ ਝੜਪਾਂ ਹੋਈਆਂ। ਅੰਤ ੧੧ ਮਾਰਚ, ੧੭੭੬ ਈ. ਨੂੰ ਅਮੀਰ ਨਗਰ ਕੋਲ ਲੜਾਈ ਹੋਈ, ਜਿਸ ਵਿਚ ਸ਼ਾਹੀ ਜਰਨੈਲ ਅੱਬੁੱਲ ਕਾਸਮ ਮਾਰਿਆ ਗਿਆ। ਉਸਦੀ ਨਖਸਮੀ ਫ਼ੌਜ ਨੱਸ ਗਈ ਤੇ ਡੇਰਾ ਸਿੱਖਾਂ ਨੇ ਲੁੱਟ ਲਿਆ। ਫਿਰ ਸਿੱਖ ਅਲੀ ਗੜ੍ਹ, ਕਾਸ ਗੰਜ ਤੇ ਦਿੱਲੀ ਦਾ ਉਦਾਲਾ ਲੁੱਟ ਕੇ ਜੂਨ ਵਿਚ ਵਾਪਸ ਆ ਗਏ।

ਇਹਨਾਂ ਨਿੱਤ ਦਿਆਂ ਹਮਲਿਆਂ ਤੋਂ ਤੰਗ ਆ ਕੇ ਦਿੱਲੀ ਦੇ ਬਾਦਸ਼ਾਹ ਨੇ ਜ਼ਬੀਤਾ ਖ਼ਾਂ ਨੂੰ ਹੁਕਮ ਦਿਤਾ, ਕਿ ਸਿੱਖਾਂ ਨਾਲ ਸੁਲ੍ਹਾ ਦੀ

---

† ਗੁਪਤਾ, ਹਿੱਸਾ ਦੂਜਾ, ਪੰਨਾ ੬੧।

Sri Satguru Jagjit Singh Ji eLibrary NamdhariElibrary@gmail.com

ਗੱਲ ਬਾਤ ਕਰੇ [ਜੂਨ, ੧੭੮੧ ਈ.]। ਏਸ ਗੱਲ ਬਾਤ ਦਾ ਸਿੱਟਾ ਇਹ ਨਿਕਲਿਆ, ਕਿ ਬਾਦਸ਼ਾਹ ਨੇ ਗੰਗਾ ਜਮਨਾ ਦੇ ਵਿਚਲੇ ਇਲਾਕੇ ਉੱਤੇ ਸਿੱਖਾਂ ਦਾ ਹੱਕ ਰਾਖੀ ਮੰਨ ਲਿਆ। ਫ਼ੈਸਲਾ ਇਹ ਹੋਇਆ, ਕਿ ਸਿੱਖ ਸਰਕਾਰੀ ਮਾਮਲੇ ਵਿਚੋਂ ਅੱਠਵਾਂ ਹਿੱਸਾ ਲੈ ਲਿਆ ਕਰਨ, ਤੇ ਲੁੱਟ ਮਾਰ ਨਾ ਕਰਨ। ਪਰ ਇਹ ਸੁਲ੍ਹਾ ਦੇਰ ਤਕ ਕਾਇਮ ਨਾ ਰਹਿ ਸਕੀ।

ਜਨਵਰੀ, ੧੭੮੩ ਈ. ਵਿਚ ਸ: ਬਘੇਲ ਸਿੰਘ ਦੀ ਜਥੇਦਾਰੀ ਥੱਲੇ ਸਿੱਖ ਫੇਰ ਜਮਨਾ ਟੱਪ ਪਏ। ਸਾਰੇ ਇਲਾਕੇ ਨੂੰ ਪੈਰਾਂ ਥੱਲੇ ਲਤਾੜ ਕੇ ਉਹਨਾਂ ਗੰਗਾ ਕੰਢੇ ਅਨੂਪ ਸ਼ਹਿਰ ਜਾ ਲੁੱਟਿਆ। ਗੰਗਾ ਦੇ ਪਾਰਲੇ ਪਾਸੇ ਪਾਸੇ ਨਵਾਬ ਅਵਧ ਨੂੰ ਵੀ ਖ਼ਤਰਾ ਪੈ ਗਿਆ। ਨਵਾਬ ਤੇ ਉਸਦੇ ਸਾਥੀ ਅੰਗਰੇਜ਼ਾਂ ਦੀਆਂ ਕੁਛ ਫ਼ੌਜਾਂ ਗੰਗਾ ਦੇ ਪਾਰਲੇ ਪਾਸੇ, ਸਿੱਖਾਂ ਦੇ ਟਾਕਰੇ ਵਾਸਤੇ ਆ ਖਲੀਆਂ। ਸਿੱਖਾਂ ਗੰਗਾ ਟੱਪਣ ਦਾ ਇਰਾਦਾ ਛੱਡ ਦਿਤਾ, ਤੇ ਉਰਾਰਲਾ ਸਾਰਾ ਇਲਾਕਾ ਲੁੱਟ ਲਿਆ‡। ਅਲੀ ਗੜ੍ਹ ਤੇ ਬੁਲੰਦ ਸ਼ਹਿਰ ਦੇ ਜ਼ਿਲੇ ਲੁੱਟ ਕੇ ਸਿੱਖ ਦਿੱਲੀ ਵੱਲ ਹੋ ਤੁਰੇ। ਮਾਰਚ (੧੭੮੩ ਈ.) ਵਿਚ ਉਹਨਾਂ ਬਰਾਰੀ ਘਾਟ ਤੋਂ ਜਮਨਾ ਟੱਪ ਕੇ ਮਲਕਾ ਗੰਜ, ਸਬਜ਼ੀ ਮੱਡੀ ਤੇ ਮੁਗਲਪੁਰਾ (ਦਿੱਲੀ) ਲੁੱਟ ਲਏ। ਸ਼ਾਹੀ ਫ਼ੌਜ ਸਿੱਖਾਂ ਨਾਲ ਲੜ ਕੇ ਹਾਰ ਗਈ, ਤਾਂ ਬਾਦਸ਼ਾਹ ਨੇ ਤਿੰਨ ਲੱਖ ਨਜ਼ਰਾਨਾ ਦੇ ਕੇ ਸਿੱਖਾਂ ਨਾਲ ਸੁਲ੍ਹਾ ਕਰ ਲਈ। ਸ: ਬਘੇਲ ਸਿੰਘ ਚਾਰ ਹਜ਼ਾਰ ਫ਼ੌਜ ਸਣੇ ਦਿੱਲੀ ਵਿਚ ਰਿਹਾ ਤੇ ਬਾਕੀ ਸਿੱਖ ਵਾਪਸ ਆ ਗਏ।

**ਦਿੱਲੀ ਵਿਚ ਗੁਰਦੁਆਰੇ ਬਣਾਏ**

ਸ: ਬਘੇਲ ਸਿੰਘ ਦਾ ਡੇਰਾ ਸਬਜ਼ੀ ਮੰਡੀ ਵਿਚ ਸੀ। ਏਸ ਸਮੇਂ ਉਹਨੇ ਮਾਤਾ ਸੁੰਦਰੀ ਦਾ (ਤੇਲੀ ਵਾੜਾ ਵਿਚ), ਬੰਗਲਾ ਸਾਹਿਬ, ਸੀਸ ਗੰਜ, ਰਕਾਬ ਗੰਜ ਆਦਿ ਗੁਰਦੁਆਰੇ ਬਣਾਏ। ਕੁਛ ,ਚਰ ਪਿੱਛੋਂ ਸਿੱਖ, ਆਪਣਾ ਵਕੀਲ

---

‡ ਕਲਕੱਤਾ ਰੀਵੀਊ, ਸ੍ਹਾਲ ੧੯੭੫, ਪੰਨਾ ੩੯। ਵਿਲੀਅਮਜ਼ ਨੇ ਸਿੱਖਾਂ ਦੇ ਜਮਨਾ ਪਾਰ ਹਮਲਿਆਂ ਦਾ ਵੇਰਵਾ ਬੜੇ ਵਿਸਥਾਰ ਨਾਲ ਕੀਤਾ ਹੈ, ਜਿਸਦਾ ਤਰ-ਜਮਾ ਇਕ ਵਾਰ ਸ: ਕਰਮ ਸਿੰਘ ਨੇ (ਫੁਲਵਾੜੀ ਵਿਚ ?) ਛਾਪਿਆ ਸੀ।

Sri Satguru Jagjit Singh Ji eLibrary NamdhariElibrary@gmail.com

(ਲਖਪਤ ਰਾਏ) ਦਿੱਲੀ ਵਿਚ ਛੱਡ ਕੇ ਵਾਪਸ ਆ ਗਏ।

ਦੋ ਕੁ ਮਹੀਨੇ ਘਰ ਰਹਿ ਕੇ ਸ: ਬਘੇਲ ਸਿੰਘ, ਸ: ਭਾਗ ਸਿੰਘ, ਸ: ਭੰਗਾ ਸਿੰਘ, ਸ: ਗੁਰਦਿਤ ਸਿੰਘ ਆਦਿ ਫੇਰ ਜਮਨਾ ਟੱਪ ਪਏ। ਇਸ ਵਾਰ ਉਹਨਾਂ ਸਹਾਰਨਪੁਰ ਤੇ ਮੁਜ਼ੱਫਰ ਨਗਰ ਦੇ ਜ਼ਿਲੇ ਲੁੱਟੇ ਤੇ ਜ਼ਬੀਤਾ ਖ਼ਾਂ ਤੋਂ ਰਾਖੀ ਉਗਰਾਹੀ। ਬਰਸਾਤ ਅਰੰਭ ਹੋਣ ਤੋਂ ਪਹਿਲਾਂ ਹੀ ਉਹ ਫਿਰ ਵਾਪਸ ਆ ਗਏ।

ਦਿਲੀ ਦਾ ਬਾਦਸ਼ਾਹ ਬੜਾ ਕਮਜ਼ੋਰ ਹੋ ਚੁੱਕਾ ਸੀ। ਉਹ ਮੁੱਦਤ ਤੋਂ ਆਪਣੇ ਵਜ਼ੀਰਾਂ ਤੇ ਜਰਨੈਲਾਂ ਦੇ ਆਸਰੇ ਜਿਉਂਦਾ ਆ ਰਿਹਾ ਸੀ। ਜਦ ਬਲਵਾਨ ਜਰਨੈਲ ਕੋਈ ਨਾ ਰਹਿ ਗਿਆ, ਤਾਂ ਉਹਨੇ ਮਰਹੱਟਿਆਂ ਦੀ ਸਰਨ ਜਾ ਲਈ। ਪਹਿਲੀ ਦਸੰਬਰ, ੧੭੮੪ ਈ. ਨੂੰ ਬਾਦਸ਼ਾਹ ਸ਼ਾਹ ਆਲਮ ਦੂੱਜੇ ਨੇ ਦਿੱਲੀ ਰਾਜ ਦੀ ਸਾਰੀ ਤਾਕਤ ਮਹਾਦਜੀ ਸਿੰਧੀਆ ਦੇ ਹਵਾਲੇ ਕਰ ਦਿਤੀ।

ਜਨਵਰੀ, ੧੭੮੫ ਈ. ਵਿਚ ਸ: ਬਘੇਲ ਸਿੰਘ, ਸ: ਗੁਰਦਿਤ ਸਿੰਘ ਤੇ ਸ: ਜੱਸਾ ਸਿੰਘ ਰਾਮਗੜ੍ਹੀਏ ਨੇ ਫੇਰ ਜਮਨਾ ਪਾਰ ਹਮਲਾ ਕੀਤਾ। ਇਸ ਵਾਰ ਉਹਨਾਂ ਗੰਗਾ ਤੋਂ ਪਾਰ ਚੰਦੌਸੀ ਵਿਚੋਂ ਲੱਖਾਂ ਰੁਪੈ ਦਾ ਮਾਲ ਜਾ ਲੁੱਟਿਆ। ਜਦ ਨਵਾਬ ਦੀ ਫ਼ੌਜ ਟਾਕਰੇ ਵਾਸਤੇ ਆਈ, ਤਾਂ ਸਿੱਖ ਗੰਗਾ ਤੋਂ ਉਰਾਰ ਆ ਗਏ। ਦਰਿਆਓਂ ਉਰਾਰਲੇ ਪਾਸੇ ਸਿੱਖ ਤੇ ਪਾਰਲੇ ਪਾਸੇ ਅੰਗਰੇਜ਼, ਕਈ ਦਿਨ ਗੋਲੇ ਬਰਸਾਉਂਦੇ ਰਹੇ। ਏਧਰੋਂ ਹਟ ਕੇ ਉਹ ਗ਼ੌਸ ਗੜ੍ਹ ਵੱਲ ਵਧੇ। ਜ਼ਬੀਤਾ ਖ਼ਾਂ ਮਰ ਚੁਕਾ ਸੀ (ਸ਼ੁਰੂ ੧੭੮੫ ਈ.*) ਤੇ ਜਾਗੀਰ ਦਾ ਹਾਕਮ ਉਹਦਾ ਪੁੱਤਰ ਗ਼ੁਲਾਮ ਕਾਦਰ ਸੀ। ਉਹਨੇ 'ਰਾਖੀ' ਦਾ ਰੁਪਇਆ ਸਿੱਖਾਂ ਨੂੰ ਦੇ ਕੇ ਵਦਿਆ ਕੀਤਾ ਤੇ ਉਹ ਵਾਪਸ ਆ ਗਏ।

ਜ਼ਬੀਤਾ ਖ਼ਾਂ ਮਰਿਆ

੧੧ ਫ਼ਰਵਰੀ, ੧੭੮੫ ਈ. ਨੂੰ ਰਾਜਾ ਅੰਬਾਜੀ (ਮਰਹੱਟਾ) ਨੇ ਦਿੱਲੀ ਉੱਤੇ ਕਬਜ਼ਾ ਕਰ ਲਿਆ, ਕਿਉਂਕਿ ਬਾਦਸ਼ਾਹ ਸਾਰੇ

---

* ਕਨਿੰਘਮ, ਪੰਨਾ ੧੧੯।

Sri Satguru Jagjit Singh Ji eLibrary NamdhariElibrary@gmail.com

**ਮਰਹੱਟਿਆਂ ਦਾ ਦਿੱਲੀ ਉੱਤੇ ਕਬਜ਼ਾ**

ਅਧਿਕਾਰ ਮਰਹੱਟਾ ਸਰਦਾਰ ਮਹਾਦਜੀ ਸਿੰਧੀਆ ਨੂੰ ਦੇ ਚੁਕਾ ਸੀ। ੩੦ ਮਾਰਚ, ੧੭੮੫ ਈ. ਨੂੰ ਮਰ-ਹੱਟਿਆਂ ਵੱਲੋਂ ਅੰਬਾਜੀ ਤੇ ਸਿੱਖਾਂ ਵੱਲੋਂ ਸ: ਬਘੇਲ ਸਿੰਘ, ਸ: ਕਰਮ ਸਿੰਘ, ਦੂਲਚਾ ਸਿੰਘ, ਭਾਗ ਸਿੰਘ, ਦੀਵਾਨ ਸਿੰਘ, ਮੋਹਰ ਸਿੰਘ ਨੇ ਦੋਸਤੀ ਦਾ ਅਹਿਦਨਾਮਾ ਕੀਤਾ। ਇਸਦੀ ਵੱਡੀ ਸ਼ਰਤ ਇਹ ਸੀ, ਕਿ ਸਿੱਖ ਦਿੱਲੀ ਸਰਕਾਰ ਦੇ ਇਲਾਕੇ ਵਿਚ ਲੁੱਟ ਮਾਰ ਨਹੀਂ ਕਰਨਗੇ ਤੇ ਦਿਲੀ ਸਰਕਾਰ ਸਿੱਖਾਂ ਨੂੰ ਦਸ ਲੱਖ ਸਾਲਾਨਾ ਨਜ਼ਰਾਨਾ ਦਿਆ ਕਰੇਗੀ।

ਦਸੰਬਰ, ੧੮੫ ਈ. ਵਿਚ ਮਰਹੱਟਾ ਧਾਰ ਰਾਉ ਪਟਿਆਲੇ ਦੀ ਮਦਦ ਵਾਸਤੇ ਆਇਆ, ਤਾਂ ਸ: ਬਘੇਲ ਸਿੰਘ ਤੇ ਸ: ਲਾਲ ਸਿੰਘ ਕੈਥਲ ਨੇ ਮਰਹੱਟਿਆਂ ਦੀ ਅਧੀਨਗੀ ਮੰਨ ਲਈ। ਫਿਰ ਫ਼ਰਵਰੀ ੧੭੮੭ ਈ. ਵਿਚ ਜਦ ਅੰਬਾਜੀ ਇੰਗਲ ਪਾਨੀਪਤ ਆਇਆ, ਤਾਂ ਸ: ਬਘੇਲ ਸਿੰਘ ਉਸ ਨਾਲ ਮਿਲ ਗਿਆ। ਸਿੰਧੀਆ ਉਸ ਵੇਲੇ ਜੈ ਪੁਰ ਵਿਚ ਲੜ ਰਿਹਾ ਸੀ। ਅੰਬਾਜੀ ਉਸਦਾ ਬੁਲਾਇਆ ਹੋਇਆ ਵਾਪਸ ਚਲਾ ਗਿਆ।

ਗ਼ੁਲਾਮ ਕਾਦਰ ਰੁਹੇਲਾ ਸਿੱਖਾਂ ਨੂੰ ਨਾਲ ਲੈ ਕੇ ਦਿੱਲੀ 'ਤੇ ਜਾ ਪਿਆ (ਅਗਸਤ, ੧੭੮੭ ਈ.)। ਬਾਦਸ਼ਾਹੀ ਫ਼ੌਜ ਉਸ ਨਾਲ ਲੜ ਕੇ ਹਾਰ ਗਈ। ਪੰਜ ਸਤੰਬਰ ਨੂੰ ਗ਼ੁਲਾਮ ਕਾਦਰ ਦਿੱਲੀ ਵਿਚ ਦਾਖ਼ਲ ਹੋਇਆ, ਤਾਂ ਬਾਦਸ਼ਾਹ ਨੇ ਉਸਨੂੰ 'ਮੀਰ ਬਖ਼ਸ਼ੀ' ਬਣਾ ਕੇ ਸ਼ਾਹੀ ਇਲਾਕਾ ਉਹਦੇ ਪ੍ਰਬੰਧ ਵਿਚ ਦੇ ਦਿਤਾ। ਬਾਦਸ਼ਾਹ ਨੇ ..ਪਣੀ ਮਦਦ ਵਾਸਤੇ ਸ. ਬਘੇਲ ਸਿੰਘ ਨੂੰ ਵੀ ਬੁਲਾਇਆ ਸੀ। ਪਰ ਉਹ ੮ ਸਤੰਬਰ ਨੂੰ ਦਿੱਲੀ ਪਹੁੰਚ ਕੇ ਗ਼ੁਲਾਮ ਕਾਦਰ ਨਾਲ ਮਿਲ ਗਿਆ। ਥੋੜੇ ਦਿਨ ਪਿੱਛੋਂ ਗ਼ੁਲਾਮ ਕਾਦਰ ਦਿੱਲੀ ਛੱਡ ਕੇ ਅਲੀਗੜ੍ਹ ਨੂੰ ਚਲਾ ਗਿਆ। ੧੫ ਜੁਲਾਈ, ੧੭੮੮

**ਗ਼ੁਲਾਮ ਕਾਦਰ ਨੇ ਬਾਦਸ਼ਾਹ ਨੂੰ ਅੰਨ੍ਹਾ ਕੀਤਾ**

ਈ. ਨੂੰ ਗ਼ੁਲਾਮ ਕਾਦਰ ਨੇ ਫੇਰ ਦਿੱਲੀ 'ਤੇ ਕਬਜ਼ਾ ਆ ਕੀਤਾ। ਉਸਨੇ ਮੁਗ਼ਲ ਘਰਾਣੇ ਦੇ ਸ਼ਾਹਜ਼ਾਦੇ ਤੇ ਸ਼ਾਹਜ਼ਾਦਿਆਂ ਭੁੱਖੇ ਤਿਹਾਏ ਧੁੱਪੇ ਖਲੇ ਕਰ ਛੱਡੇ। ਏਥੇ ਹੀ ਬੱਸ ਨਹੀਂ,

Sri Satguru Jagjit Singh Ji eLibrary NamdhariElibrary@gmail.com

ਉਹਨੇ ਸ਼ਾਹਜ਼ਾਦੀਆਂ ਤੇ ਬੇਗਮਾਂ ਨੰਗੀਆਂ ਕਰਕੇ ਸਾਮ੍ਹਣੇ ਨਚਾਈਆਂ ਤੇ ਧੱਕੇ ਨਾਲ ਉਹਨਾਂ ਦੀ ਪਤ ਲੁੱਟੀ। ੧੦ ਅਗਸਤ, ੧੭੮੮ ਈ. ਨੂੰ ਉਹਨੇ ਬਾਦਸ਼ਾਹ ਸ਼ਾਹ ਆਲਮ ਦੂੱਜੇ ਦੀਆਂ ਅੱਖਾਂ ਕਢ ਦਿਤੀਆਂ। ਦੋ ਅਕਤੂਬਰ ਨੂੰ ਮਰਹੱਟੇ ਜਰਨੈਲਾਂ ਨੇ ਸ਼ਹਿਰ ਦਿੱਲੀ ਉੱਤੇ ਕਬਜ਼ਾ ਕਰ ਲਿਆ। ੧੦ ਅਕਤੂਬਰ ਨੂੰ ਰਾਤੀਂ ਗ਼ੁਲਾਮ ਕਾਦਰ ਕਿਲ੍ਹੇ ਵਿਚੋਂ ਨੱਸ ਗਿਆ, ਪਰ ਰਾਹ ਵਿਚ ੧੯ ਦਸੰਬਰ ਨੂੰ ਮਰਹੱਟਿਆਂ ਦੇ ਕਾਬੂ ਆ ਗਿਆ ਤੇ ੪ ਮਾਰਚ, ੧੭੮੯ ਈ. ਨੂੰ ਸਿੰਧੀਆਂ ਦੇ ਹੁਕਮ ਨਾਲ ਮਥਰਾ ਵਿਚ ਕਤਲ ਕਰ ਦਿਤਾ ਗਿਆ।

**ਗ਼ੁਲਾਮ ਕਾਦਰ ਕਤਲ**

੧੭੮੯ ਈ. ਵਿਚ ਜਾਰਜ ਥਾਮਸ ਨੇ ਜੀਂਦ ਉੱਤੇ ਹਮਲਾ ਕੀਤਾ, ਤਾਂ ਸ: ਬਘੇਲ ਸਿੰਘ ਨੇ ਰਾਜਾ ਜੀਂਦ ਦੀ ਮਦਦ ਕੀਤੀ।

ਸ: ਬਘੇਲ ਸਿੰਘ ਦੇ ਇਲਾਕੇ ਦੁਆਬਾ ਜਲੰਧਰ ਵਿਚ ਵੀ ਸਨ। ਇਸ ਵਾਸਤੇ ਉਹ ਓਧਰ ਦੇ ਝਗੜਿਆਂ ਵਿਚ ਵੀ ਹਿੱਸਾ ਲੈਂਦਾ ਰਿਹਾ। ਉਹਨੇ ਕਈ ਵਾਰ ਰਾਮਗੜ੍ਹੀਆਂ ਦੇ ਵਿਰੁੱਧ ਆਹਲੂਵਾਲੀਆਂ ਦੀ ਮਦਦ ਕੀਤੀ। ੧੮੦੯ ਈ. ਦੀ ਸੁਲ੍ਹਾ ਨਾਲ ਸਤਲੁਜ ਦੇ ਸੱਜੇ ਹੱਥ ਦੇ ਇਲਾਕੇ ਮ. ਰਣਜੀਤ ਸਿੰਘ ਦੇ ਤੇ ਸਤਲੁਜ ਦੇ ਖੱਬੇ ਹੱਥ ਦੇ ਇਲਾਕੇ ਅੰਗਰੇਜ਼ਾਂ ਦੇ ਅਧੀਨ ਮੰਨ ਲਏ ਗਏ। ਏਸੇ ਸਾਲ ਸ: ਬਘੇਲ ਸਿੰਘ ਸੁਰਗਵਾਸ ਹੋ ਗਿਆ, ਤਾਂ ਦੁਆਬਾ ਜਲੰਧਰ ਦੇ ਇਲਾਕੇ ਸ਼ੇਰੇ-ਪੰਜਾਬ ਨੇ ਜ਼ਬਤ ਕਰਕੇ ਸਰਦਾਰਨੀ ਰਾਮ ਕੌਰ ਨੂੰ ਜਾਗੀਰ ਦੇ ਦਿਤੀ। ਸ: ਬਘੇਲ ਸਿੰਘ ਦੇ ਘਰ ਲੜਕਾ ਕੋਈ ਨਹੀਂ ਸੀ†। ਉਸ ਦੀਆਂ ਦੋ ਰਾਣੀਆਂ ਸਨ। ਰਾਮ ਕੌਰ ਦੁਆਬਾ ਜਲੰਧਰ ਤੇ ਰਤਨ ਕੌਰ ਛਲੌਦੀ ਰਹਿੰਦੀ ਸੀ। ਜਦ ਸਰਦਾਰਨੀ ਰਤਨ ਕੌਰ ਮਰੀ, ਤਾਂ ਅੰਗਰੇਜ਼ਾਂ ਨੇ ਉਸਦੇ ਖ਼ਜ਼ਾਨੇ ਵਿਚੋਂ ੭੫ ਲੱਖ ਦਾ ਮਾਲ ਜ਼ਬਤ ਕੀਤਾ।

**ਬਘੇਲ ਸਿੰਘ ਸੁਰਗਵਾਸ**

---

† ਰਾਜ ਖ਼ਾਲਸਾ, ਪੰਨਾ ੩੩।

Sri Satguru Jagjit Singh Ji eLibrary NamdhariElibrary@gmail.com

# ੧੧. ਮਿਸਲ ਆਹਲੂਵਾਲੀਆਂ

ਰਿਆਸਤ ਕਪੂਰਥਲਾ

- ਗੰਡਾ ਸਿੰਘ
  - ਸਧਾਵਾ ਸਿੰਘ
    - ਗੋਪਾਲ ਸਿੰਘ
      - ਦੇਵਾ ਸਿੰਘ
        - ਗੁਰਬਖਸ਼ ਸਿੰਘ
          - ਕਿਰਪਾਲ ਸਿੰਘ
            - ਲੱਧਾ ਸਿੰਘ
              - ਭਾਗ ਸਿੰਘ
                - ਫਤਹਿ ਸਿੰਘ
                  - ਰਾਜਾ ਨਿਹਾਲ ਸਿੰਘ
                    - ਰਾਜਾ ਰਨਧੀਰ ਸਿੰਘ
                      - ਰਾਜਾ ਖੜਕ ਸਿੰਘ
                        - ਮਹਾਰਾਜਾ ਜਗਤਜੀਤ ਸਿੰਘ (ਆਖ਼ਰੀ ਮਹਾਰਾਜਾ)
                      - ਹਰਨਾਮ ਸਿੰਘ
                    - ਬਿਕ੍ਰਮਾ ਸਿੰਘ
                    - ਸੁਚੇਤ ਸਿੰਘ
                  - ਅਮਰ ਸਿੰਘ
        - ਸਦਰ ਸਿੰਘ
          - ਲਾਲ ਸਿੰਘ
            - ਮੇਹਰ ਸਿੰਘ
          - ਮੰਨਾ ਸਿੰਘ
        - ਬਦਰ ਸਿੰਘ
          - ਸ: ਜੱਸਾ ਸਿੰਘ
            - ਲੜਕੀ
            - ਲੜਕੀ

Sri Satguru Jagjit Singh Ji eLibrary NamdhariElibrary@gmail.com

ਏਸ ਘਰਾਣੇ ਦਾ ਅਸਲ ਮੋਢੀ ਸ: ਜੱਸਾ ਸਿੰਘ ਕਲਾਲ ਪਿੰਡ ਆਹਲੂ (ਜ਼ਿਲਾ ਲਾਹੌਰ) ਦਾ ਸੀ। ਪਿੰਡ ਦੇ ਨਾਂ ਉਤੇ

ਆਹਲੂਵਾਲੀਆ ਉਸਨੂੰ ਸ: ਜੱਸਾ ਸਿੰਘ ਆਹਲੂਵਾਲੀਆ ਕਹਿਣ ਲੱਗ ਪਏ ਉਹ ਰਿਆਸਤ ਕਪੂਰਥਲਾ ਦਾ ਬਾਨੀ ਤੇ ਵੱਡਾ ਹੈ। ਅੱਜ ਕੱਲ੍ਹ ਸਾਰੇ ਕਲਾਲ ਸਿੱਖ ਆਪਣੇ ਆਪ ਨੂੰ 'ਆਹਲੂਵਾਲੀਏ' ਅਖਵਾਉਂਦੇ ਹਨ।

ਮੁੱਦਤ ਤੋਂ ਅੱਜ ਤਕ ਕਪੂਰਥਲਾ ਘਰਾਣੇ ਨੂੰ ਸਾਰੇ ਲੋਕ ਆਹਲੂ-ਵਾਲੀਏ (ਕਲਾਲ) ਹੀ ਸਮਝਦੇ ਆਏ ਹਨ। ਪਰ ਪਿਛੇ ਜੇਹੇ (ਰਾਜਾ ਖੜਕ ਦੇ ਸਮੇਂ) ਇਸ ਘਰਾਣੇ ਨੂੰ ਜੈਸਲਮੇਰ ਦੇ ਭੱਟੀ ਰਾਜਪੂਤ ਘਰਾਣੇ ਨਾਲ ਮਿਲਾਉਣ ਦਾ ਯਤਨ ਕੀਤਾ ਗਿਆ ਹੈ। ਇਸ ਦੀ ਬੰਸਾਵਲੀ ਰਾਜਾ ਸਾਲਬਾਹਿਨ ਦੀ ਕੁਲ ਨਾਲ ਜੋੜੀ ਗਈ ਹੈ। ਤੇ ਇਸ ਘਰਾਣੇ ਦੇ ਕਲਾਲ ਹੋਣ ਦੀ ਕਹਾਣੀ ਇਉਂ ਦੱਸੀ ਗਈ ਹੈ :—

ਸ: ਗੰਡਾ ਸਿੰਘ ਨੂੰ ਲਾਹੌਰ ਦੇ ਸੂਬੇਦਾਰ ਨੇ ਪੰਜ ਪਿੰਡ

ਗੰਡਾ ਸਿੰਘ (ਆਹਲੂ, ਹੱਲੋਕੇ, ਸਾਧੋਕੇ, ਤੂਰ ਤੇ ਚੱਕ) ਜਾਗੀਰ ਵਜੋਂ ਦਿਤੇ। ਗੰਡਾ ਸਿੰਘ ਨੇ ਪੱਕੇ ਤੌਰ 'ਤੇ ਪਿੰਡ ਆਹਲੂ ਵਿਚ ਰਿਹਾਇਸ਼ ਅਖਤਿਆਰ ਕਰ ਲਈ।

ਗੰਡਾ ਸਿੰਘ ਦੇ ਪੁੱਤਰ ਸਧਾਵਾ ਸਿੰਘ ਨੇ ਇਕ ਕਲਾਲ

ਸਧਾਵਾ ਸਿੰਘ ਲੜਕੀ ਨਾਲ ਵਿਆਹ ਕਰ ਲਿਆ। ਲੜਕੀ ਦੇ ਮਾਪਿਆਂ ਨੇ ਇਹ ਸ਼ਰਤ ਮੰਨਵਾ ਲਈ, ਕਿ ਸਧਾਵਾ ਸਿੰਘ ਦਾ ਘਰਾਣਾ ਅੱਜ ਤੋਂ ਆਪਣੇ ਆਪ ਨੂੰ 'ਕਲਾਲ' ਅਖਵਾਏਗਾ ਤੇ ਲੜਕੇ ਲੜਕੀਆਂ ਦੇ ਰਿਸ਼ਤੇ ਕੇਵਲ ਕਲਾਲਾਂ ਨਾਲ ਹੀ ਕਰੇਗਾ। ਇਸ ਵਾਸਤੇ ਸਾਰੇ ਲੋਕ ਇਸ ਘਰਾਣੇ ਨੂੰ ਕਲਾਲ ਸਮਝਣ ਤੇ ਕਹਿਣ ਲੱਗ ਪਏ।

ਸਧਾਵਾ ਸਿੰਘ ਦੇ ਅੱਗੇ ਚਾਰ ਪੁੱਤਰ ਹੋਏ : ਗੋਪਾਲ ਸਿੰਘ, ਹੇਮੂੰ, ਸਕੰਦਰ ਤੇ ਚਾਕਾ। ਗੋਪਾਲ ਸਿੰਘ ਨੇ ਆਹਲੂ ਦਾ

ਗੋਪਾਲ ਸਿੰਘ ਜ਼ਿਮੀਂਦਾਰਾ ਸੰਭਾਲ ਲਿਆ ਤੇ ਛੋਟੇ ਤਿੰਨੇ ਲਾਹੌਰ ਜਾ ਵਸੇ। ਗੋਪਾਲ ਸਿੰਘ ਦਾ ਪੁੱਤਰ ਦੇਵਾ ਸਿੰਘ ਹੋਇਆ।

Sri Satguru Jagjit Singh Ji eLibrary NamdhariElibrary@gmail.com

ਦੇਵਾ ਸਿੰਘ

ਦੇਵਾ ਸਿੰਘ ਦੇ ਅੱਗੇ ਤਿੰਨ ਪੁੱਤਰ ਹੋਏ, ਗੁਰਬਖ਼ਸ਼ ਸਿੰਘ ਸਦਰ ਸਿੰਘ ਤੇ ਬਦਰ ਸਿੰਘ। ਬਦਰ ਸਿੰਘ ਦਾ ਵਿਆਹ ਸ: ਬਾਘ ਸਿੰਘ ਹੱਲੋਂਵਾਲੀਏ ਦੀ ਭੈਣ ਨਾਲ ਹੋਇਆ। ਬਾਘ ਸਿੰਘ ਉਸ ਵੇਲੇ ਪੰਥ ਵਿਚ ਉਘਾ ਸਰਦਾਰ ਤੇ ਇਕ ਜਥੇ ਦਾ ਜਥੇਦਾਰ ਸੀ।

ਬਦਰ ਸਿੰਘ

ਬਦਰ ਸਿੰਘ ਦੇ ਘਰ ੧੭੧੮ ਈ. (੧੭੭੫ ਬਿ.) ਵਿਚ ਪ੍ਰਸਿਧ ਸਰਦਾਰ ਜੱਸਾ ਸਿੰਘ ਜਨਮਿਆ*। ਉਹ ਅਜੇ ਪੰਜ ਸਾਲ ਦਾ ਸੀ, ਜਾਂ ਉਸਦਾ ਪਿਤਾ (ਬਦਰ ਸਿੰਘ) ਸੁਰਗਵਾਸ ਹੋ ਗਿਆ (੧੭੨੩ ਈ.)। ਉਸ ਵੇਲੇ ਕੌਣ ਜਾਣਦਾ ਸੀ, ਕਿ ਇਹ ਪੰਜ ਸਾਲ ਦਾ ਯਤੀਮ ਬੱਚਾ ਇਕ ਦਿਨ ਸਾਰੇ ਪੰਥ ਦਾ ਜਥੇਦਾਰ ਬਣੇਗਾ ਤੇ ਬਾਦਸ਼ਾਹ ਅਖਵਾਵੇਗਾ।

ਜੱਸਾ ਸਿੰਘ

ਜੱਸਾ ਸਿੰਘ ਦੀ ਮਾਤਾ ਉਸਨੂੰ ਨਾਲ ਲੈ ਕੇ ਦਿੱਲੀ ਵਿਚ ਮਾਤਾ ਸੁੰਦਰੀ† ਜੀ ਦੇ ਕੋਲ ਚਲੀ ਗਈ। ਪੰਜ-ਛੇ ਸਾਲ ਦਾ ਜੱਸਾ ਸਿੰਘ ਦੋਤਾਰਾ ਵਜਾ ਕੇ ਆਪਣੀ ਮਾਂ ਨਾਲ ਮਿਲ ਕੇ ਗੁਰਬਾਣੀ ਦਾ ਕੀਰਤਨ ਕਰਿਆ ਕਰਦਾ ਸੀ। ਮਾਤਾ ਸੁੰਦਰੀ ਜੀ ਉਸ ਨਾਲ ਬੜਾ ਪਿਆਰ ਕਰਦੇ ਸਨ।

ਮਾਤਾ ਸੁੰਦਰੀ ਦੀ ਬਖ਼ਸ਼ਸ਼

ਜੱਸਾ ਸਿੰਘ ਸਤਾਰਾਂ ਸਾਲ ਦਾ ਹੋਇਆ, ਤਾਂ ਉਸਦਾ ਮਾਮਾ ਸ: ਬਾਘ ਸਿੰਘ ਉਸ ਨੂੰ ਤੇ ਉਸਦੀ ਮਾਤਾ ਨੂੰ ਦਿੱਲੀਓਂ ਲੈ ਆਇਆ। ਤੁਰਨ ਲਗਿਆਂ ਮਾਤਾਂ ਸੁੰਦਰੀ ਜੀ ਨੇ ਜੱਸਾ ਸਿੰਘ ਨੂੰ ਢਾਲ, ਤਲਵਾਰ, ਕਮਾਨ, ਤੀਰਾਂ ਦਾ ਭੱਥਾ ਤੇ ਪੋਸ਼ਾਕ ਇਨਾਮ ਵਜੋਂ ਬਖ਼ਸ਼ੇ। ਦਿੱਲੀਓਂ ਆਉਂਦੇ ਹੋਏ ਸ: ਬਾਘ ਸਿੰਘ ਤੇ ਜੱਸਾ ਸਿੰਘ ਕਰਤਾਰਪੁਰ ਨਵਾਬ ਕਪੂਰ

---

* ਲਤੀਫ਼, ਪੰਨਾ ੩੧੪; ਰਾਜ ਖ਼ਾਲਸਾ, ਪੰਨਾ ੧੯੦; ਪੰਜਾਬ ਰਾਜਾਜ਼ (The Rajas of the Punjab, by Lepal H. Griffin, 1780) ਪੰਨਾ ੪੯੮।

† ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ।

Sri Satguru Jagjit Singh Ji eLibrary NamdhariElibrary@gmail.com

**ਨਵਾਬ ਕਪੂਰ ਸਿੰਘ ਦੀ ਸ਼ਰਣ**

ਸਿੰਘ ਕੋਲ ਰਹੇ। ਅੰਮ੍ਰਿਤ ਵੇਲੇ ਜੱਸਾ ਸਿੰਘ ਤੇ ਉਸ ਦੀ ਮਾਤਾ ਨੇ 'ਆਸਾ ਦੀ ਵਾਰ' ਦਾ ਕੀਰਤਨ ਕੀਤਾ। ਨਵਾਬ ਕਪੂਰ ਸਿੰਘ ਸੁਣ ਕੇ ਬੜਾ ਪ੍ਰਸੰਨ ਹੋਇਆ। ਉਸਨੇ ਜੱਸਾ ਸਿੰਘ ਨੂੰ ਗੋਦ ਵਿਚ ਲੈ ਕੇ ਕਿਹਾ, "ਮੈਂ ਤੈਨੂੰ ਧਰਮ ਦਾ ਪੁੱਤਰ ਬਣਾਉਂਦਾ ਹਾਂ।"

ਸ: ਬਾਘ ਸਿੰਘ ਨੇ ਆਪਣੀ ਭੈਣ ਦੀ ਸਲਾਹ ਨਾਲ ਜੱਸਾ ਸਿੰਘ ਦੀ ਬਾਂਹ ਨਵਾਬ ਕਪੂਰ ਸਿੰਘ ਦੇ ਹੱਥ ਫੜਾ ਦਿਤੀ। ਨਵਾਬ ਨੇ ਆਪਣੇ ਹੱਥੀਂ ਉਸਨੂੰ ਅੰਮ੍ਰਿਤ ਛਕਾਇਆ। ਜੱਸਾ ਸਿੰਘ ਨੂੰ ਨਵਾਬ ਕਪੂਰ ਸਿੰਘ ਕੋਲ ਛੱਡ ਕੇ ਉਸਦੀ ਮਾਂ ਆਪਣੇ ਭਰਾ—ਬਾਘ ਸਿੰਘ—ਨਾਲ ਹੱਲੋਵਾਲ ਚਲੀ ਗਈ।

**ਵਖਰਾ ਜਥਾ**

੧੭੩੩ ਈ. ਵਿਚ ਸ: ਕਪੂਰ ਸਿੰਘ ਨਵਾਬ ਬਣਿਆਂ, ਤਾਂ ਜੱਸਾ ਸਿੰਘ ਨੂੰ ਪੰਥ ਦੇ ਘੋੜਿਆਂ ਨੂੰ ਦਾਣਾ ਵੰਡਣ ਦਾ ਕੰਮ ਸੌਂਪਿਆ ਗਿਆ। ਬੜਾ ਚਿਰ ਉਹ ਨਵਾਬ ਕਪੂਰ ਸਿੰਘ ਦੇ ਜਥੇ ਵਿਚ ਰਿਹਾ। ਪਰ ਪਿਛੋਂ ੧੭੪੫ ਈ. ਵਿਚ ਉਹਨੇ ਆਪਣਾ ਵਖਰਾ ਜਥਾ ਬਣਾ ਲਿਆ। ਛੋਟੇ ਘਲੂਘਾਰੇ [੧੭੪੬ ਈ.] ਵਿਚ ਉਹਨੇ ਬੜੀ ਬਹਾਦਰੀ ਵਿਖਾਈ ਤੇ ਪੰਥ ਵਿਚ ਉਘਾ ਹ ਗਿਆ।

**ਜੱਸਾ ਸਿੰਘ ਪੰਥ ਦਾ ਜਥੇਦਾਰ ਬਣਿਆਂ**

੨੯ ਮਾਰਚ, ੧੭੪੮ ਈ. [ਵਿਸਾਖੀ ਦੇ ਦਿਨ] ਸਿੱਖਾਂ ਨੇ ਸਾਰੇ ਪੰਥ ਦੀ ਇਕ ਜਥੇਬੰਦੀ 'ਦਲ ਖ਼ਾਲਸਾ' ਤੇ ਯਾਰਾਂ ਮਿਸਲਾਂ ਬਣ ਈਆਂ। ਸ: ਜੱਸਾ ਸਿੰਘ ਉਸ ਵੇਲੇ ਤਕ ਏਨਾ ਪ੍ਰਸਿਧ ਹੋ ਚੁਕਿਆ ਸੀ, ਕਿ ਸਰਬ ਸੰਮਤੀ ਨਾਲ ਉਸਨੂੰ ਸਾਰੇ ਪੰਥ [ਦਲ ਖ਼ਾਲਸਾ] ਦਾ ਜਥੇਦਾਰ ਚੁਣਿਆਂ ਗਿਆ। ਯਾਰਾਂ ਮਿਸਲਾਂ ਬਣੀਆਂ, ਤਾਂ ਉਹਦੇ ਨਾਂ ਉਤੇ 'ਆਹਲੂ-ਵਾਲੀਆਂ' ਦੀ ਵਖਰੀ ਮਿਸਲ ਬਣੀ।

**ਮਿਸਲ ਦਾ ਮੁਢ**

ਸਹੀ ਅਰਥਾਂ ਵਿਚ ਏਸ ਜਥੇ ਦਾ ਬਾਨੀ ਸ: ਬਾਘ [ਸ: ਜੱਸਾ ਸਿੰਘ ਦਾ ਮਾਮਾ] ਹੱਲੋਵਾਲੀਆ ਸੀ। ਪਰ ਜਦ ਜਥਿਆਂ ਦੀ ਥਾਂ ਮਿਸਲਾਂ ਬਣੀਆਂ, ਤਾਂ ਮਿਸਲ ਦਾ

Sri Satguru Jagjit Singh Ji eLibrary NamdhariElibrary@gmail.com

ਜਥੇਦਾਰ ਸ: ਜੱਸਾ ਸਿੰਘ ਥਾਪਿਆ ਗਿਆ। ਸ: ਬਾਘ ਸਿੰਘ ਦੇ ਘਰ ਪੁੱਤਰ ਕੋਈ ਨਹੀਂ ਸੀ। ਉਹ ਸੁਰਗਵਾਸ ਹੋਇਆ, ਤਾਂ ਉਹਦੀ ਜਾਇਦਾਦ ਦਾ ਮਾਲਕ ਵੀ ਸ: ਜੱਸਾ ਸਿੰਘ ਹੀ ਬਣਿਆਂ। 'ਆਹਲੂਵਾਲੀਆ' ਸ਼ਬਦ ਉਸਦੇ ਜੱਦੀ ਪਿੰਡ 'ਆਹਲੂ' ਤੋਂ ਉਸਦੇ ਨਾਮ ਨਾਲ ਜੁੜ ਗਿਆ ਸੀ।

**ਮੁਹਿੰਮਾਂ, ਲੁੱਟਾਂ ਤੇ ਮੱਲਾਂ**

ਆਪੋ ਆਪਣੇ ਕੰਮਾ ਵਿਚ ਸਾਰੀਆਂ ਮਿਸਲਾਂ ਸੁਤੰਤਰ ਸਨ। ਪਰ ਪੰਥ ਦੀ ਸਾਂਝੀ ਮੁਹਿੰਮ ਵੇਲੇ ਸਾਰੀਆਂ ਸ: ਜੱਸਾ ਸਿੰਘ ਆਹਲੂਵਾਲੀਏ ਦੀ ਜਥੇਦਾਰੀ ਥੱਲੇ ਕੰਮ ਕਰਦੀਆਂ ਸਨ। ਸੋ ਪੰਥ ਦੀ ਹਰ ਵਡੀ ਮੁਹਿੰਮ ਵਿਚ ਸ: ਜੱਸਾ ਸਿੰਘ ਸ਼ਾਮਲ ਰਿਹਾ। ਮੈਦਾਨ ਵਿਚ ਉਹ ਸਦਾ ਅੱਗੇ ਹੋ ਕੇ ਲੜਦਾ ਸੀ। ੧੭੪੮ ਈ. ਵਿਚ ਅੰਮ੍ਰਿਤਸਰ ਦਾ ਹਾਕਮ ਸਲਾਬਤ ਖ਼ਾਂ ਤੇ ੧੭੪੯ ਈ. ਵਿਚ ਮੁਲਤਾਨ ਦਾ ਸੂਬੇਦਾਰ ਸ਼ਾਹ ਨਿਵਾਜ਼ ਖ਼ਾਂ ਸ: ਜੱਸਾ ਸਿੰਘ ਦੇ ਹੱਥੋਂ ਕਤਲ ਹੋਏ।

੧੭੫੪ ਈ. ਵਿਚ ਸ: ਜੱਸਾ ਸਿੰਘ ਨੇ ਸ: ਹਰੀ ਸਿੰਘ ਨੂੰ ਨਾਲ ਲੈ ਕੇ ਕਲਾਨੌਰ ਲੁਟਿਆ। ਫਿਰ ਉਹਨੇ ਸ: ਚੜ੍ਹਤ ਸਿੰਘ ਦੇ ਨਾਲ ਰਲ ਕੇ ਲਾਹੌਰ ਜਾ ਲੁਟਿਆ। ੧੭੫੭ ਈ. ਵਿਚ ਉਹਨੇ ਬਾਬਾ ਵਡਭਾਗ ਸਿੰਘ ਕਰਤਾਰਪੁਰ ਵਾਲੇ ਦੇ ਆਖੇ ਲਗ ਕੇ ਅਦੀਨਾ ਬੇਗ ਦੀ ਮਦਦ ਕੀਤੀ ਤੇ ਜਲੰਧਰ ਦੇ ਫ਼ੌਜਦਾਰ ਨਾਸਰ ਅਲੀ ਨੂੰ ਕਤਲ ਕੀਤਾ। ਅਬਦਾਲੀ ਦੇ ਪੰਜਵੇਂ ਹਮਲੇ (ਪਾਨੀਪਤ ਦੀ ਤੀਸਰੀ ਲੜਾਈ) ਸਮੇਂ ਸ: ਜੱਸਾ ਸਿੰਘ ਨੇ ਸਰਹਿੰਦ, ਦਿਆਲਪੁਰਾ ਆਦਿ ਲੁੱਟੇ ਤੇ ਕਾਦਰ ਬਖ਼ਸ਼ ਤੋਂ ਜਗਰਾਉਂ ਤੇ ਕੋਟ ਈਸੇ ਖ਼ਾਂ ਖੁਹ ਲਏ। ਵਾਪਸ ਜਾਂਦੇ ਅਬਦਾਲੀ ਦੀ ਫ਼ੌਜ ਉਤੇ ਜਿਹਲਮ ਕੰਢੇ ਹਮਲਾ ਕਰਕੇ ਉਹਨੇ ਢੇਰਾਂ ਛੁਡਾਈਆਂ। ਓਧਰੋਂ ਵਾਪਸ ਮੁੜਕੇ ਉਹਨੇ ਤਰਨ ਤਾਰਨ ਤੇ ਗੋਇੰਦਵਾਲ ਦੇ ਵਿਚਲਾ ਇਲਾਕਾ ਮੱਲ ਲਿਆ। ਜਦ ਉਬੇਦ ਖ਼ਾਂ ਨੇ ਗੁੱਜਰਾਂਵਾਲੇ ਉੱਤੇ ਹਮਲਾ ਕੀਤਾ, ਤਾਂ ਸ: ਜੱਸਾ ਸਿੰਘ ਬਹੁਤ ਸਾਰੇ ਸਰਦਾਰਾਂ ਨੂੰ ਨਾਲ ਲੈ ਕੇ ਸ: ਚੜ੍ਹਤ ਸਿੰਘ ਦੀ ਮਦਦ ਵਾਸਤੇ ਗਿਆ।

੨੨ ਅਕਤੂਬਰ ੧੭੬੧ ਈ. ਨੂੰ ਦੀਵਾਲੀ ਉਤੇ ਸਿੰਘ ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

ਕੱਠੇ ਹੋਏ। ਅਕਾਲ ਤਖ਼ਤ ਗੁਰਮਤਾ ਪਾਸ ਕੀਤਾ ਗਿਆ, ਕਿ ਲਾਹੌਰ ਉਤੇ ਕਬਜ਼ਾ ਕੀਤਾ ਜਾਵੇ। ਅਰਦਾਸਾ ਸੋਧ ਕੇ ਸਿੰਘਾਂ ਨੇ ਲਾਹੌਰ ਨੂੰ ਜਾ ਘੇਰਿਆ। ਸੂਬੇਦਾਰ ਉਬੈਦ ਖ਼ਾਂ ਟਾਕਰਾ ਕਰਨ ਦੀ ਥਾਂ ਕਿਲ੍ਹੇ ਵਿਚ ਬੰਦ ਹੋ ਬੈਠਾ।

ਸ਼ਹਿਰ ਉੱਤੇ ਸਿੱਖਾਂ ਨੇ ਕਬਜ਼ਾ ਕਰ ਲਿਆ।

**ਲਾਹੌਰ ਦੇ ਤਖ਼ਤ ਉਤੇ ਬੈਠਾ ਤੇ ਸਿੱਕਾ ਚਲਾਇਆ**

ਨਵਾਬ ਕਪੂਰ ਸਿੰਘ ਨੇ ਸ: ਜੱਸਾ ਸਿੰਘ ਆਹਲੂ-ਵਾਲੀਏ ਨੂੰ ਤਖ਼ਤ 'ਤੇ ਬਿਠਾ ਕੇ 'ਬਾਦਸ਼ਾਹ' ਦਾ ਖ਼ਿਤਾਬ ਦਿਤਾ। ਇਸ ਤੋਂ ਪਿਛੋਂ ਸਿੱਖ ਉਸਨੂੰ ਬਾਦਸ਼ਾਹ ਕਹਿੰਦੇ ਰਹੇ। ਸ਼ਾਹੀ ਟਕਸਾਲ ਉੱਤੇ ਕਬਜ਼ਾ ਕਰ ਕੇ ਸਿੱਖਾਂ ਨੇ ਲਾਹੌਰ ਸਿੱਕਾ ਚਲਾਇਆ, ਜਿਸ ਉਤੇ ਇਹ ਸ਼ਿਅਰ ਲਿਖਿਆ ਹੋਇਆ ਸੀ :—

ਸਿੱਕਾ ਜ਼ਦ ਦਰ ਜਹਾ ਬਫ਼ਜ਼ਲ ਅਕਾਲ।
ਮੁਲਕ ਆਹਮਦ ਗ੍ਰਿਫ਼ਤ ਜੱਸਾ ਕਲਾਲ।

ਥੋੜੇ ਦਿਨ ਲਾਹੌਰ 'ਤੇ ਕਬਜ਼ਾ ਰਖ ਕੇ, ਸਿੰਘ ਛਡ ਕੇ ਜੰਡਿਆਲੇ ਨੂੰ ਚਲੇ ਗਏ।

ਵੱਡੇ ਘਲੂਘਾਰੇ (ਪੰਜ ਫ਼ਰਵਰੀ, ੧੭੬੨ ਈ.)

**ਵੱਡਾ ਘਲੂਘਾਰਾ**

ਸਮੇਂ ਅਬਦਾਲੀ ਦੇ ਟਾਕਰੇ ਉਤੇ ਦਲ ਖ਼ਾਲਸੇ ਦੀਆਂ ਸਾਰੀਆਂ ਮਿਸਲਾਂ ਸ਼ਾਮਲ ਸਨ। ਸ: ਜੱਸਾ ਸਿੰਘ ਸਾਰੇ ਦਲ ਦਾ ਜਥੇਦਾਰ ਸੀ। ਏਸ ਲੜਾਈ ਵਿਚ ਸ. ਜੱਸਾ ਸਿੰਘ ਦੇ ਸਰੀਰ 'ਤੇ ਬਾਈ ਫੱਟ ਲਗੇ‡। ਘਲੂਘਾਰੇ ਵਿਚ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ ਜਿਸਦਾ ਬਦਲਾ ਉਹਨਾਂ ਦੁਰਾਨੀਆਂ ਤੋਂ ਪਿਪਲੀ ਸਾਹਿਬ ਦੇ ਜੰਗ (੧੭ ਅਕਤੂਬਰ, ੧੭੬੨ ਈ.) ਵਿਚ ਲਿਆ। ਏਥੇ ਅਬਦਾਲੀ ਪੂਰੀ ਤਰ੍ਹਾਂ ਹਾਰ

---

‡ ਜਸਾ ਸਿੰਘ ਖਾਏ ਬਾਈ ਘਾਇ।
ਤੋ ਭੀ ਸਿੰਘ ਜੀ ਲੜਤੋ ਜਾਇ।
ਭਾਈ ਰਤਨ ਸਿਘ ਭੰਗੂ (ਪ੍ਰਾਚੀਨ ਪੰਥ ਪ੍ਰਕਾਸ਼), ਪੰਨਾ ੩੫੪।

Sri Satguru Jagjit Singh Ji eLibrary NamdhariElibrary@gmail.com

ਖਾ ਕੇ ਮੁੜਿਆ ।

**ਬੁੱਢਾ ਦਲ ਦਾ ਜਥੇਦਾਰ**

ਅਬਦਾਲੀ ਦੇ ਜਾਣ ਪਿਛੋਂ ਸਰਬ ਸੰਮਤੀ ਨਾਲ "ਦਲ ਖ਼ਾਲਸਾ" ਦੇ ਦੋ ਜਥੇ ਬਣਾਏ ਗਏ : ਬੁੱਢਾ ਦਲ ਤੇ ਤਰਨਾ ਦਲ। ਬੁੱਢਾ ਦਲ ਦਾ ਜਥੇਦਾਰ ਸ: ਜੱਸਾ ਸਿੰਘ ਆਹਲੂਵਾਲੀਆ ਬਣਿਆਂ। ਇਸ ਦਲ ਵਿਚ ਛੇ ਮਿਸਲਾਂ (੧. ਆਹਲੂਵਾਲੀਆ, ੨. ਸਿੰਘ ਪੁਰੀਆਂ, ੩. ਡੱਲੇਵਾਲੀਆਂ, ੪. ਕਰੋੜਾ ਸਿੰਘੀਆਂ, ੫. ਨਸ਼ਾਨਾਂ ਵਾਲੀ, ਤੇ ੬. ਸ਼ਹੀਦਾਂ ਦੀ) ਸ਼ਾਮਲ ਹੋਈਆਂ।

**ਹਰਿਮੰਦਰ ਦੀ ਨੀਂਹ ਧਰੀ**

ਵੱਡੇ ਘਲੂਘਾਰੇ ਸਮੇਂ ਅਬਦਾਲੀ ਨੇ ਅੰਮ੍ਰਿਤਸਰ ਦਾ 'ਹਰਿਮੰਦਰ' ਸਾਹਿਬ ਢਾਹ ਦਿਤਾ ਸੀ। ੧੭ ਨਵੰਬਰ, ੧੭੬੩ ਈ. (ਕੱਤਕ ਸੁਦੀ ਤੇਰਾਂ) ਵਾਲੇ ਦਿਨ ਪੰਥ ਨੇ ਫਿਰ ਹਰਿ-ਮੰਦਰ ਸਾਹਿਬ ਦੀ ਨੀਂਹ ਧਰੀ, ਜਿਸਦੀ ਇੱਟ ਨਵਾਬ ਕਪੂਰ ਸਿੰਘ ਨੇ ਰਖੀ ਤੇ ਚੂਨਾ ਸ. ਜੱਸਾ ਸਿੰਘ ਆਹਲੂ-ਵਾਲੀਏ ਨੇ ਪਾਇਆ।

**ਸਰਹਿੰਦ ਫ਼ਤਹਿ**

ਏਸੇ ਸਾਲ (ਦਸੰਬਰ,੧੭੬੩ ਈ.) ਦੇ ਅਖ਼ੀਰ ਵਿਚ ਪੰਥ ਨੇ ਸਰਹਿੰਦ ਫ਼ਤਹਿ ਕਰਨ ਦਾ ਫ਼ੈਸਲਾ ਕੀਤਾ। ਸੋ ਸ: ਜੱਸਾ ਸਿੰਘ ਆਹਲੂਵਾਲੀਏ ਦੀ ਲੀਡਰੀ ਵਿਚ ਬਾਰਾਂ* ਮਿਸਲਾਂ ਅੰਮ੍ਰਿਤਸਰ ਤੋਂ ਸਰਹਿੰਦ ਵੱਲ ਤੁਰੀਆਂ। ਰਾਹ ਵਿਚ ਮਲੇਰਕੋਟਲਾ, ਖੇੜੀ, ਮੁਰੰਡਾ ਆਦਿ ਫ਼ਤਹਿ ਕਰਕੇ ਸਿੰਘਾਂ ਨੇ ਸਰਹਿੰਦ ਨੂੰ ਜਾ ਘੇਰਿਆ। ਓਥੋਂ ਦੇ ਗਵਰ-ਨਰ ਜ਼ੈਨ ਖ਼ਾਂ ਨੇ ਸੁਲ੍ਹਾ ਕਰਕੇ ਜਾਨ ਬਚਾਉਣੀ ਚਾਹੀ, ਪਰ ਸਿੱਖ ਏਸ ਚਾਲ ਵਿਚ ਨਾ ਫਸੇ। ਅੰਤ ਸਖ਼ਤ ਲੜਾਈ† ਵਿਚ (੧੪ ਜਨਵਰੀ, ੧੭੬੪ ਈ.) ਸ: ਜੱਸਾ ਸਿੰਘ ਆਹਲੂ

---

* ਬਾਰ੍ਹਵੀਂ ਮਿਸ਼ਲ 'ਫੂਲਕੀਆਂ' ਦੀ ਹੈ, ਜਿਸ ਦਾ ਬਾਨੀ ਬਾਬਾ ਆਲਾ ਸਿੰਘ ਪਟਿਆਲੀਆ ਸੀ।

† ਵੇਖੋ 'ਸਿੱਖਰਾਜ ਕਿਵੇਂ ਬਣਿਆਂ ?'

Sri Satguru Jagjit Singh Ji eLibrary NamdhariElibrary@gmail.com

ਦੀ ਗੋਲੀ ਨਾਲ ਜ਼ੈਨ ਖ਼ਾਂ ਮਾਰਿਆ ਗਿਆ। ਸਾਰੀ ਸਰਹਿੰਦ ਦੀ ਸਿੰਘਾਂ ਨੇ ਇੱਟ ਨਾਲ ਇੱਟ ਖੜਕਾ ਦਿਤੀ ਤੇ ਬਵੰਜਾ ਲੱਖ ਦੇ ਇਲਾਕੇ ਉੱਤੇ ਕਬਜ਼ਾ ਕਰ ਲਿਆ। ਆਹਲੂਵਾਲੀ ਮਿਸਲ ਨੇ ਨਰਾਇਨਗੜ੍ਹ, ਭੜੋਂਗ, ਬਰਵਾਲੀਆਂ, ਜਗਰਾਉਂ, ਫ਼ਤਹਿਗੜ੍ਹ, ਆਦਿ ਉੱਤੇ ਆਪਣਾ ਕਬਜ਼ਾ ਕਰ ਲਿਆ।

ਇਲਾਕੇ ਮੱਲੇ

ਏਸ ਕੰਮੋਂ ਵਿਹਲੇ ਹੋ ਕੇ, ਤਰਨਾ ਦਲ ਤਾਂ ਮਾਝੇ ਨੂੰ ਪਰਤ ਆਇਆ ਤੇ ਬੁੱਢਾ ਦਲ ਸ: ਜੱਸਾ ਸਿੰਘ ਆਹਲੂ-ਵਾਲੀਏ ਦੀ ਜਥੇਦਾਰੀ ਥੱਲੇ ਜਮਨਾ ਤੋਂ ਪਾਰ ਟੱਪ ਪਿਆ (ਫ਼ਰਵਰੀ, ੧੭੬੪ ਈ.)। ਸਹਾਰਨਪੁਰ, ਸਾਮਲੀ ਕੰਦੋਲਾ, ਅੰਬਲੀ, ਮੀਰਾਂਪੁਰ,ਦੇਵਬੰਦ, ਮੁਜ਼ੱਫ਼ਰ ਨਗਰ,ਜਵਾਲਾਪੁਰ, ਕਨਖਲ,ਲੰਦੌਰਾ ਨਜੀਬਾਬਾਦ, ਨਗੀਨਾ, ਮੁਰਾਦਾਬਾਦ, ਚੰਦੌਸੀ, ਅਨੂਪ ਸ਼ਹਿਰ, ਗੜ੍ਹਮੁਕਤੇ-ਸ਼ਰ ਆਦਿ ਲੁੱਟ ਕੇ ਸਿੰਘ ਫੇਰ ਸਰਹਿੰਦ ਆ ਬੈਠੇ ਤੇ ਲੱਗੇ ਗੁਰੂ-ਮਾਰੀ ਦੀਆਂ ਨੀਹਾਂ ਪੁੱਟਣ। ਏਥੇ ਸ:ਆਲਾ ਸਿੰਘ ਪਟਿਆਲੇ ਵਾਲੇ ਦੇ ਪੋਤਰੇ—ਅਮਰ ਸਿੰਘ—ਨੇ ਸ: ਜੱਸਾ ਸਿੰਘ ਆਹਲੂਵਾਲੀਏ ਤੋਂ ਅੰਮ੍ਰਿਤ ਛਕਿਆ। ਏਸ ਖ਼ੁਸ਼ੀ ਵਿਚ ਸ. ਆਲਾ ਸਿੰਘ ਨੇ ਈਸੜੂ ਦਾ ਪਰਗਣਾ ਸ. ਜੱਸਾ ਸਿੰਘ ਆਹਲੂਵਾਲੀਏ ਦੀ ਭੇਟ ਕੀਤਾ।

ਜਮਨਾ ਪਾਰ ਹਮਲਾ

ਏਥੋਂ ਚੱਲਕੇ ਬੁੱਢਾ ਦਲ ਅੰਮ੍ਰਿਤਸਰ ਆ ਬੈਠਾ। ਏਥੇ ਸ: ਜੱਸਾ ਸਿੰਘ ਨੇ ਕਟੜਾ ਆਹਲੂਵਾਲੀਆਂ ਵਸਾਇਆ।

ਕਟੜਾ ਆਹਲੂਵਾਲੀਆਂ

੧੭੬੪ ਈ. ਦੇ ਅਖੀਰ ਵਿਚ ਬੁੱਢਾ ਦਲ ਨੇ ਫੇਰ ਜਮਨਾ ਤੋਂ ਪਾਰ ਹਮਲਾ ਕੀਤਾ। ਜਨਵਰੀ, ੧੭੬੫ ਈ. ਵਿਚ ਏਸ ਦਲ ਨੇ ਸ: ਜੱਸਾ ਸਿੰਘ ਦੀ ਜਥੇਦਾਰੀ ਥਲੇ ਨਜੀਬੁੱਦੌਲਾ ਦੇ ਵਿਰੁੱਧ ਜਾਟ ਰਾਜਾ ਜਵਾਹਰ ਮੱਲ ਦੀ ਮਦਦ ਕੀਤੀ। ਲੜਾਈ ਵਿਚ ਨਜੀਬੁੱਦੌਲਾ ਹਾਰ ਗਿਆ। ਉਹਨੇ ਲੜਕੀ ਦਾ ਡੋਲਾ ਦੇ ਕੇ ਜਵਾਹਰ ਮੱਲ ਨਾਲ ਸੁਲ੍ਹਾ ਕਰ ਲਈ। ਮਗਰਲੇ ਨੇ ਦੋ ਲੱਖ ਨਜ਼ਰਾਨਾ ਦੇ ਕੇ ਸਿੱਖਾਂ ਨੂੰ ਵਿਦਿਆ ਕੀਤਾ।

ਜਵਾਹਰ ਮੱਲ ਦੀ ਮਦਦ

Sri Satguru Jagjit Singh Ji eLibrary NamdhariElibrary@gmail.com

ਏਨੇ ਨੂੰ ਅਬਦਾਲੀ ਫੇਰ ਚੜ੍ਹ ਕੇ ਆ ਰਿਹਾ ਸੀ। ਸੋ ਸਿੱਖ ਉਹਦੇ ਟਾਕਰੇ 'ਤੇ ਚਲੇ ਗਏ। ਅਬਦਾਲੀ ਦੇ ਸਾਰੇ ਹਮਲਿਆਂ ਵਿਚ ਸ: ਜੱਸਾ ਸਿੰਘ ਆਹਲੂਵਾਲੀਆ ਅੱਗੇ ਹੋ ਕੇ ਲੜਦਾ ਰਿਹਾ ਸੀ। ਇਸ ਤੋਂ ਮਗਰ-ਲਿਆਂ ਹਮਲਿਆਂ ਵਿਚ ਸਿੱਖ, ਅਬਦਾਲੀ ਨਾਲੋਂ ਤਾਕਤਵਰ ਹੋ ਗਏ ਸਨ।

ਹੁਣ ਸਿੱਖ ਮਿਸਲਾਂ ਨੇ ਸਾਰਾ ਧਿਆਨ ਇਲਾਕੇ ਮੱਲਣ ਵੱਲ ਲਾ ਦਿਤਾ। ਦੂਜੀਆਂ ਮਿਸਲਾਂ ਵਾਂਗ ਆਹਲੂਵਾਲੀਆਂ ਦੀ ਮਿਸਲ ਦੇ ਇਲਾਕੇ ਵੀ ਦਿਨੋ ਦਿਨ ਵਧਦੇ ਗਏ। ੧੭੬੯ ਈ. ਤਕ ਹੇਠ

**੧੭੬੯ ਵਿਚ ਕਬਜ਼ੇ**

ਲਿਖੇ ਇਲਾਕਿਆਂ ਉੱਤੇ ਇਸਦਾ ਕਬਜ਼ਾ ਹੋ ਗਿਆ ਸੀ। ਨਰਾਇਨਗੜ੍ਹ, ਭੜੋਗ, ਬਰਵਾਲੀਆਂ, ਜਗ-ਰਾਉਂ, ਕੋਟ ਈਸਾ ਖ਼ਾਂ, ਫ਼ਤਹਿਗੜ੍ਹ ਈਸੜੂ ਆਦਿ ਸਰਹਿੰਦ ਸਰਕਾਰ ਵਿਚ। ਤਲਵੰਡੀ, ਜੰਡਿਆਲਾ, ਨੂਰਮਹਿਲ, ਭੰਗਾ ਬਲਾਚੌਰ, ਹੈਬਤਪੁਰ, ਚੋਲ੍ਹਾ, ਕਾਇਮਪੁਰ ਆਦਿ ੧੦ ਲੱਖ ਸਾਲਾਨਾ ਦੇ ਦੁਆਬਾ ਜਲੰਧਰ ਵਿਚ। ਸਿਰਹਾਲੀ, ਗੋਇੰਦਵਾਲ, ਫ਼ਤਹਿਆਬਾਦ, ਕੋਟ ਮਾਹਮੂਦ ਖ਼ਾਂ, ਜਲਾਲਾਬਾਦ, ਵੈਰੋਵਾਲ, ਮਹਿਤਾਬ ਕੋਟ, ਬੁੰਡਾਲਾ, ਸਠਿਆਲਾ, ਬੁਤਾਲਾ ਆਦਿ ਬਾਰੀ ਦੁਆਬਾ ਵਿਚ।

ਅਬਦਾਲੀ ਮੈਦਾਨ ਵਿਚੋਂ ਨਿਕਲ ਗਿਆ, ਤਾਂ ਮਿਸਲਾਂ ਦੇ ਸਰਦਾਰ ਆਪਸ ਵਿਚ ਲੜਨ ਲੱਗ ਪਏ। ਆਹਲੂਵਾਲੀਏ ਤੇ ਰਾਮਗੜ੍ਹੀਏ ਆਪਸ ਵਿਚ ਲੜਦੇ ਰਹਿੰਦੇ ਸਨ। ੧੭੭੫ ਈ. ਵਿਚ ਬਿਆਸ

**ਜ਼ਹੂਰਾ ਦੀ ਲੜਾਈ**

ਕੰਢੇ ਪਿੰਡ ਜ਼ਹੂਰਾ ਕੋਲ ਦੋਵੇਂ ਜੱਸਾ ਸਿੰਘ ਆਪਸ ਵਿਚ ਲੜੇ। ਰਾਮਗੜ੍ਹੀਆ ਗੋਲੀ ਨਾਲ ਜ਼ਖ਼ਮੀ ਹੋ ਕੇ ਮੈਦਾਨ ਵਿਚੋਂ ਨੱਸ ਗਿਆ। ਆਹਲੂਵਾਲੀਏ ਨੇ ਪਿੰਡ ਜ਼ਹੂਰਾ ਆਪਣੇ ਮਦਦੀ ਸ: ਬਘੇਲ ਸਿੰਘ ਮਿਸਲ ਕਰੋੜਾਸਿੰਘੀਏ ਨੂੰ ਦੇ ਦਿਤਾ।

੧੭੭੬ ਈ. ਵਿਚ ਜੱਸਾ ਸਿੰਘ ਆਹਲੂਵਾਲੀਆ ਅੱਚਲ (ਬਟਾਲੇ ਕੋਲ) ਇਸ਼ਨਾਨ ਕਰਨ ਆਇਆ। ਸਮਾਂ ਪਾ ਕੇ

**ਜਸਾ ਸਿਘ ਗ੍ਰਿਫ਼ਤਾਰ**

ਸ: ਜੱਸਾ ਸਿੰਘ ਰਾਮਗੜ੍ਹੀਏ ਦੇ ਭਰਾਵਾਂ (ਤਾਰਾ

Sri Satguru Jagjit Singh Ji eLibrary NamdhariElibrary@gmail.com

ਸਿੰਘ, ਮਾਲੀ ਸਿੰਘ ਤੇ ਖ਼ੁਸ਼ਹਾਲ ਸਿੰਘ) ਨੇ ਆਹਲੂਵਾਲੀਏ 'ਤੇ ਧਾਵਾ ਬੋਲ ਕੇ, ਜ਼ਖ਼ਮੀ ਕਰ ਕੇ ਫੜ ਲਿਆ। ਉਹ ਉਸ ਨੂੰ ਪਾਲਕੀ ਵਿਚ ਪਾ ਕੇ ਆਪਣੀ ਰਾਜਧਾਨੀ ਸ੍ਰੀ ਹਰਿਗੋਬਿੰਦਪੁਰੇ ਵਿਚ ਲੈ ਗਏ। ਸ: ਜੱਸਾ ਸਿੰਘ ਰਾਮਗੜ੍ਹੀਆ ਉਸ ਨੂੰ ਬੜੇ ਆਦਰ ਨਾਲ ਪੇਸ਼ ਆਇਆ। ਆਪਣੇ ਭਰਾਵਾਂ ਦੀ ਗਲਤੀ ਦੀ ਉਹਨੇ ਮਾਫ਼ੀ ਮੰਗੀ ਤੇ ਸਤਕਾਰ ਵਜੋਂ ਘੋੜਾ ਤੇ ਦੁਸ਼ਾਲੇ ਦੇਕੇ ਉਹਨੂੰ ਉਸ ਦੀ ਰਾਜਧਾਨੀ ਫ਼ਤਹਿਆਬਾਦ ਵਿਚ ਪੁਚਾ ਦਿਤਾ।

ਇਸ ਘਟਨਾ ਤੋਂ ਰਾਮਗੜ੍ਹੀਆਂ ਤੇ ਆਹਲੂਵਾਲੀਆਂ ਦਾ ਵੈਰ ਵਧੇਰੇ ਵਧ ਗਿਆ। ਕਨ੍ਹਈਆਂ ਦਾ ਰਾਮਗੜ੍ਹੀਆਂ ਨਾਲ ਪਹਿਲਾਂ ਹੀ ਬੜਾ ਵਿਰੋਧ ਸੀ।

**ਰਾਮਗੜ੍ਹੀਆ ਦਾ ਇਲਾਕਾ ਖੋਹਿਆ**

ਸੰ (੧੭੭੬ ਈ.) ਜੈ ਸਿੰਘ, ਹਕੀਕਤ ਸਿੰਘ, ਗੁਰਬਖ਼ਸ਼ ਸਿੰਘ ਕਨ੍ਹਈਏ, ਜੱਸਾ ਸਿੰਘ ਆਹਲੂਵਾਲੀਆਂ, ਮਹਾਂ ਸਿੰਘ ਸੁਕਰਚੱਕੀਆਂ, ਰਾਜਾ ਸੰਸਾਰ ਚੰਦ ਕਟੋਚੀਆ, ਆਦਿ ਨੇ ਰਲ ਕੇ ਰਾਮਗੜ੍ਹੀਆਂ 'ਤੇ ਹਮਲਾ ਕਰ ਦਿਤਾ। ਸ੍ਰੀ ਹਰਿਗੋਬਿੰਦ ਪੁਰਾ, ਕਲਾਨੌਰ ਤੇ ਬਟਾਲਾ ਕੋਲ ਬੜੀਆਂ ਸਖ਼ਤ ਲੜਾਈਆ ਹੋਈਆਂ। ਏਸ ਜੰਗ ਵਿਚ ਰਾਮਗੜ੍ਹੀਏ ਪੂਰੀ ਤਰ੍ਹਾਂ ਹਾਰ ਗਏ। ਉਹ ਇਲਾਕਾ ਛੱਡ ਕੇ ਹਿਸਾਰ ਨੂੰ ਨੱਸ ਗਏ। ਉਹਨਾਂ ਦਾ ਇਲਾਕਾ ਟਾਕਰੇ ਦੀਆਂ ਸਾਰੀਆਂ ਤਾਕਤਾਂ ਨੇ ਵੰਡ ਲਿਆ।

ਕਪੂਰਥਲਾ ਰਾਏ ਇਬਰਾਹੀਮ ਭੱਟੀ ਦੇ ਕਬਜ਼ੇ ਵਿਚ ਸੀ ਤੇ ਉਸਦਾ ਉਦਾਲਾ ਆਹਲੂਵਾਲੀਆਂ ਦੇ। ਇਸ ਵਾਸਤੇ ਹਰ ਵੇਲੇ ਉਹਨਾਂ ਦੀ ਲੜਾਈ ਰਹਿੰਦੀ ਸੀ।

**ਕਪੂਰਥਲੇ 'ਤੇ ਕਬਜ਼ਾ**

੧੭੭੭ ਈ. ਵਿਚ ਜੱਸਾ ਸਿੰਘ ਆਹਲੂਵਾਲੀਏ ਨੇ ਇਬਰਾਹੀਮ ਤੋਂ ਕਪੂਰਥਲਾ ਖੋਹ ਲਿਆ ਤੇ ਉਸਨੂੰ ਆਪਣੀ ਰਾਜਧਾਨੀ ਬਣਾ ਲਿਆ‡। ਇਸ ਤੋਂ ਪਹਿਲਾਂ ਆਹਲੂਵਾਲੀਆਂ ਦੀ ਰਾਜਧਾਨੀ ਫ਼ਤਹਿਆਬਾਦ ਸੀ।

---

‡ ਲਤੀਫ, ਪੰਨਾ ੩੧੬; ਮੈਕਗ੍ਰੇਗਰ, ਪੰਨਾ ੧੪੭।

Sri Satguru Jagjit Singh Ji eLibrary NamdhariElibrary@gmail.com

ਜੱਸਾ ਸਿੰਘ ਸੁਰਗਵਾਸ

ਅੰਤ ਉਹ ਆਹਲੂਵਾਲੀਆ ਮਿਸਲ ਦਾ ਲੀਡਰ, ਪੰਥ ਦਾ ਜਥੇਦਾਰ ਦਲ ਖ਼ਾਲਸਾ ਦਾ ਪ੍ਰਧਾਨ ਸੈਨਾਪਪੀ, ਸ. ਜੱਸਾ ਸਿੰਘ ਅੰਮ੍ਰਿਤਸਰ ਵਿਚ ੧੭੮੩ ਈ. (੧੮੪੦ ਬਿ.) ਨੂੰ ਸੁਰਗਵਾਸ ਹੋ ਗਿਆ*। ਉਸਦੀ ਸਮਾਧ ਬਾਬੇ ਅਟੱਲ ਦੇ ਲਾਗੇ ਹੈ। ਉਹ ਬੜਾ ਖ਼ੂਬਸੂਰਤ ਉੱਚਾ ਲੰਮਾ ਜਵਾਨ ਸੀ। ਉਸਦਾ ਸਰੀਰ ਬੜਾ ਵਜ਼ਨੀ ਤੇ ਚਿਹਰਾ ਸ਼ਾਹੀ ਰੁਅਬ ਵਾਲਾ ਸੀ। ਉਸ ਦੀਆਂ ਬਾਹੀਂ ਗੋਡਿਆਂ ਤਕ ਲੰਮੀਆਂ ਸਨ। ਉਸਦੀ ਖ਼ੁਰਾਕ ਸਵੇਰ ਵੇਲੇ (ਇਕ ਡੰਗ ਦੀ) ਇਕ ਸੇਰ ਮੱਖਣ ਤੇ ਅੱਧਾ ਬੱਕਰਾ ਸੀ। ਉਸਨੇ ਬਚਪਨ ਗ਼ਰੀਬੀ ਵਿਚ ਗੁਜ਼ਾਰਿਆ ਸੀ, ਸੋ ਉਹ ਸਾਰੀ ਉਮਰ ਗ਼ਰੀਬਾਂ ਦਾ ਹਮ-ਦਰਦ ਤੇ ਦਾਤਾ ਬਣ ਕੇ ਰਿਹਾ। ਦੁਆਬਾ ਜਲੰਧਰ ਵਿਚ ਲੋਕ ਉਸਨੂੰ ਬਾਦਸ਼ਾਹ ਕਹਿੰਦੇ ਸਨ। ਉਹ ਆਮ ਰੇਸ਼ਮੀ ਪੁਸ਼ਾਕ ਪਹਿਨਦਾ ਸੀ। ਇਕ ਕਪੜਾ ਇਕ ਵਾਰ ਲਾਹ ਕੇ ਉਹ ਦੂਜੀ ਵਾਰ ਨਹੀਂ ਸੀ ਪਹਿਨਦਾ ਹੁੰਦਾ। ਉਹ ਪੁਸ਼ਾਕ (ਨਵੀਂ ਹੀ) ਉਹ ਆਪਣੇ ਮਾਤਹਿਤਾਂ ਜਾਂ ਲੋੜਵੰਦਾਂ ਨੂੰ ਦੇ ਦਿਆ ਕਰਦਾ ਸੀ। ਉਹ ਨਵੇਂ ਸੂਰਜ ਨਵੀਂ ਪੋਸ਼ਾਕ ਪਹਿਨਦਾ ਸੀ। ਉਹ ਦੁਸ਼ਮਣ ਵਾਸਤੇ ਮੌਤ ਵਰਗਾ ਭਿਆਨਕ ਤੇ ਪਰਜਾ ਵਾਸਤੇ ਪਿਤਾ ਵਰਗਾ ਦਿਆਲੂ ਸੀ। ਉਹ ਸੁਭੱਾ ਦਾ 'ਨਿਰਭਉ' ਤੇ 'ਨਿਰਵੈਰ' ਸੀ। ਉਸਦੇ ਮਾਤਹਿਤਾਂ ਵਿਚ ਮੁਸਲਮਾਨ ਨੌਕਰ ਵੀ ਸਨ। ਉਹ ਤੀਰ ਤੇ ਬੰਦੂਕ ਦਾ ਪੱਕਾ ਨਸ਼ਾਨਚੀ ਸੀ। ਮੈਦਾਨ ਵਿਚ ਉਹ ਸਦਾ ਅੱਗੇ ਹੋ ਕੇ ਲੜਦਾ ਸੀ। ਉਸਨੇ ਜਮਨਾ ਪਾਰ ਕਈ ਹਮਲੇ ਕੀਤੇ ਸਨ। ਪਟਿਆਲੇ ਦੀ ਮਦਦ ਵਾਸਤੇ ਉਹ ਕਈ ਵਾਰ ਫ਼ੌਜ ਲੈ ਕੇ ਗਿਆ ਸੀ। ਦੋ ਵਾਰ ਉਹਨੇ ਅਬਦਾਲੀ ਤੋਂ ਢੱਕਾਂ ਛੁਡਾਈਆਂ ਸਨ ਤੇ ਆਪਣੇ ਕੋਲੋਂ ਖ਼ਰਚ ਦੇ

---

* ਲਤੀਫ਼, ਪੰਨਾ ੩੧੬; ਰਾਜ ਖ਼ਾਲਸਾ, ਪੰਨਾ ੨੦-; ਪੰਜਾਬ ਰਾਜਾਜ਼, ਪੰਨਾ ੫੧੨; ਭਗਵਾਨ ਦਾਸ (ਰਊਸਾਏ ਬਾ-ਅਖ਼ਤਿਆਰ ਵਾ ਨਾਮੀ ਖ਼ਾਨਦਾਨ ਪੰਜਾਬ, ਕਰਨਲ ਚਾਰਲਸ ਫ਼ਰਾਂਸਿਸ ਮੈਲਿਸੀ ਦੀ ਕਤਾਬ ਦਾ ਉਰਦੂ ਤਰਜਮਾ, ਉਲਥਾਕਾਰ ਭਗਵਾਨ ਦਾਸ ਚੀਫ਼ ਜੱਜ ਕਪੂਰਥਲਾ, ਛਪੀ ੧੯੦੪ ਈ.), ਪੰਨਾ ੩੯।

Sri Satguru Jagjit Singh Ji eLibrary NamdhariElibrary@gmail.com

ਕੇ ਘਰੋ ਘਰੀ ਪੁਚਾਈਆਂ ਸਨ। ਇਹਨਾਂ ਗੁਣਾਂ ਕਰਕੇ ਉਹਨੇ ਦੇਸ ਵਾਸੀਆਂ ਦੇ ਦਿਲ ਜਿੱਤ ਲਏ ਸਨ।†

ਸ. ਜੱਸਾ ਸਿੰਘ ਦੇ ਘਰ ਕੇਵਲ ਦੋ ਲੜਕੀਆਂ ਹੀ ਸਨ, ਲੜਕਾ ਕੋਈ ਨਹੀਂ ਸੀ। ਸੋ ਮਿਸਲ ਦਾ ਲੀਡਰ ਉਸਦੇ ਸਕੇ ਤਾਏ (ਗੁਰਬਖ਼ਸ਼ ਸਿੰਘ) ਦਾ ਪੜੋਤਰਾ ਭਾਗ ਸਿੰਘ ਬਣਿਆਂ‡।

**ਭਾਗ ਸਿੰਘ**

ਸ. ਜੱਸਾ ਸਿੰਘ ਦੇ ਜਿਉਂਦਿਆਂ ਹੀ ਸ: ਭਾਗ ਸਿੰਘ ਉਸਦੇ ਨਾਲ ਲੜਾਈ ਵਿਚ ਜਾਂਦਾ ਸੀ। ਕਈ ਵਾਰ ਉਹ ਸ: ਜੱਸਾ ਸਿੰਘ ਦੇ ਹੁਕਮ ਨਾਲ ਇਕੱਲਾ ਫ਼ੌਜ ਲੈ ਕੇ ਮੁਹਿੰਮਾਂ ਵਿਚ ਜਾਇਆ ਕਰਦਾ ਸੀ। ਇਲਾਕੇ ਦੇ ਪ੍ਰਬੰਧ ਵਿਚ ਵੀ ਉਹਨੂੰ ਬਹੁਤ ਸਾਰੇ ਅਖ਼ਤਿਆਰ ਮਿਲੇ ਹੋਏ ਸਨ। ਜਦ ਉਹ ਆਪ ਤਖ਼ਤ 'ਤੇ ਬੈਠਾ, ਤਾਂ ਉਹਨੇ ਇਲਾਕੇ ਦਾ ਪ੍ਰਬੰਧ ਬੜੀ ਖ਼ੂਬੀ ਨਾਲ ਨਿਭਾਇਆ। ਰਾਮਗੜ੍ਹੀਆਂ ਤੇ ਭੰਗੀਆਂ ਨਾਲ ਉਹ ਕਈ ਵਾਰ ਲੜਦਾ ਰਿਹਾ। ਸ਼ਾਹ ਜ਼ਮਾਨ ਦਿਆਂ ਹਮਲਿਆਂ ਵੇਲੇ ਉਹ ਅੰਮ੍ਰਿਤਸਰ ਰਹਿੰਦਾ ਰਿਹਾ ਹੈ ਤੇ ਬਾਕੀ ਮਿਸਲਾਂ ਦੀ ਮਦਦ ਕਰਦਾ ਰਿਹਾ। ਅੰਤ ਉਹ ੧੮੦੧ ਈ. (੧੮੫੮ ਬਿ.) ਵਿਚ ਕਪੂਰਥਲੇ ਸੁਰਗਵਾਸ ਹੋਇਆ*। ਫਿਰ ਉਸਦਾ ਪੁੱਤਰ ਸ. ਫ਼ਤਹਿ ਸਿੰਘ ਮਿਸਲ ਦਾ ਲੀਡਰ ਬਣਿਆਂ।

**ਸ: ਫ਼ਤਹਿ ਸਿੰਘ**

ਸ. ਫ਼ਤਹਿ ਸਿੰਘ ਦਾ ਇਤਿਹਾਸ ਮ. ਰਣਜੀਤ ਸਿੰਘ ਨਾਲ ਸੰਬੰਧਤ ਹੈ। ਉਹ ਲਗਭਗ ਸਾਰੀ ਉਮਰ ਉਸਦਾ ਵਫ਼ਾਦਾਰ ਮਿੱਤਰ ਰਿਹਾ। ੧੮੦੨ ਈ. ਵਿਚ ਸ਼ੇਰੇ-ਪੰਜਾਬ ਦੇ ਘਰ ਟਿੱਕਾ ਖੜਕ ਸਿੰਘ ਪੈਦਾ ਹੋਇਆ। ਏਸ ਖ਼ੁਸ਼ੀ ਵਿਚ ਸ਼ੇਰੇ-ਪੰਜਾਬ

---

† ਲਤੀਫ਼, ਪੰਨੇ ੩੧੬-੭; ਮੈਕਗ੍ਰੇਗਰ, ਪੰਨਾ ੧੪੭; ਰਾਜ ਖ਼ਾਲਸਾ, ਪੰਨਾ ੧੯੩।

‡ ਵੇਖੋ ਬੰਸਾਵਲੀ।

* ਲਤੀਫ਼, ਪੰਨਾ ੩੧੭; ਰਾਜ ਖ਼ਾਲਸਾ, ਪੰਨਾ ੨੦੫; ਪੰਜਾਬ ਰਾਜਾਜ਼, ਪੰਨਾ ੫੧੯; ਭਗਵਾਨ ਦਾਸ, ਪੰਨਾ ੩੯।

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤਸਰ ਤੇ ਤਰਨ ਤਾਰਨ ਮੱਥਾ ਟੇਕਣ ਗਿਆ। ਸ. ਫ਼ਤਹਿ ਸਿੰਘ ਆਹਲੂਵਾਲੀਆ ਉਸ ਵੇਲੇ ਫ਼ਤਹਿਆਬਾਦ ਵਿਚ ਸੀ। ਸ਼ੇਰੇ-ਪੰਜਾਬ ਨੇ ਉਸਨੂੰ ਤਰਨ ਤਾਰਨ ਬੁਲਾਇਆ। ਦੋਵੇਂ ਸਰਦਾਰ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਮਿਲੇ। ਦੋਹਾਂ ਨੇ ਭਰੱਾ ਬਣ ਕੇ ਸ਼ੇਰੇ-ਪੰਜਾਬ ਨਾਲ ਪੱਗਾਂ ਵਟਾਈਆਂ ਤੇ ਇਸ ਭਾਈਚਾਰੇ ਨੂੰ ਉਮਰ ਭਰ

**ਪੱਗ ਵਟਾਈ**

ਨਿਭਾਉਣ ਦੇ ਪ੍ਰਣ ਕੀਤੇ। ਏਥੋਂ ਹੀ ਸ: ਫ਼ਤਹਿ ਸਿੰਘ ਨੂੰ ਨਾਲ ਲੈ ਕੇ ਸ਼ੇਰੇ-ਪੰਜਾਬ ਨੇ ਪਿੰਡੀ ਭੱਟੀਆਂ 'ਤੇ

**ਜਾਗੀਰ**

ਚੜ੍ਹਾਈ ਕਰ ਦਿਤੀ। ਉਹ ਇਲਾਕਾ ਫ਼ਤਹਿ ਕਰਕੇ ਸ. ਫ਼ਤਹਿ ਸਿੰਘ ਨੂੰ ਜਾਗੀਰ ਵਜੋਂ ਦਿਤਾ ਗਿਆ। ਫਿਰ ਧੰਨੀ ਦਾ ਸਾਰਾ ਇਲਾਕਾ ਫ਼ਤਹਿ ਕਰਕੇ ਵੀ ਸ: ਫ਼ਤਹਿ ਸਿੰਘ ਦੇ ਹਵਾਲੇ ਕੀਤਾ ਗਿਆ। ਰਾਹ ਵਿਚ ਚਨਿਓਟ ਆਦਿ ਫ਼ਤਹਿ ਕਰਦੇ ਹੋਏ ਦੋਵੇਂ ਸਰਦਾਰ ਲਾਹੌਰ ਪਹੁੰਚੇ।

ਏਸੇ ਸਾਲ (੧੮੦੨ ਈ.) ਦੇ ਅਖ਼ੀਰ ਵਿਚ ਸ਼ੇਰੇ-ਪੰਜਾਬ ਨੇ ਕਸੂਰ 'ਤੇ ਹਮਲਾ ਕੀਤਾ ਤੇ ਲੜਾਈ ਵਿਚ ਫ਼ਤਹਿ ਹਾਸਲ ਕਰਕੇ ਨਜ਼ਾਮੁੱਦੀਨ ਨੂੰ ਈਨ ਮਨਾਈ। ਇਸ ਮੁਹਿੰਮ ਵਿਚ ਵੀ ਸ: ਫ਼ਤਹਿ ਸਿੰਘ ਨਾਲ ਸੀ। ੧੮੦੩ ਈ. ਵਿਚ ਸ਼ੇਰੇ-ਪੰਜਾਬ ਹਰਿਦੁਆਰ

**ਫਗਵਾੜੇ 'ਤੇ ਕਬਜ਼ਾ**

ਗਿਆ। ਓਥੋਂ ਮੁੜਦਿਆਂ ਹੋਇਆਂ ਉਹਨੇ ਫਗਵਾੜਾ ਫ਼ਤਹਿ ਕਰਕੇ ਸ: ਫ਼ਤਹਿ ਸਿੰਘ ਆਹਲੂਵਾਲੀਏ ਨੂੰ ਦਿਤਾ। ਏਥੋਂ ਚੱਲ ਕੇ ਸ਼ੇਰੇ-ਪੰਜਾਬ ਕਪੂਰਥਲੇ ਆ ਪੁੱਜਾ ਤੇ ਕਈ ਦਿਨ ਆਹਲੂਵਾਲੀਏ ਦਾ ਪ੍ਰਾਹੁਣਾ ਰਿਹਾ।

੧੮੦੫ ਈ. ਵਿਚ ਸ਼ੇਰੇ-ਪੰਜਾਬ ਨੇ ਵਿਚੋਲਾ ਬਣ ਕੇ ਹੁਲਕਰ ਤੇ ਅੰਗਰੇਜ਼ਾਂ ਦੀ ਸੁਲ੍ਹਾ ਕਰਾਈ ਸੀ। ਏਸ ਕਾਰਨ ਅੰਗਰੇਜ਼ਾਂ ਨੇ ਸ਼ੇਰੇ-ਪੰਜਾਬ ਨਾਲ ੧ ਜਨਵਰੀ, ੧੮੦੬ ਈ. ਨੂੰ ਮਿੱਤਰਾਚਾਰੀ ਦਾ ਅਹਿਦਨਾਮਾ ਕੀਤਾ। ਏਸ ਸੁਲ੍ਹਾ ਵਿਚ ਸ: ਫ਼ਤਹਿ ਸਿੰਘ ਆਹਲੂਵਾਲੀਆ ਵੀ ਸ਼ੇਰੇ-ਪੰਜਾਬ ਦੇ ਧੜੇ ਵੱਲੋਂ ਸ਼ਾਮਲ ਸੀ।

੧੮੦੬ ਈ. ਵਿਚ ਜਦ ਸ਼ੇਰੇ-ਪੰਜਾਬ ਨਾਭੇ ਪਟਿਆਲੇ ਦਾ ਝਗੜਾ

Sri Satguru Jagjit Singh Ji eLibrary NamdhariElibrary@gmail.com

ਨਿਬੇੜਨ ਗਿਆ, ਤਾਂ ਸ: ਫ਼ਤਹਿ ਸਿੰਘ ਨਾਲ ਸੀ। ਰਾਏ ਕੋਟ ਦੇ ਹਾਕਮ ਕੋਲੋਂ ਕਈ ਪਿੰਡ ਖੋਹ ਕੇ ਸ਼ੇਰੇ-ਪੰਜਾਬ ਨੇ ਸ: ਫ਼ਤਹਿ ਸਿੰਘ ਨੂੰ ਜਾਗੀਰ ਵਜੋਂ ਦਿਤੇ। ਫਿਰ ਪਟਿ-ਆਲੇ ਦੀ ਦੂਜੀ ਮੁਹਿੰਮ (੧੮੦੭ ਈ.) ਵੇਲੇ ਸ਼ੇਰੇ-ਪੰਜਾਬ ਨੇ ਨਰਾਇਣ ਗੜ੍ਹ ਫ਼ਤਹਿ ਕਰਕੇ ਸ: ਫ਼ਤਹਿ ਸਿੰਘ ਆਹਲੂਵਾਲੀਏ ਨੂੰ ਜਾਗੀਰ ਵਜੋਂ ਦਿਤਾ।

ਸਤਲੁਜ ਪਾਰ ਜਾਗੀਰਾਂ

੧੮੧੦ ਈ. ਵਿਚ ਸ਼ੇਰੇ-ਪੰਜਾਬ ਨੇ ਮੁਲਤਾਨ ਉੱਤੇ ਚੌਥਾ ਹਮਲਾ ਕੀਤਾ। ਉਸ ਵੇਲੇ ਲਾਹੌਰ ਤੇ ਅੰਮ੍ਰਿਤਸਰ ਦਾ ਪ੍ਰਬੰਧ ਉਹ ਸ: ਫਤਹਿ ਸਿੰਘ ਆਹਲੂਵਾਲੀਏ ਨੂੰ ਸੌਂਪ ਗਿਆ ਸੀ()।

ਲਾਹੌਰ ਦਾ ਗਵਰਨਰ

ਹੋਰ ਵੀ ਕਈ ਮੁਹਿੰਮਾਂ ਵਿਚ ਸ: ਫ਼ਤਹਿ ਸਿੰਘ ਸ਼ੇਰੇ-ਪੰਜਾਬ ਦੇ ਨਾਲ ਰਿਹਾ।

ਸ: ਫ਼ਤਹਿ ਸਿੰਘ ਦਾ ਏਜੰਟ ਕਾਦਰ ਬਖ਼ਸ਼ ਲਾਹੌਰ ਦਰਬਾਰ ਵਿਚ ਰਹਿੰਦਾ ਸੀ। ਉਹ ਬੜਾ ਸ਼ਰਾਰਤੀ ਸੁਭਾ ਦਾ ਸੀ। ਉਹਨੇ ਲਾਹੌਰੋਂ ਝੂਠੀਆਂ ਖ਼ਬਰਾਂ ਭੇਜੀਆਂ, ਕਿ ਸ਼ੇਰੇ ਪੰਜਾਬ ਕਪੂਰਥਲੇ ਦੇ ਇਲਾਕੇ ਉੱਤੇ ਕਬਜ਼ਾ ਕਰਨ ਦੀ ਤਿਆਰੀ ਕਰ ਰਿਹਾ ਹੈ। ਸ: ਫ਼ਤਹਿ ਸਿੰਘ ਡਰ ਕੇ ਕਪੂਰਥਲਿਓਂ ਨੱਸ ਕੇ ਸਣੇ ਪਰਵਾਰ ਸਤਲੁਜੋਂ ਪਾਰ ਜਗਰਾਓਂ ਚਲਾ ਗਿਆ (੨੭ ਦਸੰਬਰ, ੧੮੨੫ ਈ.*)। ਸਤਲੁਜ ਪਾਰ ਉਸਦੇ ੪੫੪ ਪਿੰਡ ਸਨ†। ਉਹਨੇ ਅੰਗਰੇਜ਼ਾਂ ਕੋਲੋਂ ਮਦਦ ਮੰਗੀ। ਅੰਗਰੇਜ਼ਾਂ ਦੇ ਏਜੰਟ ਨੇ ਉਸਨੂੰ ਆਪਣੀ ਰੱਖਿਆ ਵਿਚ ਲੈ ਲੈਣ ਦਾ ਭਰੋਸਾ ਦੁਆਇਆ‡। ਇਹ

ਸ਼ੇਰੇ-ਪੰਜਾਬ ਨਾਲ ਨਾਰਾਜ਼ਗੀ ਤੇ ਸੁਲ੍ਹਾ

---

() ਲਤੀਫ਼, ਪੰਨਾ ੩੧੮; ਪੰਜਾਬ ਰਾਜਾਜ਼, ਪੰਨਾ ੫੨੬।

* ਪੰਜਾਬ ਰਾਜਾਜ਼, ਪੰਨਾ ੫੩੪।

† ਪੰਜਾਬ ਰਾਜਾਜ਼, ਪੰਨਾ ੫੩੬।

‡ ਕਨਿੰਘਮ, ਪੰਨਾ ੧੮੨ :

Sri Satguru Jagjit Singh Ji eLibrary NamdhariElibrary@gmail.com

ਖ਼ਬਰਾਂ ਸੁਣ ਕੇ ਸ਼ੇਰੇ-ਪੰਜਾਬ ਬੜਾ ਹੈਰਾਨ ਹੋਇਆ। ਉਹਨੇ ਆਹਲੂ-ਵਾਲੀਆਂ ਦੇ ਸੂੰਵੇ ਇਲਾਕੇ ਦਾ ਪ੍ਰਬੰਧ ਕਰਨ ਵਾਸਤੇ ਫ਼ਕੀਰ ਅਜ਼ੀਜ਼ੁੱਦੀਨ ਨੂੰ ਭੇਜ ਦਿਤਾ ਤੇ ਸ: ਫ਼ਤਹਿ ਸਿੰਘ ਨੂੰ ਬੁਲਾਉਣ ਵਾਸਤੇ ਸੋਢੀ ਅਤਰ ਸਿੰਘ ਨੂੰ ਚਿੱਠੀ ਦੇ ਕੇ ਭੇਜਿਆ। ਸੋਢੀ ਨੇ ਸ: ਫ਼ਤਹਿ ਸਿੰਘ ਨੂੰ ਭਰੋਸਾ ਦੁਆਇਆ, ਕਿ ਸ਼ੇਰੇ-ਪੰਜਾਬ ਦਾ ਕਦੇ ਵੀ ਇਰਾਦਾ ਨਹੀਂ, ਜੋ ਉਹ ਆਪਣੇ ਪੱਗ-ਵੱਟ ਭਰੱਾ ਦਾ ਇਲਾਕਾ ਖੋਹਵੇ। ਉਸਨੇ ਪ੍ਰੇਰਨਾ ਕੀਤੀ, ਕਿ ਆਹਲੂਵਾਲੀਆ ਚੱਲ ਕੇ ਆਪਣੇ ਇਲਾਕੇ ਸੰਭਾਲੇ। ਸਭ ਭੁਲੇਖੇ ਦੂਰ ਹੋ ਗਏ, ਤਾਂ ੧੮੨੭ ਈ. ਵਿਚ ਸ: ਫ਼ਤਹਿ ਸਿੰਘ ਵਾਪਸ ਲਾਹੌਰ ਆ ਗਿਆ। ਸ਼ੇਰੇ ਪੰਜਾਬ ਨੇ ਕੰਵਰ ਨੌਨਿਹਾਲ ਸਿੰਘ ਨੂੰ ਅੱਗੋਂ ਆਹਲੂਵਾਲੀਏ ਸਰਦਾਰ ਦੇ ਸਵਾਗਤ ਵਾਸਤੇ ਭੇਜਿਆ। ਸ: ਫ਼ਤਹਿ ਸਿੰਘ ਦਰਬਾਰ ਵਿਚ ਪੁੱਜਾ, ਤਾਂ ਆਪਣੀ ਤਲਵਾਰ ਸ਼ੇਰੇ-ਪੰਜਾਬ ਦੇ ਪੈਰਾਂ ਵਿਚ ਰੱਖ ਕੇ, ਚਰਨੀ ਢਹਿ ਪਿਆ। ਸ਼ੇਰੇ-ਪੰਜਾਬ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਹਨੇ ਫ਼ਤਹਿ ਸਿੰਘ ਨੂੰ ਉਠਾ ਕੇ ਤਖ਼ਤ ਉੱਤੇ ਆਪਣੇ ਨਾਲ ਬਿਠਾ ਲਿਆ। ਗੁੱਸਾ ਗਿਲ੍ਹਾ ਕਰਨ ਦੀ ਥਾਂ ਸ਼ੇਰੇ-ਪੰਜਾਬ ਨੇ ਫ਼ਤਹਿ ਸਿੰਘ ਨੂੰ ਚਾਂਦੀ ਦੇ ਹੌਦੇ ਵਾਲਾ ਹਾਥੀ, ਮੋਤੀ-ਮਾਲਾ ਤੇ ਰੇਸ਼ਮੀ ਸਿਰੋਪਾ ਦਿਤਾ। ਉਸਦੇ ਸਾਰੇ ਇਲਾਕੇ ਉਸਨੂੰ ਵਾਪਸ ਕਰ ਦਿਤੇ ਗਏ।

ਇਹ ਸਾਰੇ ਭੁਲੇਖੇ ਕਾਦਰ ਬਖ਼ਸ਼ ਨੇ ਪਾਏ ਸਨ। ਪਰ ਉਹ ਉਸ ਵੇਲੇ ਤਕ ਮਰ ਚੁਕਾ ਸ਼ੀ। ਸੋ ਸ: ਫ਼ਤਹਿ ਸਿੰਘ ਨੇ ਉਹਦੇ ਪੁੱਤਰਾਂ ਨੂੰ ਕੈਦ ਕਰਕੇ ਜੁਰਮਾਨਾ ਵਸੂਲ ਕੀਤਾ।

**ਫ਼ਤਹਿ ਸਿੰਘ ਸੁਰਗਵਾਸ**

ਇਸ ਤੋਂ ਮਗਰਲੀ ਉਮਰ ਸ: ਫ਼ਤਹਿ ਸਿੰਘ ਨੇ ਕਪੂਰ-ਥਲੇ ਵਿਚ ਅਮਨ ਨਾਲ ਗੁਜ਼ਾਰੀ। ਉਹ ਅਕਤਬਰ, ੧੮੩੭ ਈ. ਨੂੰ ਸੁਰਗਵਾਸ ਹੋਇਆ*, ਤਾਂ ਉਸਦਾ ਪੁੱਤਰ ਨਿਹਾਲ ਸਿੰਘ ਜਾਗੀਰ ਦਾ ਮਾਲਕ ਬਣਿਆਂ।

---

* ਪੰਜਾਬ ਰਾਜਾਜ਼, ਪੰਨਾ ੫੩੮।

Sri Satguru Jagjit Singh Ji eLibrary NamdhariElibrary@gmail.com

**ਰਾਜਾ ਨਿਹਾਲ ਸਿੰਘ**

ਸ਼ੇਰੇ-ਪੰਜਾਬ ਨੇ ਨਿਹਾਲ ਸਿੰਘ ਨੂੰ ਕਪੂਰਥਲੇ ਦਾ ਰਾਜਾ ਬਣਾ ਦਿਤਾ ਤੇ ਮਗਰਲੇ ਨੇ ਸ਼ੇਰੇ-ਪੰਜਾਬ ਦੀ ਵਫ਼ਾਦਾਰੀ ਦਾ ਪ੍ਰਣ ਕਰਕੇ ਨਜ਼ਰਾਨਾ ਭੇਟ ਕੀਤਾ। ਰਾਜਾ ਨਿਹਾਲ ਸਿੰਘ ਦਾ ਛੋਟਾ ਭਰੱਾ ਅਮਰ ਸਿੰਘ ਆਪ ਰਾਜਾ ਬਣਨਾ ਚਾਹੁੰਦਾ ਸੀ। ਇਸ ਵਾਸਤੇ ਉਹਨੇ ਰਾਜਾ ਨਿਹਾਲ ਸਿੰਘ ਨੂੰ ਕਤਲ ਕਰਨ ਦੀ ਗੋਂਦ ਬਣਾਈ। ਇਕ ਦਿਨ ਉਹਨੇ ਕੁਛ ਨੌਕਰਾਂ ਤੋਂ ਰਾਜੇ ਉੱਤੇ ਕਾਤਲਾਨਾ ਹਮਲਾ ਕਰਾ ਦਿਤਾ, ਪਰ ਉਹ ਆਪਣੇ ਇਰਾਦੇ ਵਿਚ ਸਫਲ ਨਾ ਹੋਇਆ। ਸ਼ੇਰੇ-ਪੰਜਾਬ ਨੇ ਦੋਹਾਂ ਭਰਾਵਾਂ ਨੂੰ ਲਾਹੌਰ ਬੁਲਾ ਭੇਜਿਆ। ਦਰਬਾਰ ਵਿਚ ਹਾਜ਼ਰ ਹੋਣ 'ਤੇ ਉਹਨੇ ਰਾਜਾ ਨਿਹਾਲ ਸਿੰਘ ਦੀ ਬੜੀ ਇੱਜ਼ਤ ਕੀਤੀ ਤੇ ਅਮਰ ਸਿੰਘ ਦੀ ਸਜ਼ਾ ਵਜੋਂ ਜਾਗੀਰ ਘਟਾ ਦਿਤੀ। ਜਿੰਨ੍ਹਾਂ ਲੋਕਾਂ ਨੇ ਹਮਲਾ ਕੀਤਾ ਸੀ, ਉਹਨਾਂ ਨੂੰ ਸਖ਼ਤ ਸਜ਼ਾਵਾਂ ਦਿਤੀਆਂ ਗਈਆਂ।

**ਭਰਾਵਾਂ ਵਿਚ ਝਗੜਾ**

ਸ਼ੇਰੇ-ਪੰਜਾਬ ਪਿੱਛੋਂ ਜਦ ਸ਼ੇਰ ਸਿੰਘ ਮਹਾਰਾਜਾ ਬਣਿਆਂ, ਤਾਂ ਅਮਰ ਸਿੰਘ ਨੇ ਲਾਹੌਰ ਆ ਕੇ ਮਹਾਰਾਜੇ ਦੀ ਖ਼ੁਸ਼ਾਮਦ ਕੀਤੀ, ਕਿ ਨਿਹਾਲ ਸਿੰਘ ਦੀ ਥਾਂ ਉਸਨੂੰ ਰਾਜਾ ਬਣਾਇਆ ਜਾਵੇ, ਜਾਂ ਘਟ ਤੋਂ ਘੱਟ ਅੱਧਾ ਰਾਜ ਉਸਨੂੰ ਦੁਆਇਆ ਜਾਵੇ। ਮ. ਸ਼ੇਰ ਸਿੰਘ ਨੇ ਇਸ ਮੁਕੱਦਮੇ ਦਾ ਅਜੇ ਕੋਈ ਫ਼ੈਸਲਾ ਨਹੀਂ ਸੀ ਕੀਤਾ, ਜਾਂ ਇਕ ਦਿਨ ਰਾਵੀ ਵਿਚ ਸੈਰ ਕਰਦਿਆਂ ਕਿਸ਼ਤੀ ਉਲਟ ਜਾਣ ਕਰਕੇ ਅਮਰ ਸਿੰਘ ਡੁੱਬ ਕੇ ਮਰ ਗਿਆ* (੨੮ ਮਾਰਚ, ੧੮੪੧ ਈ.)।

**ਸਤਲੁਜ ਯੁਧ**

ਜਦ ੧੮੪੫ ਈ. ਦੇ ਅਖ਼ੀਰ ਵਿਚ ਲਾਹੌਰ ਦਰਬਾਰ ਦਾ ਅੰਗਰੇਜ਼ਾਂ ਨਾਲ ਸਤਲੁਜ ਯੁੱਧ ਸ਼ੁਰੂ ਹੋਇਆ, ਤਾਂ ਰਾਜਾ ਨਿਹਾਲ ਸਿੰਘ ਅੰਦਰਖ਼ਾਨੇ ਲਾਹੌਰ ਦਰਬਾਰ ਦੇ ਵਿਰੁੱਧ ਅੰਗਰੇਜ਼ਾਂ ਨੂੰ

---

*** ਲਤੀਫ਼, ਪੰਨਾ ੩੫੯; ਮੈਕਗ੍ਰੇਗਰ, ਪੰਨਾ ੧੪੯; ਰਾਜ ਖ਼ਾਲਸਾ, ਪੰਨਾ ੨੧੫; ਪੰਜਾਬ ਰਾਜਾਜ਼, ਪੰਨਾ ਪ੩੯।**

Sri Satguru Jagjit Singh Ji eLibrary NamdhariElibrary@gmail.com

ਦੋਸਤੀ ਦੀਆਂ ਚਿੱਠੀਆਂ ਤੇ ਫ਼ੌਜੀ ਹਾਲ ਭੇਜਦਾ ਰਿਹਾ, ਪਰ ਉਸਦੀ ਸਿੱਖ ਫ਼ੌਜ ਉਸ ਤੋਂ ਬਾਗ਼ੀ ਹੋ ਕੇ ਖ਼ਾਲਸਾ ਫ਼ੌਜ ਨਾਲ ਜਾ ਮਿਲੀ। ਜਦ ਲਾਲ ਸਿੰਘ, ਤੇਜ ਸਿੰਘ ਦੇ ਦੇਸ਼-ਧਰੋਹ ਕਰਕੇ ਖ਼ਾਲਸਾ ਫ਼ੌਜਾਂ ਸਤਲੁਜ ਯੁੱਧ ਵਿਚ ਹਾਰ ਗਈਆਂ, ਤਾਂ ਅੰਗਰੇਜ਼ਾਂ ਨੇ ਲਾਹੌਰ ਦਰਬਾਰ ਦੇ ਇਲਾ-ਕਿਆਂ ਵਾਂਗ ਆਹਲੂਵਾਲੀਆਂ ਦੇ ਵੀ ਉਹ ਇਲਾਕੇ (੫੬੫੦੦੦ ਰੁਪੈ ਸਾਲਾਨਾ ਆਮਦਣ ਦੇ†) ਜ਼ਬਤ ਕਰ ਲਏ, ਜੋ ਦਰਿਆ ਤੋਂ ਖੱਬੇ ਹੱਥ (ਦੱਖਣ ਵੱਲ) ਸਨ। ੯ ਮਾਰਚ, ੧੮੪੬ ਈ. ਦੀ ਸੁਲ੍ਹਾ ਵਿਚ ਲਾਹੌਰ ਦਰਬਾਰ ਨੇ ਸਾਰਾ ਦੁਆਬਾ ਜਲੰਧਰ ਅੰਗਰੇਜ਼ਾਂ ਦੇ ਹਵਾਲੇ ਕਰ ਦਿਤਾ। ਏਸ ਤਰ੍ਹਾਂ ਰਿਆਸਤ ਕਪੂਰਥਲਾ ਵੀ ਅੰਗਰੇਜ਼ਾਂ ਦੇ ਮਾਤਹਿਤ ਚਲੀ ਗਈ। ਰਾਜਾ ਕਪੂਰਥਲਾ ਲਾਹੌਰ ਦਰਬਾਰ ਨੂੰ ੪੦੦ ਸਵਾਰ ਤੇ ੫੦੦ ਪੈਦਲ ਦੇਂਦਾ ਸੀ। ਅੰਗਰੇਜ਼ਾਂ ਨੇ ਦੁਆਬਾ ਜਲੰਧਰ ਦੇ ਇਲਾਕਿਆਂ ਵਿਚੋਂ ਇਸ ਫ਼ੌਜ ਦੇ ਖ਼ਰਚ ਵਜੋਂ ੧੧੨੮੦੦ ਰੁਪੈ ਸਾਲਾਨਾ ਦਾ ਇਲਾਕਾ ਹੋਰ ਜ਼ਬਤ ਕਰ ਲਿਆ ਤੇ ਬਾਕੀ ੪੬੪੯੬੦ ਰੁਪੈ ਸਾਲਾਨਾ ਦਾ ਇਲਾਕਾ ਰਾਜਾ ਨਿਹਾਲ ਸਿੰਘ ਕੋਲ ਰਹਿਣ ਦਿਤਾ‡।

**ਸਿੱਖਾਂ ਦੀ ਦੂੱਜੀ ਲੜਾਈ**

ਸਿੱਖਾਂ ਦੀ ਦੂਸਰੀ ਲੜਾਈ ਵਿਚ ਰਾਜਾ ਨਿਹਾਲ ਸਿੰਘ ਨੇ ਪੂਰੇ ਦਿਲ ਨਾਲ ਅੰਗਰੇਜ਼ਾਂ ਦੀ ਮਦਦ ਕੀਤੀ। ਉਹਨੇ ਲੜਾਈ ਵਿਚ ਆਪ ਜਾਣ ਦੀ ਇੱਛਿਆ ਪਰਗਟ ਕੀਤੀ, ਪਰ ਅੰਗਰੇਜ਼ ਹਾਕਮਾਂ ਨੇ ਉਸਨੂੰ ਅਜੇਹੀ ਆੱਗਿਆ ਨਾ ਦਿਤੀ। ਏਸ ਮਦਦ ਦੇ ਇਨਾਮ ਵਜੋਂ ਉਸਨੂੰ 'ਰਾਜਾ ਨਿਹਾਲ ਸਿੰਘ ਸਾਹਿਬ ਬਹਾਦੁਰ' ਦਾ ਖ਼ਿਤਾਬ ਦਿਤਾ ਗਿਆ।

**ਖ਼ਿਤਾਬ**

**ਰਾ. ਰਨਧੀਰ ਸਿੰਘ**

੧੩ ਸਤੰਬਰ, ੧੮੫੨ ਈ. ਨੂੰ ਰਾਜਾ ਨਿਹਾਲ ਸਿੰਘ ਸੁਰਗਵਾਸ ਹੋਇਆ*, ਤਾਂ ਉਸਦਾ ਵੱਡਾ ਪੁੱਤਰ

---

† ਪੰਜਾਬ, ਰਾਜਾਜ਼, ਪੰਨਾ ੫੪੯।

‡ ਪੰਜਾਬ ਰਾਜਾਜ਼, ਪੰਨਾ ੫੪੯।

* ਪੰਜਾਬ ਰਾਜਾਜ਼, ਪੰਨਾ ੫੫੦।

Sri Satguru Jagjit Singh Ji eLibrary NamdhariElibrary@gmail.com

ਰਨਧੀਰ ਸਿੰਘ ਕਪੂਰਥਲੇ ਦਾ ਰਾਜਾ ਬਣਿਆਂ ।

੧੮੫੭ ਈ. ਦੇ ਗ਼ਦਰ ਵਿਚ ਰਾਜਾ ਰਨਧੀਰ ਸਿੰਘ ਤੇ ਉਸਦੇ ਭਾਈ ਸ. ਬਿਕ੍ਰਮਾ ਸਿੰਘ ਨੇ ਅੰਗਰੇਜ਼ਾਂ ਦੀ ਬੜੀ ਮਦਦ ਕੀਤੀ,
ਗ਼ਦਰ ਦੇ ਇਨਾਮ ਜਿਸ ਦੇ ਇਨਾਮ ਵਜੋਂ ਅੰਗਰੇਜ਼ਾਂ ਨੇ ਰਿਆਸਤ ਕਪੂਰ- ਥਲਾ ਦਾ ਸਾਲਾਨਾ ਖ਼ਰਾਜ ੧੩੨੦੦੦ ਰੁਪੈ ਦੀ ਥਾਂ ਘਟਾ ਕੇ ੨੫ ਹਜ਼ਾਰ ਸਾਲਾਨਾ ਕਰ ਦਿਤਾ। ਰਾਜੇ ਨੂੰ ੧੫ ਹਜ਼ਾਰ ਦਾ ਖ਼ਿਲਅਤ, ਦੋ ਲੱਖ ਰੁਪੈ ਫ਼ੌਜ ਵਾਸਤੇ ਤੇ ਇਕ ਲੱਖ ਸਾਲਾਨਾ ਦੀਆਂ ਯੂ. ਪੀ. ਵਿਚ ਦੋ ਰਿਆਸਤਾਂ ਬੂੰਦੀ ਤੇ ਬਠੌਲੀ ਦਿਤੀਆਂ। ਨਾਲ ਹੀ ਰਾਜੇ ਨੂੰ ਯਾਰਾਂ ਤੋਪਾਂ ਦੀ ਸਲਾਮੀ ਦਾ ਹੱਕ ਤੇ "ਫ਼ਰਜ਼ੰਦ ਦਿਲਬੰਦ, ਰਾਸਖ਼ ਉਲ ਇਤਕਾਦ, ਰਾਜਾਇ ਰਾਜਗਾਨ, ਰਾਜਾ ਰਨਧੀਰ ਸਿੰਘ ਬਹਾਦੁਰ" ਦਾ ਖ਼ਿਤਾਬ ਦਿਤਾਂ। ਸ. ਬਿਕ੍ਰਮਾ ਸਿੰਘ ਨੂੰ ਯੂ. ਪੀ. ਜ਼ਿਲਾ ਭੜਾਇਚ ਵਿਚ ੪੫ ਹਜ਼ਾਰ ਸਾਲਾਨਾ ਦੀ ਜਾਗੀਰ ਮਿਲੀ। ਰਾਜੇ ਨੂੰ ਮੁਤਬੰਨਾ ਬਨਾਉਣ ਦਾ ਹੱਕ ਵੀ ਦਿੱਤਾ ਗਿਆ (੧੮੬੨ ਈ.) ।

੧੭ ਅਕਤੂਬਰ, ੧੮੬੪ ਈ. ਵਿਚ ਗਵਰਨਰ-ਜੈਨਰਲ ਹਿੰਦ ਨੇ ਲਾਹੌਰ ਦਰਬਾਰ ਕਰਕੇ ਕਈ ਰਈਸਾਂ ਨੂੰ ਖ਼ਿਤਾਬ ਦਿਤੇ।
ਸਤਾਰਾ-ਏ-ਹਿੰਦ ਏਥੇ ਰਾ: ਰਨਧੀਰ ਸਿੰਘ ਨੂੰ 'ਸਤਾਰਾ—ਇ—ਹਿੰਦ' (Star of India) ਦਾ ਖ਼ਿਤਾਬ ਦਿਤਾ ਗਿਆ।

੧੮੭੦ ਈ. ਦੇ ਆਰੰਭ ਵਿਚ ਰਾ. ਰਨਧੀਰ ਸਿੰਘ ਰਿਆਸਤ ਦਾ ਪ੍ਰਬੰਧ ਆਪਣੇ ਪੁੱਤਰ ਟਿੱਕਾ ਖੜਕ ਸਿੰਘ ਦੇ ਹਵਾਲੇ ਕਰਕੇ ਵਲਾਇਤ ਦੀ ਸੈਰ ਵਾਸਤੇ ਰਵਾਨਾ ਹੋ ਗਿਆ। ਰਸਤੇ ਵਿਚ ਹੀ
ਸੁਰਗਵਾਸ ਬੀਮਾਰ ਹੋ ਕੇ ਉਹ ਦੋ ਅਪ੍ਰੈਲ, ੧੮੭੦ ਈ. ਨੂੰ ਅਦਨ ਦੀ ਬੰਦਰਗਾਹ 'ਤੇ ਸੁਰਗਵਾਸ ਹੋ ਗਿਆ। ਉਸਦੇ ਪਿੱਛੋਂ ਉਹਦਾ ਵੱਡਾ ਪੁੱਤਰ ਖੜਕ ਸਿੰਘ ਕਪੂਰਥਲੇ ਦਾ ਰਾਜਾ ਬਣਿਆਂ।

† ਪੰਜਾਬ ਰਾਜਾਜ਼, ਪੰਨੇ ੫੭੮-੯ ।

Sri Satguru Jagjit Singh Ji eLibrary NamdhariElibrary@gmail.com

**ਰਾਜਾ ਖੜਕ ਸਿੰਘ** ਰਾਜਾ ਖੜਕ ਸਿੰਘ ਦਮਾਗ਼ੀ ਬੀਮਾਰੀ ਦੇ ਕਾਰਨ ਪੰਜ ਸਤੰਬਰ, ੧੮੭੭ ਈ. ਨੂੰ ਸੁਰਗਵਾਸ ਹੋ ਗਿਆ, ਤਾਂ ਉਹਦਾ ਪੰਜ ਸਾਲਾ ਪੁੱਤਰ ਜਗਤਜੀਤ ਸਿੰਘ

**ਮਾ. ਜਗਤਜੀਤ ਸਿੰਘ** ਰਾਜਾ ਬਣਿਆਂ। ਉਹਦੀ ਬਾਲ ਅਵਸਥਾ ਸਮੇਂ ਰਾਜ ਪ੍ਰਬੰਧ ਇਕ ਕੌਂਸਲ ਦੇ ਹੱਥ ਵਿਚ ਰਿਹਾ। ੧੮੯੦ ਈ. ਵਿਚ ਉਹਨੂੰ ਰਾਜਸੀ ਅਧਿਕਾਰ ਸੌਂਪੇ ਗਏ। ੧੯੧੧ ਈ. ਵਿਚ ਸਰਕਾਰ ਅੰਗਰੇਜ਼ੀ ਵੱਲੋਂ ਉਹਨੂੰ 'ਮਹਾਰਾਜਾ' ਦਾ ਖ਼ਿਤਾਬ ਦਿਤਾ ਗਿਆ।

ਪੰਦਰਾਂ ਅਗਸਤ, ੧੯੪੭ ਈ. ਨੂੰ ਹਿੰਦ ਆਜ਼ਾਦ ਹੋ ਗਿਆ। ਪੰਜ ਮਈ, ੧੯੪੮ ਈ. ਨੂੰ ਰਿਆਸਤ ਕਪੂਰਥਲਾ ਪੈਪਸੂ (ਪਟਿਆਲਾ, ਈਸਟ ਪੰਜਾਬ ਸਟੇਟਸ ਯੂਨੀਅਨ) ਵਿਚ ਸ਼ਾਮਲ ਹੋ ਗਈ। ਮਹਾਰਾਜਾ ਸਰ ਜਗਤਜੀਤ ਸਿੰਘ ਉਮਰ ਭਰ ਵਾਸਤੇ ਯੂਨੀਅਨ ਦਾ ਉਪ-ਰਾਜਪਰਮੁੱਖ ਬਣਾਇਆ ਗਿਆ।

ਸਰਕਾਰ ਹਿੰਦ ਵੱਲੋਂ ਮਹਾਰਾਜਾ ਕਪੂਰਥਲਾ ਦਾ ਸਾਲਾਨਾ ਭੱਤਾ (ਅਲਾਊਂਸ) ਦੋ ਲੱਖ, ਸੱਤਰ ਹਜ਼ਾਰ ਰੁਪੈ‡ ਨੀਯਤ ਕੀਤਾ ਗਿਆ। ਨਾਲ ਹੀ ਸਾਰੀ ਨਿੱਜੀ ਜਾਇਦਾਦ ਉਤੇ ਉਸਦੇ ਹੱਕ ਕਾਇਮ ਰਹਿਣ ਦਿਤੇ ਗਏ*।

ਆਖ਼ਰੀ ਮ. ਸਰ ਜਗਤਜੀਤ ਸਿੰਘ ੧੯੪੯ ਈ. ਵਿਚ ਸੁਰਗਵਾਸ ਹੋ ਗਿਆ।

---

‡ White Paper on Indián States (by Govt. of India Ministry of States, 1950) P.P. 272 & 391.

* White Paper on Indian States, (1950), P. 270.

Sri Satguru Jagjit Singh Ji eLibrary NamdhariElibrary@gmail.com

# ੧੨. ਮਿਸਲ ਫੂਲਕਿਆਂ

## ਰਿਆਸਤ ਪਟਿਆਲਾ

ਰਾਜਾ ਜੈਸਲ (ਜਿਸ ਨੇ ਜੈਸਲਮੇਰ ਵਸਾਇਆ)

ਹੇਮ ਮੱਲ

ਜਾਂਦ ਰਾਉ

ਬਾਤੀ ਰਾਉ

ਮੰਗਲ ਰਾਉ

ਅਨੰਦ ਰਾਉ

ਖੀਵਾ

ਸਿੱਧੂ

ਧਾਰ (ਕੈਥਲ, ਅਰਨੌਲੀ ਆਦਿ ਦਾ ਬਜ਼ੁਰਗ) | ਬੂੜ | ਸੂਰ | ਰੂਪਾ

ਬੂੜ → ਬੀਰ → ਸਿਤ ਰਾਉ

ਸਿਤ ਰਾਉ:

ਜਾਰਥਾ | ਲਕੰਬਾ (ਅਟਾਰੀ ਘਰਾਣੇ ਦਾ ਬਜ਼ੁਰਗ) →

Sri Satguru Jagjit Singh Ji eLibrary NamdhariElibrary@gmail.com




→

Sri Satguru Jagjit Singh Ji eLibrary NamdhariElibrary@gmail.com




Sri Satguru Jagjit Singh Ji eLibrary NamdhariElibrary@gmail.com

ਬਸੰਤ ਕੌਰ | ਬਿਸ਼ਨ ਕੌਰ | ਮਹਾਰਾਜਾ ਮਹਿੰਦਰ ਸਿੰਘ

ਮਹਾਰਾਜਾ ਰਾਜਿੰਦਰ ਸਿੰਘ

ਮਹਾਰਾਜਾ ਭੂਪਿੰਦਰ ਸਿੰਘ

ਮਹਾਰਾਜਾ ਯਾਦਵਿੰਦਰ ਸਿੰਘ
(ਆਖ਼ਰੀ ਮਹਾਰਾਜਾ)

ਬੰਸਾਵਲੀ ਵੇਖਣ ਤੋਂ ਪਤਾ ਲਗਦਾ ਹੈ, ਕਿ ਪਟਿਆਲਾ, ਨਾਭਾ, ਜੀਂਦ, ਫ਼ਰੀਦਕੋਟ, ਭਦੌੜ, ਅਰਨੌਲੀ, ਕੈਥਲ, ਮਲੌਦ, ਦਿਆਲਪੁਰਾ, ਬਡਰੁੱਖਾ, ਅਟਾਰੀ ਆਦਿ ਘਰਾਣੇ ਭੱਟੀ ਰਾਜਪੂਤ ਰਾਜਾ

**ਰਾਜਾ ਜੈਸਲ**

ਜੈਸਲ (ਜਿਸ ਨੇ ਜੈਸਲਮੇਰ ਵਸਾਇਆ) ਦੀ ਔਲਾਦ ਵਿਚੋਂ ਹਨ। ਪੰਜਾਬ ਵਿਚ ਆ ਕੇ ਇਹ ਸਿੱਧੂ ਜੱਟ ਬਣ ਗਏ ਹਨ।

ਮੋਹਨ ਇਲਾਕੇ ਦਾ ਚੌਧਰੀ ਸੀ। ਉਸ ਦੇ ਦੋ ਪੁੱਤਰ ਹੋਏ : ਰੂਪ ਚੰਦ ਤੇ ਕਾਲਾ। ੧੬੧੮ ਈ. ਵਿਚ ਮੋਹਨ, ਤੇ ਰੂਪ ਚੰਦ ਭੱਟੀਆਂ ਨਾਲ ਲੜ ਕੇ ਮਾਰੇ ਗਏ। ਰੂਪ ਚੰਦ ਦੇ ਦੋਵੇਂ ਪੁੱਤਰ—ਸੰਦਾਲੀ ਤੇ ਫੂਲ—ਅਜੇ

**ਕਾਲਾ**

ਬਾਲਕ ਸਨ, ਸੋ ਕਾਲਾ (ਸਰਪ੍ਰਸਤ) ਬਣਿਆ। ਉਹ ਇਕਵਾਰ ਆਪਣੇ ਦੋਹਾਂ ਭਤੀਜਿਆਂ ਨੂੰ ਗੁਰੂ ਮਹਾਰਾਜ ਦੇ ਹਜ਼ੂਰ ਲੈ ਗਿਆ, ਜਿੱਥੇ ਬਾਲਕਾਂ (ਫੂਲ ਤੇ ਸੰਦਾਲੀ) ਨੇ ਢਿੱਡ ਵਜਾ ਕੇ ਭੁਖ

**ਫੂਲ ਨੂੰ ਵਰ**

ਦੂਰ ਕਰਨ ਲਈ ਪ੍ਰਾਰਥਨਾ ਕੀਤੀ। ਸ੍ਰੀ ਗੁਰੂ ਹਰਿ ਰਾਇ ਜੀ ਨੇ 'ਰਾਜ' ਦਾ ਵਰ ਦਿਤਾ ਤੇ ਕਿਹਾ, 'ਫੂਲ ਬੜਾ ਵਧੇ ਫੁੱਲੇਗਾ'।

ਫੂਲ ਨੇ ਵੱਡੇ ਹੋ ਕੇ ਨੱਗਰ 'ਫੂਲ' ਵਸਾਇਆ। ਬਾਦਸ਼ਾਹ ਸ਼ਾਹ-ਜਹਾਨ ਨੇ ਉਸ ਨੂੰ ਇਲਾਕੇ ਦਾ ਚੌਧਰੀ ਬਣਾ ਦਿਤਾ*। ਉਸ ਨੇ ਤਾਕਤ

---

* ਪੰਜਾਬ ਰਾਜਾਜ਼, ਪੰਨਾ ੭।

Sri Satguru Jagjit Singh Ji eLibrary NamdhariElibrary@gmail.com

ਵਧਾ ਕੇ ਕਈ ਵਾਰ ਉਦਾਲੇ ਦੇ ਮੁਸਲਮ ਚੌਧਰੀਆਂ ਨੂੰ ਸ਼ਕਸਤ
ਫੂਲ ਦਿਤੀ। ਇਕੇਰਾਂ ਉਹਨੇ ਜਗਰਾਓਂ ਦੇ ਸ਼ਾਹੀ ਫ਼ੌਜਦਾਰ ਨੂੰ ਮੈਦਾਨ ਵਿਚ ਹਰਾਇਆ। ਏਸ ਗੱਲੋਂ ਨਾਰਾਜ਼ ਹੋ ਕੇ ਸਰਹਿੰਦ ਦੇ ਸੂਬੇਦਾਰ ਨੇ ਫੂਲ ਨੂੰ ਬੁਲਾ ਕੇ ਕੈਦ ਕਰ ਲਿਆ, ਜਿਥੇ ਉਹ ਕੈਦ ਵਿਚ ਹੀ ੧੬੫੨ ਈ. ਨੂੰ ਸੁਰਗਵਾਸ ਹੋ ਗਿਆ†।

ਫੂਲ ਦੇ ਛੇ ਪੁੱਤਰ ਸਨ (ਤਲੋਕਾ ਤੇ ਰਾਮਾ ਪਹਿਲੀ ਇਸਤਰੀ ਮਾਈ 'ਬਾਲੀ' ਵਿਚੋਂ ਤੇ ਛੋਟੇ ਚਾਰੇ ਦੂਜੀ ਇਸਤਰੀ ਮਾਈ 'ਰੱਜੀ'
ਤਲੋਕਾ ਵਿਚੋਂ)। ਸਭ ਤੋਂ ਵੱਡਾ ਤਲੋਕਾ ਚੌਧਰੀ ਬਣਿਆਂ। ਉਹਨੇ ਛੋਟੇ ਚੌਹਾਂ ਭਰਾਵਾਂ ਨੂੰ ਪਿੰਡ ਗੁਮਟੀ ਦੇ ਦਿਤਾ ਤੇ ਆਪ ਰਾਮੇ ਨਾਲ ਮਿਲ ਕੇ ੧੬੮੦ ਵਿਚ ਆਪਣੇ ਦਾਦੇ ਦੇ ਨਾਂ ਉੱਤੇ ਪਿੰਡ 'ਭਾਈ ਰੂਪਾ' ਵਸਾਇਆ। ਕਈਆਂ ਦਾ ਇਹ ਖ਼ਿਆਲ ਹੈ, ਕਿ 'ਭਾਈ ਰੂਪਾ' ਰੂਪ ਚੰਦ ਨੇ ਵਸਾਇਆ ਸੀ। ਕੁਛ ਚਿਰ ਪਿੱਛੋਂ ਪਿੰਡ ਭਾਈ ਰੂਪਾ ਤਲੋਕੇ ਦੇ ਹਵਾਲੇ ਕਰਕੇ ਰਾਮੇ ਨੇ ਪਿੰਡ ਰਾਮਪੁਰਾ ਵਸਾ ਲਿਆ।

ਚੈਨ ਸਿੰਘ ਦਾ ਗਵਰਨਰ ਸਰਹਿੰਦ ਦੀ ਕਚਹਿਰੀ ਵਿਚ ਬੜਾ ਰਸੂਖ਼ ਸੀ। ਉਸ ਦੀ ਸਫ਼ਾਰਸ਼ ਨਾਲ ਗਵਰਨਰ ਸਰਹਿੰਦ ਨੇ ਰਾਮੇ ਨੂੰ
ਰਾਮਾ ਇਲਾਕਾ ਜੰਗਲ ਦਾ ਚੌਧਰੀ ਬਣਾ ਦਿਤਾ। ਚੌਧਰੀ ਰਾਮੇ ਨੇ ਕੋਟ ਈਸਾ ਖ਼ਾਂ ਤੇ ਰਾਏਕੋਟ ਆਦਿ ਦੇ ਮੁਸਲਮਾਨ ਚੌਧਰੀਆਂ ਨੂੰ ਕਈ ਵਾਰ ਸ਼ਕਸਤ ਦੇ ਕੇ ਆਪਣੀ ਹਿੰਮਤ ਨਾਲ ਆਪਣਾ ਇਲਾਕਾ ਵਸਾ ਲਿਆ। ਤਾਂ ਚੈਨ ਸਿੰਘ ਹਿੱਸਾ ਮੰਗਣ ਲੱਗ ਪਿਆ। ਅੰਤ ਦੋਹਾਂ ਵਿਚ ਲੜਾਈ ਹੋ ਪਈ, ਜਿਸ ਵਿਚ ਰਾਮੇ ਦੇ ਆਦਮੀਆਂ
ਚੈਨ ਸਿੰਘ ਕਤਲ ਹੱਥੋਂ ਚੈਨ ਸਿੰਘ ਮਾਰਿਆ ਗਿਆ। ੧੭੧੪ ਈ. ਵਿਚ ਚੈਨ ਸਿੰਘ ਦੇ ਪੁੱਤਰਾਂ—ਉਗਰਸੈਨ, ਬੀਰੂ ਆਦਿ—ਨੇ
ਰਾਮਾ ਕਤਲ ਚੌਧਰੀ ਰਾਮੇ ਨੂੰ ਮਲੇਰਕੋਟਲੇ ਵਿਚ ਘੇਰ ਕੇ ਕਤਲ ਕਰ

† ਲਤੀਫ਼, ਪੰਨਾ ੩੨੬; ਪੰਜਾਬ ਰਾਜਾਜ਼, ਪੰਨਾ ੮।

Sri Satguru Jagjit Singh Ji eLibrary NamdhariElibrary@gmail.com

ਦਿਤਾ‡।

ਚੌਧਰੀ ਰਾਮੇ ਦੇ ਛੇ ਪੁੱਤਰ ਸਨ : ਦੂੱਨਾ, ਸੁੱਧਾ, ਆਲਾ ਸਿੰਘ, ਬਖ਼ਤਾ ਬੁਧਾ ਤੇ ਲੱਧਾ। ਦੂੱਨੇ ਦੀ ਔਲਾਦ ਭਦੌੜੀਏ ਸਰਦਾਰ ਸਨ। ਸੁੱਧਾ ਤੇ ਉਸ ਦਾ ਪੁੱਤਰ ਜੋਧ ੧੭੨੯ ਈ. ਵਿਚ ਚਲਾਣਾ ਕਰ ਗਏ।

**ਆਲਾ ਸਿੰਘ**

ਤੀਸਰਾ ਆਲਾ ਸਿੰਘ ਸਭ ਤੋਂ ਨਾਮਵਰ ਹੋਇਆ ਹੈ। ਉਸ ਦਾ ਜਨਮ ੧੬੯੫ ਈ. ਵਿਚ ਹੋਇਆ*। ਸਭ ਤੋਂ ਪਹਿਲਾ ਕੰਮ ਉਹਨੇ ਆਪਣੇ ਪਿਤਾ ਦੇ ਖ਼ੂੰਨ ਦਾ ਬਦਲਾ ਲੈਣ ਦਾ ਕੀਤਾ। ਪਿੰਡ 'ਗੁਮਟੀ' ਵਿਚ ਉਹਨੇ ਉਗਰਸੈਨ, ਬੀਰੂ ਤੇ ਕਮੋਲਾ ਨੂੰ ਘੇਰ ਲਿਆ। ਉਗਰਸੈਨ ਤਾਂ ਜਾਨ ਬਚਾ ਕੇ ਨੱਸ ਗਿਆ ਤੇ ਦੂੱਜੇ ਦੋਵੇਂ ਲੜਾਈ ਵਿਚ ਮਾਰੇ ਗਏ।

**ਬਰਨਾਲਾ ਵਸਾਇਆ**

੧੭੧੮ ਈ. ਵਿਚ ਆਲਾ ਸਿੰਘ ਨੇ ਭਦੌੜ ਵੱਡੇ ਭਰੱਾ ਦੂੱਨਾ ਦੇ ਹਵਾਲੇ ਕਰ ਦਿਤਾ ਤੇ ਆਪ ਉਜੜਿਆ ਹੋਇਆ ਬਰਨਾਲਾ ਦੁਬਾਰਾ ਵਸਾ ਕੇ ਰਾਜਧਾਨੀ ਬਣਾਇਆ। ਉਸ ਵੇਲੇ ਉਸ ਕੋਲ ਸਿਰਫ਼ ੩੦ ਪਿੰਡ ਸਨ†। ੧੭੨੭ ਈ. ਵਿਚ ਉਹਨੇ ਲੌਂਗੋਵਾਲ ਆਦਿ ਹੋਰ ਕਈ ਉਜੜੇ ਹੋਏ ਪਿੰਡ ਦੁਬਾਰਾ ਵਸਾਏ। ਉਸ ਦੀ ਦਿਨੋ ਦਿਨ ਤਾਕਤ ਵਧਦੀ ਵੇਖ ਕੇ ਰਾਏਕੋਟ

**ਅਸਦਅਲੀ ਦੀ ਚੜ੍ਹਾਈ ਤੇ ਮੌਤ**

ਦਾ ਰਾਏਕਲ੍ਹਾ, ਹਲਵਾਰੇ ਦਾ ਦਲੇਲ ਖ਼ਾਂ, ਤਲਵੰਡੀ ਦਾ ਫ਼ਤਹਿ ਖ਼ਾਂ, ਮਲਸੀਆਂ ਦਾ ਕੁਤਬਦੀਨ, ਮਲੇਰਕੋਟਲੇ ਦਾ ਜਮਾਲ ਖ਼ਾਂ, ਜਲੰਧਰ ਦਾ ਫ਼ੌਜਦਾਰ ਸੱਯਦ ਅਸਦ ਅਲੀ ਖ਼ਾਂ ਕੁਛ ਹੋਰ ਚੌਧਰੀਆਂ ਨੂੰ ਨਾਲ ਲੈਕੇ ੧੭੩੧ ਈ. ਵਿਚ ਬਰਨਾਲੇ 'ਤੇ ਆ ਪਏ। ਸ: ਆਲਾ ਸਿੰਘ ਨੇ ਆਪਣੀ ਮਦਦ ਵਾਸਤੇ ਮਾਝੇ

---

‡ ਪੰਜਾਬ ਰਾਜਾਜ਼, ਪੰਨਾ ੧੩; ਲਤੀਫ਼, ਪੰਨਾ ੩੨੬; ਰਾਜ ਖ਼ਾਲਸਾ, ਹਿੱਸਾ ਦੂੱਜਾ, ਪੰਨਾ ੧੧।

* ਲਤੀਫ਼, ਪੰਨਾ ੩੨੬।

† ਗੁਪਤਾ, ਹਿੱਸਾ ਪਹਿਲਾ, ਪੰਨਾ ੧੩੪ (ਹਵਾਲਾ ਕਰਮ ਸਿੰਘ)।

Sri Satguru Jagjit Singh Ji eLibrary NamdhariElibrary@gmail.com

ਦੇ ਸਿੱਖ ਬੁਲਾਏ ਹੋਏ ਸਨ। ਸੋ ਸਖ਼ਤ ਲੜਾਈ ਹੋਈ, ਜਿਸ ਵਿਚ ਸੱਯਦ ਅਸਦ ਅਲੀ ਖ਼ਾਂ ਮਾਰਿਆ ਗਿਆ ਤੇ ਬਾਕੀ ਸਭ ਮੁਸਲਮਾਨ ਸਰਦਾਰ ਹਾਰ ਕੇ ਨੱਸ ਗਏ। ਆਲਾ ਸਿੰਘ ਨੇ ਦੁਸ਼ਮਣ ਦਾ ਸਾਰਾ ਸਾਮਾਨ ਲੁੱਟ ਲਿਆ ਤੇ ਕਈ ਹੋਰ ਪਿੰਡ ਕਬਜ਼ੇ ਵਿਚ ਕਰ ਲਏ। ਅਗਲੇ ਸਾਲ ਉਸਨੇ ਕੁਛ ਪਿੰਡ ਭੱਟੀ ਰਾਜਪੂਤਾਂ ਦੇ ਵੀ ਆਪਣੇ ਕਬਜ਼ੇ ਵਿਚ ਕਰ ਲਏ।

ਆਲਾ ਸਿੰਘ ਨੇ ਅੰਮ੍ਰਿਤ ਛਕਿਆ

੧੭੩੫ ਈ. ਵਿਚ ਨਵਾਬ ਕਪੂਰ ਸਿੰਘ ਦਾ ਦਲ ਬਰਨਾਲੇ ਆ ਉਤਰਿਆ। ਆਲਾ ਸਿੰਘ ਨੇ ਆਪਣੇ ਘਰ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਾਇਆ, ਸਾਰੇ ਸਿੰਘਾਂ ਨੂੰ ਪ੍ਰਸਾਦ ਛਕਾਇਆ, ਬਸਤਰ ਭੇਟ ਕੀਤੇ ਤੇ ਸਣੇ ਪਰਵਾਰ ਨਵਾਬ ਕਪੂਰ ਸਿੰਘ ਦੇ ਹੱਥੋਂ ਅੰਮ੍ਰਿਤ ਛਕਿਆ। ਉਸ ਦਿਨ ਤੋਂ ਪੰਥ ਨਾਲ ਉਸਦੀ ਪੱਕੀ ਸਾਂਝ ਹੋ ਗਈ।

ਆਲਾ ਸਿੰਘ ਕੈਦ

ਗਵਰਨਰ ਸਰਹਿੰਦ ਅਲੀ ਮੁਹੰਮਦ ਰੁਹੇਲਾ ਨੇ ਆਲਾ ਸਿੰਘ ਦੀ ਮਦਦ ਨਾਲ ਰਾਏ ਕੋਟ ਦੇ ਰਾਏ ਕੱਲ੍ਹਾ ਨੂੰ ਬੁਰੀ ਤਰ੍ਹਾਂ ਸ਼ਕਸਤ ਦਿਤੀ। ਫਿਰ ਧੋਖੇ ਨਾਲ ਅਲੀ ਮੁਹੰਮਦ ਨੇ ਆਲਾ ਸਿੰਘ ਨੂੰ ਸੁਨਾਮ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ ਤੇ ਬਰਨਾਲਾ ਲੁੱਟ ਲਿਆ। ਓਥੇ ਉਹ ਲਗਭਗ ਦੋ ਸਾਲ (੧੭੪੫ ਤੋਂ ੧੭੪੭ ਤਕ‡) ਕੈਦ ਰਿਹਾ। ਕਰਮ ਸਿੰਘ ਉਸਦੇ ਵਾਸਤੇ ਪਰਸਾਦ ਲੈ ਜਾਇਆ ਕਰਦਾ ਸੀ। ਇਕ ਦਿਨ ਉਹਨੇ ਬੰਦੀਖ਼ਾਨੇ ਅੰਦਰ ਆਪਣੇ ਕੱਪੜੇ ਸ: ਆਲਾ ਸਿੰਘ ਨੂੰ ਦੇ ਦਿਤੇ ਤੇ ਉਸਦੇ ਆਪ ਪਾ ਲਏ। ਏਸ ਤਰ੍ਹਾਂ ਭੇਸ ਬਦਲ ਕੇ ਸ: ਆਲਾ ਸਿੰਘ ਕੈਦ ਵਿਚੋਂ ਨਿਕਲ ਗਿਆ।

ਭਵਾਨੀ ਗੜ੍ਹ

੧੭੪੯ ਈ. ਵਿਚ ਆਲਾ ਸਿੰਘ ਨੇ ਕਿਲ੍ਹਾ ਭਵਾਨੀ ਗੜ੍ਹ ਬਣਾਇਆ। ੧੭੫੨ ਈ. ਵਿਚ ਉਸਦੇ ਜਰਨੈਲ ਸ: ਗੁਰ-ਬਖ਼ਸ਼ ਸਿੰਘ ਕਾਲੇਕਾ ਨੇ ਸਨੌਰ ਉੱਤੇ ਕਬਜ਼ਾ ਕਰ ਲਿਆ। ਏਸ ਤਰ੍ਹਾਂ ਪਰਗਣਾ ਸਨੌਰ ਦੇ ੮੪ ਪਿੰਡ ਆਲਾ ਸਿੰਘ ਦੇ ਕਬਜ਼ੇ ਵਿਚ ਆ

‡ ਗੁਪਤਾ, ਹਿੱਸਾ ਪਹਿਲਾ, ਪੰਨਾ ੧੩੫।

Sri Satguru Jagjit Singh Ji eLibrary NamdhariElibrary@gmail.com

ਗਏ। ਏਸੇ ਵਿਚ ਪਟਿਆਲਾ ਸੀ। ਅਗਲੇ ਸਾਲ ਓਥੇ ਕੱਚਾ ਪਟਿਆਲਾ ਕਿਲ੍ਹਾ ਬਣਾ ਕੇ ਗੁਰਬਖ਼ਸ਼ ਸਿੰਘ ਨੂੰ ਓਥੋਂ ਦਾ ਕਿਲ੍ਹੇਦਾਰ ਬਣਾਇਆ। ੧੭੫੪ ਈ. ਵਿਚ ਆਲਾ ਸਿੰਘ ਨੇ 'ਦਲ ਬਲਾੜਾ ਖ਼ਾਲਸਾ' ਦੀ ਮਦਦ ਨਾਲ ਬਲਾੜਾ ਮੱਲ ਲਿਆ। ਏਸੇ ਸਾਲ ਮੁਹੰਮਦ ਅਮੀਨ ਖ਼ਾਂ ਤੇ ਮੁਹੰਮਦ ਹਸਨ ਖ਼ਾਂ ਨੂੰ ਖ਼ੁਦਾਲ ਦੀ ਲੜਾਈ ਵਿਚ ਸ਼ਕਸਤ ਦੇ ਕੇ ਆਲਾ ਸਿੰਘ ਨੇ ਕੁਛ ਹੋਰ ਇਲਾਕਾ ਖੋਹ ਲਿਆ।

੧੭੫੭ ਈ. ਵਿਚ ਮੁਹੰਮਦ ਅਮੀਨ ਖ਼ਾਂ, ਹਿਸਾਰ ਨਾਸਰ ਖ਼ਾਂ ਕਤਲ ਦੇ ਗਵਰਨਰ ਨਾਸਰ ਖ਼ਾਂ ਨੂੰ ਚੜ੍ਹਾ ਲਿਆਇਆ। ਧਰਸੌਲ ਦੇ ਕੋਲ ਆਲਾ ਸਿੰਘ ਨਾਲ ਲੜਾਈ ਹੋਈ, ਜਿਸ ਵਿਚ ਨਾਸਰ ਖ਼ਾਂ ਮਾਰਿਆ ਗਿਆ ਤੇ ਉਹਦੀ ਫ਼ੌਜ ਹਾਰ ਸਮਾਣਾ ਕੇ ਨੱਸ ਗਈ। ਫਿਰ ਸਮਾਣੇ ਦੇ ਹਾਕਮ ਫ਼ਰੀਦ ਖ਼ਾਂ ਨੂੰ ਲੜਾਈ ਵਿਚ ਕਤਲ ਕਰ ਕੇ ਉਸ ਦਾ ਬਹੁਤ ਸਾਰਾ ਇਲਾਕਾ ਮੱਲ ਸੁਨਾਮ ਲਿਆ। ੧੭੫੯ ਈ. ਵਿਚ ਸੁਨਾਮ ਉੱਤੇ ਵੀ ਕਬਜ਼ਾ ਕਰ ਲਿਆ।

ਫ਼ਰਵਰੀ, ੧੭੬੨ ਈ. ਵਿਚ ਵੱਡਾ ਘੱਲੂਘਾਰਾ ਹੋਇਆ। ਅਬਦਾਲੀ ਦੇ ਹੱਥੋਂ ੩੦ ਹਜ਼ਾਰ ਸਿੱਖ ਮਾਰੇ ਗਏ। ਆਲਾ ਸਿੰਘ ਨੇ ਏਸ ਘੱਲੂਘਾਰਾ ਜੰਗ ਵਿਚ ਕਿਸੇ ਧਿਰ ਦੀ ਵੀ ਮਦਦ ਨਾ ਕੀਤੀ। ਗੁੱਸੇ ਵਿਚ ਅਬਦਾਲੀ ਨੇ ਬਰਨਾਲਾ ਉਜਾੜ ਦਿਤਾ ਤੇ ਆਲਾ ਸਿੰਘ ਦੇ ਫੜਨ ਵਾਸਤੇ ਫ਼ੌਜ ਭੇਜੀ। ਪਰ ਉਹ ਆਪ ਹੀ ਹਾਜ਼ਰ ਹੋ ਆਲਾ ਸਿੰਘ ਗਿਆ। ਅਬਦਾਲੀ ਨੇ ਉਸ ਨੂੰ ਕੈਦ ਕਰ ਦਿਤਾ। ਤੇ ਅਬਦਾਲੀ ਕਿਉਂਕਿ ਪਿਛਲੇ ਸਾਲ ਤੋਂ ਆਲਾ ਸਿੰਘ ਨੇ ਅਬਦਾਲੀ ਦੀ ਈਨ ਮੰਨ ਲਈ ਸੀ। ਅਬਦਾਲੀ ਦੇ ਪਹਿਲੇ ਹਮਲੇ ਸਮੇਂ ਆਲਾ ਸਿੰਘ ਨੇ ਦਿੱਲੀ ਦੇ ਬਾਦਸ਼ਾਹ ਦੀ ਮਦਦ ਕੀਤੀ ਸੀ ਤੇ ਪਾਨੀ-ਪਤ ਦੀ ਤੀਸਰੀ ਲੜਾਈ (੧੭੬੧) ਵਿਚ ਮਰਹੱਟਿਆਂ ਦੀ। ਪਰ ਜਦ ਮਰਹੱਟੇ ਹਾਰ ਗਏ ਤੇ ਦਿੱਲੀ ਦੀ ਬਾਦਸ਼ਾਹੀ ਨੇ ਅਬਦਾਲੀ ਦੇ ਸਾਮ੍ਹਣੇ

Sri Satguru Jagjit Singh Ji eLibrary NamdhariElibrary@gmail.com

ਸਿਰ ਝੁਕਾ ਦਿਤਾ, ਤਾਂ ਵਾਪਸ ਮੁੜਦੇ ਅਬਦਾਲੀ ਨੇ ਆਲਾ ਸਿੰਘ ਨੂੰ ਫੜ ਕੇ ਕੈਦ ਕਰ ਲਿਆ। ਉਸ ਦੀ ਰਾਣੀ (ਫੱਤੋ) ਨੇ ਸ਼ਾਹ ਵਲੀ ਵਜ਼ੀਰ ਦੇ ਰਾਹੀਂ ਤਿੰਨ ਲੱਖ ਨਜ਼ਰਾਨਾ ਤਾਰ ਕੇ ਆਲਾ ਸਿੰਘ ਨੂੰ ਛੁਡਾ ਲਿਆ।

**ਰਾਜੇ ਦਾ ਖ਼ਿਤਾਬ**

ਅਬਦਾਲੀ ਨੇ ਖ਼ੁਸ਼ ਹੋ ਕੇ ਆਲਾ ਸਿੰਘ ਨੂੰ 'ਰਾਜੇ' ਦਾ ਖ਼ਿਤਾਬ ਦਿਤਾ ਤੇ ਉਸ ਦਾ ਇਲਾਕਾ ਗਵਰਨਰ ਸਰ-ਹਿੰਦ ਤੋਂ ਵਖਰਾ ਕਰ ਦਿਤਾ (੧੭੬੧ ਈ.)। ਇਸ ਦਿਨ ਤੋਂ ਉਹ ਸਰਹਿੰਦ ਦੇ ਹਾਕਮ ਤੋਂ ਸੁਤੰਤਰ ਹੋ ਗਿਆ। ਏਸ ਸੰਬੰਧ ਕਰਕੇ ਅਬਦਾਲੀ ਚਾਹੁੰਦਾ ਸੀ, ਕਿ ਘੱਲੂਘਾਰੇ ਵਿਚ ਆਲਾ ਸਿੰਘ ਉਸ ਦੀ ਮਦਦ ਕਰਦਾ। ਹਾਜ਼ਰ ਨਾ ਹੋਣ ਦੇ ਜੁਰਮ ਵਿਚ ਉਹ ਕੈਦ ਕਰ ਲਿਆ ਗਿਆ। ਅਬਦਾਲੀ ਨੇ ਆਲਾ ਸਿੰਘ ਨੂੰ ਕੇਸ ਕਤਲ ਕਰਾਉਣ ਦਾ ਹੁਕਮ ਦਿਤਾ। ਆਲਾ ਸਿੰਘ ਨੇ ਸਵਾ ਲੱਖ ਨਜ਼ਰਾਨਾ ਵਾਧੂ ਤਾਰ ਦਿਤਾ, ਪਰ ਕੇਸ ਕਤਲ ਨਾ ਕਰਾਏ। ਪੰਜ ਲੱਖ ਖ਼ਰਾਜ ਤਾਰ ਕੇ ਉਸ ਨੇ ਕੈਦ ਵਿਚੋਂ ਰਿਹਾਈ ਪਾਈ।

**ਸਰਹਿੰਦ 'ਤੇ ਕਬਜ਼ਾ**

੧੩ ਜਨਵਰੀ, ੧੭੬੪ ਈ. ਨੂੰ ਸਿੱਖਾਂ ਨੇ ਸਰਹਿੰਦ ਦਾ ਗਵਰਨਰ ਜ਼ੈਨ ਖ਼ਾਂ ਕਤਲ ਕਰਕੇ ਸਾਰੇ ਇਲਾਕੇ 'ਤੇ ਕਬਜ਼ਾ ਕਰ ਲਿਆ। ਫੂਲਕੇ (ਪਟਿਆਲਾ, ਨਾਭਾ, ਜੀਂਦ, ਆਦਿ) ਵੀ ਏਸ ਲੜਾਈ ਵਿਚ ਸ਼ਾਮਲ ਸਨ। ਸੋ ਉਹਨਾਂ ਵੀ ਹਿੱਸੇ ਆਉਂਦਾ ਮੁਲਕ ਮੱਲ ਲਿਆ। ਸ਼ਹਿਰ ਤੇ ਕਿਲ੍ਹਾ ਸਰਹਿੰਦ ਖ਼ਾਲਸੇ ਨੇ ਸ: ਬੁਢਾ ਸਿੰਘ ਭਾਈਕੇ ਨੂੰ ਦਿੱਤਾ ਸੀ। ਆਲਾ ਸਿੰਘ ਨੇ ਉਸ ਨੂੰ ਵੀਹ ਹਜ਼ਾਰ ਦੇ ਕੇ ਸਰਹਿੰਦ ਲੈ ਲਈ।

**ਅਮਰ ਸਿੰਘ ਨੇ ਅੰਮ੍ਰਿਤ ਛਕਿਆ**

ਏਸ ਕੰਮੋਂ ਵਿਹਲੇ ਹੋ ਕੇ ਬੁਢਾ ਦਲ ਨੇ ਜਮਨਾ ਪਾਰ ਹਮਲਾ ਕਰ ਦਿਤਾ। ਜਦ ਉਹ ਓਧਰੋਂ ਪਰਤ ਕੇ ਫੇਰ ਸਰਹਿੰਦ ਆਏ ਤਾਂ ਆਲਾ ਸਿੰਘ ਨੇ ਆਪਣੇ ਪੋਤਰੇ ਅਮਰ ਸਿੰਘ ਨੂੰ ਸ: ਜੱਸਾ ਸਿੰਘ ਆਹਲੂਵਾਲੀਆ ਤੋਂ ਅੰਮ੍ਰਿਤ ਛਕਾਇਆ।

ਜਦ ਅਬਦਾਲੀ ਅੱਠਵੀਂ ਵਾਰ (੧੭੬੪—੫ ਈ.) ਹਮਲਾ ਕੀਤਾ,

Sri Satguru Jagjit Singh Ji eLibrary NamdhariElibrary@gmail.com

'ਮਹਾਰਾਜੇ' ਦਾ ਖ਼ਿਤਾਬ

ਤਾਂ ਉਸਨੇ ਆਲਾ ਸਿੰਘ ਨੂੰ ਸਰਹਿੰਦ ਬੁਲਾ ਕੇ ਸਾਢੇ ਤਿੰਨ ਲੱਖ ਸਾਲਾਨਾ ਖ਼ਰਾਜ ਦਬਲੇ ਸਰਹਿੰਦ ਦੀ ਸੂਬੇਦਾਰੀ ਦਿਤੀ। ਨਾਲ ਹੀ ਉਸਨੂੰ 'ਮਹਾਰਾਜੇ' ਦਾ ਖ਼ਿਤਾਬ ਦਿਤਾ। ਜਦ ਅਬਦਾਲੀ ਵਾਪਸ ਮੁੜਿਆ, ਤਾਂ ਦਲ ਖ਼ਾਲਸਾ ਨੇ (ਇਸ ਗੱਲੋਂ ਨਾਰਾਜ਼ ਹੋ ਕੇ, ਕਿ ਆਲਾ ਸਿੰਘ ਨੇ ਅਬਦਾਲੀ ਦੀ ਈਨ ਕਿਉਂ ਮੰਨੀ ਹੈ) ਪਟਿਆਲੇ 'ਤੇ ਹਮਲਾ ਕਰ ਦਿਤਾ। ਇਸ ਲੜਾਈ ਵਿਚ ਸ: ਹਰੀ ਸਿੰਘ ਭੰਗੀ ਮਾਰਿਆ ਗਿਆ। ਸ: ਜੱਸਾ ਸਿੰਘ ਆਹਲੂਵਾਲੀਏ ਨੇ ਵਿਚ ਪੈ ਕੇ ਸੁਲ੍ਹਾ ਕਰਾ ਦਿਤੀ। ਮ. ਆਲਾ ਸਿੰਘ ਨੇ ਪੰਥ ਤੋਂ ਮਾਫ਼ੀ ਮੰਗ ਲਈ।

ਹਰੀ ਸਿੰਘ ਭੰਗੀ ਕਤਲ

੭੦ ਸਾਲ ਦੀ ਉਮਰ ਭੋਗ ਕੇ ਮ. ਆਲਾ ਸਿੰਘ ੨੨ ਅਗਸਤ, ੧੭੬੫ ਈ. ਨੂੰ ਪਟਿਆਲੇ ਵਿਚ ਸੁਰਗਵਾਸ ਹੋਇਆ*।

ਆਲਾ ਸਿੰਘ ਸੁਰਗਵਾਸ

ਮਹਾਰਾਜਾ ਆਲਾ ਸਿੰਘ ਦੀ ਇਕੋ ਰਾਣੀ ਸੀ, ਰਾਣੀ ਫੱਤੋ। ਉਹਦੇ ਘਰ ਤਿੰਨ ਪੁੱਤਰ—ਸਰਦੂਲ ਸਿੰਘ, ਭੂਮਾ ਸਿੰਘ ਤੇ ਲਾਲ ਸਿੰਘ—ਤੇ ਇਕ ਲੜਕੀ—ਬੀਬੀ ਪਰਧਾਨ—ਹੋਏ। ਭੂਮਾ ਸਿੰਘ ੧੭੪੨ ਈ. ਵਿਚ ਸੁਰਗਵਾਸ ਹੋ ਗਿਆ। ਉਸ ਦੇ ਘਰ ਸਿਰਫ਼ ਇਕ ਲੜਕੀ—ਬੀਬੀ ਰਾਜਿੰਦਰ—ਹੋਈ, ਜੋ ਫਗਵਾੜੇ ਵਿਆਹੀ ਗਈ। ਲਾਲ ਸਿੰਘ ਨੇ ੧੭੪੯ ਈ. ਵਿਚ ਚਲਾਣਾ ਕੀਤਾ। ਉਸ ਦੇ ਘਰ ਕੋਈ ਔਲਾਦ ਨਹੀਂ ਸੀ। ਸਰਦੂਲ ਸਿੰਘ ੧੭੫੩ ਈ. ਵਿਚ ਸੁਰਗਵਾਸ ਹੋਇਆ। ਉਸ ਦੇ ਅੱਗੇ ਦੋ ਪੁੱਤਰ ਸਨ: ਅਮਰ ਸਿੰਘ ਤੇ ਹਿੰਮਤ ਸਿੰਘ। ਹਿੰਮਤ ਸਿੰਘ ਭਾਵੇਂ ਵੱਡਾ ਸੀ,ਪਰ ਉਸ ਦੀ ਮਾਂ ਵਿਆਹਤਾ ਨਹੀਂ ਸੀ (ਕਰੇਵਾ ਸੀ†), ਸੋ ਰਾਣੀ ਫੱਤੋ ਨੇ ਅਮਰ ਸਿੰਘ ਨੂੰ ਗੱਦੀ 'ਤੇ ਬਿਠਾਇਆ।

ਆਲਾ ਸਿੰਘ ਦੀ ਔਲਾਦ

---

* ਲਤੀਫ਼, ਪੰਨਾ ੩੨੭; ਪੰਜਾਬ ਰਾਜਾਜ, ਪੰਨਾ ੨੯।

† ਪੰਜਾਬ ਰਾਜਾਜ਼, ਪੰਨਾ ੩੨।

Sri Satguru Jagjit Singh Ji eLibrary NamdhariElibrary@gmail.com

**ਅਮਰ ਸਿੰਘ ਰਾਜਾ ਬਣਿਆ**

**ਹਿੰਮਤ ਸਿੰਘ ਦੀ ਬਗ਼ਾਵਤ**

ਅਮਰ ਸਿੰਘ ਦਾ ਜਨਮ ੧੭੪੬ ਈ. ਵਿਚ ਹੋਇਆ। ਅਠਾਰਾਂ ਸਾਲ ਦੀ ਉਮਰ ਵਿਚ ਉਹ ਗੱਦੀ 'ਤੇ ਬੈਠਾ। ਰਿਆਸਤ ਦੇ ਸਭ ਸਰਦਾਰਾਂ ਤੇ ਅਹਿਲਕਾਰਾਂ ਨੇ ਨਜ਼ਰਾਨੇ ਪੇਸ਼ ਕੀਤੇ, ਪਰ ਹਿੰਮਤ ਸਿੰਘ ਨੇ ਅਮਰ ਸਿੰਘ ਨੂੰ ਰਾਜਾ ਮੰਨਣ ਤੋਂ ਇਨਕਾਰ ਕਰ ਦਿਤਾ। ਉਹ ਲੜਾਈ ਕਰਨ ਵਾਸਤੇ ਤਿਆਰ ਹੋ ਗਿਆ। ਉਸ ਦਾ ਦਾਅਵਾ ਸੀ, ਕਿ ਵੱਡਾ ਹੋਣ ਦੇ ਕਾਰਨ ਰਾਜ ਦਾ ਹੱਕ ਮੇਰਾ ਹੈ। ਨਾਭਾ, ਜੀਂਦ ਤੇ ਕੈਥਲ ਆਦਿ ਦੇ ਸਰਦਾਰ ਸਾਰੇ ਅਮਰ ਸਿੰਘ ਦੀ ਮਦਦ 'ਤੇ ਹੋ ਖਲੇ, ਸੋ ਹਿੰਮਤ ਸਿੰਘ ਚੁਪ ਕਰ ਗਿਆ। ਕੁਛ ਦਿਨ ਪਾ ਕੇ ਉਹਨੇ ਕਿਲ੍ਹਾ ਭਵਾਨੀਗੜ੍ਹ 'ਤੇ ਜਾ ਕਬਜ਼ਾ ਕੀਤਾ। ਰਾਜਾ ਅਮਰ ਸਿੰਘ ਨੇ ਉਸ ਉੱਤੇ ਚੜ੍ਹਾਈ ਕਰ ਦਿਤੀ। ਰਾਣੀ ਫੱਤੋ ਨੇ ਦੋਹਾਂ ਭਰਾਵਾਂ ਨੂੰ ਸਮਝਾ ਕੇ ਸੁਲਾ ਕਰਾ ਦਿਤੀ ਤੇ ਭਵਾਨੀਗੜ੍ਹ ਜਾਗੀਰ ਵਜੋਂ ਹਿੰਮਤ ਸਿੰਘ ਕੋਲ ਹੀ ਰਹਿਣ ਦਿਤਾ।‡

**ਪਾਇਲ**

ਹੁਣ ਰਾਜਾ ਅਮਰ ਸਿੰਘ ਨੂੰ ਇਲਾਕਾ ਵਧਾਉਣਾ ਆਰੰਭ ਕੀਤਾ। ਸ: ਜੱਸਾ ਸਿੰਘ ਆਹਲੂ ਦੀ ਮਦਦ ਨਾਲ ਉਹਨੇ ਮਲੇਰ ਕੋਟਲੇ ਦੇ ਪਠਾਣਾਂ ਤੋਂ ਪਰਗਣਾ ਪਾਇਲ ਖੋਹ ਲਿਆ (੧੭੬੬ ਈ.)।

**ਨਜੀਬੁੱਦੌਲਾ ਦੀ ਮਦਦ ਕੀਤੀ**

ਪਟਿਆਲੇ ਦੇ ਰਾਜਿਆਂ ਦੀ ਨੀਤੀ (ਪਾਲਿਸੀ) ਏਹਾ ਰਹੀ, ਕਿ ਉਹ ਲੋੜ ਪਈ 'ਤੇ ਤਾਂ ਦੂਜੀਆਂ ਸਿੱਖ ਮਿਸਲਾਂ ਨੂੰ ਮਦਦ ਵਾਸਤੇ ਸੱਦ ਲੈਂਦੇ ਤੇ ਆਪਣੇ ਮਤਲਿਬ ਨੂੰ ਕਈ ਵਾਰ ਸਿੱਖਾਂ ਦੇ ਵਿਰੁੱਧ ਮੁਸਲਮਾਨ ਹਾਕਮਾਂ ਦੀ ਮਦਦ ਕਰਨ ਨੂੰ ਵੀ ਤਿਆਰ ਹੋ ਜਾਂਦੇ। ੧੭੬੬ ਈ. ਵਿਚ ਸਿੱਖਾਂ ਦੀਆਂ ਨਜੀਬੁੱਦੌਲਾ ਨਾਲ ਕਈ ਲੜਾਈਆਂ ਹੋਈਆਂ। ਇਹਨਾਂ ਲੜਾਈਆਂ ਵਿਚ ਰਾਜਾ ਅਮਰ ਸਿੰਘ ਨਜੀਬੁੱਦੌਲਾ ਦੀ ਮਦਦ ਕਰਦਾ ਰਿਹਾ। ਏਸ ਗੱਲੋਂ

‡ ਰਾਜਾ ਖ਼ਾਲਸਾ, ਹਿੱਸਾ ਦੂਜਾ, ਪੰਨਾ ੨੨; ਪੰਜਾਬ ਰਾਜਾਜ਼, ਪੰਨਾ ੩੩।

Sri Satguru Jagjit Singh Ji eLibrary NamdhariElibrary@gmail.com

ਨਾਰਾਜ਼ ਹੋਕੇ ਵਾਪਸ ਮੁੜਦੇ ਹੋਏ ਦਲ ਖ਼ਾਲਸਾ ਨੇ ਪਟਿਆਲੇ ਦਾ ਇਲਾਕਾ ਲੁੱਟ ਲਿਆ।

ਨੌਵੀਂ ਵਾਰ (੧੭੬੭ ਈ.) ਅਬਦਾਲੀ ਸਿਰਫ਼ ਅੰਬਾਲੇ ਤਕ ਆਇਆ*। ੨੦ ਮਾਰਚ ਨੂੰ ਉਹ ਵਾਪਸ ਸਰਹਿੰਦ ਆ ਬੈਠਾ। ਏਥੇ ਹਾਜ਼ਰ ਹੋ ਕੇ ਰਾ. ਅਮਰ ਸਿੰਘ ਨੇ ਤਿੰਨ ਲੱਖ ਖਰਾਜ ਤਾਰਿਆ। ਅਬਦਾਲੀ ਨੇ ਖ਼ੁਸ਼ ਹੋਕੇ ਉਸਨੂੰ ਸਰਹਿੰਦ ਦੀ ਫ਼ੌਜਦਾਰੀ ਤੇ 'ਰਾਜਾ-ਇ-ਰਾਜਗਾਨ ਬਹਾਦੁਰ' ਦਾ ਖ਼ਿਤਾਬ ਦਿਤਾ†

**'ਰਾਜਾ-ਏ ਰਾਜਗਾਨ' ਦਾ ਖ਼ਿਤਾਬ**

ਅੰਬਾਲੇ ਦੇ ਇਲਾਕੇ ਵਿਚੋਂ ਅਬਦਾਲੀ ਦੀਆਂ ਬੱਧੀਆਂ ਤੀਹ ਹਜ਼ਾਰ ਢੱਕਾਂ ਰਾਜਾ ਅਮਰ ਸਿੰਘ ਨੇ ਦੋ ਲੱਖ ਨਜ਼ਰਾਨਾ ਹੋਰ ਦੇ ਕੇ ਛੁਡਾ ਲਈਆਂ ਤੇ ਪੱਲਿਓਂ ਖ਼ਰਚ ਦੇ ਕੇ ਉਹਨਾਂ ਨੂੰ ਘਰੋ ਘਰੀ ਪੁਚਾਇਆ। ਏਸੇ ਨੇਕੀ ਦਾ ਸਦਕਾ ਲੋਕ ਉਸਨੂੰ 'ਬੰਦੀ ਛੋੜ' ਆਖਣ ਲੱਗ ਪਏ‡।

**ਜੋਧ ਸਿੰਘ ਕੋਟ ਕਪੂਰਾ ਕਤਲ**

ਏਸੇ ਸਾਲ (੧੭੬੭ ਈ.) ਰਾਜਾ ਅਮਰ ਸਿੰਘ ਦੇ ਦੋ ਘੋੜੇ ਚੁਰਾ ਕੇ ਕੋਈ ਆਦਮੀ ਸ. ਜੋਧ ਸਿੰਘ ਕੋਟਕਪੂਰੇ ਵਾਲੇ ਨੂੰ ਦੇ ਆਇਆ, ਜਾਂ ਉਸਨੇ ਆਪ ਚੁਰਾ ਲਏ। ਰਾ. ਅਮਰ ਸਿੰਘ ਨੇ ਉਸ ਉੱਤੇ ਚੜ੍ਹਾਈ ਕਰ ਦਿਤੀ। ਸ. ਜੋਧ ਸਿੰਘ ਬਾਹਰ ਨਕਲ ਕੇ ਲੜਿਆ ਤੇ ਸਣੇ ਆਪਣੇ ਛੋਟੇ ਪੁੱਤਰ ਜੀਤ ਸਿੰਘ ਦੇ ਮਾਰਿਆ ਗਿਆ।

**ਬਘੇਲ ਸਿੰਘ ਨਾਲ**

੧੭੬੯ ਈ. ਵਿਚ ਰਾਜਾ ਅਮਰ ਸਿੰਘ ਨੇ ਸ. ਬਘੇਲ ਸਿੰਘ ਦੇ ਕੁਛ ਪਿੰਡ ਮੱਲ ਲਏ। ਉਹਨੇ ਹਮਲਾ ਕਰ

---

* ਇਸਮਾਈਲਾਬਾਦ, ਅੰਬਾਲੇ ਤੋਂ ਵੀਹ ਮੀਲ 'ਵੇਖੋ ਸਿੱਖਰਾਜ ਕਿਵੇਂ ਬਣਿਆਂ?

† ਪੰਜਾਬ ਰਾਜਾਜ਼, ਪੰਨਾ ੩੩; ਰਾਜ ਖ਼ਾਲਸਾ, ਹਿੱਸਾ ਦੂਜਾ, ਪੰਨਾ ੨੩; ਲਤੀਫ਼ ਪੰਨਾ ੩੨੭; ਕਨਿੰਘਮ (੧੯੧੮), ਪੰਨਾ ੧੧੩; ਸਰਹਿੰਦ ,ਦੀ ਫ਼ੌਜਦਾਰੀ ਤੇ 'ਮਹਾਰਾਜਾ' ਦਾ ਖ਼ਿਤਾਬ ਦਿਤਾ।

‡ ਪੰਥ ਪ੍ਰਕਾਸ਼, ਪੰਨਾ ੯੬੩; ਖ਼ੁਸ਼ਵਕਤ ਰਾਏ, ਪੰਨਾ ੧੬੮।

Sri Satguru Jagjit Singh Ji eLibrary NamdhariElibrary@gmail.com

ਲੜਾਈ

ਦਿਤਾ, ਤਾਂ ਰਾ: ਅਮਰ ਸਿੰਘ ਨੇ ਉਸ ਨਾਲ ਸੁਲ੍ਹਾ ਕਰਕੇ ਆਪਣੇ ਪੁੱਤਰ ਸਾਹਿਬ ਸਿੰਘ ਨੂੰ ਉਹਦੇ ਹੱਥੋਂ ਅੰਮ੍ਰਿਤ ਛਕਾਇਆ।

ਮਲੇਰ ਕੋਟਲੇ ਦੇ ਅਫ਼ਗਾਨਾਂ ਨਾਲ ਪਟਿਆਲੇ ਦੀ ਨਿੱਤ ਲੜਾਈ ਰਹਿੰਦੀ ਸੀ। ਇਕ ਲੜਾਈ ਵਿਚ ਓਥੋਂ ਦਾ ਰਈਸ ਜਮਾਲ ਖ਼ਾਂ ਮਾਰਿਆ ਗਿਆ, ਤਾਂ ਉਹਦੇ ਪੁੱਤਰ ਅਤਾਉੱਲਾ ਨੇ ਪਟਿਆਲੇ ਦੀ ਈਨ ਮੰਨ ਕੇ ਸੁਲ੍ਹਾ ਕਰ ਲਈ।

ਜਮਾਲ ਖ਼ਾਂ ਮਲੇਰ ਕੋਟਲਾ ਕਤਲ

੧੭੭੦ ਈ. ਵਿਚ ਰਾਜਾ ਅਮਰ ਸਿੰਘ ਨੇ ਕਿਲ੍ਹੇ ਬਠਿੰਡੇ ਵਿਚ ਸੁਖਚੈਨ ਸਿੰਘ ਨੂੰ ਘੇਰ ਲਿਆ। ਸਾਲ ਭਰ ਘੇਰਾ ਰਿਹਾ। ਤੰਗ ਆ ਕੇ ਸੁਖਚੈਨ ਸਿੰਘ ਨੇ ਸੁਲ੍ਹਾ ਕਰ ਲਈ ਤੇ ਕਿਲ੍ਹਾ ਅਮਰ ਸਿੰਘ ਦੇ ਹਵਾਲੇ ਕਰ ਦਿਤਾ। ਏਧਰੋਂ ਵਿਹਲੇ ਹੋ ਕੇ ਉਹਨੇ ਕੁਝ ਭੱਟੀਆਂ ਦਾ ਇਲਾਕਾ ਖੋਹ ਲਿਆ।

ਬਠਿੰਡੇ 'ਤੇ ਕਬਜ਼ਾ

ਰਾਜਾ ਅਮਰ ਸਿੰਘ ਭਟੀਆਂ ਨਾਲ ਲੜ ਰਿਹਾ ਸੀ, ਜਾਂ ਪਿਛੋਂ ਹਿੰਮਤ ਸਿੰਘ ਨੇ ਪਟਿਆਲੇ 'ਤੇ ਕਬਜ਼ਾ ਕਰਕੇ 'ਰਾਜਾ' ਹੋਣ ਦਾ ਐਲਾਨ ਕਰ ਦਿਤਾ। ਰਾ: ਅਮਰ ਸਿੰਘ ਵਾਪਸ ਸਮਾਣੇ ਆ ਬੈਠਾ ਤੇ ਪਟਿਆਲੇ 'ਤੇ ਹਮਲਾ ਕਰਨ ਦੀ ਤਿਆਰੀ ਕਰਨ ਲੱਗਾ। ਉਸਦੀ ਮਦਦ ਵਾਸਤੇ ਸ: ਤਾਰਾ ਸਿੰਘ ਘੇਬਾ, ਨਵਾਬ ਮਲੇਰ ਕੋਟਲਾ, ਨਵਾਬ ਰਾਏ ਕੋਟ, ਰਾ. ਹਮੀਰ ਸਿੰਘ ਨਾਭਾ, ਰਾ. ਗਜਪਤ ਸਿੰਘ ਜੀਂਦ, ਭਾਈ ਧੰਨਾ ਸਿੰਘ, ਸੁੱਖਾ ਸਿੰਘ ਕੈਥਲ, ਭਾਈ ਦੇਸੂ ਸਿੰਘ, ਜੱਸਾ ਸਿੰਘ ਆਹਲੂ-ਵਾਲੀਆ, ਰਾ. ਕੀਰਤ ਪ੍ਰਕਾਸ਼ ਨਾਹਣ, ਆਦਿ ਆ ਗਏ ਤਾਂ ਹਿੰਮਤ ਸਿੰਘ ਨੇ ਡਰ ਕੇ ਸੁਲ੍ਹਾ ਕਰ ਲਈ। ਹਿੰਮਤ ਸਿੰਘ ਨੇ ਮਾਫ਼ੀ ਮੰਗ ਲਈ ਤੇ ਰਾ. ਅਮਰ ਸਿੰਘ ਨੇ ਉਸਦੀ ਜਾਗੀਰ ਵਧਾ ਦਿਤੀ*। ੧੭੭੪ ਈ. ਵਿਚ ਹਿੰਮਤ ਸਿੰਘ

ਹਿੰਮਤ ਸਿੰਘ ਦਾ ਪਟਿਆਲੇ 'ਤੇ ਕਬਜ਼ਾ

ਹਿੰਮਤ ਸਿੰਘ ਸੁਰਗਵਾਸ

* ਰਾਜ ਖ਼ਾਲਸਾ, ਹਿੱਸਾ ਦੂੱਜਾ, ਪੰਨਾ ੨੬।

Sri Satguru Jagjit Singh Ji eLibrary NamdhariElibrary@gmail.com

ਲੌਂਗੋਵਾਲ ਮਰ ਗਿਆ, ਤਾਂ ਰਾ. ਅਮਰ ਸਿੰਘ ਨੇ ਜਾਗੀਰ ਜ਼ਬਤ ਕਰ ਲਈ ਤੇ ਉਸਦੀ ਵਿਧਵਾ ਨਾਲ ਪੁਨਰ-ਵਿਆਹ ਕਰਾ ਲਿਆ†।

**ਸਫ਼ੈਦੋਂ 'ਤੇ ਕਬਜ਼ਾ**

ਸਫ਼ੈਦੋਂ ਦਾ ਨਵਾਬ ਸੈਫ਼ ਖ਼ਾਂ ਮਰ ਗਿਆ ਤੇ ਉਸਦੇ ਪੁੱਤਰ, ਗੁਲ ਖ਼ਾਂ ਦੀ ਸਰਪਰਸਤੀ ਵਿਚ ਰਹਿ ਗਏ। ੧੭੭੪ ਈ. ਵਿਚ ਰਾਜਾ ਅਮਰ ਸਿੰਘ ਨੇ ਕਿਲ੍ਹਾ ਸਫ਼ੈਦੋਂ 'ਤੇ ਕਬਜ਼ਾ ਕਰ ਲਿਆ, ਗੁਲ ਖ਼ਾਂ ਨੂੰ ਸੱਤ ਰੁਪੈ ਭੱਤਾ ਤੇ ਸੈਫ਼ ਖ਼ਾਂ ਦੇ ਪੁੱਤਰਾਂ ਨੂੰ ਪਿੰਡ ਛੋਟਾ ਰਸੂਲਪੁਰ ਜਾਗੀਰ ਵਜੋਂ ਦੇ ਦਿਤਾ‡।

**ਰਹੀਮਦਾਦ ਖਾਂ ਕਤਲ**

ਏਸੇ ਸਾਲ (੧੭੭੪ ਈ.) ਰਾ. ਅਮਰ ਸਿੰਘ ਨੇ ਫ਼ਤਹਿਆਬਾਦ, ਸਰਸਾ ਤੇ ਰਣੀਆਂ ਮੱਲ ਲਏ। ਦਿੱਲੀ ਦੇ ਵਜ਼ੀਰ ਨੇ ਰਹੀਮਦਾਦ ਖ਼ਾਂ ਨੂੰ ਫ਼ੌਜ ਦੇ ਕੇ ਭੇਜਿਆ। ਉਸਨੇ ਲਾਲ-ਪੁਰ, ਰਹਤਕ, ਹਾਂਸੀ, ਹਿਸਾਰ 'ਤੇ ਕਬਜ਼ਾ ਕਰਕੇ ਜੀਂਦ ਨੂੰ ਘੇਰਾ ਆ ਪਾਇਆ। ਰਾਜਾ ਗਜਪਤ ਸਿੰਘ ਦੀ ਮਦਦ ਵਾਸਤੇ ਪਟਿਆਲੇ ਦਾ ਦੀਵਾਨ ਨਾਨੂੰ ਮੱਲ, ਹਮੀਰ ਸਿੰਘ ਨਾਭਾ, ਕੈਥਲੀਏ ਭਾਈ ਤੇ ਹੋਰ ਕਈ ਸਿੱਖ ਸਰਦਾਰ ਆ ਗਏ। ਲੜਾਈ ਵਿਚ ਰਹੀਮਦਾਦ ਖ਼ਾਂ ਅੱਖ ਵਿਚ ਗੋਲੀ ਖਾ ਕੇ ਮਰ ਗਿਆ (ਸ਼ੁਰੂ ੧੭੭੫ ਈ.*) ਤੇ ਉਸਦੀ ਫ਼ੌਜ ਹਾਰ ਕੇ ਨੱਸ ਗਈ। ਗਜਪਤ ਸਿੰਘ ਨੇ ਪਰਗਣਾ ਗੋਹਾਨਾ ਤੇ ਅਮਰ ਸਿੰਘ ਨੇ ਹਾਂਸੀ, ਹਿਸਾਰ ਤੇ ਰੁਹਤਕ ਉੱਤੇ ਕਬਜ਼ਾ ਕਰ ਲਿਆ।

**ਨਜਫ਼ ਅਲੀ ਖ਼ਾਂ ਨਾਲ ਸੁਲ੍ਹਾ**

ਨਜਫ਼ ਅਲੀ ਖ਼ਾਂ ਵਜ਼ੀਰ ਨੇ ਫੇਰ ਨਜੱਫ਼ ਕੁਲੀ ਨੂੰ ਫ਼ੌਜ ਦੇ ਕੇ ਭੇਜਿਆ। ਰਾਜਾ ਪਟਿਆਲਾ ਤੇ ਜੀਂਦ ਨੇ ਉਸ ਨਾਲ ਸੁਲ੍ਹਾ ਕਰਕੇ ਬਾਦਸ਼ਾਹ ਦਿੱਲੀ ਨੂੰ ਖ਼ਰਾਜ ਦੇਣਾ ਮੰਨ ਲਿਆ()। ਏਸ ਤਰ੍ਹਾਂ ਹਾਂਸੀ, ਹਿਸਾਰ ਤੇ ਰੁਹਤਕ ਮੁਗ਼ਲ

---

† ਪੰਜਾਬ ਰਾਜਾਜ਼, ਪੰਨਾ ੪੧; ਰਾਜ ਖ਼ਾਲਸਾਂ, ਹਿੱਸਾ ਦੂਜਾ, ਪੰਨਾ ੨੬।

‡ ਪੰਜਾਬ ਰਾਜਾਜ਼, ਪੰਨਾ ੪੨।

* ਗੁਪਤਾ, ਹਿੱਸਾ ਦੂਜਾ; ਪੰਨੇ ੫੪-੫।

() ਪੰਜਾਬ ਰਾਜਾਜ਼, ਪੰਨਾ ੪੫; ਗੁਪਤਾ, ਹਿੱਸਾ ਦੂਜਾ, ਪੰਨਾ ੫੫।

Sri Satguru Jagjit Singh Ji eLibrary NamdhariElibrary@gmail.com

ਬਾਦਸ਼ਾਹ ਦੇ ਕਬਜ਼ੇ ਵਿਚ ਚਲੇ ਗਏ ਤੇ ਸਰਸਾ, ਰਣੀਆਂ, ਫ਼ਤਹਿਆਬਾਦ ਪਟਿਆਲੇ ਦੇ ਕਬਜ਼ੇ ਵਿਚ ਰਹੇ।

ਮਨੀ ਮਾਜਰਾ 'ਤੇ ਹਮਲਾ ਕਰਕੇ ਗ਼ਰੀਬ ਦਾਸ ਤੋਂ ਖ਼ਰਾਜ ਲਿਆ।

**ਮਨੀ ਮਾਜਰਾ 'ਤੇ ਸਿਆਲਬਾ ਤੋਂ ਨਜ਼ਰਾਨਾ**

ਫਿਰ ਰਾਜਾ ਅਮਰ ਸਿੰਘ ਨੇ ਸ: ਹਰੀ ਸਿੰਘ ਸਿਆਲਬਾ 'ਤੇ ਧਾਵਾ ਕਰ ਦਿਤਾ। ਉਹਨੇ ਅੱਗੋਂ ਅਜੇਹਾ ਟਾਕਰਾ ਕੀਤਾ, ਕਿ ਪਟਿਆਲੇ ਦੀਆਂ ਫ਼ੌਜਾਂ ਹਾਰ ਗਈਆਂ। ਰਾਜਾ ਅਮਰ ਸਿੰਘ ਨੇ ਨਾਭਾ, ਜੀਂਦ, ਮਲੇਰਕੋਟਲਾ, ਕੈਥਲੀਏ, ਆਦਿ ਦੀ ਮਦਦ ਲੈ ਕੇ ਸਿਆਲਬਾ 'ਤੇ ਦੋਬਾਰਾ ਹਮਲਾ ਕੀਤਾ। ਲੜਾਈ ਵਿਚ ਸ: ਹਰੀ ਸਿੰਘ ਨੇ ਹਾਰ ਕੇ ਪਟਿਆਲੇ ਦੀ ਈਨ ਮੰਨ ਲਈ ਤੇ ਨਜ਼ਰਾਨਾ ਤਾਰ ਦਿਤਾ।

ਮਾਲਵੇ ਦੇ ਸਿੱਖਾਂ ਨੂੰ ਸਰ ਕਰਨ ਬਦਲੇ ਨਵਾਬ ਅਬਦੁੱਲ ਅਹਿਦ

**ਅਬਦੂਲ ਅਹਿਦ ਦੀ ਮੁਹਿੰਮ**

(ਮਜਦੂੱ ਦੌਲਾ) ਤੇ ਸ਼ਾਹਜ਼ਾਦਾ ਫ਼ਰਖ਼ੰਦਾ ਬਖ਼ਤ ਪੰਜਾਹ ਹਜ਼ਾਰ ਫ਼ੌਜ ਤੇ ਦੋ ਸੌ ਤੋਪਾਂ ਲੈ ਕੇ ੧੯ ਜੂਨ, ੧੭੭੯ ਈ. ਨੂੰ ਦਿੱਲੀਓਂ ਤੁਰੇ। ਜਦ ਨਵਾਬ ਕਰਨਾਲ ਪੁੱਜਾ, ਤਾਂ ਸ: ਬਘੇਲ ਸਿੰਘ, ਦੀਵਾਨ ਸਿੰਘ, ਸਾਹਿਬ ਸਿੰਘ ਖੋਂਡਾ, ਕਰਮ ਸਿੰਘ ਨਿਰਮਲਾ ਤੇ ਰਾਜਾ ਗਜਪਤ ਸਿੰਘ ਜੀਂਦ ਉਸ ਨਾਲ ਆ ਮਿਲੇ। ਇਹਨਾਂ ਸਾਰਿਆਂ ਨੇ ਨਵਾਬ ਨੂੰ ਪਟਿਆਲੇ ਦੇ ਵਿਰੁੱਧ ਭੜਕਾਇਆ ਨਵਾਬ ਥਾਨੇਸਰ ਪੁੱਜਾ, ਤਾਂ ਕੈਥਲ ਵਾਲਾ ਦੇਸੂ ਸਿੰਘ ਆ ਹਾਜ਼ਰ ਹੋਇਆ। ਨਵਾਬ ਨੇ ਉਸ ਨੂੰ ਚਾਰ ਲੱਖ ਖ਼ਰਾਜ ਤਾਰਨ ਬਦਲੇ ਮਜ਼ਬੂਰ ਕੀਤਾ। ਉਸ ਨੇ ਤਿੰਨ ਲੱਖ ਦੇ ਦਿਤਾ ਤੇ ਇਕ ਲੱਖ ਬਦਲੇ ਆਪਣੇ ਪੁੱਤਰ ਲਾਲ ਸਿੰਘ ਨੂੰ ਜ਼ਮਾਨਤ ਵਜੋਂ ਦਿਤਾ। ਨਵਾਬ ਏਥੋਂ ਅੱਗੇ ਤੁਰਿਆ, ਤਾਂ ਪਟਿਆਲੇ ਦਾ ਦੀਵਾਨ ਨਾਨੂੰ ਮੱਲ ਆ ਹਾਜ਼ਰ ਹੋਇਆ। ਉਹਨੇ ਪੰਜ ਲੱਖ ਤੇ ਫੇਰ ਸੱਤ ਲੱਖ ਦੇਣ ਦਾ ਇਕਰਾਰ ਕੀਤਾ, ਜੇ ਨਵਾਬ ਓਥੋਂ ਹੀ ਵਾਪਸ ਮੁੜ ਜਾਵੇ। ਨਵਾਬ ਨੇ ਇਸ ਗੱਲ 'ਤੇ ਜ਼ੋਰ ਦਿਤਾ, ਕਿ ਰਾਜਾ ਅਮਰ ਸਿੰਘ ਆਪ ਹਾਜ਼ਰ ਹੋਵੇ। ਉਹਨੇ ਅੱਗੇ ਵਧ ਕੇ ਕਿਲ੍ਹਾ ਸਫ਼ੈਦੋਂ (ਪਟਿਆਲੇ ਦਾ) ਬਾਰੂਦ ਨਾਲ ਉਡਾ ਦਿਤਾ ਤੇ ਉਸ ਦੇ ਰਖਵਾਲੇ ਤਿੰਨ ਸੌ ਸਿਪਾਹੀ

Sri Satguru Jagjit Singh Ji eLibrary NamdhariElibrary@gmail.com

ਜਿਉਂਦੇ ਹੀ ਸਾੜ ਦਿਤੇ‡।

ਰਾਜਾ ਅਮਰ ਸਿੰਘ ਨੇ ਟਾਕਰੇ ਦੀ ਤਿਆਰੀ ਕਰ ਲਈ। ੭ ਅਕਤੂਬਰ ਨੂੰ ਨਵਾਬ ਦੀ ਫ਼ੌਜ ਨੇ ਪਟਿਆਲੇ 'ਤੇ ਹਮਲਾ ਕੀਤਾ। ਰਾਜਾ ਅਮਰ ਸਿੰਘ ਤੇ ਸ: ਤਾਰਾ ਸਿੰਘ ਘੇਬਾ ਬਾਹਰ ਨਿਕਲ ਕੇ ਲੜੇ, ਪਰ ਹਾਰ ਕੇ ਕਿਲ੍ਹੇ ਵਿਚ ਬੰਦ ਹੋ ਬੈਠੇ। ਅਗਲੇ ਦਿਨ ਸ਼ਾਹੀ ਫ਼ੌਜ ਨੇ ਪਟਿਆਲੇ ਨੂੰ ਘੇਰਾ ਪਾ ਲਿਆ। ਦੋ ਦਿਨ ਸਖ਼ਤ ਲੜਾਈ ਹੋਈ*, ਤਿੱਜੇ ਦਿਨ ਖ਼ਬਰ ਮਿਲੀ, ਕਿ ਪਟਿਆਲੇ ਦੀ ਮਦਦ ਵਾਸਤੇ ਸ: ਜੱਸਾ ਸਿੰਘ ਆਹਲੂਵਾਲੀਆ, ਸ: ਜੈ ਸਿੰਘ, ਹਕੀਕਤ ਸਿੰਘ ਕਨ੍ਹਈਏ, ਆਦਿ ਸਿੱਖ ਸਰਦਾਰ ਦੋ ਲੱਖ ਫ਼ੌਜ ਲੈ ਕੇ ਆ ਰਹੇ ਹਨ। ਨਵਾਬ ਨੇ ਸ: ਬਘੇਲ ਸਿੰਘ ਤੋਂ ਸਲਾਹ ਪੁੱਛੀ, ਤਾਂ ਉਹਨੇ ਸ: ਜੱਸਾ ਸਿੰਘ ਆਹਲੂਵਾਲੀਏ ਦੇ ਨਾਂ ਤੋਂ ਬੜਾ ਡਰਾਇਆ ਤੇ ਦੱਸਿਆ, ਕਿ ਉਹ ਮਲੇਰਕੋਟਲੇ ਪਹੁੰਚ ਗਿਆ ਹੈ। ਏਸ ਖ਼ਬਰ ਤੋਂ ਡਰ ਕੇ ਨਵਾਬ ੧੪ ਅਕਤੂਬਰ, ੧੭੭੯ ਈ. ਨੂੰ ਘੇਰਾ ਉਠਾ ਕੇ ਵਾਪਸ ਤੁਰ ਪਿਆ। ਸਿੱਖਾਂ ਨੇ ਮਗਰੋਂ ਹਮਲਾ ਕਰਕੇ ਉਸ ਦੀ ਫ਼ੌਜ ਲੁੱਟ ਲਈ। ੧੮ ਅਕਤੂਬਰ ਨੂੰ ਸ਼ਾਹੀ ਫ਼ੌਜ ਨੇ ਪਾਨੀਪਤ ਜਾ ਸਾਹ ਲਿਆ।

**ਅਮਰ ਸਿੰਘ ਸੁਰਗਵਾਸ**

ਫ਼ਰਵਰੀ, ੧੭੮੧ ਈ. ਨੂੰ ਰਾਜਾ ਅਮਰ ਸਿੰਘ ਪੈਂਤੀ ਸਾਲ ਦੀ ਉਮਰ ਭੋਗ ਕੇ ਸੁਰਗਵਾਸ ਹੋਇਆ†। ਉਸ ਬਾਰੇ ਗ੍ਰਿਫ਼ਨ ਲਿਖਦਾ ਹੈ, "ਜੇ ਅਮਰ ਸਿੰਘ ਜਿਉਂਦਾ ਰਹਿੰਦਾ, ਜਾਂ ਉਸ ਦੇ ਪਿੱਛੋਂ ਗੱਦੀ ਉੱਤੇ ਬੈਠਣ ਵਾਲੇ ਰਾਜੇ ਉਸ ਵਰਗੇ ਲਾਇਕ ਹੁੰਦੇ,ਤਾਂ ਮਾਲਵੇ ਦੀਆਂ ਛੋਟੀਆਂ ਛੋਟੀਆਂ ਰਿਆਸਤਾਂ ਇਕ ਮਜ਼ਬੂਤ ਬਾਦਸ਼ਾਹੀ ਵਿਚ ਬਦਲ ਜਾਂਦੀਆਂ। ਜਿਹੜੀ ਬਾਦਸ਼ਾਹੀ ਇਕ ਪਾਸੇ ਲਾਹੌਰ ਦਰਬਾਰ (ਮ: ਰਣਜੀਤ ਸਿੰਘ) ਤੋਂ ਤੇ

---

‡ ਗੁਪਤਾ ਹਿੱਸਾ ਦੂਜਾ, ਪੰਨਾ ੮੬।

* ਗੁਪਤਾ, ਹਿੱਸਾ ਦੂੱਜਾ, ਪੰਨੇ ੮੯-੯੦।

† ਪੰਜਾਬ ਰਾਜਾਜ਼, ਪੰਨਾ ੫੩; ਕਨਿੰਘਮ (੧੯੧੮), ਪੰਨਾ ੧੧੬; ਲਤੀਫ਼, ਪੰਨਾ ੩੨੮; ਰਾਜ ਖ਼ਾਲਸਾ, ਹਿੱਸਾ ਦੂੱਜਾ, ਪੰਨਾ ੩੦।

Sri Satguru Jagjit Singh Ji eLibrary NamdhariElibrary@gmail.com

ਦੂੱਜੇ ਪਾਸੇ ਅੰਗਰੇਜ਼ੀ ਗੌਰਮਿੰਟ ਤੋਂ ਬਿਲਕੁਲ ਸੁਤੰਤਰ ਹੁੰਦੀ।"‡

**ਰਾਜਾ ਸਾਹਿਬ ਸਿੰਘ**

ਰਾਜਾ ਅਮਰ ਸਿੰਘ ਦੇ ਪਿੱਛੋਂ ਉਸ ਦਾ ਪੁੱਤਰ ਸਾਹਿਬ ਸਿੰਘ ਰਾਜ਼ਾ ਬਣਿਆਂ। ਉਸ ਦੀ ਉਮਰ ਉਸ ਵੇਲੇ ਸਿਰਫ਼ ਸੱਤ ਸਾਲ ਦੀ ਸੀ*। ਉਸ ਦੀ ਦਾਦੀ ਰਾਣੀ ਹੁਕਮਾ ਨੇ ਸੁਨਾਮ ਦੇ ਅਗਰਵਾਲ ਨਾਨੂੰ ਮੱਲ ਨੂੰ ਪ੍ਰਧਾਨ ਮੰਤਰੀ ਤੇ ਮੁਖ਼ਤਿਆਰ(Regent) ਬਣਾਇਆ। ਇਸ ਵੇਲੇ ਰਿਆਸਤ ਵਿਚ ਥਾਂ ਥਾਂ ਬਗਾਵਤ ਹੋ ਗਈ (ਜਿਵੇਂ ਭਵਾਨੀਗੜ੍ਹ, ਕੋਟ ਸਮੀਰ ਵਿਖੇ)। ਨਾਨੂੰ ਮੱਲ ਨੇ ਬੜੀ ਚਾਤਰੀ ਤੇ ਹਿਮਤ ਨਾਲ ਸਭ ਗੜਬੜ ਦਬਾ ਕੇ ਅਮਨ ਬਹਾਲ ਕੀਤਾ।

**ਨਾਨੂੰ ਮੱਲ ਵਜ਼ੀਰ**

**'ਚਾਲੀਆ' ਕਾਲ**

੧੭੮੩ ਈ. (੧੮੪੦ ਬਿ.) ਵਿਚ ਸਖ਼ਤ ਕਾਲ ਪੈ ਗਿਆ, ਜਿਸ ਨੂੰ ਅਜੇ ਤਕ ਲੋਕ 'ਚਾਲੀਆ' ਨਾਮ ਨਾਲ ਯਾਦ ਕਰਦੇ ਹਨ। ਇਲਾਕਾ ਉਜੜ ਗਿਆ ਤੇ ਕਈਆਂ ਥਾਂਵਾਂ 'ਤੇ ਫੇਰ ਬਗ਼ਾਵਤ ਹੋ ਗਈ। ਮੂਲੇਪੁਰ ਵਿਚ ਸ: ਸਰਦੂਲ ਸਿੰਘ ਬਾਗ਼ੀ ਹੋ ਗਿਆ। ਦੀਵਾਨ ਨਾਨੂੰ ਮੱਲ ਨੇ ਉਸ ਨੂੰ ਘੇਰਾ ਪਾ ਲਿਆ। ਇਸ ਲੜਾਈ ਵਿਚ ਨਾਨੂੰ ਮੱਲ ਆਪਣੇ ਹੀ ਇਕ ਸਿਪਾਹੀ ਕਰਮਬੇਗ ਹੱਥੋਂ ਜ਼ਖ਼ਮੀ ਹੋ ਗਿਆ। ਕਰਮ ਬੇਗ ਕਤਲ ਕਰ ਦਿਤਾ ਗਿਆ। ਜ਼ਖ਼ਮੀ ਨਾਨੂੰ ਮੱਲ ਲਾਗੇ ਇਕ ਪਿੰਡ—ਅਨੰਦਪੁਰ—ਚਲਾ ਗਿਆ। ਏਸੇ ਸਮੇਂ ਰਾਣੀ ਹੁਕਮਾ ਸੁਰਗਵਾਸ ਹੋ ਗਈ।

**ਰਾਣੀ ਹੁਕਮਾ ਸੁਰਗਵਾਸ**

**ਨਾਨੂੰ ਮੱਲ ਕੈਦ**

ਪਿੱਛੋਂ ਰਾਣੀ ਖੇਮ ਕੌਰ, ਬੀਬੀ ਪਰਧਾਨ, ਥੰਮਣ ਸਿੰਘ ਧਾਲੀਵਾਲ, ਹਮੀਰ ਸਿੰਘ ਆਦਿ ਨੇ ਮਿਲ ਕੇ ਜ਼ਖ਼ਮੀ ਨਾਨੂੰ ਮੱਲ ਨੂੰ ਫੜ ਕੇ ਪਟਿਆਲੇ ਕੈਦ ਕਰ ਦਿਤਾ†।

ਇਹ ਖ਼ਬਰਾਂ ਸੁਣ ਕੇ ਬੀਬੀ ਰਾਜਿੰਦਰ ਕੌਰ ਫਗਵਾੜੇ ਤੋਂ ਫ਼ੌਜ ਲੈਕੇ

---

‡ ਪੰਜਾਬ ਰਾਜਾਜ਼ ਪੰਨਾ ੫੩।

* ਰਾਜਾ ਸਾਹਿਬ ਸਿੰਘ ਦਾ ਜਨਮ ੧੭੭੪ ਈ. ਵਿਚ ਹੋਇਆ।

† ਪੰਜਾਬ ਰਾਜਾਜ਼, ਪੰਨਾ ੫੮; ਰਾਜ ਖ਼ਾਲਸਾ, ਹਿੱਸਾ ਦੂਜਾ, ਪੰਨਾ ੩੩!

Sri Satguru Jagjit Singh Ji eLibrary NamdhariElibrary@gmail.com

ਰਾਜਿੰਦਰ ਕੌਰ, ਨਾਨੂੰ ਮੱਲ ਫੇਰ ਵਜ਼ੀਰ

ਪਟਿਆਲੇ ਆ ਪਹੁੰਚੀ। ਉਸ ਨੇ ਨਾਨੂੰ ਮੱਲ ਨੂੰ ਕੈਦ 'ਚੋਂ ਕੱਢ ਕੇ ਫੇਰ ਪ੍ਰਧਾਨ ਮੰਤਰੀ (ਵਜ਼ੀਰ) ਬਣਾ ਦਿਤਾ, ਕਿਉਂਕਿ ਓਹਾ ਇਕ ਲਾਇਕ ਆਦਮੀ ਉਸ ਵੇਲੇ ਸੀ, ਜੋ ਰਿਆਸਤ ਨੂੰ ਸੰਭਾਲ ਸਕਦਾ ਸੀ। ਨਾਨੂੰ ਮੱਲ ਨੇ ਧਾਰਾ ਰਾਉ ਮਰਹੱਟਾ ਤੇ ਸ: ਬਘੇਲ ਸਿੰਘ ਦੀ ਮਦਦ ਨਾਲ ਫਿਰ ਅਮਨ ਕਾਇਮ ਕਰ ਲਿਆ।

੧੭੮੮ ਈ. ਵਿਚ ਮਰਹੱਟਿਆਂ ਨੇ ਗ਼ੁਲਾਮ ਕਾਦਰ ਨੂੰ ਕੱਢ ਕੇ ਦਿੱਲੀ 'ਤੇ ਕਬਜ਼ਾ ਕਰ ਲਿਆ ਸੀ। ਅਗਲੇ ਸਾਲ ਮਰਹੱਟਾ ਜਰਨੈਲ

ਰਾਨੀ ਖ਼ਾਂ ਮਰਹੱਟਾ

ਰਾਨੀ ਖ਼ਾਂ ਨੇ ਮਾਲਵੇ ਦੇ ਸਰਦਾਰਾਂ ਤੋਂ ਖ਼ਰਾਜ ਲੈਣ ਵਾਸਤੇ ਚੜ੍ਹਾਈ ਕੀਤੀ। ਪਟਿਆਲੇ ਦਾ ਵਜ਼ੀਰ ਨਾਨੂੰ ਮੱਲ ਉਸਨੂੰ ਸ਼ਾਹਾਬਾਦ ਜਾ ਮਿਲਿਆ। ਰਾਨੀ ਖ਼ਾਂ ਨੇ ਉਸ ਤੋਂ ਅੱਠ ਲੱਖ ਖ਼ਰਾਜ ਮੰਗਿਆ, ਪਰ ਉਹ ਛੇ ਲੱਖ ਦੇਣ ਵਾਸਤੇ ਤਿਆਰ ਸੀ। ਉਹਨੇ ਰਾਣੀ ਰਾਜਿੰਦਰ ਕੌਰ ਨੂੰ ਪਟਿਆਲੇ ਸੁਨੇਹਾ ਭੇਜਿਆ, ਕਿ ਖ਼ਰਾਜ ਤਾਰੋ, ਨਹੀਂ ਤਾਂ ਮਰਹੱਟੇ ਪਟਿਆਲੇ ਤੇ ਹਮਲਾ ਕਰ ਦੇਣਗੇ। ਰਾਜਿੰਦਰ ਕੌਰ ਨੂੰ ਪਹਿਲਾਂ ਹੀ ਵਜ਼ੀਰ ਦੀ ਨੀਯਤ ਉੱਤੇ ਕੁਛ ਸ਼ੱਕ ਸੀ। ਉਹਨੇ ਵਜ਼ੀਰ ਦੇ ਪੁੱਤਰ ਦੇਵੀ ਦਿੱਤਾ ਨੂੰ ਕੈਦ ਕਰ ਲਿਆ ਤੇ ਟਾਕਰੇ ਲਈ ਤਿਆਰੀ ਕਰਨ ਲੱਗੀ। ਇਹ ਖ਼ਬਰ ਸੁਣ ਕੇ ਨਾਨੂੰ ਮੱਲ ਮਰਹੱਟਿਆਂ ਨੂੰ ਨਾਲ ਲੈ ਕੇ ਪਟਿਆਲੇ ਤੋਂ ਦੋ ਮੀਲ ਦੀ ਵਿੱਥ ਉੱਤੇ ਆ ਬੈਠਾ। ਮਰ-ਹੱਟਿਆਂ ਦੇ ਦਬਾਉ ਨਾਲ ਰਾਜਿੰਦਰ ਕੌਰ ਨੇ ਦੇਵੀ ਦਿੱਤੇ ਨੂੰ ਤਾਂ ਛੱਡ ਦਿਤਾ, ਪਰ ਖ਼ਰਾਜ ਦੀ ਜ਼ਿੰਮੇਵਾਰੀ ਨਾਨੂੰ ਮੱਲ ਦੇ ਸਿਰ ਸੁੱਟੀ ਰਖੀ। ਅਖ਼ੀਰ ਫ਼ੈਸਲਾ ਇਹ ਹੋਇਆ, ਕਿ ਨਾਨੂੰ ਤੇ ਬੀਬੀ ਰਾਜਿੰਦਰ ਕੌਰ ਮਥਰਾ ਜਾ ਕੇ ਸਿੰਧੀਆ ਨਾਲ ਖ਼ਰਾਜ ਦਾ ਫ਼ੈਸਲਾ ਕਰਨ। ਮਰਹੱਟੇ ਜਰਨੈਲ ਦੋਹਾਂ ਨੂੰ ਨਾਲ ਲੈ ਕੇ ਵਾਪਸ ਮੁੜ ਪਏ। ਕਰਨਾਲ ਜਾ ਕੇ ਨਾਨੂੰ ਮੱਲ ਨੇ ਤਾਂ ਛੁੱਟੀ ਲੈ ਲਈ ਤੇ ਉਸ ਦਾ ਪੁੱਤਰ ਦੇਵੀ ਦਿੱਤ ਤੇ ਬੀਬੀ ਰਾਜਿੰਦਰ ਮਥਰਾ ਨੂੰ ਗਏ।

ਨਾਨੂੰ ਮੱਲ ਲਾਇਕ ਬੜਾ ਸੀ, ਪਰ ਸਮਾਂ ਪਾ ਕੇ ਉਹ ਹੰਕਾਰੀ ਹੋ

Sri Satguru Jagjit Singh Ji eLibrary NamdhariElibrary@gmail.com

ਗਿਆ। ਉਹ ਦਰਬਾਰ ਵਿਚ ਹੁੱਕਾ ਪੀਂਦਾ ਤੇ ਸਿੱਖ ਸਰਦਾਰਾਂ ਦੀ ਨਿਰਾਦਰੀ ਕਰਦਾ। ਉਹਨੇ ਵੱਡੇ ਵੱਡੇ ਅਹੁਦਿਆਂ ਉੱਤੇ ਆਪਣੇ ਪੁੱਤਰ, ਭਤੀਜੇ ਤੇ ਹੋਰ ਰਿਸ਼ਤੇਦਾਰ ਥਾਪੇ ਹੋਏ ਸਨ। ਰਾਜਾ ਸਾਹਿਬ ਸਿੰਘ ਨੇ ਆਪਣੇ ਅਹਿਲਕਾਰਾਂ ਦੀ ਸਲਾਹ ਨਾਲ ਉਹ ਸਾਰੇ ਕੈਦ ਕਰ ਲਏ ਤੇ ਨਾਨੂੰ ਮੱਲ ਦੇ ਘਰਾਣੇ ਦੀ ਸਭ ਜਾਇਦਾਦ ਜ਼ਬਤ ਕਰ ਲਈ। ਕਰਨਾਲ ਤੋਂ ਵਾਪਸ ਆਉਂਦੇ ਨਾਨੂੰ ਮੱਲ ਨੂੰ ਰਾਹ ਵਿਚ ਹੀ ਖ਼ਬਰ ਮਿਲ ਗਈ। ਉਹ ਪਹਿਲਾਂ ਸ਼ਾਹਾਬਾਦ ਸ: ਕਰਮ ਸਿੰਘ ਨਿਰਮਲੇ ਕੋਲ, ਤੇ ਫਿਰ ਕੈਥ਼ਲ ਦੇ ਇਲਾਕੇ ਵਿਚ ਤੇ ਅੰਤ ਅਤਾਉੱਲਾ ਕੋਲ ਮਲੇਰਕੋਟਲੇ ਆ ਗਿਆ, ਜਿਥੇ ਉਹ ੧੭੯੨ ਈ. ਵਿਚ ਚਲਾਣਾ ਕਰ ਗਿਆ‡।

(ਨਾਨੂੰ ਮੱਲ ਦੀ ਜਾਇਦਾਦ ਜ਼ਬਤ)

(ਨਾਨੂੰ ਮੱਲ ਸੁਰਗਵਾਸ)

ਅਹਿਲਕਾਰਾਂ ਨੇ ਰਾਜਾ ਸਾਹਿਬ ਸਿੰਘ ਨੂੰ ਬੀਬੀ ਰਾਜਿੰਦਰ ਕੌਰ ਦ ਖ਼ਿਲਾਫ਼ ਵੀ ਭੜਕਾ ਛੱਡਿਆ ਸੀ। ਜਦ ਉਹ ਮਥਰਾ ਤੋਂ ਵਾਪਸ ਮੁੜੀ, ਤਾਂ ਸਾਹਿਬ ਸਿੰਘ ਨੇ ਉਸ ਦੀ ਬੜੀ ਨਿਰਾਦਰੀ ਕੀਤੀ। ਉਹ ਏਸੇ ਗ਼ਮ ਨਾਲ ਪਟਿਆਲੇ ਵਿਚ (੧੭੯੧ ਈ.) ਸੁਰਗਵਾਸ ਹੋ ਗਈ।

(ਬੀਬੀ ਰਾਜਿੰਦਰ ਸੁਰਗਵਾਸ)

ਫਿਰ ਰਾਜੇ ਦਾ ਵੱਡਾ ਸਲਾਹਕਾਰ ਸੱਯਦ ਮੀਰ ਇਲਾਹੀ ਬਖ਼ਸ਼ ਬਣਿਆਂ। ਉਸ ਨੂੰ ਸ: ਦਿਆਲ ਸਿੰਘ ਅਰੋੜੇ ਤੇ ਸੁੱਖਾ ਸਿੰਘ ਦਿਲੋਂ ਨੇ ਕਤਲ ਕਰ ਦਿਤਾ। ਫਿਰ ਬੀਬੀ ਸਾਹਿਬ ਕੌਰ ਵਜ਼ੀਰ ਤੇ ਮੁਖ਼ਤਾਰ ਬਣੀ।

(ਇਲਾਹੀ ਬਖ਼ਸ਼ ਕਤਲ)

ਬੀਬੀ ਸਾਹਿਬ ਕੌਰ ਰਾਜਾ ਸਾਹਿਬ ਸਿੰਘ ਦੀ ਵੱਡੀ ਭੈਣ ਤੇ ਸ:

---

‡ ਪੰਜਾਬ ਰਾਜਾਜ਼, ਪੰਨਾ ੭੩; ਰਾਜ ਖ਼ਾਲਸਾ, ਹਿੱਸਾ ਦੂਜਾ, ਪੰਨਾ ੩੯; ਮਗਰ ਗੁਪਤਾ, (ਹਿੱਸਾ ਦੂਜਾ, ਪੰਨਾ ੨੪੫) ਨਾਨੂੰ ਮੱਲ ਦੇ ਚਲਾਣੇ ਦੀ ਤਾਰੀਖ਼ ੨੧ ਨਵੰਬਰ, ੧੭੯੧ ਈ. ਦੇਂਦਾ ਹੈ।

Sri Satguru Jagjit Singh Ji eLibrary NamdhariElibrary@gmail.com

**ਬੀਬੀ ਸਾਹਿਬ ਕੌਰ**

ਜੈਮਲ ਸਿੰਘ ਕਨ੍ਹਈਆ (ਫ਼ਤਹਿਗੜ੍ਹ) ਦੀ ਧਰਮਪਤਨੀ ਸੀ। ਉਹ ਬੜੀ ਲਾਇਕ, ਦੂਰ ਦੀ ਸੋਚਣ ਵਾਲੀ ਤੇ ਬਹਾਦਰ ਸੀ। ਮੈਦਾਨ ਵਿਚ ਉਹ ਮਰਦਾਂ ਵਾਂਗ ਤਲ-ਵਾਰ ਫੜ ਕੇ ਲੜਦੀ ਸੀ।

**ਮਰਹੱਟੇ ਸਾਹਿਬ ਕੌਰ ਤੋਂ ਹਾਰ ਗਏ**

੧੭੯੫ ਈ. ਵਿਚ ਮਰਹੱਟੇ ਜਰਨੈਲ ਨਾਨਾ ਰਾਉ ਤੇ ਮਾਧੋ ਰਾਉ ਫੂਲਕੇ ਪਟਿਆਲਾ ਤੋਂ ਖ਼ਰਾਜ ਲੈਣ ਦਰਿਆ ਘੱਗਰ ਦੇ ਕੰਢੇ 'ਤੇ ਆ ਬੈਠੇ। ਬੀਬੀ ਸਾਹਿਬ ਕੌਰ ਨੇ ਭਾਈ ਲਾਲ ਸਿੰਘ ਕੈਥਲ, ਸ: ਭੰਗਾ ਸਿੰਘ, ਮਹਿਤਾਬ ਸਿੰਘ ਥਾਨੇਸਰ, ਸ: ਜੋਧ ਸਿੰਘ ਕਲਸੀਆਂ ਸ: ਦੀਪ ਸਿੰਘ, ਬੀਰ ਸਿੰਘ ਭਦੌੜੀਏ, ਸ: ਤਾਰਾ ਸਿੰਘ ਘੇਬਾ ਆਦਿ ਨੂੰ ਨਾਲ ਲੈ ਕੇ ਮਰਹੱਟਿਆਂ ਨਾਲ ਲੜਾਈ ਛੋਹ ਦਿਤੀ*। ਸਾਰਾ ਦਿਨ ਲੜਾਈ ਹੁੰਦੀ ਰਹੀ। ਰਾਤ ਨੂੰ ਸਿੱਖ ਸਰਦਾਰਾਂ ਨੇ ਮੈਦਾਨ ਛੱਡ ਜਾਣ ਦੀ ਸਲਾਹ ਦਿਤੀ, ਪਰ ਬੀਬੀ ਸਾਹਿਬ ਕੌਰ ਨੇ ਰਾਤ ਛਾਪਾ ਮਾਰ ਕੇ ਮਰਹੱਟਿਆਂ ਨੂੰ ਪੂਰੀ ਸ਼ਕਸਤ ਦਿਤੀ ਤੇ ਪਟਿਆਲੇ ਦੀ ਹਾਰ ਨੂੰ ਜਿੱਤ ਵਿਚ ਬਦਲ ਦਿਤਾ। ਮਰਹੱਟੇ ਦਿੱਲੀ ਨੂੰ ਪਰਤ ਗਏ।

**ਜਾਰਜ ਥਾਮਸ**

ਜਾਰਜ ਥਾਮਸ ੧੭੮੧ ਈ: ਵਿਚ ਹਿੰਦੁਸਤਾਨ ਆਇਆ। ੧੭੯੨ ਈ. ਤਕ ਉਹ ਬੇਗਮ ਸਮਰੂ ਦਾ ਨੌਕਰ ਰਿਹਾ ਤੇ ਫਿਰ ਆਪਾ ਖਾਂਡੇ ਰਾਉ ਮਰਹੱਟੇ ਦਾ ਮੁਲਾਜ਼ਮ ਹੋ ਗਿਆ। ਉਸਨੇ ਇਲਾਕਾ ਝੱਜਰ ਥਾਮਸ ਨੂੰ ਜਾਗੀਰ ਵਜੋਂ ਦਿਤਾ। ਖਾਂਡੇ ਰਾਉ ਦੇ ਮਰਨ ਪਿੱਛੋਂ ਥਾਮਸ ਹਾਂਸੀ, ਹਿਸਾਰ 'ਤੇ ਕਬਜ਼ਾ ਕਰਕੇ ਖ਼ੁਦਮੁਖ਼ਤਿਆਰ ਰਾਜਾ ਬਣ ਬੈਠਾ ਤੇ ਹਾਂਸੀ ਨੂੰ ਰਾਜਧਾਨੀ ਬਣਾ ਲਿਆ। ੧੭੯੮ ਈ. ਨੂੰ ਉਹਨੇ ਜੀਂਦ ਉੱਤੇ ਹਮਲਾ ਕੀਤਾ, ਮਗਰ ਬੀਬੀ ਸਾਹਿਬ ਕੌਰ ਨੇ ਬਾਕੀ ਸਿੱਖ ਸਰਦਾਰਾਂ ਨੂੰ ਨਾਲ ਲੈ ਕੇ ਉਸਨੂੰ ਪੂਰੀ

---

* ਇਸ ਲੜਾਈ ਦਾ ਪੂਰਾ ਵੇਰਵਾ ਪੜ੍ਹਨ ਵਾਸਤੇ ਵੇਖੋ 'ਸੀਤਲ ਪ੍ਰਸੰਗ' ਵਿਚ ਵਾਰ ਬੀਬੀ ਸਾਹਿਬ ਕੌਰ।

Sri Satguru Jagjit Singh Ji eLibrary NamdhariElibrary@gmail.com

ਸ਼ਕਸਤ ਦਿਤੀ। ਰਾਣੀ ਆਸ ਕੌਰ ਦੀ ਚੁਕਣਾ ਕਰਕੇ ਰਾਜਾ ਸਾਹਿਬ ਸਿੰਘ ਆਪਣੀ ਭੈਣ ਸਾਹਿਬ ਕੌਰ ਨਾਲ ਨਾਰਾਜ਼ ਹੋ ਪਿਆ। ਉਹ ਆਪਣੀ ਜਾਗੀਰ ਭੇਰੀਆਂ (ਅਭੋਵਾਲ) ਵਿਚ ਚਲੀ ਗਈ। ਰਾਜੇ ਨੇ ਉਸਨੂੰ ਬੜਾ ਨਿਰਾਦਰੀ ਭਰਿਆ ਹੁਕਮ ਭੇਜਿਆ, ਕਿ ਏਸੇ ਵੇਲੇ ਭੇਰੀਆਂ ਛਡ ਕੇ ਆਪਣੇ ਪਤੀ ਕੋਲ ਫ਼ਤਹਿਗੜ੍ਹ ਚਲੀ ਜਾ। ਬੀਬੀ ਸਾਹਿਬ ਕੌਰ ਨੇ ਏਸ ਹੁਕਮ ਦੀ ਪਰਵਾਹ ਨਾ ਕੀਤੀ, ਤਾਂ ਰਾਜਾ ਸਾਹਿਬ ਸਿੰਘ ਫ਼ੌਜ ਲੈ ਕੇ ਭੈਣ ਨਾਲ ਲੜਨ ਵਾਸਤੇ ਜਾ ਪਹੁੰਚਾ। ਭਾਈ ਲਾਲ ਸਿੰਘ ਤੇ ਸ. ਜੋਧ ਸਿੰਘ ਕਲਸੀਆਂ ਨੇ ਸਮਝਾ ਕੇ ਦੋਹਾਂ ਦੀ ਸੁਲ੍ਹਾ ਕਰਾ ਦਿਤੀ। ਬੀਬੀ ਸਾਹਿਬ ਕੌਰ ਭਰਾ ਨਾਲ ਪਟਿਆਲੇ ਨੂੰ ਤੁਰ ਪਈ। ਰਾਹ ਵਿਚ ਰਾਜਾ ਸਾਹਿਬ ਸਿੰਘ ਨੇ ਭੈਣ ਨੂੰ ਗ੍ਰਿਫ਼ਤਾਰ ਕਰਕੇ ਕਿਲ੍ਹਾ ਭਵਾਨੀ ਗੜ੍ਹ ਵਿਚ ਕੈਦ ਕਰ ਦਿਤਾ। ਉਹ ਇਕ ਰਾਤ ਗੋਲੀ ਨਾਲ ਭੇਸ ਬਦਲ ਕੇ ਕੈਦ ਵਿਚੋਂ ਨੱਸ ਗਈ। ਉਹ ਆਪਣੇ ਕਿਲ੍ਹੇ ਭੇਰੀਆਂ ਵਿਚ ਜਾ ਪਹੁੰਚੀ, ਜਿੱਥੇ ਉਹ ੧੭੯੯ ਈ. ਵਿਚ ਸੁਰਗਵਾਸ ਹੋ ਗਈ†।

ਸਾਹਿਬ ਕੌਰ ਕੈਦ

ਸਾਹਿਬ ਕੌਰ ਸੁਰਗਵਾਸ

ਏਸੇ ਸਾਲ (੧੭੯੯ ਈ.) ਦੇ ਅਖ਼ੀਰ ਵਿਚ ਥਾਮਸ ਨੇ ਫਿਰ ਸਿੱਖ ਇਲਾਕੇ ਉੱਤੇ ਹਮਲਾ ਕੀਤਾ ਤੇ ਪਟਿਆਲਾ, ਜੀਂਦ, ਕੈਥਲ ਆਦਿ ਦਾ ਇਲਾਕਾ ਲੁੱਟ ਕੇ ਵਾਪਸ ਹਾਂਸੀ ਚਲਾ ਗਿਆ। ੧੮੦੧ ਈ. ਵਿਚ ਜੀਂਦ, ਨਾਭਾ, ਪਟਿਆਲਾ, ਕੈਥਲ, ਆਦਿ ਨੇ ਮਿਲ ਕੇ ਮਰਹਟਾ ਜਰਨੈਲ ਪੈਰੋਂ ਦੀ ਮਦਦ ਨਾਲ ਥਾਮਸ ਨੂੰ ਸਦਾ ਵਾਸਤੇ ਹਾਂਸੀ ਵਿਚੋਂ ਕੱਢ ਦਿਤਾ। ਉਹ ਅੰਗਰੇਜ਼ੀ ਇਲਾਕੇ ਵਿਚ ਜਾ ਕੇ ਅਗਲੇ ਸਾਲ ਮਰ ਗਿਆ।

ਥਾਮਸ ਦੇ ਆਖ਼ਰੀ ਦਿਨ

ਮਰਹੱਟਿਆਂ ਨੂੰ ਸ਼ਕਸਤ ਦੇ ਕੇ ਅੰਗਰੇਜ਼ਾਂ ਨੇ ੧੫ ਸਤੰਬਰ, ੧੮੦੩

† ਪੰਜਾਬ ਰਾਜਾਜ਼, ਪੰਨਾ ੮੫; ਰਾਜ ਖ਼ਾਲਸਾ, ਹਿੱਸਾ ਦੂਜਾ, ਪੰਨੇ ੬੫-੬।

Sri Satguru Jagjit Singh Ji eLibrary NamdhariElibrary@gmail.com

**ਅੰਗਰੇਜ਼ਾਂ ਦਾ ਦਿੱਲੀ 'ਤੇ ਕਬਜ਼ਾ**

ਈ. ਨੂੰ ਦਿੱਲੀ 'ਤੇ ਕਬਜ਼ਾ ਕਰ ਲਿਆ। ਸਿੰਧੀਆਂ ਨੇ ਅੰਗਰੇਜ਼ਾਂ ਨਾਲ ਸੁਲ੍ਹਾ ਕਰਕੇ ਦਿੱਲੀ, ਆਗਰਾ, ਗੁੜਗਾਉਂ, ਰੁਹਤਕ, ਸਰਸਾ, ਹਿਸਾਰ ਉਤੇ ਅੰਗਰੇਜ਼ਾਂ ਦਾ ਹੱਕ ਮੰਨ ਲਿਆ। ਅਕਤੂਬਰ, ੧੮੦੪ ਈ. ਨੂੰ ਜਸਵੰਤ ਰਾਉ ਹੁਲਕਰ ਨੇ ਫਿਰ ਦਿੱਲੀ 'ਤੇ ਹਮਲਾ ਕੀਤਾ, ਮਗਰ

**ਹੁਲਕਰ**

ਅੰਗਰੇਜ਼ ਜਰਨੈਲ ਆਕਟਰ ਲੋਨੀ ਤੇ ਬਰਨ ਤੋਂ ਹਾਰ ਖਾ ਗਿਆ। ਦੋ ਮਹੀਨੇ ਪਿੱਛੋਂ ਫ਼ਤਹਿ ਗੜ੍ਹ ਦੀ ਲੜਾਈ ਵਿਚ ਜ਼ਰਨੈਲ ਲੇਕ ਤੋਂ ਹਾਰ ਖਾ ਕੇ ਹੁਲਕਰ ਸਿੱਖ ਇਲਾਕੇ ਵੱਲ ਮਦਦ ਵਾਸਤੇ ਦੌੜਿਆ। ਉਹ ਪਟਿਆਲੇ, ਨਾਭੇ ਤੇ ਫਿਰ ਅੰਮ੍ਰਿਤਸਰ (ਮ. ਰਣਜੀਤ ਸਿੰਘ ਕੋਲ) ਆਇਆ, ਪਰ ਕਿਸੇ ਵੀ ਉਸਦੀ ਮਦਦ ਨਾ ਕੀਤੀ। ਹਾਂ, ਰਣਜੀਤ ਸਿੰਘ ਨੇ ਵਿਚ ਪੈ ਕੇ ਉਸਦੀ ਅੰਗਰੇਜ਼ਾਂ ਨਾਲ ਸੁਲ੍ਹਾ ਕਰਾ ਦਿਤੀ‡। ਅਹਿਦਨਾਮਾ ੧੧ ਜਨਵਰੀ, ੧੮੦੬ ਈ. ਨੂੰ ਲਿਖਿਆ ਗਿਆ।

ਹੁਲਕਰ ਦੇ ਮਗਰ ਮਗਰ ਜਰਨੈਲ ਲੇਕ ਆ ਰਿਹਾ ਸੀ। ਪਟਿਆਲੇ ਨੇ ਉਸਦਾ ਬੜਾ ਆਦਰ ਕੀਤਾ।

**ਨਾਭਾ, ਪਟਿਆਲਾ ਦਾ ਝਗੜਾ**

ਪਿੰਡ ਦੂਲਾਭੀ ਨਾਭੇ ਦੇ ਅਸਲੋਂ ਨਾਲ ਸੀ, ਪਰ ਉਸ ਉੱਤੇ ਕਬਜ਼ਾ ਪਟਿਆਲੇ ਦਾ ਸੀ। ਏਹ ਪਿੰਡ ਦੋਹਾਂ ਰਿਆਸਤਾਂ ਦੀ ਲੜਾਈ ਦਾ ਕਾਰਨ ਸੀ। ਰਾਜਾ ਭਾਗ ਸਿੰਘ ਜੀਂਦ ਨਾਭੇ ਵੱਲ ਹੋ ਗਿਆ ਤੇ ਭੰਗਾ ਸਿੰਘ, ਮਹਿਤਾਬ ਸਿੰਘ ਥਾਨੇਸਰ, ਲਾਲ ਸਿੰਘ ਕੈਥਲ, ਪਟਿਆਲੇ ਵੱਲ ਹੋ ਗਏ। ਦੋ ਮਹੀਨੇ ਲੜਾਈ ਰਹੀ। ਥਾਨੇਸਰੀਆਂ ਸ: ਮਹਿਤਾਬ ਸਿੰਘ ਜੰਗ ਵਿਚ ਮਾਰਿਆ ਗਿਆ। ਦੋਹਾਂ ਧਿਰਾਂ ਨੇ ਸਾਲਸੀ ਵਾਸਤੇ ਮ. ਰਣਜੀਤ ਸਿੰਘ ਨੂੰ ਬੁਲਾ ਲਿਆ। ਉਹ ੨੦ ਹਜ਼ਾਰ ਫ਼ੌਜ ਲੈ ਕੇ ਪਟਿਆਲੇ ਜਾ ਪਹੁੰਚਾ (੧੮੦੬ ਈ.)।

**ਮਹਿਤਾਬ ਸਿੰਘ ਸੁਰਗਵਾਸ**

---

‡ ਵੇਖੋ 'ਸਿੱਖਰਾਜ ਤੇ ਸ਼ੇਰੇ-ਪੰਜਾਬ'।

Sri Satguru Jagjit Singh Ji eLibrary NamdhariElibrary@gmail.com

ਉਹਨੇ ਦੋਹਾਂ ਧਿਰਾਂ ਦੀ ਸੁਲ੍ਹਾ ਕਰਾ ਕੇ ਦੋਹਾਂ ਤੋਂ ਨਜ਼ਰਾਨੇ

ਰਣਜੀਤ ਸਿੰਘ ਪਟਿਆਲੇ

ਲਏ। ਪਿੰਡ ਦੁਲਾਦੀ ਉਸਨੇ ਪਟਿਆਲੇ ਨੂੰ ਦੇ ਦਿਤਾ ਤੇ ਰਾਏ ਕੋਟ ਦੇ ੩੧ ਪਿੰਡ (ਕੋਟ ਬਸੀਆਂ, ਤਲਵੰਡੀ ਆਦਿ ਖੋਹ ਕੇ ਨਾਭੇ ਨੂੰ ਦੇ ਦਿਤੇ। ਚੁਰੰਜਾ ਪਿੰਡ (ਲੁਧਿਆਣਾ, ਜੰਡਿਆਵਾ, ਕੋਟ, ਜਗਰਾਉਂ, ਬਸੀ ਦੇ ਪਰਗਣੇ) ਭਾਗ ਸਿੰਘ ਜੀਂਦ ਨੂੰ ਦਿਤੇ ਤੇ ਬੱਦੋਵਾਲ ਦੇ ੩੨ ਪਿੰਡ ਸ: ਗੁਰਦਿਤ ਸਿੰਘ ਲਾਡਵਾ ਨੂੰ ਦਿਤੇ।

ਰਣਜੀਤ ਸਿੰਘ ਫਿਰ ਪਟਿਆਲੇ

੧੮੦੭ ਈ. ਵਿਚ ਰਾ. ਸਾਹਿਬ ਸਿੰਘ ਤੇ ਉਸਦੀ ਰਾਣੀ ਆਸ ਕੌਰ ਵਿਚ ਝਗੜਾ ਹੋ ਪਿਆ। ਦੋਹਾਂ ਧਿਰਾਂ ਨੇ ਮ. ਰਣਜੀਤ ਸਿੰਘ ਨੂੰ ਸਾਲਸੀ ਵਾਸਤੇ ਬੁਲਾ ਲਿਆ। ਉਹ ਫ਼ੌਜ ਲੈ ਕੇ ਸਤੰਬਰ ਵਿਚ ਪਟਿਆਲੇ ਜਾ ਪੁੱਜਾ। ਦੋਹਾਂ ਧਿਰਾਂ ਤੋਂ ਨਜ਼ਰਾਨੇ ਲੈ ਕੇ ਉਹਨੇ ਏਸ ਤਰ੍ਹਾਂ ਫ਼ੈਸਲਾ ਕੀਤਾ:— ਰਾਜਸੀ ਤਾਕਤ ਸਾਰੀ ਰਾ. ਸਾਹਿਬ ਸਿੰਘ ਦੇ ਹੱਥ ਦੇ ਦਿਤੀ ਤੇ ਰਾਣੀ ਆਸ ਕੌਰ ਤੇ ਟਿੱਕਾ ਕਰਮ ਸਿੰਘ ਵਾਸਤੇ ਪੰਜਾਹ ਹਜ਼ਾਰ ਸਾਲਾਨਾ ਦੀ ਜਾਗੀਰ ਦੀ (ਬਨੂੜ, ਮਨੀ ਮਾਜਰਾ, ਸਨੌਰ, ਖੁਸੌਲੀ ਤੇ ਚਨਾਰਥਲ) ਦੇ ਦਿਤੀ। ਏਸ ਤਰ੍ਹਾਂ ਦੋਵੇਂ ਧਿਰਾਂ ਖ਼ੁਸ਼ ਹੋ ਗਏ।

ਮਾਲਵੇ ਦੀਆਂ ਰਿਆਸਤਾਂ ਦੇ ਦੋਹੀਂ ਪਾਸੀਂ ਦੋ ਬਲਵਾਨ ਗੁਆਂਢੀ ਸਨ: ਮ. ਰਣਜੀਤ ਸਿੰਘ ਤੇ ਅੰਗਰੇਜ਼। ਉਹਨਾਂ ਵਾਸਤੇ ਦੋਹਾਂ ਵਿਚੋਂ ਇਕ ਦਾ ਆਸਰਾ ਲੈਣਾ ਜ਼ਰੂਰੀ ਸੀ। ਸੋ ਉਹਨਾਂ ਨੇ ਮ. ਰਣਜੀਤ ਸਿੰਘ ਦੀ ਥਾਂ ਅੰਗਰੇਜ਼ਾਂ ਦੀ ਰੱਖਿਆ ਵਿਚ ਜਾਣਾ ਚੰਗਾ ਸਮਝਿਆ ਤੇ ਇਹ ਫ਼ੈਸਲਾ

ਰਾਜਿਆਂ ਦੇ ਵਕੀਲ ਦਿੱਲੀ ਪੁੱਜੇ

ਸਮਾਣੇ ਵਿਚ ਕੱਠਿਆਂ ਹੋ ਕੇ ਕੀਤਾ। ਰਾਜਾ ਭਾਗ ਸਿੰਘ ਜੀਂਦ, ਭਾਈ ਲਾਲ ਸਿੰਘ ਕੈਥਲ, ਪਟਿਆਲੇ ਦਾ ਵਕੀਲ ਸ: ਚੈਨ ਸਿੰਘ ਤੇ ਨਾਭੇ ਦਾ ਵਕੀਲ ਸੱਯਦ ਗ਼ੁਲਾਮ ਹੁਸੈਨ ਪਹਿਲੀ ਅਪ੍ਰੈਲ, ੧੮੦੮ ਈ. ਦਿੱਲੀ ਵਿਚ ਅੰਗਰੇਜ਼ ਰੈਜ਼ੀਡੈਂਟ ਨੂੰ ਮਿਲੇ ਤੇ ਦਰਖ਼ਾਸਤ ਕੀਤੀ, ਕਿ ਅੰਗਰੇਜ਼ ਮਾਲਵੇ ਦੀਆਂ ਰਿਆਸਤਾਂ ਨੂੰ ਆਪਣੀ ਰਾਖੀ ਵਿਚ ਲੈ ਲੈਣ। ਰੈਜ਼ੀਡੈਂਟ ਨੇ ਪੱਕਾ ਫ਼ੈਸਲਾ ਨਾ ਕੀਤਾ, ਪਰ ਲਾਰਾ ਲਾਈ ਰਖਿਆ।

Sri Satguru Jagjit Singh Ji eLibrary NamdhariElibrary@gmail.com

ਰਣਜੀਤ ਸਿੰਘ ਨੇ ਭਰੋਸਾ ਦੁਆਇਆ

ਇਹ ਖ਼ਬਰ ਮਹਾਰਾਜਾ ਰਣਜੀਤ ਸਿੰਘ ਨੇ ਸੁਣੀ, ਤਾਂ ਉਹਨੇ ਮਾਲਵੇ ਦੇ ਮਰਦਾਰਾਂ ਤੇ ਰਾਜਿਆ ਨੂੰ ਅੰਮ੍ਰਿਤਸਰ ਬੁਲਾ ਕੇ ਭਰੋਸਾ ਦੁਆਇਆ ਤੇ ਰਾਜਾ ਸਾਹਿਬ ਸਿੰਘ ਨਾਲ ਪੱਗ ਵਟਾ ਕੇ ਧਰਮ ਦਾ ਭਰੱਾ ਬਣਾਇਆ। ੧੮੦੮ ਈ. ਦੀ ਮਾਲਵਾ ਮੁਹਿੰਮ ਵਿਚ ਮਹਾਰਾਜੇ ਨੇ ੨੪ ਨਵੰਬਰ ਨੂੰ ਰਾਜਾ ਸਾਹਿਬ ਸਿੰਘ ਨੂੰ ਲਖਨੌਰ ਬੁਲਾ ਕੇ ਬਾਬਾ ਸਾਹਿਬ ਸਿੰਘ ਬੇਦੀ ਦੇ ਸਾਮ੍ਹਣੇ ਹਰ ਤਰ੍ਹਾਂ ਦਾ ਭਰੋਸਾ ਦੁਆਇਆ। ਪਰ ਅਫ਼ਸੋਸ, ਉਹਨਾਂ ਸ਼ੇਰੇ-ਪੰਜਾਬ 'ਤੇ ਬੇ-ਭਰੋਸਗੀ ਕਰਕੇ ਅੰਗਰੇਜ਼ਾਂ ਦੀ ਸ਼ਰਨ ਜਾ ਲਈ।

ਅੰਗਰੇਜ਼ਾਂ ਦੀ ਰੱਖਿਆ ਵਿਚ

੨੫ ਅਪ੍ਰੈਲ, ੧੮੦੯ ਈ. ਨੂੰ ਮ: ਰਣਜੀਤ ਸਿੰਘ ਦੀ ਅੰਗਰੇਜ਼ਾਂ ਨਾਲ ਸੁਲ੍ਹਾ ਹੋਈ*, ਜਿਸ ਵਿਚ ਦੋਹਾਂ ਤਾਕਤਾਂ ਦੀ ਹੱਦ ਦਰਿਆ ਸਤਲੁਜ ਮੰਨੀ ਗਈ। ੩ ਮਈ, ੧੮੦੯ ਈ. ਨੂੰ ਅੰਗਰੇਜ਼ਾਂ ਨੇ ਮਾਲਵੇ ਦੀਆਂ ਰਿਆਸਤ ਦੀ ਰੱਖਿਆ ਦਾ ਐਲਾਨ ਕੀਤਾ :—

੧. ਮਾਲਵੇ ਤੇ ਸਰਹਿੰਦ ਦੇ ਸਰਦਾਰਾਂ ਦਾ ਇਲਾਕਾ ਅੰਗਰੇਜ਼ਾਂ ਨੇ ਆਪਣੀ ਰੱਖਿਆ (Protection) ਵਿਚ ਲੈ ਲਿਆ ਹੈ। ਮ. ਰਣਜੀਤ ਸਿੰਘ ਦੇ ਅਸਰ ਤੇ ਅਧਿਕਾਰ ਤੋਂ ਉਹ ਸੁਤੰਤਰ ਕਰ ਦਿਤੇ ਗਏ ਹਨ।

੨. ਰੱਖਿਆ—ਅਧੀਨ ਸਰਦਾਰਾਂ ਤੋਂ ਸਰਕਾਰ ਅੰਗਰੇਜ਼ੀ ਕੋਈ ਖ਼ਰਾਜ ਜਾਂ ਨਜ਼ਰਾਨਾ ਨਹੀਂ ਲਿਆ ਕਰੇਗੀ।

੩. ਸਭ ਸਰਦਾਰਾਂ ਨੂੰ ਆਪੋ ਆਪਣੇ ਇਲਾਕੇ ਵਿਚ ਉਹ ਸਾਰੇ ਹੱਕ ਤੇ ਅਧਿਕਾਰ ਹਾਸਲ ਰਹਿਣਗੇ, ਜੋ ਇਸ ਦਿਨ ਤੋਂ ਪਹਿਲਾਂ ਸਨ।

੪. ਜੇ ਰੱਖਿਆਧੀਨ ਸਰਦਾਰਾਂ ਦੇ ਇਲਾਕੇ ਵਿਚ ਦੀ ਕਦੇ ਅੰਗਰੇਜ਼ਾਂ ਨੂੰ ਫ਼ੌਜ ਲੰਘਾਉਣ ਦੀ ਲੋੜ ਪਵੇ, ਤਾਂ ਇਹ ਜ਼ਰੂਰੀ ਹੈ, ਕਿ ਹਰ ਸਰਦਾਰ ਆਪਣੇ ਇਲਾਕੇ ਵਿਚ ਪੂਰੀ ਤਾਕਤ ਨਾਲ ਮਦਦ ਕਰੇ ਤੇ ਅਨਾਜ ਤੇ ਹੋਰ ਲੋੜੀਂਦੀਆਂ ਚੀਜ਼ਾਂ, ਜੋ ਉਸ ਤੋਂ ਮੰਗੀਆਂ ਜਾਣ ਫ਼ੌਜ ਨੂੰ ਪੁਚਾਵੇ।

---

* ਵੇਖੋ 'ਸਿੱਖਰਾਜ ਤੇ ਸ਼ੇਰੇ-ਪੰਜਾਬ'।

Sri Satguru Jagjit Singh Ji eLibrary NamdhariElibrary@gmail.com

੫. ਜੇ ਇਸ ਮੁਲਕ ਨੂੰ ਜਿੱਤਣ ਵਾਸਤੇ ਕਿਸੇ ਪਾਸਿਓਂ ਵੀ ਕੋਈ ਵੈਰੀ ਚੜ੍ਹ ਆਵੇ, ਤਾਂ ਦੋਸਤੀ ਦੇ ਸਾਂਝੇ ਲਾਭ ਸਦਕਾ, ਹਰ ਇਕ ਸਰਦਾਰ ਆਪਣੀ ਸਾਰੀ ਫ਼ੌਜ ਸਣੇ,ਅੰਗਰੇਜ਼ੀ ਫ਼ੌਜ ਨਾਲ ਮਿਲ ਜਾਵੇ ਤੇ ਪੂਰੀ ਵਫ਼ਾ-ਦਾਰੀ ਤੇ ਅੱਗਿਆਕਾਰੀ ਵਿਚ ਰਹਿ ਕੇ ਵੈਰੀ ਨੂੰ ਭਜਾ ਦੇਵੇ।

੬. ਫ਼ੌਜ ਦੀ ਵਰਤੋਂ ਵਾਸਤੇ ਜੋ ਵਲਾਇਤੀ ਚੀਜ਼ਾਂ ਸੌਦਾਗਰ ਪੂਰਬੀ ਇਲਾਕੇ 'ਚੋਂ ਲਿਆਉਣ, ਉਹਨਾਂ ਨੂੰ ਇਲਾਕੇ ਵਿਚ ਦੀ ਲੰਘਣ ਦੀ ਅੱਗਿਆ ਦਿਤੀ ਜਾਵੇ ਤੇ ਕੋਈ ਸਰਦਾਰ ਉਹਨਾਂ ਤੋਂ ਜ਼ਕਾਤ ਜਾਂ ਮਸੂਲ ਨਾ ਮੰਗੇ।

੭. ਸਰਹਿੰਦ ਜਾਂ ਹੋਰ ਕਿਸੇ ਇਲਾਕੇ ਵਿਚੋਂ ਜੋ ਘੋੜੇ ਰਸਾਲੇ ਵਾਸਤੇ ਖਰੀਦੇ ਜਾਣ ਤੇ ਖ਼ਰੀਦਣ ਵਾਲਿਆਂ ਕੋਲ ਸਰਕਾਰੀ ਸਨਦ ਹੋਵੇ, ਤਾਂ ਉਹਨਾਂ ਨੂੰ ਮੁਲਕ ਵਿਚ ਦੀ ਲੰਘਣ ਦੀ ਅੱਗਿਆ ਦਿਤੀ ਜਾਵੇ ਤੇ ਕੋਈ ਸਰਦਾਰ ਉਹਨਾਂ ਤੋਂ ਜ਼ਕਾਤ ਜਾਂ ਮਸੂਲ ਨਾ ਮੰਗੇ†।

ਏਸ ਦਿਨ ਤੋਂ ਮਾਲਵੇ ਦੇ ਰਾਜਿਆਂ ਦਾ ਇਤਿਹਾਸ ਲਾਹੌਰ ਦਰਬਾਰ ਨਾਲੋਂ ਵੱਖਰਾ ਹੋ ਗਿਆ। ਅੰਗਰੇਜ਼ਾਂ ਨੇ ਲੁਧਿਆਣੇ ਵਿਚ ਪੱਕੀ ਛਾਉਣੀ ਪਾ ਲਈ।

**'ਮਹਾਰਾਜੇ' ਦਾ ਖ਼ਤਾਬ**

ਦਿੱਲੀ ਦਾ ਮੁਗ਼ਲ ਬਾਦਸ਼ਾਹ ਵੀ ਅੰਗਰੇਜ਼ਾਂ ਦੀ ਰੱਖਿਆ ਵਿਚ ਸੀ। ੧੮੧੦ ਈ. ਵਿਚ ਬਾਦਸ਼ਾਹ ਅਕਬਰ ਦੂਸਰੇ ਨੇ ਪਟਿਆਲੇ ਦੇ ਰਾਜੇ ਨੂੰ 'ਮਹਾ-ਰਾਜੇ ਦਾ ਖ਼ਿਤਾਬ ਦਿਤਾ‡।

**ਆਸ ਕੌਰ ਵਜ਼ੀਰ**

ਮਹਾਰਾਜਾ ਸਾਹਿਬ ਸਿੰਘ ਤੇ ਉਸ ਦੀ ਰਾਣੀ ਆਸ ਕੌਰ ਵਿਚ ਸਦਾ ਝਗੜਾ ਰਹਿੰਦਾ ਸੀ। ੧੮੧੨ ਈ. ਵਿਚ ਅੰਗਰੇਜ਼ਾਂ ਨੇ ਹਕੂਮਤ ਪਟਿਆਲਾ ਦੇ ਸਾਰੇ ਅਖ਼ਤਿਆਰ ਰਾਣੀ ਆਸ ਕੌਰ ਦੇ ਸਪੁਰਦ ਕਰ ਦਿਤੇ ਤੇ ਮਹਾਰਾਜਾ

† ਕਨਿੰਘਮ (੧੯੧੮), ਪੰਨੇ ੩੮੨-੩।

‡ ਪੰਜਾਬ ਰਾਂਜਾਜ਼, ਪੰਨਾ ੧੬੮।

Sri Satguru Jagjit Singh Ji eLibrary NamdhariElibrary@gmail.com

ਸਾਹਿਬ ਸਿੰਘ ਨੂੰ ੧੨ ਹਜ਼ਾਰ ਮਹੀਨੇ ਦੀ ਪੈਨਸ਼ਨ ਦੇ ਦਿਤੀ।

ਸਾਹਿਬ ਸਿੰਘ ਸੁਰਗਵਾਸ

ਮਹਾਰਾਜਾ ਸਾਹਿਬ ਸਿੰਘ ੨੬ ਮਾਰਚ, ੧੮੧੩ ਈ. ਨੂੰ ਸੁਰਗਵਾਸ ਹੋਇਆ*। ਫਿਰ ਵੱਡਾ ਪੁੱਤਰ ਕਰਮ ਸਿੰਘ 'ਮਹਾਰਾਜਾ' ਬਣਿਆਂ। ੧੮੧੪ ਈ. ਦੀ ਗੋਰਖਿਆਂ ਦੀ ਲੜਾਈ ਵਿਚ ਉਹਨੇ ਅੰਗਰੇਜ਼ਾਂ ਦੀ ਬੜੀ ਮਦਦ ਕੀਤੀ,

ਕਰਮ ਸਿੰਘ

ਜਿਸ ਦੇ ਇਨਾਮ ਵਜੋਂ ਅੰਗਰੇਜ਼ਾਂ ਨੇ ਬੁਘਾਟ, ਜਗਤਗੜ੍ਹ ਆਦਿ ਸੋਲ੍ਹਾਂ ਪਰਗਨੇ ਦਿਤੇ। ੧੮੨੭ ਈ. ਵਿਚ ਉਹਨੇ ਅੰਗਰੇਜ਼ਾਂ ਨੂੰ ਵੀਹ ਲੱਖ ਰੁਪਿਆ ਕਰਜ਼ ਦਿਤਾ। ੧੮੪੫ ਈ. ਵਿਚ ਲਾਹੌਰ ਦਰਬਾਰ ਦੀ ਅੰਗਰੇਜ਼ਾਂ ਨਾਲ ਲੜਾਈ ਸ਼ੁਰੂ ਹੋਈ, ਤਾਂ ਮਹਾਰਾਜਾ ਕਰਮ ਸਿੰਘ ਨੇ ਅੰਗਰੇਜ਼ਾਂ ਦੀ ਹਰ ਤਰ੍ਹਾਂ ਮਦਦ ਕਰਨ ਦਾ ਐਲਾਨ ਕੀਤਾ ਤੇ ਯਥਾਸ਼ਕਤ ਮਦਦ ਕੀਤੀ। ਪਰ ਫੇਰੂ ਸ਼ਹਿਰ ਦੀ ਲੜਾਈ ਤੋਂ ਅਗਲੇ ਦਿਨ —੨੩ ਦਸੰਬਰ, ੧੮੪੫ ਈ—ਉਹ ਸੁਰਗਵਾਸ ਹੋ ਗਿਆ†।

ਮਹਾਰਾਜਾ ਨਰਿੰਦਰ ਸਿੰਘ

ਉਸ ਦੇ ਪਿੱਛੋਂ ਉਸ ਦਾ ਵੱਡਾ ਪੁੱਤਰ ਨਰਿੰਦਰ ਸਿੰਘ, ਤੇਈ ਸਾਲ ਦੀ ਉਮਰ ਵਿਚ ਗੱਦੀ 'ਤੇ ਬੈਠਾ। ਸਤਲੁਜ ਯੁੱਧ ਵਿਚ ਉਹਨੇ ਅੰਗਰੇਜ਼ਾਂ ਦੀ ਸਭ ਤੋਂ ਵਧੇਰੇ ਮਦਦ ਕੀਤੀ। ਲੜਾਈ ਖ਼ਤਮ ਹੋਣ ਪਿੱਛੋਂ ਅੰਗਰੇਜ਼ਾਂ ਨੇ ਨਾਭੇ ਦੇ ਜ਼ਬਤ ਕੀਤੇ ਇਲਾਕੇ ਵਿਚੋਂ ੩੫੬੧੨ ਰੁਪੈ ਸਾਲਾਨਾ ਆਮਦਣ ਦਾ ਇਲਾਕਾ ਪਟਿਆਲੇ ਨੂੰ ਦਿਤਾ।

ਮਾਰਚ, ੧੮੪੭ ਈ. ਵਿਚ ਮਾਲਵੇ ਦੀਆਂ ਰਿਆਸਤਾਂ ਅੰਦਰ ਨਵੇਂ ਢੰਗ ਦਾ ਕਾਨੂੰਨ ਜਾਰੀ ਕਰਕੇ ਅਦਾਲਤਾਂ ਕਾਇਮ ਕੀਤੀਆਂ ਗਈਆਂ। ਦੂਸਰੇ ਸਿੱਖ ਯੁੱਧ ਪਿੱਛੋਂ ਜੂਨ, ੧੮੪੯ ਈ. ਵਿਚ ਮਾਲਵੇ ਦੀਆਂ ਨੌਂ ਰਿਆਸਤਾਂ (ਪਟਿਆਲਾ, ਜੀਂਦ, ਨਾਭਾ, ਫ਼ਰੀਦਕੋਟ,ਮਲੇਰਕੋਟਲਾ ਆਦਿ)

---

* ਪੰਜਾਬ ਰਾਜਾਜ਼, ਪੰਨਾ ੧੫੩; ਰਾਜ ਖ਼ਾਲਸਾ, ਹਿੱਸਾ ਦੂਜਾ, ਪੰਨਾ ੫੮।

† ਪੰਜਾਬ ਰਾਜਾਜ਼, ਪੰਨਾ ੨੦੧; ਰਾਜ ਖ਼ਾਲਸਾ, ਹਿੱਸਾ ਦੂਜਾ, ਪੰਨਾ ੬੫; ਲਤੀਫ਼, ਪੰਨਾ ੩੨੮।

Sri Satguru Jagjit Singh Ji eLibrary NamdhariElibrary@gmail.com

ਛੱਡ ਕੇ ਬਾਕੀ ਸਾਰੀਆਂ ਅੰਗਰੇਜ਼ੀ ਰਾਜ ਵਿਚ ਮਿਲਾ ਦਿਤੀਆਂ ।

ਗ਼ਦਰ ਤੇ ਪਟਿਆਲਾ

੧੮੫੭ ਈ. ਦੇ ਗ਼ਦਰ ਵਿਚ ਪਟਿਆਲਾ ਸਾਰੇ ਹਿੰਦੁਸਤਾਨ ਵਿਚੋਂ ਅੰਗਰੇਜ਼ਾਂ ਦਾ ਵਧੇਰੇ ਵਫ਼ਾਦਾਰ ਰਿਹਾ ਤੇ ਵਧੇਰੇ ਮਦਦ ਕੀਤੀ । ਇਸ ਦੇ ਇਨਾਮ ਵਜੋਂ ਅੰਗਰੇਜ਼ਾਂ ਨੇ ਨਵਾਬ ਝੱਜਰ ਦੇ ਜ਼ਬਤ ਕੀਤੇ ਇਲਾਕੇ ਵਿਚੋਂ ਦੋ ਲੱਖ ਸਾਲਾਨਾ ਆਮਦਣ ਦਾ ਇਲਾਕਾ ਨਾਰਨੌਲ ਦਿਤਾ । ਨਾਲ ਹੀ ਦਿੱਲੀ ਵਿਚ ਬੇਗਮ ਦਾ 'ਜ਼ੀਨਤ ਮਹਿਲ' ਦਿਤਾ ਤੇ "ਫ਼ਰਜ਼ੰਦਿ ਖ਼ਾਸ, ਦੌਲਤੇ ਇੰਗ-ਲਿਸ਼ੀਆ, ਮਨਸੂਰੁੱਲ ਜ਼ਮਾਂ, ਅਮੀਰੁੱਲ ਉਮਰਾ, ਮਹਾਰਾਜਾ-ਧੀਰਾਜ, ਰਾਜੇਸ਼੍ਵਰ ਸ੍ਰੀ ਮਹਾਰਾਜਾ-ਏ-ਰਾਜਗਾਨ ਨਰਿੰਦਰ ਸਿੰਘ ਮਹਿੰਦਰ ਬਹਾਦਰੁ ਦਾ ਖ਼ਿਤਾਬ ਬਖ਼ਸ਼ਿਆ ।

ਨਾਰਨੌਲ

ਖ਼ਿਤਾਬ

ਕਨੌਦ

੧੮੬੦ ਈ. ਵਿਚ ਉਸ ਕਰਜ਼ ਬਦਲੇ—ਜੋ ਪਟਿਆਲੇ ਦਾ ਸਰਕਾਰ ਅੰਗਰੇਜ਼ੀ ਦੇ ਸਿਰ ਸੀ—ਪਟਿਆਲੇ ਨੂੰ ੯੮ ਹਜ਼ਾਰ ਸਾਲਾਨਾ ਆਮਦਣ ਦਾ ਇਲਾਕਾ ਕਨੌਦ (ਰਿਆਸਤ ਝੱਜਰ ਵਿਚੋਂ) ਦਿਤਾ ਗਿਆ ।

੧੮-੧੯ ਜਨਵਰੀ, ੧੮੬੦ ਈ. ਨੂੰ ਗਵਰਨਰ-ਜੈਨਰਲ ਲਾਰਡ ਕੇਨਿੰਗ (**Canning**) ਨੇ ਅੰਬਾਲੇ ਵਿਚ ਦਰਬਾਰ ਕੀਤਾ, ਜਿਸ ਵਿਚ ਮਗਰਲੇ ਦਿਨ (੧੯ ਜਨਵਰੀ) ਮਹਾਰਾਜਾ ਪਟਿਆਲਾ ਦਾ ਧੰਨਵਾਦ ਕੀਤਾ ਗਿਆ ਤੇ ਉਸ ਨੂੰ ਫੂਲ ਘਰਾਣੇ ਵਿਚੋਂ ਮੁਤਬੰਨਾ (ਪੁਤਰੇਲਾ) ਬਨਾਉਣ ਦਾ ਹੱਕ ਦਿਤਾ ਗਿਆ, ਜਿਸ ਦੀ ਸੰਨਦ ਉਸ ਨੂੰ ੫ ਮਈ, ੧੮੬੦ ਈ. ਨੂੰ ਮਿਲੀ‡ । ਪਹਿਲੀ ਨਵੰਬਰ, ੧੮੬੧ ਈ. ਨੂੰ ਉਸ ਨੂੰ 'ਸਤਾਰਾ-ਏ-ਹਿੰਦ' (**Star of India**) ਦਾ ਖ਼ਿਤਾਬ ਦੇ ਕੇ ਗਵਰਨਰ-ਜੈਨਰਲ ਦੀ ਕੌਂਸਲ ਦਾ ਮੈਂਬਰ ਬਣਾਇਆ ਗਿਆ ।

ਮੁਤਬੰਨੇ ਦਾ ਹੱਕ

ਸਤਾਰਾ-ਏ-ਹਿੰਦ

ਮ: ਨਰਿੰਦਰ ਸਿੰਘ

੧੩ ਨਵੰਬਰ, ੧੮੬੨ ਈ. ਦੇ ਦਿਨ ਮਹਾਰਾਜਾ

‡ ਪੰਜਾਬ ਰਾਜਾਜ਼, ਪੰਨੇ ੨੫੪-੪ ।

Sri Satguru Jagjit Singh Ji eLibrary NamdhariElibrary@gmail.com

ਸੁਰਗਵਾਸ — ਨਰਿੰਦਰ ਸਿੰਘ ਸੁਰਗਵਾਸ ਹੋ ਗਿਆ।

ਮ: ਮਹਿੰਦਰ ਸਿੰਘ — ਉਸ ਦੇ ਪਿੱਛੋਂ ਮਹਿੰਦਰ ਸਿੰਘ ਮਹਾਰਾਜਾ ਬਣਿਆਂ ਤੇ ਉਸ ਦੀ ਉਮਰ ਉਸ ਵੇਲੇ ਦਸ ਸਾਲ ਦੀ ਸੀ*। ਸੋ ਕੰਮ ਚਲਾਉਣ ਵਾਸਤੇ ਤਿੰਨਾਂ ਮੈਂਬਰਾਂ (ਸ: ਜਗਦੇਵ ਸਿੰਘ, ਬਖ਼ਸ਼ੀ ਰਹੀਮ ਬਖ਼ਸ਼ ਤੇ ਉਦੇ ਸਿੰਘ) ਦੀ ਕੌਂਸਲ ਬਣਾ ਦਿਤੀ ਗਈ ੨੬ ਸਤੰਬਰ, ੧੮੬੩ ਈ. ਬਖ਼ਸ਼ੀ ਉਦੇ ਸਿੰਘ ਮਰ ਗਿਆ, ਤਾਂ ਉਸਦੀ ਥਾਂ ਸ: ਬਸਾਵਾ ਸਿੰਘ ਮੈਂਬਰ ਬਣਿਆਂ। ੧੮੬੬ ਈ. ਵਿਚ ਬਸਾਵਾ ਸਿੰਘ ਤੇ ਰਹੀਮ ਬਖ਼ਸ ਦੋਵੇਂ ਮਰ ਗਏ, ਤਾਂ ਉਹਨਾਂ ਦੀ ਥਾਂ ਮੌਲਵੀ ਮੁਹੰਮਦ ਹੁਸੈਨ ਤੇ ਸ: ਫ਼ਤਹਿ ਸਿੰਘ ਮੈਂਬਰ ਬਣੇ। ਫ਼ਰਵਰੀ, ੧੮੭੦ ਈ. ਨੂੰ ਕੌਂਸਲ ਤੋੜ ਕੇ ਸਾਰੇ ਅਖ਼ਤਿਆਰ ਮਹਾਰਾਜਾ ਮਹਿੰਦਰ ਸਿੰਘ ਨੂੰ ਦੇ ਦਿਤੇ ਗਏ। ਉਸ ਨੇ ਪਟਿਆਲੇ ਵਿਚ 'ਮਹਿੰਦਰਾ ਕਾਲਜ' ਬਣਾਇਆ। ਉਹ ੧੮੭੬ ਈ. ਵਿਚ ਸੁਰਗਵਾਸ ਹੋ ਗਿਆ।

ਮ: ਰਾਜਿੰਦਰ ਸਿੰਘ — ਫਿਰ ਮਹਾਰਾਜਾ ਰਾਜਿੰਦਰ ਸਿੰਘ ਗੱਦੀ 'ਤੇ ਬੈਠਾ, ਜੋ ੨੯ ਸਾਲ ਦੀ ਉਮਰ ਭੋਗ ਕੇ ਨਵੰਬਰ, ੧੯੦੦ ਈ. ਵਿਚ ਸੁਰਗਵਾਸ ਹੋ ਗਿਆ। ਉਸ ਦਾ ਨੌਂ ਸਾਲਾ

ਮ: ਭੂਪਿੰਦਰ ਸਿੰਘ — ਪੁੱਤਰ ਭੂਪਿੰਦਰ ਸਿੰਘ ਮਹਾਰਾਜਾ ਬਣਿਆਂ। ਓਸੇ ਦੇ ਅਹਿਦ ਵਿਚ ਅਕਾਲੀ ਲਹਿਰ ਚੱਲੀ। ਅੰਗਰੇਜ਼ੀ ਸਰਕਾਰ ਵੱਲੋਂ ਉਹਨੂੰ 'ਸਰ' ਦਾ ਖ਼ਿਤਾਬ ਮਿਲਿਆ। ਮਹਾਰਾਜਾ ਸਰ ਭੂਪਿੰਦਰ ਸਿੰਘ ੧੯੩੮ ਈ. ਵਿਚ ਸੁਰਗਵਾਸ ਹੋਇਆ।

ਮ: ਯਾਦਵਿੰਦਰ ਸਿੰਘ — ਫਿਰ ਮੌਜੂਦਾ ਮਹਾਰਾਜਾ ਸਰ ਯਾਦਵਿੰਦਰ ਸਿੰਘ ੨੩ ਮਾਰਚ, ੧੯੩੮ ਈ. ਨੂੰ ਗੱਦੀ 'ਤੇ ਬੈਠਾ। ਇਸ ਦਾ ਜਨਮ ੭ ਜਨਵਰੀ, ੧੯੧੩ ਈ. ਦਾ ਹੈ। ਇਸ ਦੇ ਅਹਿਦ ਵਿਚ ੧੫ ਅਗਸਤ, ੧੯੪੭ ਈ. ਨੂੰ ਹਿੰਦੁਸਤਾਨ ਅੰਗਰੇਜ਼ ਦੀ ਗ਼ੁਲਾਮੀ ਤੋਂ ਆਜ਼ਾਦ ਹੋਇਆ। ਪਾਕਸਤਾਨ ਬਣਨ ਕਰਕੇ ਲੱਖਾਂ ਹਿੰਦੂ

---

* ਮ: ਮਹਿੰਦਰ ਸਿੰਘ ਦਾ ਜਨਮ ੧੬ ਸਤੰਬਰ, ੧੮੫੨ ਈ. ਦਾ ਸੀ।

Sri Satguru Jagjit Singh Ji eLibrary NamdhariElibrary@gmail.com

ਸਿੱਖ ਪਛਮੀ ਪਾਕਸਤਾਨ 'ਚੋਂ ਉਜੜ ਕੇ ਰਿਆਸਤ ਪਟਿਆਲਾ ਵਿਚ ਵੀ ਆਏ। ਮ: ਯਾਦਵਿੰਦਰ ਸਿੰਘ ਨੇ ਜਿਸ ਹਿਤ ਨਾਲ ਉਹਨਾਂ ਦੀ ਮਦਦ ਕੀਤੀ, ਉਹ ਕਦੇ ਭੁਲਾਈ ਨਹੀਂ ਜਾ ਸਕੇਗੀ।

ਅੰਗਰੇਜ਼ ਨੇ ਮੁਲਕ ਛਡਣ ਲਗਿਆਂ ਹਿੰਦ ਦੇ ਟੁਕੜੇ ਕਰਕੇ ਜਿੱਥੇ ਪਾਕਸਤਾਨ ਬਣਾ ਦਿਤਾ ਸੀ, ਓਥੇ ਦੇਸੀ ਰਿਆਸਤਾਂ ਨੂੰ ਵੀ ਸ਼ਹਿ ਦਿਤੀ ਸੀ,ਕਿ ਉਹ ਚਾਹੁਣ, ਤਾਂ ਵਖਰੀ, ਖ਼ੁਦਮੁਖ਼ਤਿਆਰ ਯੂਨੀਅਨ ਬਣਾ ਲੈਣ।

**ਹਿੰਦ ਵਿਚ ਸ਼ਾਮਲ ਹੋਣ ਦਾ ਐਲਾਨ**

ਕਈ ਰਾਜੇ ਖ਼ੁਦਮੁਖ਼ਤਿਆਰ ਹੋਣ ਦੇ ਹੱਕ ਵਿਚ ਸਨ। ਸਭ ਤੋਂ ਪਹਿਲਾਂ ਮਹਾਰਾਜਾ ਯਾਦਵਿੰਦਰ ਸਿੰਘ ਨੇ ੧੩ ਮਾਰਚ, ੧੯੪੭ ਈ. ਨੂੰ (Cabinet Mission Plan ਦੇ ਮੁਤਾਬਕ) ਹਿੰਦ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ, ਤੇ (Constituent Assemly) ਅਸੈਂਬਲੀ ਵਿਚ ਆਪਣੇ ਨੁਮਾਇੰਦੇ ਭੇਜੇ।

ਪਾਕਸਤਾਨ ਦਾ ਐਲਾਨ ਹੋ ਜਾਣ ਪਿੱਛੋਂ ਕਈ ਰਾਜੇ ਫਿਰ ਖ਼ੁਦ-ਮੁਖ਼ਤਿਆਰ ਹੋਣ ਦੀਆਂ ਸਲਾਹੀਂ ਕਰਨ ਲੱਗੇ। ਮਹਾਰਾਜਾ ਯਾਦਵਿੰਦਰ ਸਿੰਘ ਨੇ ਇਸ ਤਜਵੀਜ਼ ਦੀ ਸਖ਼ਤ ਵਿਰੋਧਤਾ ਕੀਤੀ। ਉਹਨੇ ਸਭ ਤੋਂ ਪਹਿਲਾਂ ਪਹਿਲੀ ਅਗਸਤ, ੧੯੪੭ ਈ. ਨੂੰ ਹਿੰਦ ਯੂਨੀਅਨ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਉਸ ਦੀ ਅਗਵਾਈ ਵਿਚ ੨੨ ਰਿਆਸਤਾਂ ਹੋਰ ਵੀ ਸ਼ਾਮਲ ਹੋ ਗਈਆਂ। ਇਹ ਮੰਨਣਾ ਪਵੇਗਾ, ਕਿ ਸੈਂਕੜੇ ਦੇਸੀ ਰਿਆ-ਸਤਾਂ ਦੇ ਹਿੰਦ ਵਿਚ ਸ਼ਾਮਲ ਹੋ ਜਾਣ ਵਿਚ ਸ: ਪਟੇਲ ਦੀ ਸਭ ਤੋਂ ਵਧੇਰੇ ਮਦਦ ਮਹਾਰਾਜਾ ਯਾਦਵਿੰਦਰ ਸਿੰਘ ਨੇ ਕੀਤੀ ਹੈ, ਤੇ ਇਹ ਸ਼ੁਭ ਕੰਮ ਵਿਚ ਪਹਿਲ ਕਰਨ ਦਾ ਸਿਹਰਾ ਏਸੇ ਦੇ ਸਿਰ ਹੈ।

ਫਿਰ ਪੰਜਾਬ ਦੀਆਂ ਰਿਆਸਤਾਂ ਦੀ ਯੂਨੀਅਨ ਬਣਨ ਦੀ ਵਾਰੀ ਆਈ। ਪੈਪਸੂ (**Pepsu**, ਪਟਿਆਲਾ, ਈਸਟ ਪੰਜਾਬ ਸਟੇਟਸ ਯੂਨੀਅਨ) ਵਿਚ ੮ ਰਿਆਸਤਾਂ ਸ਼ਾਮਲ ਹੋਈਆਂ। ੫ ਮਈ, ੧੯੪੮ ਈ. ਨੂੰ ਹੇਠ ਲਿਖੇ ਹੁਕਮਰਾਨਾਂ ਨੇ ਯੂਨੀਅਨ ਵਿਚ ਦਾਖ਼ਲ ਹੋਣ ਵਾਸਤੇ ਦਸਤਖ਼ਤ ਕੀਤੇ :—

Sri Satguru Jagjit Singh Ji eLibrary NamdhariElibrary@gmail.com

੧. ਮਹਾਰਾਜਾ ਪਟਿਆਲਾ ਸਰ ਯਾਦਵਿੰਦਰ ਸਿੰਘ,
੨. ਮਹਾਰਾਜਾ ਕਪੂਰਥਲਾ ਸਰ ਜਗਤਜੀਤ ਸਿੰਘ,
੩. ਮਹਾਰਾਜਾ ਨਾਭਾ ਪ੍ਰਤਾਪ ਸਿੰਘ,
੪. ਮਹਾਰਾਜਾ ਜੀਂਦ ਰਾਜਬੀਰ ਸਿੰਘ,
੫. ਰਾਜਾ ਫ਼ਰੀਦਕੋਟ ਹਰਿੰਦਰ ਸਿੰਘ,
੬. ਰਾਜਾ ਨਾਲਾਗੜ੍ਹ ਸੁਰਿੰਦਰ ਸਿੰਘ,
੭. ਨਵਾਬ ਮਲੇਰਕੋਟਲਾ ਇਫ਼ਤਖ਼ਾਰ ਅਲੀ ਖ਼ਾਂ,
੮. ਰਾਜਾ ਕਲਸੀਆਂ ਕਰਨ ਸ਼ੇਰ ਸਿੰਘ ਦੀ ਥਾਂ ਯਾਦਵਿੰਦਰ ਸਿੰਘ ਨੇ ਦਸਤਖ਼ਤ ਕੀਤੇ।

੧੫ ਜੁਲਾਈ, ੧੯੪੮ ਈ. ਨੂੰ ਕਿਲ੍ਹਾ ਮੁਬਾਰਕ ਪਟਿਆਲਾ ਵਿਚ ਸਰਦਾਰ ਵਲਭ ਭਾਈ ਪਟੇਲ ਨੇ ਯੂਨੀਅਨ ਦੀ ਪਰਵਾਨਗੀ ਦਿਤੀ। ੨੦ ਅਗਸਤ, ੧੯੪੮ ਈ. ਨੂੰ ਰਾਜਪਰਮੁਖ ਨੇ ਪੇਪਸੂ ਦਾ ਪ੍ਰਬੰਧ ਆਪਣੇ ਹੱਥ ਵਿਚ ਲਿਆ। ਇਸ ਯੂਨੀਅਨ ਦਾ ਰਕਬਾ ੧੦੦੯੯ ਮੁਰਬਾ ਮੀਲ, ਅਬਾਦੀ ੩੪੨੪੦੬੦ ਤੇ ਆਮਦਣ ਪੰਜ ਕਰੋੜ ਸਾਲਾਨਾ ਹੈ†।

ਮਹਾਰਾਜਾ ਸਰ ਯਾਦਵਿੰਦਰ ਸਿੰਘ ਉਮਰ ਭਰ ਵਾਸਤੇ ਪੈਪਸੂ ਦਾ ਰਾਜਪਰਮੁਖ ਬਣਾਇਆ ਗਿਆ। ਰਾਜਪਰਮੁਖ ਦੀ ਤਨਖ਼ਾਹ ਦਸ ਲੱਖ ਰੁ: ਸਾਲਾਨਾ ਹੈ, ਤੇ ਉਸ ਉੱਤੇ ਕੋਈ ਟੈਕਸ ਨਹੀਂ‡।

ਬਾਕੀ ਰਿਆਸਤਾਂ ਦੇ ਮਾਲਕਾਂ ਵਾਂਗ, ਮਹਾਰਾਜਾ ਪਟਿਆਲਾ ਵੀ ਆਪਣੀ ਨਿੱਜੀ ਜਾਇਦਾਦ ਦਾ ਮਾਲਕ ਰਹੇਗਾ, ਤੇ ਉਹ ਆਪਣੇ ਖ਼ਰਚਾਂ ਵਾਸਤੇ ਸਰਕਾਰੀ ਖ਼ਜ਼ਾਨੇ ਵਿਚੋਂ ੧੭ ਲੱਖ ਰੁਪੈ ਸਾਲਾਨਾ (ਦਸ ਲੱਖ

† White Paper on Indian States, (1950) P. 53.
‡ White Paper on Indian States, (1950) P. 270.

Sri Satguru Jagjit Singh Ji eLibrary NamdhariElibrary@gmail.com

ਸਾਲਾਨਾ ਤਨਖ਼ਾਹ ਤੋਂ ਵਖਰੇ) ਭੱਤਾ (ਅਲਾਉਂਸ) ਲਵੇਗਾ* ।

ਨੋਟ :—ਹੁਣ ਪੇਪਸੂ ਨੂੰ ਪੰਜਾਬ ਵਿਚ ਮਿਲਾ ਕੇ ਇਕੋ ਸੂਬਾ ਬਣਾ ਦਿਤਾ ਗਿਆ ਹੈ, ਜਿਸ ਦੇ ਦੋ ਰਿੱਜਿਨ (ਪੰਜਾਬੀ ਬੋਲ ਦਾ ਇਲਾਕਾ ਤੇ ਹਿੰਦੀ ਬੋਲ ਦਾ ਇਲਾਕਾ) ਹਨ।

ਹੁਣ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਨਵਾਂ ਸੂਬਾ ਬਣ ਗਿਆ ਹੈ, ਪਰ ਨਾਮ 'ਪੰਜਾਬ' ਹੀ ਰਿਹਾ ਹੈ ।

ਗਿਆਨੀ ਸਰੂਪ ਸਿੰਘ ਕਡਿਆਣਾ ★ ਪੰਥਕ ਢਾਡੀ ਜੱਥਾ 98150-03075 ★ ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

---

* White Paper on Indian States, (1950), P. 272 & 391.

Sri Satguru Jagjit Singh Ji eLibrary NamdhariElibrary@gmail.com

# ਰਿਆਸਤ ਨਾਭਾ

ਬੰਸਾਵਲੀ




Sri Satguru Jagjit Singh Ji eLibrary NamdhariElibrary@gmail.com

ਰਿਆਸਤ ਨਾਭਾ ਤੇ ਜੀਂਦ ਦਾ ਬਜ਼ੁਰਗ ਤਲੋਕਾ, ਫੂਲ ਦਾ ਵੱਡਾ ਪੁੱਤਰ ਸੀ। ੧੬੫੨ ਈ. ਵਿਚ ਚੌਧਰੀ ਫੂਲ ਸੁਰਗਵਾਸ ਹੋ ਗਿਆ, ਤਾਂ ਉਸਦੀ ਥਾਂ ਤਲੋਕਾ ਚੌਧਰੀ ਬਣਿਆਂ। ੧੬੮੭ ਈ. ਵਿਚ ਉਹ ਸੁਰਗਵਾਸ ਹੋ ਗਿਆ*। ਉਸਦੇ ਅੱਗੇ ਦੋ ਪੁੱਤਰ ਹੋਏ : ਗੁਰਦਿਤਾ ਤੇ ਸੁਖਚੈਨ। ਪਹਿਲਾ ਰਿਆਸਤ ਨਾਭਾ ਦਾ ਤੇ ਦੂਜਾ ਰਿਆਸਤ ਜੀਂਦ ਦਾ ਬਜ਼ੁਰਗ ਸੀ। ਗੁਰਦਿਤਾ ਵੱਡਾ ਭਰਾ ਸੀ, ਸੋ ਬੰਸਾਵਲੀ ਦੇ ਮੁਤਾਬਕ ਫੂਲ ਘਰਾਣੇ ਵਿਚੋਂ ਨਾਭਾ ਸਭ ਤੋਂ ਵੱਡਾ ਹੈ। ਤਲੋਕਾ ਦੇ ਸੁਰਗਵਾਸ ਹੋਣ ਪਿੱਛੋਂ ਦੋਹਾਂ ਭਰਾਵਾਂ ਨੇ ਜਾਇਦਾਦ ਵੰਡ ਲਈ। ਦਿੱਲੀ ਸਰਕਾਰ ਵੱਲੋਂ ਗੁਰਦਿੱਤਾ ਚੌਧਰੀ ਬਣਾਇਆ ਗਿਆ†।

ਤਲੋਕਾ

ਗੁਰਦਿਤਾ

ਗੁਰਦਿੱਤੇ ਨੇ ਉਜੜਿਆ ਹੋਇਆ ਸੰਗਰੂਰ ਵਸਾ ਕੇ ਆਪਣੀ ਰਾਜਧਾਨੀ ਬਣਾਇਆ। ਉਸਨੇ ਆਪਣੇ ਬਾਹੂ ਬਲ ਨਾਲ ਇਲਾਕਾ ਵਧਾਇਆ। ਉਸਦੀ ਸੁਖਚੈਨ ਨਾਲ ਹਮੇਸ਼ਾਂ ਲੜਾਈ ਰਹਿੰਦੀ ਸੀ। ਧਨੌਲੇ ਦੀ ਲੜਾਈ ਵਿਚ ਉਸਦਾ ਇਕੋ ਇਕ ਪੁੱਤਰ—ਸੂਰਤੀਆ—੧੭੫੨ ਈ. ਵਿਚ ਮਾਰਿਆ ਗਿਆ‡। ਉਸ ਤੋਂ ਦੋ ਸਾਲ ਪਿੱਛੋਂ (੧੭੫੪ ਈ. ਵਿਚ) ਗੁਰਦਿੱਤਾ ਸੁਰਗਵਾਸ ਹੋ ਗਿਆ।

ਸੂਰਤੀਆਂ

ਉਸਦੇ ਪਿੱਛੋਂ ਹਮੀਰ ਸਿੰਘ (ਪੋਤਰਾ) ਗੱਦੀ 'ਤੇ ਬੈਠਾ। ਦੋਹਾਂ ਭਰਾਵਾਂ (ਹਮੀਰ ਸਿੰਘ ਤੇ ਕਪੂਰ ਸਿੰਘ) ਨੇ ਜਾਇਦਾਦ ਵੰਡ ਲਈ। ੧੭੬੬ ਈ.() ਵਿਚ ਕਪੂਰ ਸਿੰਘ ਸੁਰਗਵਾਸ ਹੋ ਗਿਆ, ਤਾਂ ਹਮੀਰ ਸਿੰਘ ਨੇ ਉਸਦੀ ਵਿਧਵਾ ਰਾਜ ਕੌਰ ਨਾਲ ਪੁਨਰ ਵਿਆਹ ਕਰਾ ਲਿਆ ਤੇ ਉਸਦੀ ਜਾਇਦਾਦ

ਹਮੀਰ ਸਿੰਘ

ਕਪੂਰ ਸਿੰਘ

---

* ਪੰਜਾਬ ਰਾਜਾਜ, ਪੰਨਾ ੪੧੭।

† ਰਾਜ ਖ਼ਾਲਸਾ, ਹਿੱਸਾ ਦੂਜਾ, ਪੰਨਾ ੯੭।

‡ ਰਾਜ ਖ਼ਾਲਸਾ, ਹਿੱਸਾ ਦੂਜਾ, ਪੰਨੇ ੯੭-੮।

() ਰਾਜ ਖ਼ਾਲਸਾ, ਹਿੱਸਾ ਦੂਜਾ, ਪੰਨਾ ੯੮।

Sri Satguru Jagjit Singh Ji eLibrary NamdhariElibrary@gmail.com

'ਤੇ ਕਬਜ਼ਾ ਕਰ ਲਿਆ। ਏਸੇ ਰਾਜ ਕੌਰ ਦੀ ਕੁੱਖੋਂ ੧੭੭੫ ਈ. ਵਿਚ ਰਾਜਾ ਜਸਵੰਤ ਸਿੰਘ ਪੈਦਾ ਹੋਇਆ।

ਨਾਭਾ

੧੭੫੫ ਈ. ਵਿਚ ਰਾ. ਹਮੀਰ ਸਿੰਘ ਨੇ ਨਾਭਾ ਵਸਾਇਆ†। ਜ਼ੈਨ ਖ਼ਾਂ ਗਵਰਨਰ ਸਰਹਿੰਦ ਦੇ ਮਰਨ ਉੱਤੇ ਉਸਨੇ ਬਹੁਤ ਸਾਰਾ ਇਲਾਕਾ ਕਬਜ਼ੇ ਵਿਚ ਕਰ ਲਿਆ। ਜੀਂਦ ਦੀ ਲੜਾਈ ਵਿਚ ਰਹੀਮ ਦਾਦ ਖ਼ਾਂ ਮਾਰਿਆ ਗਿਆ (੧੭੭੫ ਈ:), ਤਾਂ ਰਾ: ਹਮੀਰ ਸਿੰਘ ਨੇ ਪਰਗਣਾ ਰੋੜੀ ਉੱਤੇ ਕਬਜ਼ਾ ਕਰ ਲਿਆ।

੧੭੭੪ ਈ: ਵਿਚ ਰਾ: ਗਜਪਤ ਸਿੰਘ ਜੀਂਦ ਦੀ ਲੜਕੀ ਰਾਜ ਕੌਰ ਦੀ ਸ਼ਾਦੀ ਸ: ਮਹਾਂ ਸਿੰਘ ਸੁਕਰਚੱਕੀਏ ਨਾਲ ਹੋਈ‡। ਪਿੰਡ ਬਡਰੁੱਖਾ ਓਦੋਂ ਗਜਪਤ ਸਿੰਘ ਦੀ ਰਾਜਧਾਨੀ ਸੀ। ਉਸਦੇ ਨਾਲ ਹੀ ਨਾਭੇ ਦੀ 'ਬੀੜ' ਸੀ। ਸੁਕਰਚੱਕੀਆਂ ਦੇ ਨੌਕਰ ਉਸ ਬੀੜ ਵਿਚੋਂ ਘੋੜਿਆਂ ਵਾਸਤੇ ਘਾਹ ਵਢਣ ਗਏ, ਤਾਂ ਨਾਭੇ ਦੇ ਮੁਖ਼ਤਿਆਰ ਯਾਕੂਬ ਖ਼ਾਂ ਨੇ ਉਹਨਾਂ ਉੱਤੇ ਹਮਲਾ ਕਰ ਦਿਤਾ। ਰਾਜਾ ਗਜਪਤ ਸਿੰਘ ਦੇ ਦਿਲ ਵਿਚ ਏਸ ਗੱਲ ਦਾ ਬੜਾ ਗੁੱਸਾ ਸੀ। ਵਿਆਹ ਤੋਂ ਵਿਹਲੇ ਹੋ ਕੇ ਉਹਨੇ ਹਮੀਰ ਸਿੰਘ ਨੂੰ ਸੁਨੇਹਾ ਭੇਜਿਆ, ਕਿ ਮੈਂ ਸਖ਼ਤ ਬੀਮਾਰ ਹਾਂ, ਸੋ ਆ ਕੇ ਮਿਲ ਜਾਓ।

ਹਮੀਰ ਸਿੰਘ ਕੈਦ

ਰਾ: ਹਮੀਰ ਸਿੰਘ ਤੇ ਯਾਕੂਬ ਖ਼ਾਂ ਮਿਲਨ ਗਏ, ਤਾਂ ਰਾ: ਗਜਪਤ ਸਿੰਘ ਨੇ ਹਮੀਰ ਸਿੰਘ ਨੂੰ ਫੜ ਕੇ ਕੈਦ ਕਰ ਲਿਆ ਤੇ ਯਾਕੂਬ ਖ਼ਾਂ ਨੂੰ ਕਤਲ ਕਰ ਦਿਤਾ*। ਫਿਰ ਉਸਨੇ ਹਮਲਾ ਕਰਕੇ ਨਾਭੇ ਦੇ ਪਰਗਣੇ ਅਮਲੋਹ ਤੇ ਭਾਦਸੋਂ ਉੱਤੇ ਕਬਜ਼ਾ ਕਰ ਲਿਆ ਤੇ ਸੰਗਰੂਰ ਨੂੰ ਘੇਰਾ ਪਾ ਲਿਆ। ਸੰਗਰੂਰ ਕਿਲ੍ਹੇ ਵਿਚ ਰਾ: ਹਮੀਰ ਸਿੰਘ ਦੀ ਰਾਣੀ ਦੇਸੋ ਚਾਰ ਮਹੀਨੇ ਬੜੀ ਬਹਾਦਰੀ ਨਾਲ ਲੜੀ। ਅੰਤ ਉਹਨੇ ਆਪਣੀ ਮਦਦ ਵਾਸਤੇ ਪਟਿਆਲੇ ਨੂੰ ਬੁਲਾ

---

† ਲਤੀਫ਼, ਪੰਨਾ ੩੩੨; ਪੰਜਾਬ ਰਾਜਾਜ਼, ਪੰਨਾ ੪੧੯।

‡ ਏਸੇ ਰਾਜ ਕੌਰ ਦੇ ਘਰ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ।

* ਪੰਜਾਬ ਰਾਜਾਜ਼, ਪੰਨੇ ੩੧੩-੪।

Sri Satguru Jagjit Singh Ji eLibrary NamdhariElibrary@gmail.com

ਲਿਆ। ਉਹਨੇ ਦੋਹਾਂ ਧਿਰਾਂ ਦੀ ਏਸ ਤਰ੍ਹਾਂ ਸੁਲ੍ਹਾ ਕਰਾ ਦਿਤੀ: ਸੰਗਰੂਰ ਹਮੇਸ਼ਾਂ ਵਾਸਤੇ ਜੀਂਦ ਕੋਲ ਰਿਹਾ, ਰਾਜਾ ਗਜਪਤ ਸਿੰਘ ਨੇ ਰਾਜਾ ਹਮੀਰ ਸਿੰਘ ਨੂੰ ਰਿਹਾ ਕਰ ਦਿਤਾ ਤੇ ਅਮਲੋਹ, ਭਾਦਸੋਂ ਆਦਿ ਬਾਕੀ ਇਲਾਕੇ ਛੱਡ ਦਿਤੇ।

**ਜਸਵੰਤ ਸਿੰਘ**

ਦਸੰਬਰ, ੧੭੮੩ ਈ. ਵਿਚ ਰਾਜਾ ਹਮੀਰ ਸਿੰਘ ਸੁਰਗਵਾਸ ਹੋ ਗਿਆ†, ਤਾਂ ਉਸ ਦਾ ਅੱਠ ਸਾਲਾ ਪੁੱਤਰ ਜਸਵੰਤ ਸਿੰਘ ਰਾਜਾ ਬਣਿਆਂ। ਜਸਵੰਤ ਸਿੰਘ ਦੀ ਮਤੇਈ ਮਾਂ—ਰਾਣੀ ਦੇਸੋ—ਉਸ ਦੀ ਸਰਪ੍ਰਸਤ (Regent) ਬਣੀ। ਉਹ ਆਪਣੀ ਮੌਤ (੧੭੯੦ ਈ. ਤਕ ਰਾਜ ਕਰਦੀ ਰਹੀ।

ਰਾਜਾ ਜਸਵੰਤ ਸਿੰਘ ਅੰਗਰੇਜ਼ਾਂ ਨਾਲ ਦੋਸਤੀ ਗੰਢਣ ਦੇ ਹੱਕ ਵਿਚ ਨਹੀਂ ਸੀ। ਉਹ ਮਹਾਰਾਜਾ ਰਣਜੀਤ ਸਿੰਘ ਦਾ ਹਮਾਇਤੀ ਸੀ। ੧੮੦੬ ਈ. ਦੇ ਸਤਲੁਜ-ਪਾਰ ਹਮਲੇ ਵਿਚ ਸ਼ੇਰੇ-ਪੰਜਾਬ ਨੇ ਨਾਭੇ ਨੂੰ ਕੋਟ, ਬਾਸੀਆਂ ਤਲਵੰਡੀ, ਜਗਰਾਉਂ ਆਦਿ ਪਰਗਣਿਆਂ ਵਿਚੋਂ ੨੬੬੯੦ ਰੁਪੈ ਸਾਲਾਨਾ ਦੇ ੩੧ ਪਿੰਡ ਤੇ ਪਰਗਣਾ ਘੁੰਗਰਾਣਾ ਵਿਚੋਂ ੩੩੫੦ ਰੁਪੈ ਸਾਲਾਨਾ ਦੇ ੭ ਪਿੰਡ ਦਿੱਤੇ। ਸ਼ੇਰੇ-ਪੰਜਾਬ ਦੀ ਸਤਲੁਜ-ਪਾਰ ਆਖ਼ਰੀ ਮੁਹਿਮ ਵਿਚ ਵੀ ਰਾਜਾ ਜਸਵੰਤ ਸਿੰਘ ਨਾਭਾ ਉਸ ਦੇ ਨਾਲ ਸੀ। ਪਰ ਜਦੋਂ ੧੮੦੯ ਈ. ਵਿਚ ਮਾਲਵੇ ਦੀਆਂ ਬਾਕੀ ਰਿਆਸਤਾਂ ਅੰਗਰੇਜ਼ਾਂ ਦੀ ਰੱਖਿਆ ਵਿਚ ਗਈਆਂ, ਤਾਂ ਨਾਲ ਹੀ ਨਾਭਾ ਚਲਾ ਗਿਆ। ਉਸ ਦਿਨ ਤੋਂ ਉਹਦੇ ਲਾਹੌਰ ਨਾਲੋਂ ਸਾਰੇ ਸੰਬੰਧ ਟੁੱਟ ਗਏ।

**ਕੰ. ਰਣਜੀਤ ਸਿੰਘ ਤੇ ਸੰਤੋਖਸਿੰਘ**

ਰਾ. ਜਸਵੰਤ ਸਿੰਘ ਦਾ ਆਪਣੇ ਵੱਡੇ ਪੁੱਤਰ ਰਣਜੀਤ ਸਿੰਘ ਨਾਲ ਹਮੇਸ਼ਾਂ ਹੀ ਲੜਾਈ ਝਗੜਾ ਰਿਹਾ। ਅੰਤ ੧੭ ਜੂਨ, ੧੮੩੨ ਈ. ਨੂੰ ਟਿੱਕਾ ਰਣਜੀਤ ਸਿੰਘ ਸੁਰਗਵਾਸ ਹੋ ਗਿਆ। ਉਸਦਾ ਪੁੱਤਰ ਸੰਤੋਖ ਸਿੰਘ ਦੋ ਸਾਲ

---

† ਲਤੀਫ਼, ਪੰਨਾ ੩੩੨; ਪੰਜਾਬ ਰਾਜਾਜ਼, ਪੰਨਾ ੪੧੯; ਰਾਜ ਖ਼ਾਲਸਾ ਹਿੱਸਾ ਦੂਜਾ, ਪੰਨਾ ੧੦੦; ਭਗਵਾਨ ਦਾਸ, ਪੰਨਾ ੩੨।

Sri Satguru Jagjit Singh Ji eLibrary NamdhariElibrary@gmail.com

ਪਹਿਲਾਂ (੧੮੩੦ ਈ.) ਹੀ ਚਲਾਣਾ ਕਰ ਗਿਆ ਸੀ।

ਰਾ. ਜਸਵੰਤ ਸਿੰਘ ੨੨ ਮਈ, ੧੮੪੦ ਈ.‡ ਨੂੰ ਸੁਰਗਵਾਸ ਹੋਇਆ ਤਾਂ ੧੮ ਸਾਲ ਦਾ ਦੇਵਿੰਦਰ ਸਿੰਘ ਰਾਜਾ ਬਣਿਆਂ*।

**ਦੇਵਿੰਦਰ ਸਿੰਘ**

ਏਸੇ ਦੇ ਅਹਿਦ ਵਿਚ ਸਿੱਖਾਂ ਦੀ ਪਹਿਲੀ ਲੜਾਈ (ਸਤਲੁਜ ਯੁੱਧ) ਹੋਈ। ਰਾਜਾ ਨਾਭਾ ਦੀ ਹਮਦਰਦੀ ਲਾਹੌਰ ਦਰਬਾਰ ਨਾਲ ਸੀ। ਉਸ ਨੇ ਅੰਗਰੇਜ਼ ਕਰਮਚਾਰੀਆਂ ਦੇ ਕਈ ਵਾਰ ਮੰਗ ਕਰਨ ਉੱਤੇ ਵੀ ਅੰਗਰੇਜ਼ਾਂ ਦੀ ਕੋਈ ਮਦਦ ਨਾ ਕੀਤੀ, ਜੋ ੩ ਮਈ, ੧੮੦੯ ਈ. ਦੇ ਐਲਾਨ ਮੁਤਾਬਕ ਕਰਨੀ ਬਣਦੀ ਸੀ। ਪਰ ਜਦ ਫੇਰੂ ਸ਼ਹਿਰ ਦੀ ਲੜਾਈ ਵਿਚ (ਆਗੂਆਂ ਦੇ ਵਿਸਾਹਘਾਤ ਦੇ ਕਾਰਨ) ਸਿੱਖ ਹਾਰ ਗਏ, ਤਾਂ ਨਾਭੇ ਨੇ ਅੰਗਰੇਜ਼ਾਂ ਨੂੰ ਰਸਦ ਆਦਿ ਸਾਮਾਨ ਭੇਜਣਾ ਸ਼ੁਰੂ ਕਰ ਦਿਤਾ ਤੇ ਸਭਰਾਵਾਂ ਦੀ ਲੜਾਈ ਪਿੱਛੋਂ ਰਿਆਸਤ ਦੇ ਸਭ ਵਸੀਲੇ ਅੰਗਰੇਜ਼ਾਂ ਦੇ ਹਵਾਲੇ ਕਰ ਦਿਤੇ। ਪਰ ਅੰਗਰੇਜ਼ਾਂ ਨੇ ਉਸਨੂੰ ਮਾਫ਼ ਨਾ ਕੀਤਾ। ਲੜਾਈ ਪਿੱਛੋਂ ਅੰਗਰੇਜ਼ਾਂ ਨੇ ਉਸਨੂੰ ਗੱਦੀ ਤੋਂ ਉਤਾਰ ਕੇ ਤੇ ਪੰਜਾਹ ਹਜ਼ਾਰ ਸਾਲਾਨਾ ਪੈਨਸ਼ਨ (ਨਾਭੇ ਦੇ ਮਾਮਲੇ ਵਿਚੋਂ) ਦੇ ਕੇ ਮਥਰਾ ਭੇਜ ਦਿਤਾ। ਰਿਆਸਤ ਨਾਭਾ ਦਾ ਚੌਥਾ ਹਿੱਸਾ ਇਲਾਕਾ ਜ਼ਬਤ ਕਰ ਲਿਆ ਗਿਆ। ਉਸ ਵਿਚੋਂ ੩੫੬੧੨ ਰੁਪੈ ਦਾ ਇਲਾਕਾ ਪਟਿਆਲੇ ਨੂੰ ਤੇ ਏਨਾ ਹੀ ਫ਼ਰੀਦ ਕੋਟ ਨੂੰ ਦਿਤਾ ਗਿਆ। ਬਾਕੀ ੪੦੯੬੬ ਰੁਪੈ ਦਾ ਇਲਾਕਾ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ ਗਿਆ। ਰਾ. ਦੇਵਿੰਦਰ ਸਿੰਘ ਨੂੰ ਮਥਰਾ ਤੋਂ ੮ ਦਸੰਬਰ, ੧੮੫੫ ਈ: ਨੂੰ ਲਾਹੌਰ ਭੇਜ ਦਿਤਾ ਗਿਆ। ਓਥੇ ਉਹ ਨਵੰਬਰ, ੧੮੬੫ ਈ. ਵਿਚ ਸੁਰਗਵਾਸ ਹੋ ਗਿਆ।

**ਸਤਲੁਜ ਯੁਧ**

**ਦੇਵਿੰਦਰ ਸਿੰਘ ਨਜ਼ਰਬੰਦ ਤੇ ਕੁਛ ਇਲਾਕਾ ਜ਼ਬਤ**

---

‡ ਲਤੀਫ਼, ਪੰਨਾ ੩੩੨; ਪੰਜਾਬ ਰਾਜਾਜ਼, ਪੰਨਾ ੪੩੫; ਭਗਵਾਨ ਦਾਸ, ਪੰਨਾ ੩੨।

* ਰਾਜ ਖ਼ਾਲਸਾ, ਹਿੱਸਾ ਦੂੱਜਾ, ਪੰਨਾ ੧੦੮।

Sri Satguru Jagjit Singh Ji eLibrary NamdhariElibrary@gmail.com

**ਭਰਪੂਰ ਸਿੰਘ**

ਜਨਵਰੀ, ੧੮੪੭ ਈ. ਵਿਚ ਅੰਗਰੇਜ਼ਾਂ ਨੇ ਸੱਤਾਂ ਵਰ੍ਹਿਆਂ ਦੇ ਭਰਪੂਰ ਸਿੰਘ† ਨੂੰ ਗੱਦੀ ਉੱਤੇ ਬਿਠਾਇਆ। ਉਸਦੀ ਬਾਲਕ ਅਵਸਥਾ ਸਮੇਂ ਰਾਣੀ ਚਾਂਦ ਕੌਰ (ਰਾ. ਜਸਵੰਤ ਸਿੰਘ ਦੀ ਵਿਧਵਾ) ਨੂੰ ਸਰਪ੍ਰਸਤ ਬਣਾ ਕੇ ਤਿੰਨਾਂ ਸਰਦਾਰਾਂ (ਗੁਰਬਖ਼ਸ਼ ਸਿੰਘ, ਫ਼ਤਹਿ ਸਿੰਘ, ਬਹਾਲੀ ਰਾਮ) ਦੀ ਕੌਂਸਲ ਦੇ ਹਵਾਲੇ ਰਾਜ ਪ੍ਰਬੰਧ ਕਰ ਦਿਤਾ।

**ਗ਼ਦਰ**

੧੮੫੭ ਈ. ਵਿਚ ਗ਼ਦਰ ਹੋ ਗਿਆ, ਤਾਂ ਰਾਜਾ ਭਰਭੂਪ ਸਿੰਘ ਨੂੰ ਰਾਜ ਪ੍ਰਬੰਧ ਦੇ ਅਖ਼ਤਿਆਰ ਸੌਂਪ ਦਿਤੇ ਗਏ। ਗ਼ਦਰ ਵਿਚ ਉਹਨੇ ਅੰਗਰੇਜ਼ਾਂ ਦੀ ਵਿਤੋਂ ਵੱਧ ਮਦਦ ਕੀਤੀ। ਫ਼ੌਜੀ ਮਦਦ ਤੋਂ ਵੱਖਰਾ ਉਹਨੇ ਅੰਗਰੇਜ਼ਾਂ ਨੂੰ ਢਾਈ ਲੱਖ ਰੁਪਿਆ ਕਰਜ਼‡ ਦਿਤਾ। ਅਮਨ ਕਾਇਮ ਹੋ ਜਾਣ ਪਿਛੋਂ ਇਨਾਮ ਵਜੋਂ ਉਸ ਨੂੰ ੩੦ ਹਜ਼ਾਰ ਦਾ ਇਲਾਕਾ ਜ਼ਿਲਾ ਲੁਧਿਆਣਾ ਤੇ ਫ਼ੀਰੋਜ਼ਪੁਰ ਵਿਚੋਂ ਇਕ ਲੱਖ ਛੇ ਹਜ਼ਾਰ ਦਾ ਇਲਾਕਾ ਬਾਵਲ ਤੇ ਕਾਂਟੀ ਰਿਆਸਤ ਝੱਜਰ ਵਿਚੋਂ ਮਿਲਿਆ। ਨਾਲ ਹੀ ਉਸ ਨੂੰ "ਫ਼ਰਜ਼ੰਦ ਅਰਜਮੰਦ ਪੈਵੰਦਿ ਦੌਲਤੇ ਇੰਗਲਿਸ਼ੀਆ, ਬਰਾੜ ਬੰਸ ਸਿਰਮੌਰ. ਮਾਲਵੇਂਦਰ ਬਹਾਦਰ ਰਾਜਾ ਭਰਪੂਰ ਸਿੰਘ" ਦਾ ਖ਼ਿਤਾਬ. ੧੧ ਤੋਪਾਂ ਦੀ ਸਲਾਮੀ ਤੇ ਗਵਰਨਰ-ਜੈਨਰਲ ਦੀ ਮੁਲਾਕਾਤ ਦਾ ਹੱਕ ਦਿਤਾ ਗਿਆ।

**ਇਲਾਕੇ ਤੇ ਖ਼ਿਤਾਬ ਮਿਲੇ**

ਪੰਜ ਮਈ, ੧੮੬੦ ਈ. ਦੀ ਸੰਨਦ ਰਾਹੀਂ ਨਾਭੇ ਨੂੰ ਮੁਤਬੰਨੇ ਦਾ ਹੱਕ ਦਿਤਾ ਗਿਆ। ਏਸੇ ਸਾਲ ਉਸ ਕਰਜ਼ੇ ਬਦਲੇ—ਜੋ ਨਾਭੇ ਨੇ ਅੰਗ-ਰੇਜ਼ਾਂ ਨੂੰ ਦਿਤਾ ਸੀ—ਪਰਗਣਾ ਕਨੌਂਦ (ਰਿਆਸਤ ਝੱਜਰ) ਵਿਚੋਂ ੪੮

---

† ੧੮੪੦ ਈ. ਵਿਚ ਭਰਪੂਰ ਸਿੰਘ ਤੇ ੧੮੪੨ ਈ. ਵਿਚ ਭਗਵਾਨ ਸਿੰਘ ਰਾਣੀ ਮਾਨ ਕੌਰ ਦੇ ਕੁੱਖੋਂ ਪੈਦਾ ਹੋਏ। ਪੰਜਾਬ ਰਾਜਾਜ਼. ਪੰਨਾ ੪੬੧।

‡ ਛੇ ਲੱਖ ਰੁਪਇਆ ਕਰਜ਼ਾ ਰਾਜਾ ਜਸਵੰਤ ਸਿੰਘ ਨੇ ਅੰਗਰੇਜ਼ਾਂ ਨੂੰ ਦਿਤਾ ਸੀ ਪੰਜਾਬ ਰਾਜਾਜ਼, ਪੰਨਾ ੪੩੬।

Sri Satguru Jagjit Singh Ji eLibrary NamdhariElibrary@gmail.com

ਹਜ਼ਾਰ ਸਾਲਾਨਾ ਦਾ ਇਲਾਕਾ ਮਿਲਿਆ। ਸਤੰਬਰ, ੧੮੬੩ ਈ. ਵਿਚ ਉਸ ਨੂੰ 'ਸਤਾਰਾ-ਏ-ਹਿੰਦ' ਦਾ ਖ਼ਿਤਾਬ ਦੇ ਕੇ ਕੌਂਸਲ ਦਾ ਮੈਂਬਰ ਬਣਾਇਆ ਗਿਆ। ਮਗਰ ਉਹਨੂੰ ਕੌਂਸਲ ਵਿਚ ਕਲਕੱਤੇ ਜਾਣ ਦਾ ਕਦੇ ਵੀ ਸਮਾਂ ਨਾ ਮਿਲਿਆ। ਉਹ ੯ ਨਵੰਬਰ, ੧੮੬੩ ਈ. ਨੂੰ ਸੁਰਗਵਾਸ ਹੋ ਗਿਆ* ।

**ਭਗਵਾਨ ਸਿੰਘ**

ਉਸ ਦੇ ਘਰ ਔਲਾਦ ਕੋਈ ਨਹੀਂ ਸੀ, ਸੋ ਛੋਟਾ ਭਰੱਾ ਭਗਵਾਨ ਸਿੰਘ ੧੭ ਫ਼ਰਵਰੀ, ੧੮੬੪ ਈ. ਨੂੰ ਗੱਦੀ 'ਤੇ ਬੈਠਾ। ਅੱਠ ਸਾਲ ਪਿੱਛੋਂ (੧੮੭੧ ਈ.) ਰਾਜਾ ਭਗਵਾਨ ਸਿੰਘ ਬਿਨਾਂ ਔਲਾਦ ਸੁਰਗਵਾਸ ਹੋ ਗਿਆ।

**ਰਾਜਾ ਹੀਰਾ ਸਿੰਘ**

੧੮੬੦ ਈ. ਵਿਚ ਰਿਆਸਤ ਨੂੰ ਮੁਤਬੰਨਾ ਬਨਾਉਣ ਦਾ ਹੱਕ ਮਿਲ ਚੁੱਕਾ ਸੀ। ਸੋ ਬਡਰੁੱਖਾ ਘਰਾਣੇ ਵਿਚੋਂ ਸ: ਹੀਰਾ ਸਿੰਘ ਨਾਭੇ ਦਾ ਰਾਜਾ ਬਣਿਆਂ, ਕਿਉਂਕਿ ਇਹ ਪੀਹੜੀਓਂ ਸਭ ਤੋਂ ਨੇੜੇ ਸੀ†। ੧੦ ਅਗਸਤ, ੧੮੭੧ ਈ. ਨੂੰ ਅੰਗਰੇਜ਼ੀ ਸਰਕਾਰ ਨੇ ਉਹਨੂੰ ਗੱਦੀ 'ਤੇ ਬਿਠਾਇਆ। ਦੂਸਰੇ ਅਫ਼ਗਾਨ ਯੁੱਧ (੧੮੭੮—੧੮੮੦ ਈ.) ਵਿਚ ਰਾਜਾ ਹੀਰਾ ਸਿੰਘ ਨੇ ਅੰਗਰੇਜ਼ਾਂ ਦੀ ਬੜੀ ਮਦਦ ਕੀਤੀ। ਇਸ ਵਾਸਤੇ ਉਸ ਨੂੰ 'ਰਾਜਾ-ਇ-ਰਾਜਗਾਨ' ਤੇ 'ਮਹਾਰਾਜਾ' ਦਾ ਖ਼ਿਤਾਬ ਮਿਲਿਆ।

**ਮ: ਰਿਪਦਮਨ ਸਿੰਘ**

੧੯੧੧ ਈ. ਵਿਚ ਮਹਾਰਾਜਾ ਹੀਰਾ ਸਿੰਘ ਸੁਰਗਵਾਸ ਹੋ ਗਿਆ, ਤਾਂ ਉਸ ਦਾ ਪੁੱਤਰ ਰਿਪਦਮਨ ਸਿੰਘ ਮਹਾਰਾਜਾ ਬਣਿਆਂ। ਅਕਾਲੀ ਲਹਿਰ ਨਾਲ ਹਮਦਰਦੀ ਪਰਗਟ ਕਰਨ ਬਦਲੇ ਜੁਲਾਈ, ੧੯੨੩ ਈ. ਵਿਚ ਅੰਗਰੇਜ਼ੀ ਸਰਕਾਰ ਨੇ ਮਹਾਰਾਜਾ ਰਿਪਦਮਨ ਸਿੰਘ ਨੂੰ ਗੱਦੀ ਤੋਂ ਉਤਾਰ ਕੇ ਉਸ ਦੇ ਬਾਲਕ ਪੁੱਤਰ ਪ੍ਰਤਾਪ ਸਿੰਘ ਨੂੰ ਨਾਭੇ ਦਾ ਮਹਾਰਾਜਾ ਬਣਾ

---

* ਲਤੀਫ਼, ਪੰਨਾ ੩੩੪; ਪੰਜਾਬ ਰਾਜਾਜ਼, ਪੰਨਾ ੪੭੬।

† ਵੇਖੋ ਬੰਸਾਵਲੀ ਰਿਆਸਤ ਨਾਭਾ।

Sri Satguru Jagjit Singh Ji eLibrary NamdhariElibrary@gmail.com

ਦਿਤਾ। ਇਹ ਨਾਭੇ ਦਾ ਆਖ਼ਰੀ ਮਹਾਰਾਜਾ ਹੈ।

ਪੰਜ ਮਈ, ੧੯੪੮ ਈ. ਨੂੰ ਮਹਾਰਾਜਾ ਪ੍ਰਤਾਪ ਸਿੰਘ ਨੇ ਪੇਪਸੂ ਵਿਚ ਸ਼ਾਮਲ ਹੋਣ ਵਾਸਤੇ ਦਸਤਖਤ ਕੀਤੇ ਤੇ ੨੦ ਅਗਸਤ, ੧੯੪੮ ਈ. ਨੂੰ ਰਿਆਸਤ ਨਾਭਾ, ਯੂਨੀਅਨ ਵਿਚ ਸ਼ਾਮਲ ਹੋ ਗਈ। ਮਹਾਰਾਜਾ ਨਾਭਾ ਨੂੰ ਖ਼ਰਚਾਂ ਵਾਸਤੇ ਚਾਰ ਲੱਖ, ਦਸ ਹਜ਼ਾਰ ਭੱਤਾ ਸਾਲਾਨਾ ਦੇਣਾ ਪਰਵਾਨ ਕੀਤਾ ਗਿਆ ਹੈ*। ਇਸ ਤੋਂ ਵੱਖਰਾ, ਬਾਕੀ ਰਿਆਸਤਾਂ ਵਾਂਗ ਨਿੱਜੀ ਜਾਇਦਾਦ ਉੱਤੇ ਵੀ ਅਧਿਕਾਰ ਕਾਇਮ ਰਹੇਗਾ†।

* White Paper on Indian States (1950), P. P. 272 & 391.

† White Paper on Indian States (1950), P.270.

Sri Satguru Jagjit Singh Ji eLibrary NamdhariElibrary@gmail.com

# ਰਿਆਸਤ ਜੀਂਦ

## ਬੰਸਾਵਲੀ

- ਫੂਲ
  - ਤਲੋਕਾ
    - ਗੁਰਦਿੱਤਾ (ਨਾਭੇ ਦਾ ਬਜ਼ੁਰਗ)
    - ਸੁਖਚੈਨ
      - ਆਲਮ ਸਿੰਘ
      - ਰਾਜਾ ਗਜਪਤ ਸਿੰਘ
        - ਮਿਹਰ ਸਿੰਘ
          - ਹਰੀ ਸਿੰਘ
        - ਬੀਬੀ ਰਾਜ ਕੌਰ (ਸ਼ੇਰੇ-ਪੰਜਾਬ ਦੀ ਮਾਤਾ)
        - ਰਾਜਾ ਭਾਗ ਸਿੰਘ
          - ਰਾਜਾ ਫ਼ਤਹਿ ਸਿੰਘ
            - ਰਾਜਾ ਸੰਗਤ ਸਿੰਘ
          - ਪ੍ਰਤਾਪ ਸਿੰਘ
          - ਮਹਿਤਾਬ ਸਿੰਘ
        - ਭੂਪ ਸਿੰਘ
          - ਕਰਮ ਸਿੰਘ
            - ਰਾਜਾ ਸਰੂਪ ਸਿੰਘ (ਜੀਂਦ ਦਾ ਰਾਜਾ, ਰਾਜਾ ਸੰਗਤ ਸਿੰਘ ਦਾ ਮੁਤਬੰਨਾ)
              - ਰਣਧੀਰ ਸਿੰਘ
              - ਰਾਜਾ ਰਘਬੀਰ ਸਿੰਘ
                - ਬਲਬੀਰ ਸਿੰਘ
          - ਬਸਾਵਾ ਸਿੰਘ (ਬਡਰੁੱਖਾਂ ਦਾ ਬਜ਼ੁਰਗ)
      - ਬੁਲਾਕੀ ਸਿੰਘ (ਦਿਆਲਪੁਰੀਆਂ ਦਾ ਬਜ਼ੁਰਗ)

Sri Satguru Jagjit Singh Ji eLibrary NamdhariElibrary@gmail.com

ਮਹਾਰਾਜਾ ਰਨਬੀਰ ਸਿੰਘ
|
ਮਹਾਰਾਜਾ ਰਾਜਬੀਰ ਸਿੰਘ
(ਆਖ਼ਰੀ ਮਹਾਰਾਜਾ)

ਫੂਲ ਦੇ ਵੱਡੇ ਪੁੱਤਰ ਚੌਧਰੀ ਤਲੋਕੇ ਦੇ ਘਰ ਦੋ ਲੜਕੇ ਹੋਏ : ਗੁਰਦਿਤਾ ਤੇ ਸੁਖਚੈਨ। ਵੱ-ਡੇ ਭਰਾ ਗੁਰਦਿਤੇ ਦੀ ਔਲਾਦ ਨਾਭੇ ਦਾ ਰਾਜ-ਘਰਾਣਾ ਹੈ ਤੇ ਛੋਟੇ ਸੁਖਚੈਨ ਦੀ ਬੰਸ ਜੀਂਦ ਦਾ।

**ਫੂਲ**

**ਤਲੋਕਾ** ਤਲੋਕਾ ੯੭ ਪਿੰਡ ਛੱਡ ਕੇ ੧੬੮੭ ਈ. ਵਿਚ ਸੁਰਗਵਾਸ ਹੋਇਆ। ਗੁਰਦਿਤੇ ਤੇ ਸੁਖਚੈਨ ਨੇ ਉਹ ਜਾਇਦਾਦ ਅੱਧੋ ਅੱਧ ਕਰ ਲਈ*।

**ਸੁਖਚੈਨ** ਸੁਖਚੈਨ ਦੇ ਤਿੰਨ ਪੁੱਤਰ ਸਨ : ਆਲਮ ਸਿੰਘ, ਗਜਪਤ ਸਿੰਘ ਤੇ ਬੁਲਾਕੀ ਸਿੰਘ। ਉਸ ਨੇ ਆਲਮ ਸਿੰਘ ਨੂੰ ਪਿੰਡ ਬੱਲਾਂ ਵਾਲੀ ਤੇ ਬੁਲਾਕੀ ਸਿੰਘ ਨੂੰ ਪਿੰਡ ਸੁਖਚੈਨ ਵਾਲਾ (ਜੋ ਉਸ ਨੇ ਆਪ ਵਸਾਇਆ ਸੀ) ਦੇ ਦਿਤੇ। ਆਪ ਉਹ ਗਜਪਤ ਸਿੰਘ ਸਣੇ ਪਿੰਡ ਫੂਲ ਵਿਚ ਰਿਹਾ। ਏਥੇ ਉਹ (ਸੁਖਚੈਨ) ੧੭੫੧ ਈ. ਵਿਚ ਸੁਰਗਵਾਸ ਹੋਇਆ†।

**ਆਲਮ ਸਿੰਘ** ਵੱਡਾ ਆਲਮ ਸਿੰਘ ੧੭੬੪ ਈ. ਵਿਚ ਬਿਨਾਂ ਕਿਸੇ ਔਲਾਦ ਦੇ ਮਰ ਗਿਆ। ਗਜਪਤ ਸਿੰਘ ਨੇ ਉਸ ਦੀ ਵਿਧਵਾ ਨਾਲ ਪੁਨਰ-ਵਿਆਹ ਕਰਕੇ ਜਾਗੀਰ ਬੱਲਾਂ ਵਾਲੀ 'ਤੇ ਕਬਜ਼ਾ ਕਰ ਲਿਆ।

**ਬੁਲਾਕੀ ਸਿੰਘ** ਬੁਲਾਕੀ ਸਿੰਘ ੧੭੮੫ ਈ. ਵਿਚ ਸੁਰਗਵਾਸ ਹੋਇਆ। ਉਸ ਦੀ ਔਲਾਦ ਦਿਆਲਪੁਰੀਏ ਸਰਦਾਰ ਹਨ।

---

* ਰਾਜ ਖ਼ਾਲਸਾ, ਹਿੱਸਾ ਦੂਜਾ, ਪੰਨਾ ੧੨੯।

† ਪੰਜਾਬ ਰਾਜਾਜ਼, (ਬੰਸਾਵਲੀ), ਪੰਨਾ ੩੦੯; ਭਗਵਾਨ ਦਾਸ, ਪੰਨਾ ੨੫; ਰਾਜ ਖ਼ਾਲਸਾ, ਹਿੱਸਾ ਦੂਜਾ, ਪੰਨਾ ੧੩੦।

Sri Satguru Jagjit Singh Ji eLibrary NamdhariElibrary@gmail.com

ਜੀਂਦ ਦਾ ਇਤਿਹਾਸ ਗਜਪਤ ਸਿੰਘ ਤੋਂ ਸ਼ੁਰੂ ਹੁੰਦਾ ਹੈ। ਸਰਹਿੰਦ ਦੀ ਲੜਾਈ (੧੪ ਜਨਵਰੀ, ੧੭੬੪ ਈ.) ਵਿਚ ਉਹ ਸ਼ਾਮਲ ਸੀ। ਜਦ ਮੁਲਕ ਦੀ ਵੰਡ ਹੋਈ, ਤਾਂ ਜੀਂਦ ਤੇ ਸਫ਼ੈਦੋਂ ਦੇ ਪਰਗਣਿਆਂ ਉੱਤੇ ਉਹਨੇ ਕਬਜ਼ਾ ਕਰ ਲਿਆ

**ਗਜਪਤ ਸਿੰਘ**

ਉਹ ਬਾਦਸ਼ਾਹ ਦਿੱਲੀ ਦਾ ਮਾਲਗੁਜ਼ਾਰ (ਖ਼ਰਾਜ ਦੇਣਹਾਰਾ) ਸੀ। ਇਕ ਵਾਰ ਉਹ ਖ਼ੁਰਾਜ਼ ਨਾ ਦੇ ਸਕਿਆ, ਤਾਂ ਫੜ ਕੇ ਦਿੱਲੀ ਵਿਚ ਕੈਦ ਕਰ ਲਿਆ ਗਿਆ। ਉਹਨੇ ਆਪਣੇ ਪੁੱਤਰ ਮਿਹਰ ਸਿੰਘ ਨੂੰ ਜ਼ਮਾਨਤ ਵਜੋਂ ਛੱਡ ਕੇ ਰਿਹਾਈ ਪਾਈ। ੧੭੭੨ ਈ. ਵਿਚ ਤਿੰਨ ਲੱਖ ਖ਼ਰਾਜ ਤਾਰ ਕੇ ਨਾਲੇ ਆਪਣੇ ਪੁੱਤਰ ਨੂੰ ਛੁਡਾ ਲਿਆ ਤੇ ਨਾਲੇ ਬਾਦਸ਼ਾਹ ਸ਼ਾਹ ਆਲਮ ਸਾਨੀ ਤੋਂ 'ਰਾਜੇ' ਦਾ ਖ਼ਿਤਾਬ ਪ੍ਰਾਪਤ ਕੀਤਾ (ਛੇ ਫ਼ਰਵਰੀ, ੧੭੭੨ ਈ.)‡। ਇਸ ਸਮੇਂ ਤੋਂ ਉਹ ਜੀਂਦ ਦਾ ਖ਼ੁਦਮੁਖ਼ਤਿਆਰ ਰਾਜਾ ਬਣਿਆਂ।

**ਰਾਜੇ ਦਾ ਖ਼ਿਤਾਬ**

੧੭੭੪ ਈ. ਵਿਚ ਉਸ ਦੀ ਲੜਕੀ ਰਾਜ ਕੌਰ ਦੀ ਸ਼ਾਦੀ ਸ: ਮਹਾਂ ਸਿੰਘ ਸੁਕਰਚੱਕੀਏ ਨਾਲ ਹੋਈ। ਨਾਭੇ ਦੇ ਮੁਖ਼ਤਿਆਰ ਯਾਕੂਬ ਖ਼ਾਂ ਨੇ ਬੀੜ ਵਿਚੋਂ ਘਾਹ ਵਢਣ ਤੋਂ ਜਾਵੀਆਂ ਨਾਲ ਲੜਾਈ ਕੀਤੀ। ਇਸ ਗੱਲ ਦੀ ਨਾਰਾਜ਼ਗੀ ਤੋਂ ਰਾਜਾ ਗਜਪਤ ਸਿੰਘ ਨੇ ਵਿਆਹ ਤੋਂ ਪਿੱਛੋਂ ਬੀਮਾਰੀ ਦਾ ਬਹਾਨਾ ਲਾ ਕੇ ਸ: ਹਮੀਰ ਸਿੰਘ ਨਾਭਾ ਨੂੰ ਬੁਲਾ ਕੇ ਕੈਦ ਕਰ ਲਿਆ ਤੇ ਯਾਕੂਬ ਖ਼ਾਂ ਨੂੰ ਕਤਲ ਕਰ ਦਿਤਾ। ਫਿਰ ਹਮਲਾ ਕਰ ਕੇ ਉਸ ਨੇ ਨਾਭੇ ਦਾ ਕੁਛ ਇਲਾਕਾ ਮੱਲ ਲਿਆ ਤੇ ਸੰਗਰੂਰ ਨੂੰ ਘੇਰਾ ਪਾ ਲਿਆ। ਪਟਿ-ਆਲੇ ਨੇ ਦੋਹਾਂ ਧਿਰਾਂ ਦੀ ਸੁਲ੍ਹਾ ਕਰਾ ਕੇ ਹਮੀਰ ਸਿੰਘ ਨੂੰ ਰਿਹਾ ਕਰਾ ਦਿਤਾ ਤੇ ਸੰਗਰੂਰ ਸਦਾ ਵਾਸਤੇ ਜੀਂਦ ਦੇ ਹਵਾਲੇ ਕਰ ਦਿਤਾ।

**ਸੰਗਰੂਰ 'ਤੇ ਕਬਜ਼ਾ**

ਰਾਜਾ ਗਜਪਤ ਸਿੰਘ ਨੇ ਜੀਂਦ ਵਿਚ ਕਿਲ੍ਹਾ ਬਣਾ ਕੇ ਆਪਣੀ

---

‡ ਲਤੀਫ਼, ਪੰਨਾ ੩੩੦; ਭਗਵਾਨ ਦਾਸ, ਪੰਨਾ ੨੬; ਪੰਜਾਬ ਰਾਜਾਜ਼, ਪੰਨੇ ੩੧੨-੩।

Sri Satguru Jagjit Singh Ji eLibrary NamdhariElibrary@gmail.com

ਜੀਂਦ ਰਾਜਧਾਨੀ

ਰਾਜਧਾਨੀ ਬਣਾ ਲਿਆ। ਇਸ ਤੋਂ ਪਹਿਲਾਂ ਬਡਰੁੱਖਾ ਹੀ ਰਾਜਧਾਨੀ ਸੀ। ੧੭੭੫ ਈ. ਵਿਚ ਰਹੀਮਦਾਦ ਖ਼ਾਂ ਨੇ ਜੀਂਦ ਉੱਤੇ ਹਮਲਾ ਕੀਤਾ। ਰਾਜਾ ਗਜਪਤ ਸਿੰਘ ਨੇ ਨਾਭੇ, ਪਟਿਆਲੇ ਆਦਿ ਦੀ ਮਦਦ ਨਾਲ ਰਹੀਮਦਾਦ ਖ਼ਾਂ ਨੂੰ ਸ਼ਕਸਤ ਦੇ ਕੇ ਕਤਲ ਕੀਤਾ। ਨਾਭਾ, ਪਟਿਆਲਾ ਤੇ ਜੀਂਦ ਨੇ ਬਹੁਤ ਸਾਰਾ ਨਵਾਂ ਇਲਾਕਾ ਮੱਲ ਲਿਆ।

ਜਦ ਮਿਰਜ਼ਾ ਸਫ਼ੀ ਬੇਗ ਨੇ ਸਿੱਖਾਂ ਦੇ ਇਲਾਕੇ 'ਤੇ ਚੜ੍ਹਾਈ ਕੀਤੀ, ਤਾਂ ਰਾਜਾ ਗਜਪਤ ਸਿੰਘ ਉਸ ਨੂੰ ਮਿਲਨ ਗਿਆ। ਉਹਨੇ ੮ ਦਸੰਬਰ, ੧੭੮੦ ਈ. ਨੂੰ ਗਜਪਤ ਸਿੰਘ ਨੂੰ ਕੈਦ ਕਰ ਲਿਆ। ਦੋ ਜੂਨ, ੧੭੮੧ ਈ. ਨੂੰ ਰਾਜਾ ਗਜਪਤ ਸਿੰਘ ਦਿੱਲੀ ਭੇਜ ਦਿਤਾ ਗਿਆ। ਓਥੇ ਵਜ਼ੀਰ ਨਜਫ਼ ਖ਼ਾਂ ਨੂੰ ਦੋ ਲੱਖ ਨਜ਼ਰਾਨਾ ਦੇ ਕੇ ਰਾਜੇ ਨੇ ੮ ਮਈ ਨੂੰ ਰਿਹਾਈ ਪਾਈ*।

ਰਾਜਾ ਭਾਗ ਸਿੰਘ

ਰਾਜਾ ਗਜਪਤ ਸਿੰਘ ਹਮੇਸ਼ਾਂ ਪਟਿਆਲੇ ਦਾ ਮਦਦਗਾਰ ਰਿਹਾ। ਉਹ ੧੭੮੯ ਈ.† ਵਿਚ ਸੁਰਗਵਾਸ ਹੋਇਆ, ਤਾਂ ਦੁਵਿਚਲਾ ਪੁੱਤਰ ਭਾਗ ਸਿੰਘ ਰਾਜਾ ਬਣਿਆਂ, ਕਿਉਂਕਿ ਵੱਡਾ ਪੁੱਤਰ ਸ: ਮਿਹਰ ਸਿੰਘ ੧੭੮੦ ਈ.‡ ਵਿਚ ਸੁਰਗਵਾਸ ਹੋ ਗਿਆ ਸੀ। ਉਸ ਦਾ ਪੁੱਤਰ ਹਰੀ ਸਿੰਘ ਅਠਾਰਾਂ ਸਾਲ ਦੀ ਉਮਰ ਵਿਚ ਮਕਾਨ ਤੋਂ ਡਿੱਗ ਕੇ ੧੭੯੧ ਈ. ਨੂੰ ਮਰ ਗਿਆ। ਬਾਕੀ ਦੋ —ਭਾਗ ਸਿੰਘ ਤੇ ਭੂਪ ਸਿੰਘ—ਰਹਿ ਗਏ। ਉਹਨਾਂ ਵਿਚ ਜਾਇਦਾਦ ਦੀ ਵੰਡ ਇਉਂ ਹੋਈ : ਭੂਪ ਸਿੰਘ ਨੂੰ ਤਿੱਜਾ ਹਿੱਸਾ ਦੇਕੇ ਬਡਰੁੱਖਾ ਦਾ ਸਰਦਾਰ ਬਣਾ ਦਿਤਾ। ਬਾਕੀ ਦੋ ਹਿੱਸੇ—ਜੀਂਦ, ਸਫ਼ੈਦੋਂ—ਤੇ 'ਰਾਜੇ' ਦਾ ਖ਼ਿਤਾਬ ਭਾਗ ਸਿੰਘ ਨੂੰ ਮਿਲੇ।

---

* ਗੁਪਤਾ, ਹਿੱਸਾ ਦੂਜਾ, ਪੰਨੇ ੧੦੪-੧੧੬।

† ਭਗਵਾਨ ਦਾਸ, ਪੰਨਾ ੨੫; ਪੰਜਾਬ ਰਾਜਾਜ਼, ਪੰਨਾ ੩੦੯; ਰਾਜ ਖ਼ਾਲਸਾ, ਹਿੱਸਾ ਦੂੱਜਾ, ਪੰਨਾ ੧੩੨।

‡ ਪੰਜਾਬ ਰਾਜਾਜ਼, ਪੰਨਾ ੩੧੮; ਰਾਜ ਖ਼ਾਲਸਾ, ਹਿੱਸਾ ਦੂੱਜਾ, ਪੰਨਾ ੧੩੩।

Sri Satguru Jagjit Singh Ji eLibrary NamdhariElibrary@gmail.com

ਰਾਜ਼ਾ ਭਾਗ ਸਿੰਘ ਪਟਿਆਲੇ ਦੀਆਂ ਮੁਹਿੰਮਾਂ ਵਿਚ ਸਾਥ ਦੇਂਦਾ ਰਿਹਾ। ਉਹ ਮਹਾਰਾਜਾ ਰਣਜੀਤ ਸਿੰਘ ਦਾ ਮਾਮਾ ਲਗਦਾ ਸੀ, ਸੋ ੧੮੦੬ ਈ. ਦੀ ਸਤਲੁਜ-ਪਾਰ ਮੁਹਿੰਮ ਵਿਚ ਮਹਾਰਾਜੇ ਨੇ ਉਸ ਨੂੰ ਲੁਧਿਆਣਾ ਖ਼ਾਸ ਤੇ ਨਾਲ ਲਗਵੇਂ ੨੪ ਪਿੰਡ (੧੫੩੯੦ ਰੁਪੈ ਸਾਲਾਨਾ ਦੇ), ਪਰਗਣਾ ਜੰਡਿਆਲਾ ਵਿਚ ੨੪ ਪਿੰਡ, ਪਰਗਣਾ ਕੋਟ ਵਿਚ ਦੋ ਪਿੰਡ ਤੇ ਪਰਗਣਾ ਜਗਰਾਉਂ ਵਿਚ ਦੋ ਪਿੰਡ ਦਿਤੇ* । ਅਗਲੇ ਸਾਲ ਦੀ ਮੁਹਿੰਮ ਵਿਚ ਉਹਨੇ ਕੁਛ ਹੋਰ ਇਲਾਕਾ ਵੀ ਹਾਸਲ ਕੀਤਾ। ਮਗਰ ਅਫ਼ਸੋਸ, ਜਦ ੧੮੦੯ ਈ. ਵਿਚ ਮਾਲਵੇ ਦੇ ਰਾਜੇ ਅੰਗਰੇਜ਼ਾਂ ਦੀ ਰੱਖਿਆ ਵਿਚ ਗਏ, ਤਾਂ ਰਾਜਾ ਭਾਗ ਸਿੰਘ ਵੀ ਨਾਲ ਹੀ ਚਲਾ ਗਿਆ।

**ਪਰਤਾਪ ਸਿੰਘ**

ਰਾਜਾ ਭਾਗ ਸਿੰਘ ਦੇ ਤਿੰਨ ਪੁੱਤਰ ਸਨ : ਫ਼ਤਹਿ ਸਿੰਘ, ਪ੍ਰਤਾਪ ਸਿੰਘ ਤੇ ਮਹਿਤਾਬ ਸਿੰਘ। ਰਾਜਾ ਭਾਗ ਸਿੰਘ ਵੱਡੇ ਪੁੱਤਰ ਫ਼ਤਹਿ ਸਿੰਘ ਦਾ ਹੱਕ ਮਾਰ ਕੇ ਪ੍ਰਤਾਪ ਸਿੰਘ ਨੂੰ ਨੂੰ ਰਾਜ ਗੱਦੀ ਦੇਣੀ ਚਾਹੁੰਦਾ ਸੀ। ਪਰ ਅੰਗਰੇਜ਼ ਕਰਮ-ਚਾਰੀਆਂ ਨੇ ਇਹ ਤਜਵੀਜ਼ ਨਾ ਮੰਨੀ। ਅਖ਼ੀਰ ਉਮਰ ਵਿਚ ਰਾਜਾ ਭਾਗ ਸਿੰਘ ਕਈ ਸਾਲ ਬੀਮਾਰ ਰਿਹਾ। ਉਸ ਸਮੇਂ ਵਾਸਤੇ ਸਰਕਾਰ ਅੰਗਰੇਜ਼ੀ ਨੇ ਰਿਆਸਤ ਦਾ ਪ੍ਰਬੰਧ ਰਾਜਾ ਭਾਗ ਸਿੰਘ ਦੀ ਰਾਣੀ ਸਭਰਾਈ ਦੇ ਸਪੁਰਦ ਕਰ ਦਿਤਾ। ਏਸ ਪ੍ਰਬੰਧ ਤੋਂ ਨਾਰਾਜ਼ ਹੋ ਕੇ ਪ੍ਰਤਾਪ ਸਿੰਘ ਨੇ ਕਿਲ੍ਹਾ ਜੀਂਦ 'ਤੇ ਹਮਲਾ ਕਰ ਕੇ ੨੩ ਅਗਸਤ, ੧੮੧੪ ਈ. ਨੂੰ ਰਾਣੀ ਸਭਰਾਈ ਤੇ ਉਸ ਦੇ ਦੀਵਾਨ ਜੈਸ਼ੀ ਰਾਮ ਨੂੰ ਕਤਲ ਕਰ ਦਿਤਾ। ਏਸ ਜੁਰਮ ਵਿਚ ਪ੍ਰਤਾਪ ਸਿੰਘ ਫੜ ਕੇ ਦਿੱਲੀ ਵਿਚ ਕੈਦ ਕਰ ਦਿਤਾ ਗਿਆ, ਜਿੱਥੇ ਉਹ ਕੈਦ ਵਿਚ ਹੀ ਜੂਨ, ੧੮੧੬ ਈ. ਨੂੰ ਚਲਾਣਾ ਕਰ ਗਿਆ। ਉਸ ਦੀ ਔਲਾਦ ਕੋਈ ਨਹੀਂ ਸੀ।

**ਮਹਿਤਾਬ ਸਿੰਘ**

ਰਾਜਾ ਭਾਗ ਸਿੰਘ ਦਾ ਤੀਸਰਾ ਪੁੱਤਰ ਮਹਿਤਾਬ ਸਿੰਘ, ਪ੍ਰਤਾਪ ਸਿੰਘ ਤੋਂ ਕੁਛ ਮਹੀਨੇ ਪਹਿਲਾਂ ਹੀ ਮਰ ਚੁੱਕਾ

---

* ਪੰਜਾਬ ਰਾਜਾਜ਼, ਪੰਨੇ ੩੨੨-੩।

Sri Satguru Jagjit Singh Ji eLibrary NamdhariElibrary@gmail.com

ਸੀ। ਪਿੱਛੇ ਫ਼ਤਹਿ ਸਿੰਘ ਹੀ ਬਾਕੀ ਰਹਿ ਗਿਆ ਸੀ, ਸੋ ਰਾਜ-ਪ੍ਰਬੰਧ ਉਸ ਦੇ ਹਵਾਲੇ ਕੀਤਾ ਗਿਆ। ੧੮੧੯ ਈ. ਵਿਚ ਰਾਜਾ ਭਾਗ ਸਿੰਘ ਸੁਰਗਵਾਸ ਹੋ ਗਿਆ†, ਤਾਂ ਫ਼ਤਹਿ ਸਿੰਘ ਰਾਜਾ ਬਣਿਆਂ।

**ਰਾਜਾ ਫ਼ਤਹਿ ਸਿੰਘ**

ਰਾਜਾ ਫ਼ਤਹਿ ਸਿੰਘ ਤਿੰਨ ਸਾਲ ਅਮਨ ਦਾ ਰਾਜ ਕਰ ਕੇ ੩ ਫ਼ਰਵਰੀ, ੧੮੨੨ ਈ. ਨੂੰ ਸੁਰਗਵਾਸ ਹੋ ਗਿਆ.. ਤਾਂ ੩੦ ਜੁਲਾਈ, ੧੮੨੨ ਈ. ਨੂੰ ਉਸ ਦੇ ੧੧ ਸਾਲ ਦੇ ਪੁੱਤਰ ਸੰਗਤ ਸਿੰਘ ਨੂੰ ਗੱਦੀ 'ਤੇ ਬਿਠਾਇਆ ਗਿਆ। ਮਹਾਰਾਜਾ ਰਣਜੀਤ ਸਿੰਘ ਉਸ ਦਾ ਰਿਸ਼ਤੇਦਾਰ ਸੀ। ਇਸ ਲਿਹਾਜ਼ ਨਾਲ ਰਾ: ਸੰਗਤ ਸਿੰਘ ੧੮੨੬ ਈ. ਤੇ ੧੮੨੭ ਈ. ਨੂੰ ਦੋ ਵਾਰ ਲਾਹੌਰ ਗਿਆ ਤੇ ਦੁਆਬਾ ਜਲੰਧਰ ਵਿਚ ਜਾਗੀਰ ਪ੍ਰਾਪਤ ਕੀਤੀ। ਅੰਗਰੇਜ਼ਾਂ ਨੇ ਇਸ ਗੱਲੋਂ ਨਾਰਾਜ਼ ਹੋ ਕੇ ਉਸ ਨੂੰ ਸਖ਼ਤ ਤਾੜਨਾ ਕੀਤੀ ਤੇ ਅੱਗੇ ਵਾਸਤੇ ਕਾਨੂੰਨ ਬਣਾ ਦਿਤਾ, ਕਿ ਅੰਗਰੇਜ਼ਾਂ ਦਾ ਰੱਖਿਆਧੀਨ ਕੋਈ ਰਈਸ ਕਿਸੇ ਓਪਰੇ ਹੁਕਮਰਾਨ ਤੋਂ ਕੋਈ ਜਾਗੀਰ ਜਾਂ ਤੁਹਫ਼ਾ ਨਹੀਂ ਲੈ ਸਕਦਾ ਤੇ ਨਾ ਹੀ ਕਿਸੇ ਤਰ੍ਹਾਂ ਦਾ ਸੰਬੰਧ ਰੱਖ ਸਕਦਾ ਹੈ।

**ਰਾਜਾ ਸੰਗਤ ਸਿੰਘ**

੩ ਨਵੰਬਰ, ੧੮੩੪ ਈ. ਨੂੰ ਰਾਜਾ ਸੰਗਤ ਸਿੰਘ ਸੁਰਗਵਾਸ ਹੋ ਗਿਆ। ਉਸ ਦੀ ਕੋਈ ਔਲਾਦ ਨਹੀਂ ਸੀ। ਸੋ, ਨਜ਼ਦੀਕੀ ਸਰਦਾਰ ਸਰੂਪ ਸਿੰਘ ਰਾਜਾ ਬਣਿਆਂ‡।

**ਰਾਜਾ ਸਰੂਪ ਸਿੰਘ**

ਸਰਕਾਰ ਅੰਗਰੇਜ਼ੀ ਦੀ ਇੱਛਿਆ ਸੀ, ਕਿ ਸਾਰੀ ਰਿਆਸਤ ਜ਼ਬਤ ਕਰ ਲਵੇ, ਪਰ (ਨਾਭਾ, ਪਟਿਆਲਾ ਆਦਿ) ਦੇ ਰੌਲਾ ਪਾਉਣ 'ਤੇ ਕੁਛ ਇਲਾਕਾ ਕਾਇਮ ਰਖ ਕੇ ਸਰੂਪ ਸਿੰਘ ਨੂੰ ਗੱਦੀ ਦੇ ਦਿਤੀ ਗਈ। ੧੦ ਜਨਵਰੀ, ੧੮੩੭ ਈ. ਨੂੰ ਗਵਰਨਰ-ਜੈਨਰਲ ਨੇ ਲਿਖਿਆ, ਕਿ ਸਰੂਪ

---

† ਪੰਜਾਬ ਰਾਜਾਜ਼, ਪੰਨਾ ੨੫੩; ਭਗਵਾਨ ਦਾਸ, ਪੰਨਾ ੨੫।

‡ ਵੇਖੋ ਬੰਸਾਵਲੀ।

Sri Satguru Jagjit Singh Ji eLibrary NamdhariElibrary@gmail.com

ਸਿੰਘ ਨੂੰ ਸਿਰਫ਼ ਓਨਾ ਇਲਾਕਾ ਦਿਤਾ ਜਾਵੇ, ਜਿੰਨਾ ਰਾਜਾ ਗਜਪਤ ਸਿੰਘ ਦੇ ਕੋਲ ਸੀ। ਸੋ ਇਲਾਕੇ ਦੀ ਵੰਡ ਇਉਂ ਹੋਈ :—ਜੀਂਦ ਤੇ ਸਫ਼ੈਦੋਂ ਦੇ ੩੨੨ ਪਿੰਡ (੨੨੬੦੦੦ ਰੁਪੈ ਸਾਲਾਨਾ ਦੇ) ਸਰੂਪ ਸਿੰਘ ਨੂੰ ਦਿਤੇ ਗਏ, ਅਮਲੋਹ ਤਲਵੰਡੀ ਆਦਿ (੯ ਹਜ਼ਾਰ ਸਾਲਾਨਾ ਦੇ) ਮਹਾਰਾਜਾ ਰਣਜੀਤ ਸਿੰਘ ਨੂੰ ਵਾਪਸ ਕੀਤੇ ਗਏ, ਬਸੀਆਂ, ਲੁਧਿਆਣਾ, ਮੋਰਿੰਡਾ, ਜੰਡਿਆਲਾ, ਦਿਆਲਪੁਰਾ ਆਦਿ ੧੪੬ ਪਿੰਡ (੧੮੨੦੦੦ ਰੁਪੈ ਦੇ) ਸਰਕਾਰ ਅੰਗਰੇਜ਼ੀ ਨੇ ਆਪ ਜ਼ਬਤ ਕਰ ਲਏ*। ਇਹ ਵੰਡ ਕਰ ਕੇ ਅਪ੍ਰੈਲ, ੧੮੩੭ ਈ. ਨੂੰ ਰਾਜਾ ਸਰੂਪ ਸਿੰਘ ਨੂੰ ਗੱਦੀ 'ਤੇ ਬਿਠਾਇਆ ਗਿਆ। ਸਮਾਂ ਪਾ ਕੇ ਉਸ ਨੇ ਜੀਂਦ ਦੀ ਥਾਂ ਸੰਗਰੂਰ ਨੂੰ ਰਾਜਧਾਨੀ ਬਣਾਇਆ।

**ਸੰਗਰੂਰ ਰਾਜਧਾਨੀ**

ਸਤਲੁਜ ਯੁੱਧ ਵਿਚ ਰਾਜਾ ਸਰੂਪ ਸਿੰਘ ਨੇ ਪੂਰੀ ਤਰ੍ਹਾਂ ਅੰਗਰੇਜ਼ਾਂ ਦੀ ਮਦਦ ਕੀਤੀ ਤੇ ਚਾਰ ਹਜ਼ਾਰ ਸਾਲਾਨਾ ਆਮਦਣ ਦਾ ਇਲਾਕਾ ਇਨਾਮ ਵਜੋਂ ਹਾਸਲ ਕੀਤਾ। ੧੮੫੭ ਈ. ਦੇ ਗ਼ਦਰ ਵਿਚ ਉਹਨੇ ਵਿਤੋਂ ਵਧਕੇ ਅੰਗਰੇਜ਼ਾਂ ਦੀ ਮਦਦ ਕੀਤੀ। ਉਹ ਆਪ ਫ਼ੌਜ ਲੈ ਕੇ ਦਿੱਲੀ ਦੀ ਲੜਾਈ ਵਿਚ ਆਪ ਸ਼ਾਮਲ ਹੋਇਆ। ਇਸ ਸੇਵਾ ਬਦਲੇ ਦਾਦਰੀ ਦਾ ਇਲਾਕਾ (੫੭੫ ਮੁਰੱਬਾ ਮੀਲ, ੧੦੩੦੦੦ ਰੁਪੈ ਸਾਲਾਨਾ ਆਮਦਣ ਦਾ), ਪਰਗਣਾ ਕੁਲਾਰਾਂ ਦੇ ੧੩ ਪਿੰਡ (੧੩੮੧੩ ਰੁਪੈ ਸਾਲਾਨਾ ਦੇ) ਤੇ "ਫ਼ਰਜ਼ੰਦ ਦਿਲਬੰਦ, ਰਾਸਿਖ਼ ਉਲ ਇਤ-ਕਾਦਿ ਦੌਲਤੇ ਇੰਗਲਿਸ਼ੀਆ, ਰਾਜਾ ਸਰੂਪ ਸਿੰਘ ਬਹਾਦੁਰ ਵਾਲੀਏ ਜੀਂਦ" ਦਾ ਖ਼ਿਤਾਬ ਮਿਲਿਆ। ਪੰਜ ਮਾਰਚ, ੧੮੬੨ ਈ. ਦੀ ਸੰਨਦ ਰਾਹੀਂ ਮੁਤਬੰਨਾ (ਪੁਤਰੇਲਾ) ਬਨਾਉਣ ਦਾ ਹੱਕ ਦਿਤਾ ਗਿਆ ਤੇ ਸਤੰਬਰ, ੧੮੬੩ ਈ. ਵਿਚ ਗਵਰਨਰ-ਜੈਨਰਲ ਨੇ ਰਾਜਾ ਸਰੂਧ ਸਿੰਘ ਨੂੰ 'ਸਤਾਰਾ-ਏ-ਹਿੰਦ' ਦਾ ਖ਼ਿਤਾਬ ਦਿਤਾ। ੨੬ ਜਨਵਰੀ, ੧੮੬੪

**ਸਤਲੁਜ ਯੁੱਧ**

**ਗ਼ਦਰ**

**ਦਾਦਰੀ**

**ਖ਼ਿਤਾਬ**

---

* ਪੰਜਾਬ ਰਾਜਾਜ਼, ਪੰਨੇ ੩੭੭-੮।

Sri Satguru Jagjit Singh Ji eLibrary NamdhariElibrary@gmail.com

ਈ. ਨੂੰ ਉਹ ਸੁਰਗਵਾਸ ਹੋ ਗਿਆ।

ਰਾਜਾ ਸਰੂਪ ਸਿੰਘ ਦਾ ਵੱਡਾ ਲੜਕਾ ਰਣਧੀਰ ਸਿੰਘ ੧੮੪੮ ਈ. ਵਿਚ ਸੁਰਗਵਾਸ ਹੋ ਚੁਕਾ ਸੀ, ਸੋ ਛੋਟਾ ਪੁੱਤਰ

**ਰਾਜਾ ਰਘਬੀਰ ਸਿੰਘ**

ਰਘਬੀਰ ਸਿੰਘ ੩੧ ਮਾਰਚ, ੧੮੬੪ ਈ. ਨੂੰ ਗੱਦੀ 'ਤੇ ਬੈਠਾ। ਉਸ ਨੇ ਦੂਸਰੇ ਅਫ਼ਗਾਨ-ਯੁੱਧ ਸਮੇਂ ਅੰਗਰੇਜ਼ਾਂ ਦੀ ਬੜੀ ਮਦਦ ਕੀਤੀ, ਜਿਸ ਬਦਲੇ ਉਸ ਨੂੰ 'ਰਾਜਾ-ਇ-ਰਾਜ-ਗਾਨ' ਦਾ ਖ਼ਿਤਾਬ ਮਿਲਿਆ।

ਰਾਜਾ ਰਘਬੀਰ ਸਿੰਘ ੧੮੮੭ ਈ. ਵਿਚ ਚਲਾਣਾ ਕਰ ਗਿਆ। ਉਸਦਾ ਪੁੱਤਰ ਬਲਬੀਰ ਸਿੰਘ ਉਸ ਤੋਂ ਪਹਿਲਾਂ

**ਮਹਾਰਾਜਾ ਰਨਬੀਰ ਸਿੰਘ**

ਹੀ ਸੁਰਗਵਾਸ ਹੋ ਚੁਕਾ ਸੀ, ਸੋ ਪੋਤਰਾ ਰਨਬੀਰ ਸਿੰਘ ਰਾਜਾ ਬਣਿਆਂ। ੧੯੧੧ ਈ. ਵਿਚ ਸਰ-ਕਾਰ ਅੰਗਰੇਜ਼ੀ ਵੱਲੋਂ ਉਸ ਨੂੰ 'ਮਹਾਰਾਜਾ' ਦਾ ਖ਼ਿਤਾਬ ਮਿਲਿਆ।

੧੯੪੮ ਈ. ਮਹਾਰਾਜਾ ਰਨਬੀਰ ਸਿੰਘ

**ਮਹਾਰਾਜਾ ਰਾਜਬੀਰ ਸਿੰਘ**

ਸੁਰਗਵਾਸ ਹੋ ਗਿਆ, ਤਾਂ ਰਾਜਬੀਰ ਸਿੰਘ ਮਹਾ-ਰਾਜਾ ਬਣਿਆਂ। ਇਹ ਜੀਂਦ ਦਾ ਆਖ਼ਰੀ ਮਹਾਰਾਜਾ ਹੈ। ਪੰਜ ਮਈ, ੧੯੪੮ ਈ. ਨੂੰ ਇਸ ਨੇ ਪੈਪਸੂ ਵਿਚ ਸ਼ਾਮਲ ਹੋਣ ਲਈ ਦਸਤਖ਼ਤ ਕੀਤੇ ਤੇ ੨੦ ਅਗਸਤ, ੧੯੪੮ ਈ. ਨੂੰ ਰਿਆਸਤ ਪੈਪਸੂ ਵਿਚ ਸ਼ਾਮਲ ਹੋ ਗਈ। ਮਹਾਰਾਜਾ ਜੀਂਦ ਦਾ ਸਾਲਾਨਾ ਭੱਤਾ ੩੨੮੧੦੦ ਰੁਪੈ ਨੀਯਤ ਹੋਇਆ ਹੈ*। ਦੂਜੀਆਂ ਰਿਆਸਤਾਂ ਵਾਂਗ ਨਿੱਜੀ ਜਾਇਦਾਦ ਉਤੇ ਵੀ ਅਧਿਕਾਰ ਕਾਇਮ ਰਹਿਣਗੇ।

---

* White Paper on Indian States (1950), P. 272.

Sri Satguru Jagjit Singh Ji eLibrary NamdhariElibrary@gmail.com

# ਰਿਆਸਤ ਫ਼ਰੀਦਕੋਟ




Sri Satguru Jagjit Singh Ji eLibrary NamdhariElibrary@gmail.com

ਰਾਜਾ ਬਲਬੀਰ ਸਿੰਘ          ਕੰਵਰ ਗਜਿੰਦਰ ਸਿੰਘ
|
ਮ: ਬ੍ਰਿਜਿੰਦਰ ਸਿੰਘ (ਮੁਤਬੰਨਾ)
|
ਰਾਜਾ ਹਰਿੰਦਰ ਸਿੰਘ (ਆਖ਼ਰੀ ਰਾਜਾ)

ਪਟਿਆਲੇ ਦੀ ਬੰਸਾਵਲੀ ਵੇਖਣ ਤੋਂ ਪਤਾ ਲਗਦਾ ਹੈ, ਕਿ ਰਾਜਾ ਜੈਸਲ ਦੀ ਔਲਾਦ ਵਿਚੋਂ ਸੱਤਵੀਂ ਪੀੜ੍ਹੀ 'ਸਿੱਧੂ' ਹੋਇਆ ਹੈ। ਉਸਦੀ ਔਲਾਦ 'ਸਿੱਧੂ ਜੱਟ' ਅਖਵਾਉਂਦੀ ਹੈ। ਰਾਜਾ ਜੈਸਲ 'ਭੱਟੀ ਰਾਜਪੂਤ' ਸੀ। ਸਿੱਧੂ ਦੀ ਔਲਾਦ ਵਿਚੋਂ ਅੱਗੇ ਨੌਂਵੀਂ ਪੀੜ੍ਹੀ 'ਬਰਾੜ' ਹੋਇਆ। ਇਸ ਤੋਂ 'ਸਿੱਧੂ ਬਰਾੜ ਜੱਟ' ਘਰਾਣੇ ਦਾ ਮੁਢ ਬਝਾ। ਬਰਾੜ ਦੇ ਅੱਗੇ ਦੋ ਹੋਏ: ਪੌਰ ਤੇ ਧੌਲ। ਵੱਡੇ 'ਪੌਰ' ਦੀ ਔਲਾਦ ਵਿਚੋਂ 'ਫੂਲ' ਹੋਇਆ, ਜਿਸ ਦੇ ਪੁੱਤ ਪੌਤਰੇ ਨਾਭਾ, ਪਟਿਆਲਾ, ਜੀਂਦ ਰਿਆਸਤਾਂ ਦੇ ਮਾਲਕ ਬਣੇ। ਛੋਟੇ 'ਧੌਲ' ਦੀ ਔਲਾਦ ਵਿਚੋਂ ਫ਼ਰੀਦ ਕੋਟ ਦੇ ਰਾਜੇ ਹਨ।

ਜੈਸਲ ਸਿੱਧੂ

ਬਰਾੜ

ਧੌਲ ਦੀ ਔਲਾਦ ਵਿਚੋਂ ਅੱਗੇ ਨਾਮਵਰ 'ਸੰਘਰ' ਹੋਇਆ। ਕਹਿੰਦੇ ਹਨ, ਪਾਨੀਪਤ ਦੀ ਲੜਾਈ ਵਿਚ ਉਹ ਬਾਬਰ ਦੀ ਮਦਦ ਕਰਦਾ ਹੋਇਆ ਮਾਰਿਆ ਗਿਆ। ਬਾਬਰ ਨੇ ਉਸਦੇ ਵੱਡੇ ਪੁੱਤਰ ਭੱਲਨ ਨੂੰ ਬਰਾੜਾਂ ਦੇ ਇਲਾਕੇ ਦਾ ਚੌਧਰੀ ਬਣਾ ਦਿਤਾ। ਪਿੱਛੋਂ ਅਕਬਰ ਦੇ ਸਮੇਂ ਭੱਲਨ ਤੇ ਮਨਸੂਰ ਖ਼ਾਂ ਭੱਟੀ ਵਿਚ ਚੌਧਰ ਬਦਲੇ ਝਗੜਾ ਪੈ ਗਿਆ, ਤਾਂ ਅਕਬਰ ਨੇ ਇਲਾਕਾ ਅੱਧੋ ਅੱਧ ਕਰਕੇ ਦੋਵੇਂ ਚੌਧਰੀ ਬਣਾ ਦਿਤੇ। ਭੱਲਨ ਦੇ ਮਾਤਹਿਤ ਕੋਟ ਕਪੂਰਾ, ਫ਼ਰੀਦ ਕੋਟ, ਮਾੜੀ, ਮੁਦਕੀ ਤੇ ਮੁਕਤਸਰ ਦੇ ਪਰਗਣੇ ਸਨ*। ਉਹ ੧੬੪੩

ਸੰਘਰ

ਭਲਨ

* ਪੰਜਾਬ ਰਾਜਾਜ਼, ਪੰਨਾ ੬੦੧।

Sri Satguru Jagjit Singh Ji eLibrary NamdhariElibrary@gmail.com

ਲਾਲਾ ਈ. ਵਿਚ ਲਾਵਲਦ ਮਰਿਆ, ਤਾਂ ਉਸਦਾ ਛੋਟਾ ਭਰਾ 'ਲਾਲਾ' ਚੌਧਰੀ ਬਣਿਆਂ। ਵੀਹ ਸਾਲ ਪਿੱਛੋਂ ਉਹ ਸੁਰਗਵਾਸ ਹੋਇਆ, ਤਾਂ ਉਸਦਾ ਪੁੱਤਰ 'ਕਪੂਰਾ' ਚੌਧਰੀ ਬਣਿਆਂ।

ਕਪੂਰਾ ਕਪੂਰੇ ਦਾ ਜਨਮ ੧੬੨੮ ਈ. ਵਿਚ ਹੋਇਆ। ਚੌਧਰੀ ਬਣ ਕੇ ਉਹਨੇ ਉਦਾਲੇ ਦੇ ਗਵਾਂਢੀਆਂ ਨਾਲ ਲੜਾਈਆਂ ਕਰਕੇ ਆਪਣਾ ਇਲਾਕਾ ਵਧਾ ਲਿਆ। ਉਸਨੇ ਕੋਟ ਕਪੂਰਾ ਵਸਾ ਕੇ ਕਿਲ੍ਹਾ ਬਣਾਇਆ। ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਨੂੰ ਜਾਂਦੇ ਹੋਏ ਉਸ ਕੋਲ ਠਹਿਰੇ ਤੇ ਗਵਰਨਰ ਸਰਹਿੰਦ ਨਾਲ ਲੜਾਈ ਕਰਨ ਬਦਲੇ ਕੋਟ ਕਪੂਰੇ ਦਾ ਕਿਲ੍ਹਾ ਮੰਗਿਆ। ਕਪੂਰੇ ਨੇ ਅੱਗੋਂ ਇਨਕਾਰ ਕਰਦਿਆਂ ਕਿਹਾ, "ਮਹਾਰਾਜ! ਮੈਂ ਤਾਂ ਤੁਰਕਾਂ ਦਾ ਨੌਕਰ ਹਾਂ। ਜੇ ਖੁੱਲ੍ਹ-ਮ-ਖੁੱਲ੍ਹਾ ਤੁਹਾਡੀ ਮਦਦ ਕਰਾਂ, ਤਾਂ ਉਹ ਮੈਨੂੰ ਫ਼ਾਂਸੀ ਦੇ ਦੇਣਗੇ।"

ਈਸੇ ਖ਼ਾਂ ਨਾਲ ਕਪੂਰੇ ਦਾ ਸਦਾ ਲੜਾਈ ਝਗੜਾ ਰਹਿੰਦਾ ਸੀ। ਈਸੇ ਖ਼ਾਂ ਨੇ ਉਸ ਨਾਲ ਸੁਲ੍ਹਾ ਕਰ ਲਈ। ੧੭੦੮ ਈ. ਵਿਚ ਈਸੇ ਖ਼ਾਂ ਨੇ ਆਪਣੇ ਪੁੱਤਰ ਦੀ ਸ਼ਾਦੀ ਉੱਤੇ ਕਪੂਰੇ ਨੂੰ ਕੋਟ ਈਸੇ ਖ਼ਾਂ ਬੁਲਾ ਕੇ ਫ਼ਾਂਸੀ ਦੇ ਕੇ ਮਾਰਿਆ†।

ਕਪੂਰੇ ਦੇ ਪੁੱਤਰ ਕਪੂਰੇ ਦੇ ਅੱਗੇ ਤਿੰਨ ਪੁੱਤਰ ਸਨ: ਸੁੱਖਾ ਸਿੰਘ, ਸੱਜਾ (ਸੁਜਾਨਾ), ਮੁੱਖੂ (ਮੁਖੀਆ)। ਉਹਨਾਂ ਹਮਲਾ ਕਰ ਕੇ ਈਸੇ ਖ਼ਾਂ ਨੂੰ ਕਤਲ ਕਰ ਦਿਤਾ ਤੇ ਕੋਟ ਈਸੇ ਖ਼ਾਂ ਲੁੱਟ ਲਿਆ। ਕਪੂਰੇ ਦੇ ਥਾਂ ਵੱਡਾ ਪੁੱਤਰ ਸੁੱਖਾ ਸਿੰਘ ਚੌਧਰੀ ਬਣਿਆਂ। ਉਹਨੇ ਹੋਰ ਕਈ ਪਿੰਡ ਖੋਹ ਕੇ ਆਪਣੇ ਇਲਾਕੇ ਵਿਚ ਮਿਲਾ ਲਏ। ਸੁਜਾਨਾ ਤਾਂ ੧੭੧੦ ਈ. ਵਿਚ ਮਰ ਗਿਆ ਤੇ ਮੁੱਖੂ ਨੂੰ ਪਿੰਡ ਰੋੜੀ ਤੇ ਮੱਤਾ ਦੇਕੇ ਵੱਖਰਾ ਕਰ ਦਿਤਾ ਗਿਆ। ਉਹਦੀ ਔਲਾਦ ਉਹਨਾਂ ਪਿੰਡਾਂ ਵਿਚ ਹੈ। ਸੁੱਖਾ ਸਿੰਘ ੧੭੩੧ ਈ. ਵਿਚ ਸੁਰਗਵਾਸ ਹੋਇਆ‡।

---

† ਰਾਜ ਖ਼ਾਲਸਾ, ਹਿੱਸਾ ਦੂਜਾ, ਪੰਨਾ ੧੭੧; ਪੰਜਾਬ ਰਾਜਾਜ਼, ਪੰਨਾ ੬੦੩।

‡ ਭਗਵਾਨ ਦਾਸ, ਪੰਨਾ ੧੦੦; ਪੰਜਾਬ ਰਾਜਾਜ਼, ਪੰਨਾ ੬੦੩।

Sri Satguru Jagjit Singh Ji eLibrary NamdhariElibrary@gmail.com

**ਸੁੱਖਾ ਸਿੰਘ ਦੇ ਪੁੱਤਰ**

ਉਹਦੇ ਅੱਗੇ ਤਿੰਨ ਪੁੱਤਰ ਹੋਏ : ਜੋਧ ਸਿੰਘ, ਹਮੀਰ ਸਿੰਘ ਤੇ ਵੀਰ ਸਿੰਘ। ਉਹਨਾਂ ਇਸ ਤਰ੍ਹਾਂ ਇਲਾਕੇ ਦੀ ਵੰਡ ਕਰ ਲਈ : ਕੋਟ ਕਪੂਰਾ ਜੋਧ ਸਿੰਘ ਦੇ, ਫ਼ਰੀਦਕੋਟ ਹਮੀਰ ਸਿੰਘ ਦੇ ਤੇ ਮਾੜੀ ਪਰਗਣਾ ਵੀਰ ਸਿੰਘ ਦੇ ਹਿੱਸੇ ਆਇਆ। ੧੭੬੭ ਈ. ਵਿਚ ਜੋਧ ਸਿੰਘ ਤੇ ਉਸ ਦਾ

**ਜੋਧ ਸਿੰਘ**

ਪੁੱਤਰ ਜੀਤ ਸਿੰਘ ਪਟਿਆਲੇ ਵਾਲੇ ਰਾਜਾ ਅਮਰ ਸਿੰਘ ਨਾਲ ਲੜ ਕੇ ਮਾਰੇ ਗਏ। ਫਿਰ ਉਸ ਦੀ ਥਾਂ ਟੇਕ ਸਿੰਘ ਜਾਗੀਰ ਦਾ ਮਾਲਕ ਬਣਿਆਂ।

**ਟੇਕ ਸਿੰਘ**

ਟੇਕ ਸਿੰਘ ਦਾ ਆਪਣੇ ਪੁੱਤਰ ਜਗਤ ਸਿੰਘ ਨਾਲ ਝਗੜਾ ਹੋ ਪਿਆ। ੧੮੦੬ ਈ. ਵਿਚ ਇਕ ਰਾਤ ਜਗਤ ਸਿੰਘ ਨੇ ਘਰ ਨੂੰ ਅੱਗ ਲਾ ਕੇ ਟੇਕ ਸਿੰਘ ਜਿਉਂਦੇ ਨੂੰ ਸਾੜ ਦਿਤਾ।

**ਜਗਤ ਸਿੰਘ ਤੇ ਕਰਮ ਸਿੰਘ**

ਫਿਰ ਜਗਤ ਸਿੰਘ ਤੇ ਕਰਮ ਸਿੰਘ—ਦੋਹਾਂ ਭਰਾਵਾਂ—ਦਾ ਝਗੜਾ ਹੋ ਪਿਆ। ਕਰਮ ਸਿੰਘ ਨੇ ਲਾਹੌਰ ਦਰਬਾਰ ਤੋਂ ਮਦਦ ਮੰਗੀ। ੧੮੦੭ ਈ. ਵਿਚ ਦੀਵਾਨ ਮੁਹਕਮ ਚੰਦ ਨੇ ਕੋਟ ਕਪੂਰੇ 'ਤੇ ਕਬਜ਼ਾ ਕਰ ਲਿਆ, ਜੋ ਪਹਿਲੇ ਸਿੱਖ ਯੁੱਧ ਤਕ ਕਾਇਮ ਰਿਹਾ। ਜਗਤ ਸਿੰਘ, ਕਰਮ ਸਿੰਘ ਨੂੰ ਕੁਛ ਪਿੰਡ ਜਾਗੀਰ ਵਜੋਂ ਦਿਤੇ ਗਏ। ਜਗਤ ਸਿੰਘ ਦੇ ਘਰ ਇਕੋ ਲੜਕੀ ਹੀ ਸੀ, ਜਿਸ ਦੀ ਸ਼ਾਦੀ ਮਹਾਰਾਜਾ ਸ਼ੇਰ ਸਿੰਘ ਲਾਹੌਰ ਨਾਲ ਹੋਈ*। ੧੮੨੫ ਈ. ਵਿਚ ਉਹ ਸੁਰਗਵਾਸ ਹੋ ਗਿਆ। ਉਸ ਦੇ ਘਰ ਪੁੱਤਰ ਕੋਈ ਨਹਾਂ ਸੀ। ਕਰਮ ਸਿੰਘ ਦੀ ਔਲਾਦ ਹੈ।

**ਹਮੀਰ ਸਿੰਘ ਫ਼ਰੀਦਕੋਟ**

ਫ਼ਰੀਦਕੋਟ ਦਾ ਘਰਾਣਾ ਹਮੀਰ ਸਿੰਘ ਤੋਂ ਚਲਦਾ ਹੈ। ਉਸ ਨੇ ਫ਼ਰੀਦਕੋਟ ਵਿਚ ਕਿਲ੍ਹਾ ਬਣਾਇਆ ਤੇ ਸ਼ਹਿਰ ਦੀ ਚੰਗੀ ਤਰੱਕੀ ਕੀਤੀ। ਉਸ ਦੇ ਵੱਡੇ ਪੁੱਤਰ ਦਲ ਸਿੰਘ ਨੇ ਪਿਤਾ ਦੇ ਵਿਰੁੱਧ ਬਗ਼ਾਵਤ ਕਰ ਦਿਤੀ। ਸ: ਹਮੀਰ ਸਿੰਘ

---

* ਪੰਜਾਬ ਰਾਜਾਜ਼, ਪੰਨਾ ੬੦੬; ਰਾਜ ਖ਼ਾਲਸਾ, ਹਿੱਸਾ ਦੂਜਾ, ਪੰਨਾ ੧੭੪।

Sri Satguru Jagjit Singh Ji eLibrary NamdhariElibrary@gmail.com

ਨੇ ਢੁਡੀਕੇ, ਮਲੋਹ, ਆਦਿ ਤਿੰਨ ਪਿੰਡ ਦਲ ਸਿੰਘ ਨੂੰ ਦੇ ਕੇ ਬਾਕੀ ਜਾਇ-ਦਾਦ ਦਾ ਵਾਰਸ ਮੋਹਰ ਸਿੰਘ ਨੂੰ ਬਣਾ ਦਿਤਾ। ਦਲ ਸਿੰਘ ਦੀ ਔਲਾਦ ਉਹਨਾਂ ਪਿੰਡਾਂ ਵਿਚ ਹੈ।

**ਮੋਹਰ ਸਿੰਘ**

੧੭੯੨ ਈ. ਹਮੀਰ ਸਿੰਘ ਸੁਰਗਵਾਸ ਹੋ ਗਿਆ, ਤਾਂ ਮੋਹਰ ਸਿੰਘ ਸਰਦਾਰ ਬਣਿਆਂ। ਮੋਹਰ ਸਿੰਘ ਨੇ ਇਕ ਮੁਸਲਮਾਨੀ—ਤੇਜੀ—ਘਰ ਪਾ ਲਈ। ਉਸ ਵਿਚੋਂ ਭੂਪਾ (ਭੂਪ ਸਿੰਘ) ਪੈਦਾ ਹੋਇਆ। ਮੋਹਰ ਸਿੰਘ ਵੱਡੇ ਪੁੱਤਰ ਚੜ੍ਹਤ ਸਿੰਘ ਨਾਲੋਂ ਭੂਪੇ ਨੂੰ ਵਧੇਰੇ ਪਿਆਰ ਕਰਦਾ ਸੀ। ਏਸ ਦੁਖੋਂ ਇਕ ਦਿਨ—ਜਦ ਮੋਹਰ ਸਿੰਘ ਤੇ ਭੂਪਾ ਬਾਹਰ ਗਏ ਹੋਏ ਸਨ—ਚੜ੍ਹਤ ਸਿੰਘ ਨੇ ਕਿਲ੍ਹੇ ਫ਼ਰੀਦਕੋਟ 'ਤੇ ਕਬਜ਼ਾ ਕਰਕੇ ਤੇਜੀ ਨੂੰ ਕਤਲ ਕਰ ਦਿਤਾ। ਮੋਹਰ ਸਿੰਘ ਨੇ ਫ਼ਰੀਦਕੋਟ ਕਿਲ੍ਹੇ 'ਤੇ ਹਮਲਾ ਕੀਤਾ, ਮਗਰ ਕਾਮਯਾਬ ਨਾ ਹੋਇਆ। ਉਲਟਾ ਚੜ੍ਹਤ ਸਿੰਘ ਨੇ ਮੋਹਰ ਸਿੰਘ ਨੂੰ ਫੜ ਕੇ ਪਿੰਡ ਸ਼ੇਰ ਸਿੰਘ ਵਾਲਾ ਵਿਚ ਕੈਦ ਕਰ ਦਿਤਾ। ਸ: ਤਾਰਾ ਸਿੰਘ ਘੇਬਾ ਨੇ ਉਸਨੂੰ ਰਿਹਾ ਕਰਾ ਦਿਤਾ, ਪਰ ਉਹ ਦੁਬਾਰਾ ਫ਼ਰੀਦਕੋਟ ਨਾ ਲੈ ਸਕਿਆ। ਅੰਤ ਉਹ ਏਧਰ ਉਧਰ ਭਟਕਦਾ ੧੭੯੮ ਈ. ਵਿਚ ਮਰ ਗਿਆ†।

**ਚੜ੍ਹਤ ਸਿੰਘ**

੧੮੦੪ ਈ. ਵਿਚ ਦਲ ਸਿੰਘ (ਮੋਹਰ ਸਿੰਘ ਦਾ ਵੱਡਾ ਭਰਾ) ਨੇ ਰਾਤ ਹਮਲਾ ਕਰਕੇ ਕਿਲ੍ਹਾ ਫ਼ਰੀਦ ਕੋਟ ਤੇ ਕਬਜ਼ਾ ਕਰ ਲਿਆ ਤੇ ਚੜ੍ਹਤ ਸਿੰਘ ਨੂੰ ਕਤਲ ਕਰ ਦਿਤਾ। ਚੜ੍ਹਤ ਸਿੰਘ ਦੀ ਇਸਤਰੀ ਆਪਣੇ ਛੋਟੇ ਛੋਟੇ ਬੱਚਿਆਂ ਨੂੰ ਨਸਾ ਕੇ ਆਪਣੇ ਪੇਕੇ—ਸ਼ੇਰ ਸਿੰਘ ਵਾਲੇ—ਲੈ ਗਈ। ਇਕ ਮਹੀਨੇ ਪਿੱਛੋਂ ਉਸਦੇ ਭਰੱਾ ਫ਼ੌਜਾ ਸਿੰਘ ਨੇ ਇਕ ਰਾਤ ਹਮਲਾ ਕਰ ਕੇ ਦਲ ਸਿੰਘ ਨੂੰ ਕਤਲ ਕਰ ਦਿਤਾ। ਤਾਂ ਚੜ੍ਹਤ ਸਿੰਘ ਦਾ ਪੁੱਤਰ ਸੱਤਾਂ ਸਾਲਾਂ ਦਾ ਗੁਲਾਬ ਸਿੰਘ ਗੱਦੀ 'ਤੇ ਬੈਠਾ ਤੇ ਉਸਦਾ ਮਾਮਾ ਫ਼ੌਜਾ ਸਿੰਘ ਕਾਰ ਮੁਖ਼ਤਿਆਰ ਬਣਿਆਂ।

੧੮੦੯ ਈ. ਵਿਚ ਮ: ਰਣਜੀਤ ਸਿੰਘ ਨੇ ਫ਼ਰੀਦਕੋਟ ਉੱਤੇ ਕਬਜ਼ਾ

---

† ਪੰਜਾਬ ਗਾਜ਼ਾਫ਼, ਪੰਨਾ ੬੦੮; ਭਗਵਾਨ ਦਾਸ, ਪੰਨਾ ੧੦੦।

Sri Satguru Jagjit Singh Ji eLibrary NamdhariElibrary@gmail.com

ਅੰਗਰੇਜ਼ਾਂ ਦੀ ਰੱਖਿਆ ਵਿਚ

ਕਰ ਲਿਆ ਤੇ ਗੁਲਾਬ ਸਿੰਘ ਨੂੰ ਪੰਜ ਪਿੰਡ ਗੁਜ਼ਾਰੇ ਵਾਸਤੇ ਦਿਤੇ। ੧੮੦੯ ਈ. ਦੀ ਸੁਲ੍ਹਾ ਅਨਸਾਰ ਮਹਾਰਾਜੇ ਨੂੰ ਉਹ ਇਲਾਕਾ ਛਡਣਾ ਪਿਆ। ਅੰਗਰੇਜ਼ਾਂ ਨੇ ਫ਼ਰੀਦ-ਕੋਟ ਦਾ ਇਲਾਕਾ ਗੁਲਾਬ ਸਿੰਘ ਨੂੰ ਵਾਪਸ ਦੇ ਕੇ ਬਾਕੀ ਰਿਆਸਤਾਂ ਵਾਂਗ ਉਸਨੂੰ ਵੀ ਆਪਣੀ ਰੱਖਿਆ ਵਿਚ ਲੈ ਲਿਆ।

ਗੁਲਾਬ ਸਿੰਘ

ਅਤਰ ਸਿੰਘ

ਪਹਾੜਾ ਸਿੰਘ

੧੫ ਨਵੰਬਰ, ੧੮੨੬ ਈ. ਨੂੰ ਬਾਹਰ ਫਿਰਦੇ ਗੁਲਾਬ ਸਿੰਘ ਨੂੰ ਕਿਸੇ ਨੇ ਗੋਲੀ ਨਾਲ ਮਾਰ ਦਿਤਾ, ਤਾਂ ਉਸਦਾ ਚਾਰ ਸਾਲਾ ਪੁੱਤਰ ਅਤਰ ਸਿੰਘ ਗੱਦੀ 'ਤੇ ਬੈਠਾ। ਅਗਸਤ ੧੮੨੭ ਈ. ਵਿਚ ਵੀ ਉਹ ਵੀ ਚਲਾਣਾ ਕਰ ਗਿਆ, ਤਾਂ ਪਹਾੜਾ ਸਿੰਘ ਸਰਦਾਰ ਬਣਿਆਂ। ਸਾਹਿਬ ਸਿੰਘ ਨੇ ਜਾਇਦਾਦ ਵਾਸਤੇ ਝਗੜਾ ਖੜਾ ਕਰ ਦਿਤਾ, ਪਰ ਉਹ ੧੮੩੧ ਈ. ਵਿਚ ਚਲਾਣਾ ਕਰ ਗਿਆ ਤੇ ਉਸਦੀ ਵਿਧਵਾ ਨੇ ਪਹਾੜਾ ਸਿੰਘ ਨਾਲ ਪੁਨਰ ਵਿਆਹ ਕਰਾ ਲਿਆ।

ਸਤਲੁਜ ਯੁੱਧ ਤੇ ਪਹਾੜਾ ਸਿੰਘ

ਸਤਲੁਜ ਯੁੱਧ ਵਿਚ ਪਹਾੜਾ ਸਿੰਘ ਨੇ ਅੰਗਰੇਜ਼ਾਂ ਦੀ ਬੜੀ ਮਦਦ ਕੀਤੀ, ਰਾਸ਼ਨ ਪੁਚਾਇਆ, ਆਦਮੀ ਦਿਤੇ, ਸਭ ਤੋਂ ਵਧੇਰੇ ਲੋੜੀਂਦੀ ਸਹਾਇਤਾ ਅੰਗਰੇਜ਼ੀ ਫ਼ੌਜਾਂ ਨੂੰ ਰਾਹ ਦੱਸਣ ਤੇ ਖ਼ਾਲਸਾ ਫ਼ੌਜਾਂ ਦੇ ਗੁੱਝੇ ਭੇਤ ਪੁਚਾਉਣ ਦੀ ਸੀ ਉਸਦੇ ਸਿੱਖ ਸੂਹੇਂ ਖ਼ਾਲਸਾ ਫ਼ੌਜਾਂ ਵਿਚ ਫਿਰ ਕੇ ਹਾਲ ਮਾਲੂਮ ਕਰਦੇ ਤੇ ਉਹ ਅਗ੍ਹਾਂ ਅੰਗਰੇਜ਼ ਅਫ਼ਸਰਾਂ ਤਕ ਸਭ ਖ਼ਬਰਾਂ ਪੁਚਾਉਂਦਾ। ਕਹਿੰਦੇ ਹਨ, ਫੇਰੂ ਸ਼ਹਿਰ ਦੀ ਲੜਾਈ ਵਿਚ ਹਾਰ ਕੇ ਜਦ ਅੰਗਰੇਜ਼ੀ ਫ਼ੌਜਾਂ ਨੱਸ ਗਈਆਂ ਸਨ ਤੇ ਦੂੱਜੇ ਪਾਸੇ ਲਾਲ ਸਿੰਘ ਤੇਜ ਸਿੰਘ ਵੀ ਵਿਸਾਹਘਾਤ ਕਰਕੇ ਖ਼ਾਲਸਾ ਫ਼ੌਜ਼ਾਂ ਨੂੰ ਨਸਾ ਲੈ ਗਏ ਸਨ, ਤਾਂ ਏਸੇ ਪਹਾੜਾ ਸਿੰਘ ਨੇ ਅੰਗਰੇਜ਼ ਅਫ਼ਸਰਾਂ ਨੂੰ ਸਾਰੇ ਹਾਲ ਦੱਸ ਕੇ, ਮੁੜ ਕੇ ਮੈਦਾਨ 'ਤੇ ਕਬਜ਼ਾ ਕਰਾਇਆ ਸੀ‡। ਕਰਨਲ ਮੈਕਸਨ ਲਿਖਦਾ ਹੈ,

‡ ਰਾਜ ਖ਼ਾਲਸਾ, ਹਿੱਸਾ ਦੂੱਜਾ, ਪੰਨਾ ੧੭੯।

Sri Satguru Jagjit Singh Ji eLibrary NamdhariElibrary@gmail.com

"ਜਦ ਫੇਰੂ ਸ਼ਹਿਰ ਦੀ ਲੜਾਈ ਪਿੱਛੋਂ ਸਾਡੇ ਸਿਰ ਭੀੜ ਬਣੀ ਹੋਈ ਸੀ, ਤੇ ਅੰਗਰੇਜ਼ਾਂ ਦੇ ਚੰਗੇ ਤੋਂ ਚੰਗੇ ਮਿੱਤਰ ਵੀ ਬਹਾਨੇ ਭਾਲ ਰਹੇ ਸਨ, ਓਦੋਂ ਪਹਾੜਾ ਸਿੰਘ ਵਫ਼ਾਦਾਰ ਰਿਹਾ 'ਤੇ ਉਸਨੇ ਬਹੁਮੁੱਲੀ ਸੇਵਾ ਕੀਤੀ* ।

ਇਸ ਸੇਵਾ ਬਦਲੇ ਉਸਨੂੰ ਕੋਟ ਕਪੂਰੇ ਦਾ ਇਲਾਕਾ (ਜੋ ਹੁਣ ਤਕ ਲਾਹੌਰ ਦਰਬਾਰ ਦੇ ਮਾਤਹਿਤ ਸੀ) ਤੇ ਨਾਭੇ ਦੇ ਜ਼ਬਤ ਕੀਤੇ ਇਲਾਕੇ ਵਿਚੋਂ ੩੫੬੧੨ ਰੁਪੈ ਸਾਲਾਨਾ ਆਮਦਣ ਦਾ ਇਲਾਕਾ ਮਿਲਿਆ । ੪ ਅਪ੍ਰੈਲ, ੧੮੪੬ ਈ. ਨੂੰ ਉਸਨੂੰ 'ਰਾਜੇ' ਦਾ ਖ਼ਿਤਾਬ ਦਿਤਾ ਗਿਆ । ਅਪ੍ਰੈਲ, ੧੮੪੯ ਈ. ਨੂੰ ਰਾਜਾ ਪਹਾੜਾ ਸਿੰਘ ਸੁਰਗਵਾਸ ਹੋ ਗਿਆ ।

ਰਾਜਾ ਬਣਿਆਂ

ਉਸ ਵੇਲੇ ਉਹਦਾ ਇਕੋ ਇਕ ਲੜਕਾ ਵਜ਼ੀਰ ਸਿੰਘ ਜਿਉਂਦਾ ਸੀ, ਜੋ ਰਾਜਾ ਬਣਿਆਂ । ਦੀਪ ਸਿੰਘ ਤੇ ਅਨੋਖ ਸਿੰਘ ੧੮੪੫ ਈ. ਵਿਚ ਸੁਰਗਵਾਸ ਹੋ ਗਏ ਸਨ । ਰਾਜਾ ਵਜ਼ੀਰ ਸਿੰਘ ਨੇ ਗ਼ਦਰ ਵਿਚ ਅੰਗਰੇਜ਼ਾਂ ਦੀ ਬੜੀ ਮਦਦ ਕੀਤੀ, ਜਿਸ ਬਦਲੇ ਉਸਨੂੰ "ਬਰਾੜ ਬੰਸ ਰਾਜਾ ਵਜ਼ੀਰ ਸਿੰਘ ਬਹਾਦੁਰ" ਦਾ ਖ਼ਿਤਾਬ ਮਿਲਿਆ । ੧੧ ਮਾਰਚ, ੧੮੬੨ ਈ. ਨੂੰ ਉਸਨੂੰ ਮੁਤਬੰਨਾ ਬਨਾਉਣ ਦਾ ਹੱਕ ਦਿਤਾ ਗਿਆ । ਉਹ ੧੮੭੫ ਈ. ਵਿਚ ਸੁਰਗਵਾਸ ਹੋਇਆ ।

ਰਾ. ਵਜ਼ੀਰ ਸਿੰਘ

ਫਿਰ ਉਸਦਾ ਪੁੱਤਰ ਬਿਕਰਮਾ ਸਿੰਘ ਰਾਜਾ ਬਣਿਆਂ । ਉਹ ਧਾਰਮਿਕ ਖ਼ਿਆਲਾਂ ਦਾ ਸੀ । ਉਸਨੇ ਆਦਿ ਗੁਰੂ 'ਗ੍ਰੰਥ' ਸਾਹਿਬ ਜੀਦਾ ਟੀਕਾ ਕਰਵਾਇਆ ਉਹ ੧੬ ਦਸੰਬਰ, ੧੮੯੮ ਈ. ਵਿਚ ਸੁਰਗਵਾਸ ਹੋਇਆ ।

ਰਾ. ਬਿਕਰਮਾ ਸਿੰਘ

ਫਿਰ ਉਸ ਦਾ ਪੁੱਤਰ ਬਲਬੀਰ ਸਿੰਘ ਗੱਦੀ 'ਤੇ ਬੈਠਾ । ੧੯੦੬ ਈ. ਵਿਚ ਸੁਰਗਵਾਸ ਹੋ ਗਿਆ । ਉਸ ਦਾ ਪੁੱਤਰ ਕੋਈ ਨਹੀਂ ਸੀ, ਸੋ ਪੁਤਰੇਲਾ

ਰਾਜਾ ਬਲਬੀਰ ਸਿੰਘ

---

* Colonel Mackson to Govt. 27-7-1846.

Sri Satguru Jagjit Singh Ji eLibrary NamdhariElibrary@gmail.com

ਮ. ਬ੍ਰਿਜਿੰਦਰ ਸਿੰਘ (ਮੁਤਬੰਨਾ) ਬ੍ਰਿਜਿੰਦਰ ਸਿੰਘ ੧੫ ਮਾਰਚ, ੧੯੦੬ ਈ. ਨੂੰ ਗੱਦੀ 'ਤੇ ਬੈਠਾ। ਉਹਨੇ ਪਹਿਲੇ ਸੰਸਾਰ ਯੁੱਧ (੧੯੧੪-੧੮) ਵਿਚ ਅੰਗਰੇਜ਼ਾਂ ਦੀ ਬੜੀ ਮਦਦ ਕੀਤੀ, ਜਿਸ ਬਦਲੇ ਉਸ ਨੂੰ ਜ਼ਾਤੀ ਤੌਰ 'ਤੇ 'ਮਹਾਰਾਜਾ' ਦਾ ਖ਼ਿਤਾਬ ਦਿਤਾ ਗਿਆ। ਮਹਾ-ਰਾਜਾ ਬ੍ਰਿਜਿੰਦਰ ਸਿੰਘ ੧੯੧੮ ਈ. ਵਿਚ ਸੁਰਗਵਾਸ

ਰਾ: ਹਰਿੰਦਰ ਸਿੰਘ ਹੋ ਗਿਆ, ਤਾਂ ਉਸ ਦਾ ਬਾਲਕ ਪੁੱਤਰ ਹਰਿੰਦਰ ਸਿੰਘ ਰਾਜਾ ਬਣਿਆਂ। ਇਹ ਫ਼ਰੀਦ ਕੋਟ ਦਾ ਆਖ਼ਰੀ ਰਾਜਾ ਹੈ।

ਪੰਜ ਮਈ, ੧੯੪੮ ਈ. ਨੂੰ ਰਾਜਾ ਹਰਿੰਦਰ ਸਿੰਘ ਨੇ ਪੈਪਸੂ ਵਿਚ ਸ਼ਾਮਲ ਹੋਣ ਵਾਸਤੇ ਦਸਤਖ਼ਤ ਕੀਤੇ ਤੇ ੨੦ ਅਗਸਤ, ੧੯੪੮ ਈ. ਨੂੰ ਫ਼ਰੀਦਕੋਟ ਯੂਨੀਅਨ ਵਿਚ ਸ਼ਾਮਲ ਹੋ ਗਈ।

ਰਾਜਾ ਫ਼ਰੀਦਕੋਟ ਦੇ ਖ਼ਰਚਾਂ ਵਾਸਤੇ ਸਾਲਾਨਾ ਭੱਤਾ ੩੮੧੪੦੦ ਰੁਪੈ ਨੀਯਤ ਹੋਇਆ ਹੈ*। ਉਸ ਦੀ ਨਿੱਜੀ ਜਾਇਦਾਦ ਉੱਤੇ ਵੀ ਉਸਦਾ ਅਧਿਕਾਰ ਰਹੇਗਾ।

---

* White Paper on Indian States (1950), P. 272.

Sri Satguru Jagjit Singh Ji eLibrary NamdhariElibrary@gmail.com

# ਰਿਆਸਤ ਕਲਸੀਆਂ




ਗੁਰਬਖ਼ਸ਼ ਸਿੰਘ

ਰਿਆਸਤ ਕਲਸੀਆਂ ਦਾ ਬਾਨੀ ਸ: ਗੁਰਬਖ਼ਸ਼ ਸਿੰਘ ਪਿੰਡ ਕਲਸੀਆਂ, ਪਰਗਣਾ ਪੱਟੀ, ਜ਼ਿਲਾ ਲਾਹੌਰ (ਹੁਣ ਜ਼ਿਲਾ ਅੰਮ੍ਰਿਤਸਰ) ਦਾ ਰਹਿਣ ਵਾਲਾ, ਮਿਸਲ ਕਰੋੜਾਸਿੰਘੀਆਂ ਦਾ ਸ਼ਰਦਾਰ, ਸ: ਬਘੇਲ ਸਿੰਘ ਦਾ ਸਾਥੀ ਸੀ। ਸਰਹਿੰਦ ਫ਼ਤਹਿ ਕਰਕੇ, ਜਦ ਸਿੱਖ ਸਰਦਾਰਾਂ ਨੇ ਮੁਲਕ ਮੱਲਿਆ, ਤਾਂ ਗੁਰਬਖ਼ਸ਼ ਸਿੰਘ ਨੇ ਬੱਸੀ, ਛਛਰੌਲੀ ਆਦਿ ਦੇ ਪਰਗਣੇ ਮੱਲ ਲਏ। ਉਹ ੧੭੭੪ ਈ.

Sri Satguru Jagjit Singh Ji eLibrary NamdhariElibrary@gmail.com

ਵਿਚ ਸੁਰਗਵਾਸ ਹੋ ਗਿਆ, ਤਾਂ ਉਸ ਦਾ ਪੁੱਤਰ ਜੋਧ ਸਿੰਘ

ਜੋਧ ਸਿੰਘ ਮਾਲਕ ਬਣਿਆਂ। ਉਸ ਨੇ ਆਪਣੀ ਹਿੰਮਤ ਨਾਲ ਇਲਾਕਾ ਹੋਰ ਵਧਾਇਆ। ੧੮੦੭ ਈ. ਨੂੰ ਨਰਾਇਨਗੜ੍ਹ ਦੀ ਲੜਾਈ ਵਿਚ ਉਹਨੇ ਮਹਾਰਾਜਾ ਰਣਜੀਤ ਸਿੰਘ ਦਾ ਸਾਥ ਦਿਤਾ*। ਇਸ ਸੇਵਾ ਬਦਲੇ ਉਸ ਨੂੰ ਬਾਦਲਾ, ਖੇੜੀ ਤੇ ਸ਼ਾਮ ਚਪਾਲ ਜਾਗੀਰ ਵਜੋਂ ਮਿਲੇ†। ੧੮੧੮ ਈ. ਵਿਚ ਸ਼ੇਰੇ-ਪੰਜਾਬ ਨੇ ਮੁਲਤਾਨ ਫ਼ਤਹਿ ਕੀਤਾ, ਤਾਂ ਸ: ਜੋਧ ਸਿੰਘ ਵੀ ਨਾਲ ਸੀ। ਮੁਲਤਾਨ ਦਾ ਪਹਿਲਾ ਫ਼ੌਜਦਾਰ ਓਸੇ ਨੂੰ ਬਣਾਇਆ ਗਿਆ। ਏਸ ਸਾਲ ਉਹ ੬੭ ਸਾਲ ਦੀ ਉਮਰ‡ ਭੋਗ ਕੇ ਮੁਲਤਾਨ ਵਿਚ ਹੀ ਚਲਾਣਾ ਕਰ ਗਿਆ।

ਉਸ ਵੇਲੇ ਸ: ਜੋਧ ਸਿੰਘ ਦਾ ਵੱਡਾ ਪੁੱਤਰ ਸੋਭਾ ਸਿੰਘ ਹੀ ਜਿਉਂਦਾ ਸੀ, ਜੋ ਜਾਗੀਰ ਦਾ ਮਾਲਕ ਬਣਿਆਂ। ਹਰੀ ਸਿੰਘ ਤੇ ਕਰਮ

ਸੋਭਾ ਸਿੰਘ ਸਿੰਘ ਪਹਿਲਾਂ ਹੀ ਚਲਾਣਾ ਕਰ ਗਏ ਸਨ। ਹਰੀ ਸਿੰਘ ੧੮੧੬ ਈ. ਵਿਚ, ਉਸ ਦਾ ਪੁੱਤਰ ਦੇਵਾ ਸਿੰਘ ੧੮੩੭ ਈ. ਵਿਚ ਤੇ ਪੋਤਰਾ ਉਮਰਾਉ ਸਿੰਘ ੧੮੪੪ ਈ. ਵਿਚ ਸੁਰਗਵਾਸ ਹੋਏ।

ਸ: ਸੋਭਾ ਸਿੰਘ ਅੰਗਰੇਜ਼ਾਂ ਦਾ ਬੜਾ ਵਫ਼ਾਦਾਰ ਰਿਹਾ। ਸਿੱਖਾਂ ਦੀਆ ਦੋਹਾਂ ਲੜਾਈਆਂ ਵਿਚ ਉਹ ਅੰਗਰੇਜ਼ਾਂ ਦਾ ਤਰਫ਼ਦਾਰ ਰਿਹਾ। ਗ਼ਦਰ ਵਿਚ ਉਹਨੇ ਤੇ ਉਹਦੇ ਪੁੱਤਰ ਲਹਿਣਾ ਸਿੰਘ ਨੇ ਅੰਗਰੇਜ਼ਾਂ ਦੀ ਬੜੀ ਮਦਦ ਕੀਤੀ। ਸੋਭਾ ਸਿੰਘ ੧੮੫੮ ਈ. ਵਿਚ ਸੁਰਗਵਾਸ ਹੋ ਗਿਆ, ਤਾਂ ਰਿਆ-ਸਤ ਦਾ ਮਾਲਕ ਵੱਡਾ ਪੁੱਤਰ ਲਹਿਣਾ ਸਿੰਘ ਬਣਿਆਂ।

ਲਹਿਣਾ ਸਿੰਘ ਉਹ ੧੮੬੯ ਈ. ਵਿਚ ਚਲਾਣਾ ਕਰ ਗਿਆ। ਫਿਰ ਉਸ ਦਾ ਇਕੋ ਇਕ ਪੁੱਤਰ ਬਿਸ਼ਨ ਸਿੰਘ ਸਰਦਾਰ ਥਾਪਿਆ

ਬਿਸ਼ਨ ਸਿੰਘ ਗਿਆ। ਉਹ ੧੮੮੩ ਈ. ਵਿਚ ਪ੍ਰਲੋਕ ਸਿਧਾਰ ਗਿਆ।

---

* ਭਗਵਾਨ ਦਾਸ, ਪੰਨਾ ੧੧੨।

† ਪੰਜਾਬ ਰਾਜਾਜ਼, ਪੰਨੇ ੭੫-੬, ਫੁਟਨੋਟ।

‡ ਜਨਮ ੧੭੫੧ ਈ. ਪੰਜਾਬ ਰਾਜਾਜ਼, ਪੰਨੇ ੭੫-੬, ਫੁਟਨੋਟ।

Sri Satguru Jagjit Singh Ji eLibrary NamdhariElibrary@gmail.com

ਜਗਜੀਤ ਸਿੰਘ

ਉਸ ਦਾ ਚਾਰ ਸਾਲਾ ਪੁੱਤਰ ਜਗਜੀਤ ਸਿੰਘ ਗੱਦੀ 'ਤੇ ਬੈਠਾ। ਤਿੰਨ ਸਾਲ ਪਿੱਛੋਂ (੧੮੯੬ ਈ. ਵਿਚ) ਉਹ ਵੀ ਸੁਰਗਵਾਸ ਹੋ ਗਿਆ, ਤਾਂ ਉਸ ਦਾ ਛੋਟਾ ਭਰਾ ਰਣਜੀਤ ਸਿੰਘ ਗੱਦੀ 'ਤੇ ਬਿਠਾਇਆ ਗਿਆ। ਉਸ ਦੀ ਉਮਰ ਉਸ ਵੇਲੇ ਪੰਜ ਸਾਲ ਦੀ ਸੀ। ਜੁਲਾਈ, ੧੮੦੯ ਈ. ਵਿਚ ਉਹ ਸੁਰਗਵਾਸ ਹੋ ਗਿਆ, ਤਾਂ ਉਸ ਦਾ ਬਾਲਕ ਪੁੱਤਰ ਰਵੀਸ਼ੇਰ ਸਿੰਘ ਗੱਦੀ 'ਤੇ ਬੈਠਾ।

ਰਣਜੀਤ ਸਿੰਘ

ਰਾ. ਰਵੀਸ਼ੇਰ

ਸ. ਰਵੀਸ਼ੇਰ ਸਿੰਘ ਨੇ ਪਹਿਲੇ ਸੰਸਾਰ ਯੁੱਧ (੧੯੧੪—੧੮) ਵਿਚ ਅੰਗਰੇਜ਼ਾਂ ਦੀ ਮਦਦ ਕੀਤੀ, ਸੋ ੧੯੧੬ ਈ. ਵਿੱਚ ਉਸਦੇ ਘਰਾਣੇ ਨੂੰ 'ਰਾਜੇ' ਦਾ ਖ਼ਿਤਾਬ ਦਿਤਾ ਗਿਆ।

ਰਾਜਾ ਰਵੀ ਸ਼ੇਰ ਸਿੰਘ ੪ ਜਨਵਰੀ, ੧੯੪੭ ਈ: ਨੂੰ ਸੁਰਗਵਾਸ ਹੋ ਗਿਆ, ਤਾਂ ਉਸਦਾ ਪੁੱਤਰ ਕਰਨ ਸ਼ੇਰ ਸਿੰਘ ਰਾਜਾ ਬਣਿਆਂ। ਇਹ ਰਿਆਸਤ ਕਲਸੀਆਂ ਦਾ ਆਖ਼ਰੀ ਰਾਜਾ ਹੈ।

ਰਾ. ਕਰਨ ਸ਼ੇਰ ਸਿੰਘ

ਪੰਜ ਮਈ, ੧੯੪੮ ਈ. ਨੂੰ ਰਾਜਾ ਕਰਨ ਸ਼ੇਰ ਸਿੰਘ ਵੱਲੋਂ ਯਾਦਵਿੰਦਰ ਸਿੰਘ ਜੀ ਨੇ ਦਸਤਖ਼ਤ ਕੀਤੇ, ਤੇ ੨੦ ਅਗਸਤ, ੧੯੪੮ ਈ. ਨੂੰ ਕਲਸੀਆਂ ਰਿਆਸਤ ਯੂਨੀਅਨ ਵਿਚ ਸ਼ਾਮਲ ਹੋ ਗਈ। ਕਲਸੀਆਂ ਦੇ ਰਾਜੇ ਨੂੰ ੬੫ ਹਜ਼ਾਰ ਸਾਲਾਨਾ ਭੱਤਾ ਦਿਤਾ ਗਿਆ*।

ਲੁਧਿਆਣਾ ]
੧੦-੧-੫੨ ਈ. ]

[ਸੋਹਣ ਸਿੰਘ
[ "ਸੀਤਲ"

* White Paper on Indian States (1950) P. 272.

Sri Satguru Jagjit Singh Ji eLibrary NamdhariElibrary@gmail.com

## ਪੁਰਾਤਨ

# ਸਿੱਖ ਸਰਦਾਰ ਘਰਾਣੇ

## ਸੰਧਾਵਾਲੀਆ ਘਰਾਣਾ

- ਸ: ਬੁੱਢਾ ਸਿੰਘ
  - ਨੌਧ ਸਿੰਘ
    - ਚੜ੍ਹਤ ਸਿੰਘ
      - ਮਹਾਂ ਸਿੰਘ
        - ਮਹਾਰਜਾ ਰਣਜੀਤ ਸਿੰਘ
  - ਚੰਦਾ ਸਿੰਘ
    - ਦੀਦਾਰ ਸਿੰਘ
      - ਅਮੀਰ ਸਿੰਘ
        - ਅਤਰ ਸਿੰਘ
          - ਕੇਹਰ ਸਿੰਘ
        - ਬੁਧ ਸਿੰਘ
          - ਸ਼ਮਸ਼ੇਰ ਸਿੰਘ
            - (ਮੁਤਬੰਨਾ) ਬਖ਼ਸ਼ੀਸ਼ ਸਿੰਘ
        - ਵਸਾਵਾ ਸਿੰਘ
          - ਅਜੀਤ ਸਿੰਘ
          - ਰਣਜੋਧ ਸਿੰਘ
        - ਲਹਿਣਾ ਸਿੰਘ
          - ਠਾਕਰ ਸਿੰਘ
            - ਬਖ਼ਸ਼ੀਸ਼ ਸਿੰਘ (ਸ਼ਮਸ਼ੇਰ ਸਿੰਘ ਦਾ ਮੁਤਬੰਨਾ)
              - ਸ: ਰਘਬੀਰ ਸਿੰਘ
                - ਮੇਜਰ ਹਰਿੰਦਰ ਸਿੰਘ
          - ਪ੍ਰਤਾਪ ਸਿੰਘ

Sri Satguru Jagjit Singh Ji eLibrary NamdhariElibrary@gmail.com

ਇਹ ਘਰਾਣਾ ਮਹਾਰਾਜਾ ਰਣਜੀਤ ਸਿੰਘ ਦਾ ਨਜ਼ਦੀਕੀ ਹੈ। ਇਹਨਾਂ ਦਾ ਵੱਡਾ ਸ: ਬੁੱਢਾ ਸਿੰਘ ਪਹਿਲਾ ਅੰਮ੍ਰਿਤਧਾਰੀ ਸਿੱਖ ਬਣਿਆਂ। ਉਸ ਦੇ ਦੋ ਪੁੱਤਰ ਹੋਏ : ਨੌਧ ਸਿੰਘ ਤੇ ਚੰਦਾ ਸਿੰਘ। ਸ: ਨੌਧ ਸਿੰਘ ਦਾ ਪੜੋਤਰਾ ਮਹਾਰਾਜਾ ਰਣਜੀਤ ਸਿੰਘ ਹੋਇਆ। ਸ: ਚੰਦਾ ਸਿੰਘ ਦਾ ਪੁੱਤਰ ਦੀਦਾਰ ਸਿੰਘ ਹੋਇਆ। ਚੜ੍ਹਤ ਸਿੰਘ ਨੇ ਪਿੰਡ ਸੰਧਾਵਾਲਾ ਦੀਦਾਰ ਸਿੰਘ ਨੂੰ ਦੇ ਦਿਤਾ। ਏਥੋਂ ਉਸ ਦੀ ਅੱਲ 'ਸੰਧਾਵਾਲੀਆ' ਪੈ ਗਈ। ੧੭੮੪ ਈ. ਵਿਚ ਉਹ ਝਨਾਂ ਦੇ ਕੰਢੇ ਇਕ ਲੜਾਈ ਵਿਚ ਮਾਰਿਆ ਗਿਆ*। ਉਸਦੇ ਪੁੱਤਰ ਅਮੀਰ ਸਿੰਘ, ਗੁਰਬਖ਼ਸ਼ ਸਿੰਘ ਤੇ ਰਤਨ ਸਿੰਘ ਇਲਾਕੇ ਦੇ ਮਾਲਕ ਬਣੇ। ਉਹ ਹਰ ਕੰਮ ਵਿਚ ਸ: ਮਹਾਂ ਸਿੰਘ ਦੇ ਸਾਥੀ ਰਹੇ। ਅਮੀਰ ਸਿੰਘ, ਰਣਜੀਤ ਸਿੰਘ ਦੇ ਮੁੱਢਲੇ ਜਰਨੈਲਾਂ ਵਿਚੋਂ ਸੀ। ਪੂਰੀ ਤਰ੍ਹਾਂ 'ਸੰਧਾਵਾਲੀਆ' ਅੱਲ ਓਸੇ ਤੋਂ ਪ੍ਰਸਿੱਧ ਹੋਈ। ਮਹਾਰਾਜੇ ਕੋਲੋਂ ਉਸਨੇ ਹੋਰ ਕੋਈ ਪਿੰਡ ਜਾਗੀਰ ਵਜੋਂ ਹਾਸਲ ਕੀਤੇ। ਉਹ ਬਹੁਤ ਸਾਰੀਆਂ ਲੜਾਈਆਂ ਵਿਚ ਸ਼ਾਮਲ ਰਿਹਾ। ੧੮੨੭ ਈ. ਵਿਚ ਉਸ ਨੇ ਚਲਾਣਾ ਕੀਤਾਂ।

ਸ. ਅਮੀਰ ਸਿੰਘ ਦੇ ਚਾਰ ਪੁੱਤਰ ਹੋਏ:—ਅਤਰ ਸਿੰਘ, ਬੁਧ ਸਿੰਘ, ਵਸਾਵਾ ਸਿੰਘ ਤੇ ਲਹਿਣਾ ਸਿੰਘ। ਉਹ ਸਾਰੇ ਮਹਾਰਾਜੇ ਦੇ ਪ੍ਰਸਿਧ ਜਰਨੈਲਾਂ ਵਿਚੋਂ ਸਨ। ਸ. ਬੁਧ ਸਿੰਘ ੧੮੨੧ ਈ. ਨੂੰ ਫ਼ੌਜ ਵਿਚ ਭਰਤੀ ਹੋਇਆ ਤੇ ੧੮੨੭ ਈ. ਨੂੰ ਲਾਹੌਰ ਹੈਜ਼ੇ ਨਾਲ ਸੁਰਗਵਾਸ ਹੋਇਆ। ਉਹ ਕਈ ਮੁਹਿੰਮਾਂ ਵਿਚ ਸੂਰਮਿਆਂ ਵਾਂਗ ਲੜਿਆ। ਉਸ ਵੇਲੇ ਚੌਹਾਂ ਭਰਾਵਾਂ ਸੰਧਾਵਾਲੀਆਂ ਦੀ ਜਗੀਰ ਛੇ ਲੱਖ ਸਾਲਾਨਾ ਆਮਦਣ ਦੀ ਸੀ।

---

* ਰਉਸਾ-ਏ-ਪੰਜਾਬ (Chiefs & Families of Note in the Punjab, by Sir Lepal H. Griffin & Col. Massy. ਦਾ ਉਰਦੂ ਤਰਜਮਾ 'ਤਜਕਰਾ-ਇ-ਰਉਸਾ-ਇ-ਪੰਜਾਬ, ਉਲਥਾਕਾਰ ਸੱਯਦ ਨਿਵਾਜ਼ਸ਼ ਅਲੀ, ੧੯੧੧ ਈ.), ਹਿੱਸਾ ਪਹਿਲਾ, ਪੰਨਾ ੬੫੭।

† ਰਉਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੬੬੨।

Sri Satguru Jagjit Singh Ji eLibrary NamdhariElibrary@gmail.com

ਸ: ਬੁਧ ਸਿੰਘ ਦੇ ਹਿੱਸੇ ਦਾ ਮਾਲਕ ਉਸ ਦਾ ਪੁੱਤਰ ਸ਼ਮਸ਼ੇਰ ਸਿੰਘ ਬਣਿਆਂ ।

ਮਹਾਰਾਜੇ ਦੇ ਦਰਬਾਰ ਵਿਚ ਸ. ਬੁਧ ਸਿੰਘ ਦੀ ਥਾਂ ਉਸਦੇ ਵੱਡੇ ਭਰਾ ਸ: ਅਤਰ ਸਿੰਘ ਨੂੰ ਮਿਲੀ। ਸ. ਹਰੀ ਸਿੰਘ ਨਲਏ ਪਿਛੋਂ ਉਸਦਾ ਦਰਜਾ ਸੀ। ਮਹਾਰਾਜੇ ਵੱਲੋਂ ਉਸਨੂੰ ਬਹੁਤ ਖ਼ਤਾਬ ਮਿਲੇ ਹੋਏ ਸਨ। ਅਮਲੀ ਤੌਰ 'ਤੇ ਇਸ ਘਰਾਣੇ ਦੀ ਜਾਗੀਰ ੯-੧੦ ਲੱਖ ਸਾਲਾਨਾ ਦੀ ਸੀ। ਮ: ਨੌਨਿਹਾਲ ਸਿੰਘ ਦੇ ਮਰਨ ਪਿਛੋਂ ਸੰਧਾਵਾਲੀਆਂ ਨੇ ਮ: ਚੰਦ ਕੌਰ ਦੀ ਮਦਦ ਕੀਤੀ।

ਜਦ ਕੰਵਰ ਸ਼ੇਰ ਸਿੰਘ ਮਹਾਰਾਜਾ ਬਣਿਆਂ, ਤਾਂ ਉਹਨੇ ਸੰਧਾਵਾ-ਲੀਆਂ ਦੀ ਜਾਗੀਰ ਜ਼ਬਤ ਕਰ ਲਈ। ਸ: ਲਹਿਣਾ ਸਿੰਘ ਤੇ ਸ: ਕਿਹਰ ਸਿੰਘ ਕੈਦ ਕਰ ਦਿਤੇ ਗਏ। ਸ: ਅਤਰ ਸਿੰਘ ਤੇ ਸ: ਅਜੀਤ ਸਿੰਘ ਨੱਸਕੇ ਥਾਨੇਸਰ ਚਲੇ ਗਏ। ਫਿਰ ਅਜੀਤ ਸਿੰਘ ਕਲਕੱਤੇ ਵੀ ਗਿਆ।

ਗਿਆਨੀ ਗੁਰਮੁਖ ਸਿੰਘ ਦੇ ਕਹਿਣ ਉੱਤੇ ਮ: ਸ਼ੇਰ ਸਿੰਘ ਨੇ ਸ: ਲਹਿਣਾ ਸਿੰਘ ਤੇ ਕਿਹਰ ਸਿੰਘ ਨੂੰ ਕੈਦ ਵਿਚੋਂ ਰਿਹਾ ਕਰ ਦਿਤਾ। ਸ: ਅਜੀਤ ਸਿੰਘ ਵੀ ਮਹਾਰਾਜੇ ਦੇ ਬੁਲਾਵੇ 'ਤੇ ਆ ਗਿਆ। (ਸ: ਅਤਰ ਸਿੰਘ ਨਹੀਂ ਆਇਆ।) ਅਕਤੂਬਰ, ੧੮੪੨ ਈ. ਵਿਚ ਉਹਨਾਂ ਤਿੰਨਾਂ ਨੂੰ ਛੇ ਲੱਖ ਦੀ ਜਾਗੀਰ ਦੇ ਕੇ ਪੁਰਾਣੇ ਅਹੁਦਿਆਂ 'ਤੇ ਬਹਾਲ ਕਰ ਦਿਤਾ ਗਿਆ।

ਸ: ਲਹਿਣਾ ਸਿੰਘ ਤੇ ਅਜੀਤ ਸਿੰਘ ਨੇ ੧੫ ਸਤੰਬਰ, ੧੮੪੩ ਈ. ਨੂੰ ਮ: ਸ਼ੇਰ ਸਿੰਘ, ਟਿੱਕਾ ਪ੍ਰਤਾਪ ਸਿੰਘ ਤੇ ਵਜ਼ੀਰ ਧਿਆਨ ਸਿੰਘ ਨੂੰ ਕਤਲ ਕਰ ਦਿਤਾ* । ਅਗਲੇ ਦਿਨ ਰਾਜਾ ਧਿਆਨ ਸਿੰਘ ਦੇ ਪੁੱਤਰ ਰਾਜਾ ਹੀਰਾ ਸਿੰਘ ਨੇ ਫ਼ੌਜ ਦੀ ਮਦਦ ਨਾਲ ਸ: ਲਹਿਣਾ ਸਿੰਘ ਤੇ ਅਜੀਤ ਸਿੰਘ ਨੂੰ ਕਤਲ ਕਰ ਦਿਤਾ। ਉਹਨੇ ਸੰਧਾਵਾਲੀਆਂ ਦੇ ਮਕਾਨ ਢਾਹਕੇ ਉਪਰ ਹਲ ਚਲਾਇਆ। ਸ: ਸ਼ਮਸ਼ੇਰ ਸਿੰਘ (ਜੋ ਉਸ ਵੇਲੇ ਪਿਸ਼ਾਵਰ ਸੀ) ਤੋਂ ਬਿਨਾਂ

* ਪੂਰੇ ਵੇਰਵ ਵਾਸਤੇ ਵੇਖੋ 'ਸਿੱਖਰਾਜ ਕਿਵੇਂ ਗਿਆ ?'

Sri Satguru Jagjit Singh Ji eLibrary NamdhariElibrary@gmail.com

ਸਭ ਦੀਆਂ ਜਾਗੀਰਾਂ ਜ਼ਬਤ ਕਰ ਲਈਆਂ।

ਸ: ਅਤਰ ਸਿੰਘ ੭ ਮਈ, ੧੮੪੪ ਈ. ਨੂੰ ਮੁਠਿਆਂ ਵਾਲੇ ਭਾਈ ਬੀਰ ਸਿੰਘ ਜੀ ਨੌਰੰਗਾਬਾਦੀਏ ਤੇ ਕੰਵਰ ਕਸ਼ਮੀਰਾ ਸਿੰਘ ਦੇ ਨਾਲ ਕਤਲ ਹੋਇਆ।

ਜਦ ਸ: ਜਵਾਹਰ ਸਿੰਘ ਵਜ਼ੀਰ ਬਣਿਆਂ, ਤਾਂ ਉਹਨੇ ਸੰਧਾਵਾਲੀਆਂ ਦੀਆਂ ਜਾਗੀਰਾਂ ਬਹਾਲ ਕਰ ਦਿਤੀਆਂ ਤੇ ਸ਼ਮਸ਼ੇਰ ਸਿੰਘ ਨੂੰ ਲਾਹੌਰ ਬੁਲਾ ਲਿਆ। ਸਤਲੁਜ ਯੁਧ ਵਿਚ ਉਹ ਸਿੱਖਾਂ ਵੱਲੋਂ ਲੜਿਆ। ਦਸੰਬਰ, ੧੮੪੬ ਈ. ਨੂੰ ਭਰੋਵਾਲ ਦੀ ਸੁਲ੍ਹਾ ਪਿਛੋਂ ਰੈਜ਼ੀਡੈਂਟ ਦੇ ਮਾਤਹਿਤ ਰੀਜੈਂਸੀ ਕੌਂਸਲ ਬਣੀ, ਤਾਂ ਉਸ ਵਿਚ ਸ: ਸ਼ਮਸ਼ੇਰ ਸਿੰਘ ਵੀ ਮੈਂਬਰ ਸੀ। ਜਦ ਮੁਲਤਾਨ ਬਗ਼ਾਵਤ ਹੋਈ, ਉਸ ਵੇਲੇ ਉਹ ਮਾਝੇ ਵਿਚ (ਸਿਵਲ ਤੇ ਫ਼ੌਜੀ) ਨਾਜ਼ਮ ਲੱਗਾ ਹੋਇਆ ਸੀ। ਉਸ ਨੂੰ ਫ਼ੌਜ ਦੇ ਕੇ ਮੁਲਤਾਨ ਭੇਜਿਆ ਗਿਆ ਰਾਜਾ ਸ਼ੇਰ ਸਿੰਘ ਦੇ ਬਾਗ਼ੀ ਹੋਣ ਉੱਤੇ ਸ਼ਮਸ਼ੇਰ ਸਿੰਘ ਦੀ ਫ਼ੌਜ ਬਾਗੀਆਂ ਨਾਲ ਜਾ ਮਿਲੀ, ਪਰ ਉਹ ਆਪ ਡੇਰੇ ਵਿਚੋਂ ਨੱਸ ਗਿਆ ਤੇ ਇਸ ਯੁੱਧ ਵਿਚ ਅੰਤ ਤਕ ਅੰਗਰੇਜ਼ਾਂ ਦਾ ਵਫ਼ਾਦਾਰ ਰਿਹਾ। ਪੰਜਾਬ ਦੀ ਜ਼ਬਤੀ ਸਮੇਂ ੪੦੨੫੦ ਰੁਪੈ ਸਾਲਾਨਾ ਆਮਦਣ ਦੀ ਜਾਗੀਰ ਸ: ਸ਼ਮਸ਼ੇਰ ਸਿੰਘ ਦੀ ਉਮਰ ਭਰ ਵਾਸਤੇ ਕਾਇਮ ਰਹੀ। ੧੮੫੭ ਈ. ਦੇ ਗ਼ਦਰ ਸਮੇਂ ਉਹਨੇ ਅੰਗਰੇਜ਼ਾਂ ਦੀ ਪੂਰੀ ਮਦਦ ਕੀਤੀ, ਜਿਸ ਦੇ ਇਨਾਮ ਵਜੋਂ ੧੮੬੨ ਈ. ਵਿਚ ਉਸ ਨੂੰ ਉਸ ਦੀ ਜਾਗੀਰ ਵਿਚ ਮੈਜਿਸਟਰੇਟ ਬਣਾ ਦਿਤਾ ਗਿਆ। ਉਸ ਦੇ ਘਰ ਔਲਾਦ ਕੋਈ ਨਹੀਂ ਸੀ। ਸੋ ਉਸ ਨੇ ਆਪਣੇ ਚਚੇਰੇ ਭਰਾ ਸ: ਠਾਕਰ ਸਿੰਘ ਦੇ ਪੁੱਤਰ ਬਖ਼ਸ਼ੀਸ਼ ਸਿੰਘ ਨੂੰ ਮੁਤਬੰਨਾ (ਪੁਤਰੇਲਾ) ਬਣਾ ਲਿਆ। ਸ: ਬਖ਼ਸ਼ੀਸ਼ ਸਿੰਘ ਦਾ ਪੁੱਤਰ ਸ: ਰਘਬੀਰ ਸਿੰਘ ਤੇ ਅੱਗੇ ਉਸ ਦਾ ਪੁੱਤਰ ਮੇਜਰ ਹਰਿੰਦਰ ਸਿੰਘ ਹੈ। ਇਹ ਸੰਧਾਵਾਲੀਏ ਘਰਾਣੇ ਦੇ ਸਿਰਕਰਦਾ ਹਨ।

ਦੂੱਜੇ ਸਿੱਖ ਯੁੱਧ ਸਮੇਂ ਸ: ਅਤਰ ਸਿੰਘ ਦਾ ਪੁੱਤਰ ਸ: ਕਿਹਰ ਸਿੰਘ ਵੀ ਅੰਗਰੇਜ਼ਾਂ ਦਾ ਵਫ਼ਾਦਾਰ ਰਿਹਾ। ਸੋ ਪੰਜਾਬ ਜ਼ਬਤ ਹੋਣ ਸਮੇਂ ਉਸ ਨੂੰ

Sri Satguru Jagjit Singh Ji eLibrary NamdhariElibrary@gmail.com

੨੬੦੦੦ ਰੁਪੈ ਸਾਲਾਨਾ ਦੀ ਜਾਗੀਰ ਮਿਲੀ।

ਸ: ਲਹਿਣਾ ਸਿੰਘ ਦੇ ਦੂੱਜੇ ਪੁੱਤਰ ਪ੍ਰਤਾਪ ਸਿੰਘ (ਜੋ ਉਸ ਵੇਲੇ ਨਾਬਾਲਗ਼ ਸੀ) ਨੂੰ ੧੦੫੬੫ ਰੁਪੈ ਜਾਗੀਰ ਮਿਲੀ। ਜਦ ਉਹ ੧੮੫੬ ਵਿਚ ਬੇਔਲਾਦ ਮਰ ਗਿਆ, ਤਾਂ ਸਰਕਾਰ ਨੇ ਜਾਗੀਰ ਜ਼ਬਤ ਕਰ ਲਈ। ਸ: ਠਾਕਰ ਸਿੰਘ ਨੂੰ ੫੫੬੫ ਰੁਪੈ ਦੀ ਵਖਰੀ ਜਾਗੀਰ ਮਿਲੀ ਸੀ। ਉਹ ੧੮੮੫ ਈ. ਵਿਚ ਵਲਾਇਤ ਗਿਆ, ਤਾਂ ਨੌਂ ਮਹੀਨੇ ਮਹਾਰਾਜਾ ਦਲੀਪ ਸਿੰਘ ਦਾ ਪਰਾਹੁਣਾ ਰਿਹਾ।

Sri Satguru Jagjit Singh Ji eLibrary NamdhariElibrary@gmail.com

# ਸ. ਹਰੀ ਸਿੰਘ 'ਨਲਵਾ'

- ਹਰਦਾਸ ਸਿੰਘ
  - ਗੁਰਦਿਆਲ ਸਿੰਘ
    - ਸ. ਹਰੀ ਸਿੰਘ 'ਨਲਵਾ'
      - ਗੁਰਦਿਤ ਸਿੰਘ
      - ਜਵਾਹਰ ਸਿੰਘ
      - ਪੰਜਾਬ ਸਿੰਘ
      - ਅਰਜਨ ਸਿੰਘ
        - ਇੱਛਰ ਸਿੰਘ
          - ਨਰਾਇਣ ਸਿੰਘ
            - ਬਲਵੰਤ ਸਿੰਘ
            - ਇਕਬਾਲ ਸਿੰਘ
            - ਸੰਤ ਸਿੰਘ
            - ਬਖਸ਼ੀਸ਼ ਸਿੰਘ
            - ਕੁਲਵੰਤ ਸਿੰਘ
            - ਇੰਦਰ ਸਿੰਘ
        - ਸੰਪੂਰਨ ਸਿੰਘ

ਸ: ਹਰਦਾਸ ਸਿੰਘ ਤੇ ਗੁਰਦਿਆਲ ਸਿੰਘ ਸੁਕਰਚਕੀਆਂ ਸਰਦਾਰਾਂ ਦੇ ਨੌਕਰ ਸਨ। ੧੭੬੨ ਈ: ਨੂੰ ਸ: ਹਰਦਾਸ ਸਿੰਘ ਇਕ ਲੜਾਈ ਵਿਚ ਮਾਰਿਆ ਗਿਆ†। ਉਸ ਦਾ ਪੁੱਤਰ ਸ: ਗੁਰਦਿਆਲ ਸਿੰਘ, ਸ: ਚੜ੍ਹਤ ਸਿੰਘ ਤੇ ਮਹਾਂ ਸਿੰਘ ਦੀਆਂ ਲਗ ਭਗ ਸਾਰੀਆਂ ਮੁਹਿੰਮਾਂ ਵਿਚ ਸ਼ਾਮਲ ਰਿਹਾ। ਉਹ ੧੭੯੮ ਈ: ਨੂੰ ਸੁਰਗਵਾਸ ਹੋਇਆ। ਉਸ ਵੇਲੇ ਉਸ ਦਾ

---

† ਰਉਸਾ-ਏ-ਪੰਜਾਬ, ਹਿੱਸਾ ਦੂਜਾ, ਪੰਨਾ ੧੨੧।

Sri Satguru Jagjit Singh Ji eLibrary NamdhariElibrary@gmail.com

ਇਕਲੌਤਾ ਪੁੱਤਰ ਹਰੀ ਸਿੰਘ ਸੱਤ ਸਾਲ ਦਾ ਸੀ।

ਸ: ਹਰੀ ਸਿੰਘ ਨਲਵੇ ਦਾ ਜਨਮ ੧੭੯੧ ਈ: ਵਿਚ ਹੋਇਆ। ੧੮੦੫ ਈ: ਵਿਚ ਉਹ ਸ਼ੇਰੇ-ਪੰਜਾਬ ਦੀਆਂ ਫ਼ੌਜਾਂ ਵਿਚ ਭਰਤੀ ਹੋਇਆ। ੧੮੦੭ ਈ. ਵਿਚ ਉਸ ਨੂੰ 'ਸਰਦਾਰੀ ਅਹੁਦਾ' ਤੇ ਜਾਗੀਰ ਮਿਲੀ। ਉਹ ਸੂਰਮਾ ਜਿਹੜੀ ਮੁਹਿੰਮ 'ਤੇ ਵੀ ਗਿਆ, ਸਦਾ ਜਿੱਤ ਪਰਾਪਤ ਕਰਦਾ ਰਿਹਾ ਉਹ ਸਿੱਖ ਰਾਜ ਦਾ ਪ੍ਰਧਾਨ ਸੈਨਾਪਤੀ ਸੀ। ਉਸ ਦੀ ਜਾਗੀਰ (੮੫੨੦੦੦ ਰੁਪੈ ਸਾਲਾਨਾ) ਸਭ ਸਰਦਾਰਾਂ ਨਾਲੋਂ ਵਧੇਰੇ ਸੀ। ੩੦ ਅਪ੍ਰੈਲ, ੧੮੩੭ ਈ. ਨੂੰ ਉਹ ਜਮਰੌਦ ਦੀ ਲੜਾਈ ਵਿਚ ਸ਼ਹੀਦ ਹੋਇਆ‡।

ਸ਼ੇਰੇ-ਪੰਜਾਬ ਦੇ ਸਮੇਂ ਜਗੀਰਾਂ ਗੁਣਾਂ ਦੇ ਕੰਮਾਂ ਉੱਤੇ ਨਿਰਭਰ ਸਨ, ਜੋ ਕਿਸੇ ਸਰਦਾਰ ਦੇ ਮਰਨ ਉੱਤੇ ਬਹੁਤੀਆਂ ਜ਼ਬਤ ਹੋ ਜਾਂਦੀਆਂ ਸਨ। ਹਰੀ ਸਿੰਘ ਪਿਛੋਂ ਉਸਦੇ ਚੌਂਹਾਂ ਪੁੱਤਰਾਂ—ਗੁਰਦਿਤ ਸਿੰਘ, ਜਵਾਹਰ ਸਿੰਘ ਪੰਜਾਬ ਸਿੰਘ, ਅਰਜਣ ਸਿੰਘ—ਨੂੰ ੧੯੬੦੦ ਰੁਪੈ ਦੀ ਜਾਗੀਰ ਦੇ ਕੇ ਬਾਕੀ ਜ਼ਬਤ ਕਰ ਲਈ। ਦੂਜੇ ਸਿੱਖ ਯੁੱਧ ਵਿਚ ਸ. ਅਰਜਣ ਸਿੰਘ ਬਾਗ਼ੀ ਹੋ ਗਿਆ। ਅੰਗਰੇਜ਼ਾਂ ਨੇ ਉਸਦੇ ਮਕਾਨ ਢਾਹ ਦਿਤੇ ਤੇ ਸਾਰੀ ਜਾਇਦਾਦ ਜ਼ਬਤ ਕਰ ਲਈ। ਏਸੇ ਲੜਾਈ ਵਿਚ ਉਹ ਅੰਗਰੇਜ਼ਾਂ ਦੇ ਵਿਰੁਧ ਲੜ ਕੇ ਮਰਿਆ।

ਸ: ਜਵਾਹਰ ਸਿੰਘ ਨੂੰ ਬਾਗ਼ੀਆਂ ਦਾ ਹਾਮੀ ਸਮਝਕੇ ਲਾਹੌਰ ਵਿਚ ਕੈਦ ਕਰ ਦਿਤਾ ਗਿਆ। ਪਰ ਉਹ ਕੈਦ ਵਿਚੋਂ ਨੱਸਕੇ ਰਾਜਾ ਸ਼ੇਰ ਸਿੰਘ ਨਾਲ ਜਾ ਮਿਲਿਆ ਤੇ ਚਿੱਲੀਆਂ ਵਾਲੀ ਤੇ ਗੁਜਰਾਤ ਦੀਆਂ ਲੜਾਈਆਂ ਵਿਚ ਸੂਰਮਿਆਂ ਵਾਂਗ ਲੜਿਆ। ਪੰਜਾਬ ਜ਼ਬਤੀ ਸਮੇਂ ਉਸ ਦੀ ਜਾਗੀਰ ਜ਼ਬਤ ਹੋ ਗਈ। ਫਿਰ ਗ਼ਦਰ ਦੇ ਸਮੇਂ ਉਸਨੇ ਅੰਗਰੇਜ਼ਾਂ ਦੀ ਮਦਦ ਕੀਤੀ, ਤਾਂ ਉਸਨੂੰ ੧੨ ਹਜ਼ਾਰ ਰੁਪੈ ਸਾਲਾਨਾ ਪੈਨਸ਼ਨ ਮਿਲੀ। ੧੮੭੭ ਈ. ਵਿਚ ਉਹ ਸੁਰਗਵਾਸ ਹੋ ਗਿਆ।

---

‡ ਇਸ ਜੋਧੇ ਦੀ ਜੀਵਨ ਕਥਾ 'ਸਿੱਖਰਾਜ ਤੇ ਸ਼ੇਰੇ-ਪੰਜਾਬ' ਵਿਚ ਆ ਚੁੱਕੀ ਹੈ: ਸ਼ਹੀਦੀ ਬਾਰੇ ਵਧੇਰੇ ਵੇਰਵੇ ਲਈ ਵੇਖੋ 'ਸੀਤਲ ਤਰੰਗਾਂ'।

Sri Satguru Jagjit Singh Ji eLibrary NamdhariElibrary@gmail.com

ਗੁਰਦਿਤ ਸਿੰਘ ਵੀ ਅੰਗਰੇਜ਼ਾਂ ਦੇ ਗ਼ੁੱਸੇ ਤੋਂ ਬਚ ਨਾ ਸਕਿਆ। ਉਹ ੧੮੮੨ ਈ. ਵਿਚ ਸੁਰਗਵਾਸ ਹੋਇਆ।

ਇਹਨਾਂ ਵਿਚੋਂ ਕੇਵਲ ਪੰਜਾਬ ਸਿੰਘ ਹੀ ਅੰਗਰੇਜ਼ਾਂ ਦਾ ਵਫ਼ਾਦਾਰ ਰਿਹਾ। ਪੰਜਾਬ ਦੀ ਜ਼ਬਤੀ ਸਮੇਂ ਉਸਦੀ ਜਾਗੀਰ ਕਾਇਮ ਰਹੀ। ੧੮੫੪ ਈ. ਵਿਚ ਉਹ ਮਰ ਗਿਆ, ਤਾਂ ਉਸਦੀ ਵਿਧਵਾ ਨੂੰ ਸਿਰਫ ੨੫ ਰੁਪੈ ਮਾਹਵਾਰ ਪੈਨਸ਼ਨ ਦਿਤੀ ਗਈ। ਬਾਕੀ ਸਭ ਜਾਗੀਰ ਜ਼ਬਤ ਹੋ ਗਈ।

Sri Satguru Jagjit Singh Ji eLibrary NamdhariElibrary@gmail.com

# ਸ. ਸ਼ਾਮ ਸਿੰਘ ਅਟਾਰੀ ਵਾਲਾ

- ਕਾਹਨ ਚੰਦ
  - ਗੌਰ ਸਿੰਘ
    - ਦਲ ਸਿੰਘ
    - ਦਿਆਲ ਸਿੰਘ
    - ਨਿਹਾਲ ਸਿੰਘ
      - ਸ਼ਾਮ ਸਿੰਘ
        - ਠਾਕਰ ਸਿੰਘ
          - ਜੀਵਨ ਸਿੰਘ
          - ਹਰੀ ਸਿੰਘ
          - ਅਜੀਤ ਸਿੰਘ
        - ਕਾਹਨ ਸਿੰਘ
        - ਬੀਬੀ ਨਾਨਕੀ
  - ਕੌਰ ਸਿੰਘ (ਰਾਜਾ ਸ਼ੇਰ ਸਿੰਘ ਦਾ ਪੜਦਾਦਾ)

ਇਹ ਘਰਾਣਾ ਵੀ ਜੈਸਲਮੇਰ ਦੇ ਰਾਜਪੂਤਾਂ ਵਿਚੋਂ ਹੈ ਤੇ ਮਹਾਰਾਜਾ ਪਟਿਆਲਾ ਨਾਲ ਮਿਲਦਾ ਹੈ। ਪੰਜਾਬ ਵਿਚ ਆਕੇ ਇਹ ਸਿੱਧੂ ਜੱਟ ਬਣ ਗਏ। ੧੭੩੫ ਈ.* ਵਿਚ ਕਾਹਨ ਚੰਦ ਦੇ ਪੁੱਤਰ ਗੌਰ ਸਿੰਘ, ਕੌਰ ਸਿੰਘ

* ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੯੦੨।

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤਸਰ ਆਏ ਤੇ ਅੰਮ੍ਰਿਤ ਛਕਕੇ ਸ: ਗੁਰਬਖ਼ਸ਼ ਸਿੰਘ ਭੰਗੀ ਰੋੜਾਂਵਾਲੇ ਦੇ ਨੌਕਰ ਹੋ ਗਏ। ਗੌਰ ਸਿੰਘ, ਕੌਰ ਸਿੰਘ ਨੇ ਪਿੰਡ ਅਟਾਰੀ ਵਸਾਇਆ। ੧੭੩੭ ਈ. ਵਿਚ ਅਟਾਰੀ ਦੇ ਉਦਾਲੇ ਗੌਰ ਸਿੰਘ ਨੂੰ ੭੦੦੦ ਦੀ ਜਾਗੀਰ ਮਿਲੀ। ਗੁਰਬਖ਼ਸ਼ ਸਿੰਘ ਦੇ ਮਰਨ ਪਿਛੋਂ ਗੋਰ ਸਿੰਘ ਭੰਗੀ ਸਰਦਾਰਾਂ ਲਹਿਣਾ ਸਿੰਘ ਗੁੱਜਰ ਸਿੰਘ ਦਾ ਨੌਕਰ ਹੋ ਗਿਆ ਤੇ ੧੯੬੦੦ ਰੁਪੈ ਦੀ ਜਾਗੀਰ ਹੋਰ ਲਈ। ਗੌਰ ਸਿੰਘ ਦੇ ਪਿਛੋਂ ਉਸਦਾ ਪੁੱਤਰ ਨਿਹਾਲ ਸਿੰਘ, ਸ. ਸਾਹਿਬ ਸਿੰਘ ਭੰਗੀ ਗੁਜਰਾਤ ਵਾਲੇ ਕੋਲ ਨੌਕਰ ਜਾ ਹੋਇਆ। ਮ: ਰਣਜੀਤ ਸਿੰਘ ਦੀ ਤਾਕਤ ਭਧਦੀ ਵੇਖੀ, ਤਾਂ ਸ: ਨਿਹਾਲ ਸਿੰਘ ਉਸਦੀ ਫ਼ੌਜ ਵਿਚ ਨੌਕਰ ਆਣ ਹੋਇਆ। ੧੮੦੩ ਈ. ਵਿਚ ਉਸਨੂੰ ੫੪੫੦੦ ਰੁਪੈ ਦੀ ਜਾਗੀਰ ਮਿਲੀ। ਉਹ ਸ਼ੇਰੇ-ਪੰਜਾਬ ਦੀਆਂ ਬਹੁਤ ਸਾਰੀਆਂ ਮੁਹਿੰਮਾਂ ਵਿਚ ਸ਼ਾਮਲ ਰਿਹਾ। ੧੮੦੭ ਈ: ਵਿਚ ਕਸੂਰ ਫ਼ਤਹਿ ਕਰਕੇ ਪਹਿਲਾਂ ਨਾਜ਼ਮ ਓਸੇ ਨੂੰ ਥਾਪਿਆ ਗਿਆ। ਇਸ ਦੀ ਜਾਗੀਰ ਵਧਦੀ ਵਧਦੀ ੩੦੬੮੦੦ ਰੁਪੈ ਤਕ ਜਾ ਪਹੁੰਚੀ।

੧੮੧੭ ਈ. ਵਿਚ ਮ: ਰਣਜੀਤ ਸਿੰਘ ਬੀਮਾਰ ਹੋ ਗਿਆ। ਬੀਮਾਰੀ ਏਥੋਂ ਤਕ ਪਹੁੰਚ ਗਈ, ਕਿ ਮਹਾਰਾਜੇ ਦੀ ਜ਼ਿੰਦਗੀ ਨੂੰ ਖ਼ਤਰਾ ਭਾਸਣ ਲੱਗਾ। ਸ: ਨਿਹਾਲ ਸਿੰਘ ਅਟਾਰੀ ਵਾਲੇ ਨੇ ਮਹਾਰਾਜੇ ਦੇ ਪਲੰਘ ਕੋਲ ਖਲੋ ਕੇ ਅਰਦਾਸ ਕੀਤੀ, "ਹੇ ਸੱਚੇ ਪਾਤਸ਼ਾਹ! ਮੇਰੀ ਬਾਕੀ ਦੀ ਜ਼ਿੰਦਗੀ ਮਹਾਰਾਜੇ ਨੂੰ ਮਿਲ ਜਾਏ ਤੇ ਇਹਨਾਂ ਦੀ ਬੀਮਾਰੀ ਮੈਨੂੰ ਲੱਗ ਜਾਏ।" ਉਹ ਪਲੰਘ ਉਦਾਲੇ ਤਿੰਨ ਪਰਕਰਮਾਂ ਕਰ ਕੇ ਅਟਾਰੀ ਆ ਗਿਆ। ਵਾਹਿਗੁਰੂ ਦੇ ਰੰਗ: ਮਹਾਰਾਜਾ ਰਾਜ਼ੀ ਹੋ ਗਿਆ ਤੇ ਸ: ਨਿਹਾਲ ਸਿੰਘ ਕਈ ਮਹੀਨੇ ਬੀਮਾਰ ਰਹਿਕੇ ਜਨਵਰੀ, ੧੮੧੮ ਈ. ਵਿਚ ਸੁਰਗਵਾਸ ਹੋ ਗਿਆ। ਸ਼ੇਰੇ-ਪੰਜਾਬ ਨੇ ਉਸਦੇ ਪੁੱਤਰ ਸ਼ਾਮ ਸਿੰਘ ਨੂੰ ਉਸਦੀ ਥਾਂ ਸਰਦਾਰ ਬਣਾ ਕੇ ਸਭ ਜਾਗੀਰ ਹਵਾਲੇ ਕਰ ਦਿਤੀ।

ਸ: ਸ਼ਾਮ ਸਿੰਘ ਸ਼ੇਰੇ-ਪੰਜਾਬ ਦੀਆਂ ਕਈ ਲੜਾਈਆਂ ਵਿਚ ਲੜਿਆ

Sri Satguru Jagjit Singh Ji eLibrary NamdhariElibrary@gmail.com

੮ ਮਾਰਚ, ੧੮੩੭ ਈ. ਨੂੰ ਉਸਦੀ ਸਪੁੱਤਰੀ ਬੀਬੀ ਨਾਨਕੀ ਦਾ ਵਿਆਹ ਕੰਵਰ ਨੌਨਿਹਾਲ ਸਿੰਘ ਨਾਲ ਹੋਇਆ, ਜਿਸ ਉੱਤੇ ਸਰਦਾਰ ਦੇ ੧੫ ਲੱਖ ਰੁਪੈ ਖ਼ਰਚ ਹੋਏ। ਸ: ਹਰੀ ਸਿੰਘ ਨਲਵੇ ਦੇ ਸ਼ਹੀਦ ਹੋਣ ਪਿਛੋਂ ਦੋ ਸਾਲ ਤਕ ਸ: ਸ਼ਾਮ ਸਿੰਘ ਫ਼ੌਜੀ ਅਫ਼ਸਰ ਬਣ ਕੇ ਪਸ਼ੌਰ ਰਿਹਾ। ਸ਼ੇਰੇ ਪੰਜਾਬ ਦੇ ਸੁਰਗਵਾਸ ਹੋਣ ਪਿਛੋਂ ਉਹ ਵਾਪਸ ਅਟਾਰੀ ਆ ਗਿਆ।

ਸਤਲੁਜ ਯੁਧ ਸਮੇਂ ਸ: ਸ਼ਾਮ ਸਿੰਘ ਅੰਗਰੇਜ਼ਾਂ ਨਾਲ ਲੜਾਈ ਛੇੜਨ ਦੇ ਹੱਕ ਵਿਚ ਨਹੀਂ ਸੀ। ਪਰ ਜਦੋਂ ਲੜਾਈ ਹੋ ਪਈ, ਤੇ ਸਿੱਖ ਮੁਦਕੀ ਤੇ ਫੇਰੂ ਸ਼ਹਿਰ ਦੀਆਂ ਲੜਾਈਆਂ ਵਿਚ—ਜਰਨੈਲਾਂ ਦੇ ਵਿਸਾਹ-ਘਾਤ ਦਾ ਕਾਰਨ—ਹਾਰ ਗਏ, ਤਾਂ ਮਹਾਰਾਣੀ ਜਿੰਦ ਕੌਰ ਦੀ ਚਿੱਠੀ† ਪਹੁੰਚਣ ਉੱਤੇ ਸ: ਸ਼ਾਮ ਸਿੰਘ ਸ਼ਹੀਦ ਹੋਣ ਵਾਸਤੇ ਤਿਆਰ ਹੋ ਪਿਆ। ੧੦ ਫ਼ਰਵਰੀ, ੧੮੪੬ ਈ: ਨੂੰ ਉਹ ਸਭਰਾਵਾਂ ਦੀ ਲੜਾਈ ਵਿਚ ਮਰਦਾਂ ਵਾਂਗ ਲੜ ਕੇ ਸ਼ਹੀਦ ਹੋਇਆ‡। ਉਸ ਦੇਸ਼ ਭਗਤ ਨੇ ਆਪਣੀ ਸਿਰ ਨਾਲ ਰੱਖ ਵਿਖਾਈ। ਜਦ ਇਹ ਖ਼ਬਰ ਅਟਾਰੀ ਪਹੁੰਚੀ, ਤਾਂ ਉਸ ਦੀ ਸਰਦਾਰਨੀ, ਸਰਦਾਰ ਦੇ ਵਿਆਹ ਵਾਲੇ ਕਪੜਿਆਂ ਨਾਲ ਸਤੀ ਹੋ ਗਈ ਇਹ ਪੰਜਾਬ ਵਿਚ ਆਖ਼ਰੀ ਸਤੀ ਸੀ। ਯੁੱਧ ਤੋਂ ਤਿੰਨ ਦਿਨ ਪਿਛੋਂ ਸਰਦਾਰ ਦੀ ਲੋਥ ਅਟਾਰੀ ਲਿਆ ਕੇ ਸਸਕਾਰੀ ਗਈ। ਓਥੇ ਉਸ ਕੌਮੀ ਪਰਵਾਨੇ ਦੀ ਸਮਾਧ ਅਜੇ ਤਕ ਖਲੀ ਕੌਮ ਨੂੰ ਕੁਛ ਸੁਨੇਹੇ ਦੇ ਰਹੀ ਹੈ। ਉਸ ਦਾ ਪਿੰਡ ਅਜ ਤਕ ਉਹਦੇ ਨਾਮ ਉਤੇ 'ਅਟਾਰੀ ਸ: ਸ਼ਾਮ ਸਿੰਘ' ਅਖਵਾਉਂਦਾ ਹੈ।

ਸ: ਸ਼ਾਮ ਸਿੰਘ ਦਾ ਵੱਡਾ ਪੁਤਰ ਸ: ਠਾਕਰ ਸਿੰਘ ਫ਼ੌਜ ਵਿਚ ਕੁਮੇਦਾਨ ਸੀ, ਜੋ ੧੮੨੨ ਈ. ਵਿਚ ਸੁਰਗਵਾਸ ਹੋ ਚੁਕਾ ਸੀ। ਸਤਲੁਜ ਯੁਧ ਪਿਛੋਂ ਮਿਸਰ ਲਾਲ ਸਿੰਘ ਵਜ਼ੀਰ ਬਣਿਆਂ, ਤਾਂ ਉਹਨੇ ੭੫੦੦ ਰੁਪੈ

---

† ਰਉਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੮੦੮।

‡ ਪੂਰਾ ਵੇਰਵਾ ਵੇਖੋ 'ਸਿੱਖਰਾਜ ਕਿਵੇਂ ਗਿਆ' ਵਿਚ।

Sri Satguru Jagjit Singh Ji eLibrary NamdhariElibrary@gmail.com

ਦੀ ਜਾਗੀਰ ਸ: ਠਾਕਰ ਸਿੰਘ ਦੇ ਤਿੰਨਾਂ ਪੁੱਤਰਾਂ (ਜੀਵਨ ਸਿੰਘ, ਹਰੀ ਸਿੰਘ ਅਜੀਤ ਸਿੰਘ) ਨੂੰ ਦੇ ਕੇ ਬਾਕੀ ਸ: ਸ਼ਾਮ ਸਿੰਘ ਦੀ ਸਾਰੀ ਜਾਗੀਰ ਜ਼ਬਤ ਕਰ ਲਈ। ਉਸ ਦੇ ਛੋਟੇ ਪੁੱਤਰ ਕਾਹਨ ਸਿੰਘ ਨੂੰ ਕੁਛ ਜਗੀਰ ਖ਼ਿਦਮਤੀ ਫ਼ੌਜ ਦੇਣ ਬਦਲੇ ਦਿਤੀ ਗਈ।

ਮੁਲਤਾਨ ਦੀ ਬਗ਼ਾਵਤ ਸਮੇਂ ਸ: ਕਾਹਨ ਸਿੰਘ ਦੀ ਫ਼ੌਜ ਤਾਂ ਤਾਂ ਬਾਗ਼ੀਆਂ ਨਾਲ ਜਾ ਮਿਲੀ, ਪਰ ਉਹ ਆਪ ਅੰਗਰੇਜ਼ਾਂ ਦਾ ਵਫ਼ਾਦਾਰ ਰਿਹਾ। ਸੋ ਪੰਜਾਬ ਦੀ ਜ਼ਬਤੀ ਸਮੇਂ ਉਸ ਦੀ ਜਾਗੀਰ ਕਾਇਮ ਰਹੀ। ਉਹ ੧੮੭੩ ਈ. ਵਿਚ, ਬਿਨਾਂ ਔਲਾਦ ਮਰ ਗਿਆ।

Sri Satguru Jagjit Singh Ji eLibrary NamdhariElibrary@gmail.com

# ਰਾਜਾ ਸ਼ੇਰ ਸਿੰਘ ਅਟਾਰੀ ਵਾਲਾ




ਕਾਹਨ ਚੰਦ ਦੇ ਵੱਡੇ ਪੁੱਤਰ ਗੌਰ ਸਿੰਘ ਦੀ ਬੰਸ ਵਿਚੋਂ, ਪ੍ਰਸਿਧ ਸ: ਸ਼ਾਮ ਸਿੰਘ ਹੋਇਆ, ਜਿਸਦਾ ਹਾਲ ਲਿਖਿਆ ਜਾ ਚੁੱਕਾ ਹੈ। ਕਾਹਨ ਚੰਦ ਦਾ ਛੋਟਾ ਪੁੱਤਰ ਕੌਰ ਸਿੰਘ ਸੀ। ਉਸਦੇ ਅੱਗੇ ਤਿੰਨ ਪੁੱਤਰ ਹੋਏ : ਟੇਕ ਸਿੰਘ, ਜੋਧ ਸਿੰਘ ਤੇ ਵਜ਼ੀਰ ਸਿੰਘ। ਉਹਨਾਂ ਵਿਚੋਂ ਵੱਡੇ ਦੋਵੇਂ ਪ੍ਰਸਿਧ ਹੋਏ। ਉਹ ਪਹਿਲਾਂ ਸ: ਸਾਹਿਬ ਸਿੰਘ ਭੰਗੀ ਦੇ ਨੌਕਰ ਸਨ, ਤੇ ਪਿਛੋਂ ਮ:

Sri Satguru Jagjit Singh Ji eLibrary NamdhariElibrary@gmail.com

ਰਣਜੀਤ ਸਿੰਘ ਦੇ ਨੌਕਰ ਆਣ ਹੋਏ। ਸ਼ੇਰੇ ਪੰਜਾਬ ਨੇ ਉਹਨਾਂ ਦੋਹਾਂ ਨੂੰ ਜਾਗੀਰ ਦੇ ਦਿਤੀ। ਵਜ਼ੀਰ ਸਿੰਘ ੧੮੦੪ ਈ. ਵਿਚ ਤੇ ਟੇਕ ਸਿੰਘ ਤੇ ਜੋਧ ਸਿੰਘ ੧੮੦੫ ਈ. ਵਿਚ ਸੁਰਗਵਾਸ ਹੋ ਗਏ।

ਸ: ਟੇਕ ਸਿੰਘ ਦੇ ਚਾਰ ਪੁੱਤਰ—ਹਾਕਮ ਸਿੰਘ, ਜਗਤ ਸਿੰਘ ਅਰਜਨ ਸਿੰਘ ਤੇ ਮਹਿਤਾਬ ਸਿੰਘ—ਹੋਏ, ਜਿਨ੍ਹਾਂ ਨੇ ਜਾਗੀਰ ਵੰਡ ਲਈ। ਹੁਕਮ ਸਿੰਘ ੧੮੧੩ ਈ. ਵਿਚ ਸੁਰਗਵਾਸ ਹੋ ਗਿਆ। ਉਹਦੇ ਦੋਵੇਂ ਪੁੱਤਰ —ਜੈ ਸਿੰਘ, ਨਾਰ ਸਿੰਘ—ਅਜੇ ਬਾਲਕ ਸਨ, ਸੋ ਜਾਗੀਰ ਦਾ ਪ੍ਰਬੰਧ ਜਗਤ ਸਿੰਘ ਦੇ ਹਥ ਦਿਤਾ ਗਿਆ। ਜੈ ਸਿੰਘ ਜਵਾਨ ਹੋਇਆ, ਤਾਂ ਜਾਗੀਰ ਉਸ ਦੇ ਹਵਾਲੇ ਕਰ ਦਿਤੀ ਗਈ। ਉਹ ੧੮੩੪ ਈ. ਵਿਚ ਇਕ ਲੜਾਈ ਅੰਦਰ ਮਾਰਿਆ ਗਿਆ।

ਸ: ਨਾਰ ਸਿੰਘ ਨੇ ੭੦ ਅਸਵਾਰ ਖ਼ਿਦਮਤੀ ਦੇਣ ਬਦਲੇ ੨੬੫੫੦ ਰੁਪੈ ਸਾਲਾਨਾ ਦੀ ਜਾਗੀਰ ਹਾਸਲ ਕੀਤੀ। ਰਾਜਾ ਸ਼ੇਰ ਸਿੰਘ ਦੀ ਬਗ਼ਾਵਤ ਸਮੇਂ ਨਾਰ ਸਿੰਘ ਨੂੰ (੧੭ ਸਤੰਬਰ, ੧੮੪੮ ਈ.) ਲਾਹੌਰ ਵਿਚ ਕੈਦ ਕਰ ਦਿਤਾ ਗਿਆ ਤੇ ਉਸ ਦੀ ਜਾਗੀਰ ਜ਼ਬਤ ਕਰ ਲਈ। ਉਸਦੇ ਅਸਵਾਰ ਬਾਗ਼ੀਆਂ ਨਾਲ ਮਿਲ ਗਏ। ਲੜਾਈ ਪਿਛੋਂ ਨਾਰ ਸਿੰਘ ਨੂੰ ਤਿੰਨ ਹਜ਼ਾਰ ਰੁਪੈ ਸਾਲਾਨਾ ਪੈਨਸ਼ਨ ਦਿਤੀ ਗਈ। ਉਹ ੧੮੬੮ ਈ. ਵਿਚ ਸੁਰਗਵਾਸ ਹੋਇਆ।

ਸ: ਵਜ਼ੀਰ ਸਿੰਘ ਦੇ ਪੁੱਤਰ ਦਾ ਨਾਂ ਵੀ ਜੈ ਸਿੰਘ ਸੀ। ਉਹਨੇ ਟੇਕ ਸਿੰਘ ਦੇ ਪੁੱਤਰ ਜਗਤ ਸਿੰਘ ਤੇ ਸ: ਬੁਧ ਸਿੰਘ ਸੰਧਾਂਵਾਲੀਏ ਨਾਲ ਮਿਲ ਕੇ ਸਾਜ਼ਸ਼ ਕੀਤੀ, ਜੋ ਸਫਲ ਨਾ ਹੋਈ। ਆਪਣੀ ਗ਼ਲਤੀ ਤੋਂ ਡਰਦਾ ਹੋਇਆ ਜੈ ਸਿੰਘ ਨਾਰਾ ਦੇ ਪਹਾੜੀ ਇਲਾਕੇ ਵੱਲ ਨੱਸ ਗਿਆ ਤੇ ਓਥੋਂ ਦੇ ਜ਼ਿਮੀਦਾਰਾਂ ਦੀ ਬਗ਼ਾਵਤ ਵਿਚ ਸ਼ਾਮਲ ਜਾ ਹੋਇਆ। ਜਦ ਉਸ ਬਗ਼ਾਵਤ ਨੂੰ ਦਬਾਉਣ ਬਦਲੇ ਦੀਵਾਨ ਚੰਦ ਫ਼ੌਜ ਲੈ ਕੇ ਗਿਆ, ਤਾਂ ਜੈ ਸਿੰਘ ਨੱਸ ਕੇ ਕਾਬਲ ਦੇ ਅਮੀਰ ਦੋਸਤ ਮੁਹੰਮਦ ਖ਼ਾਂ ਕੋਲ ਜਾ ਨੌਕਰ ਹੋਇਆ। ੧੮੨੪ ਈ. ਵਿਚ ਜਦ ਸਿੱਖਾਂ ਦੇ ਟਾਕਰੇ ਉੱਤੇ ਮੁਹੰਮਦ ਅਜ਼ੀਮ ਖ਼ਾਂ ਫ਼ੌਜ

Sri Satguru Jagjit Singh Ji eLibrary NamdhariElibrary@gmail.com

ਲੈ ਕੇ ਪਿਸ਼ਾਵਰ ਆਇਆ, ਤਾਂ ਜੈ ਸਿੰਘ ਵੀ ਉਸਦੇ ਨਾਲ ਸੀ। ਜਹਾਂਗੀਰੇ ਦੀ ਲੜਾਈ ਵਿਚ ਕਤਲ ਹੋਏ ਸਿੱਖਾਂ ਦੇ ਸਿਰ ਜਦ ਜੈ ਸਿੰਘ ਨੇ ਵੇਖੇ, ਤਾਂ ਉਸ ਦੇ ਸਿੱਖ—ਹਿਰਦੇ ਨੇ ਉਸ ਨੂੰ ਰਣਜੀਤ ਸਿੰਘ ਤੋਂ ਮਾਫ਼ੀ ਮੰਗਣ ਉੱਤੇ ਮਜਬੂਰ ਕਰ ਦਿਤਾ। ਅਕਾਲੀ ਫੂਲਾ ਸਿੰਘ ਰਾਹੀਂ ਉਹ ਮਹਾਰਾਜੇ ਕੋਲੋਂ ਮਾਫ਼ੀ ਮੰਗ ਕੇ ਖ਼ਾਲਸਾ ਫ਼ੌਜ ਵਿਚ ਆਣ ਮਿਲਿਆ ਤੇ ਨੌਸ਼ਹਿਰੇ ਦੀ ਪ੍ਰਸਿਧ ਲੜਾਈ ਵਿਚ ਸ਼ਾਮਲ ਹੋਇਆ*। ੧੮੩੮ ਈ. ਵਿਚ ਜੈ ਸਿੰਘ ਸੁਰਗਵਾਸ ਹੋ ਗਿਆ।

ਸ: ਜੋਧ ਸਿੰਘ ਨੂੰ ਦੋ ਸੌ ਖ਼ਿਦਮਤੀ ਅਸਵਾਰਾਂ ਬਦਲੇ ਦੋ ਲੱਖ ਸਾਲਾਨਾ ਦੀ ਜਾਗੀਰ ਮਿਲੀ ਸੀ। ੧੮੦੫ ਈ. ਵਿਚ ਉਹ ਚਲਾਣਾ ਕਰ ਗਿਆ, ਤਾਂ ਜਾਗ਼ੀਰ ਉਹਦੇ ਦੋਹਾਂ ਪੁੱਤਰਾਂ—ਪ੍ਰਤਾਪ ਸਿੰਘ, ਚਤਰ ਸਿੰਘ—ਨੂੰ ਮਿਲ ਗਈ। ਪ੍ਰਤਾਪ ਸਿੰਘ ੧੮੩੧ ਈ. ਨੂੰ ਇਕ ਲੜਾਈ ਵਿਚ ਮਾਰਿਆ ਗਿਆ, ਤਾਂ ਜਾਗੀਰ ਉਸ ਦੇ ਪੁੱਤਰ ਕਰਮ ਸਿੰਘ ਨੂੰ ਮਿਲ ਗਈ। ੧੮੩੮ ਈ. ਵਿਚ ਉਹ ਵੀ ਸੁਰਗਵਾਸ ਹੋ ਗਿਆ। ਫਿਰ ਉਸ ਦੇ ਹਿੱਸੇ ਦੀ ਜਾਗੀਰ ਸ: ਚਤਰ ਸਿੰਘ ਦੇ ਵੱਡੇ ਪੁੱਤਰ ਸ: ਸ਼ੇਰ ਸਿੰਘ ਨੂੰ ਮਿਲ ਗਈ।

ਚਤਰ ਸਿੰਘ ਲਾਹੌਰ ਦਰਬਾਰ ਦੇ ਪ੍ਰਸਿਧ ਸਰਦਾਰਾਂ ਵਿਚੋਂ ਸੀ। ੧੮੩੩ ਈ. ਵਿਚ ਉਸਦੀ ਪੁੱਤਰੀ ਬੀਬੀ ਤੇਜ ਕੌਰ ਦੀ ਮੰਗਣੀ ਮਹਾਰਾਜਾ ਦਲੀਪ ਸਿੰਘ ਨਾਲ ਹੋਈ। ਏਸ ਚਤਰ ਸਿੰਘ ਤੇ ਫ਼ਤਹਿ ਖ਼ਾਂ ਟਿਵਾਣੇ ਨੇ ਵਜ਼ੀਰ ਜਵਾਹਰ ਸਿੰਘ ਦੇ ਹੁਕਮ ਨਾਲ ਕੰਵਰ ਪਸ਼ੌਰਾ ਸਿੰਘ ਨੂੰ ਕਤਲ ਕੀਤਾ ਸੀ†।

੧੮੪੪ ਈ. ਵਿਚ ਸ: ਸ਼ੇਰ ਸਿੰਘ ਪਸ਼ੌਰ ਦਾ ਨਾਜ਼ਮ ਬਣਿਆਂ। ਅਗਸਤ, ੧੮੪੬ ਈ. ਵਿਚ ਸ਼ੇਰ ਸਿੰਘ ਨੂੰ ਲਾਹੌਰ ਬੁਲਾ ਗਿਆ ਤੇ ਉਸ ਦੇ ਪਿਤਾ ਸ: ਚਤਰ ਸਿੰਘ ਨੂੰ ਨਾਜ਼ਮ ਥਾਪ ਦਿਤਾ ਗਿਆ। ੧੮੪੭ ਈ.

---

* ਵੇਖੋ 'ਸਿੱਖਰਾਜ ਤੇ ਸ਼ੇਰੇ-ਪੰਜਾਬ'।

† ਵੇਖੋ 'ਸਿੱਖਰਾਜ ਕਿਵੇਂ ਗਿਆ ?'

Sri Satguru Jagjit Singh Ji eLibrary NamdhariElibrary@gmail.com

ਵਿਚ ਉਸਨੂੰ ਹਜ਼ਾਰੇ ਦਾ ਗਵਰਨਰ ਬਣਾ ਦਿਤਾ ਗਿਆ।

ਸ: ਸ਼ੇਰ ਸਿੰਘ ਭਰੋਵਾਲ ਦੀ ਸੁਲ੍ਹਾ ਦੇ ਆਧਾਰ 'ਤੇ ਬਣੀ ਰੀਜੈਂਸੀ ਕੌਂਸਲ ਦਾ ਮੈਂਬਰ ਬਣਾਇਆ ਗਿਆ। ੨੬ ਨਵੰਬਰ, ੧੮੪੭ ਈ. ਨੂੰ ਉਸ ਨੂੰ 'ਰਾਜੇ' ਦਾ ਖ਼ਿਤਾਬ ਦਿਤਾ ਗਿਆ।

ਅਪ੍ਰੈਲ, ੧੮੪੮ ਈ. ਵਿਚ ਮੁਲਤਾਨ ਬਗ਼ਾਵਤ ਹੋ ਗਈ, ਤਾਂ ਰਾਜਾ ਸ਼ੇਰ ਸਿੰਘ ਓਥੇ ਫ਼ੌਜ ਲੈ ਕੇ ਗਿਆ। ਸ: ਚਤਰ ਸਿੰਘ ਉਸ ਵੇਲੇ ਹਜ਼ਾਰੇ ਦਾ ਗਵਰਨਰ ਸੀ। ਅੰਗਰੇਜ਼ਾਂ ਨੇ ਬਿਨਾਂ ਕਾਰਨ ਉਸਨੂੰ ਸਜ਼ਾ ਦੇ ਕੇ ਬਾਗ਼ੀ ਹੋਣ ਵਾਸਤੇ ਮਜਬੂਰ ਕਰ ਦਿਤਾ। ਇਹ ਖ਼ਬਰ ਸੁਣ ਕੇ ਰਾਜਾ ਸ਼ੇਰ ਸਿੰਘ ਨੇ ਵੀ ੧੪ ਸਤੰਬਰ, ੧੮੪੮ ਈ. ਨੂੰ ਬਗ਼ਾਵਤ ਦਾ ਐਲਾਨ ਕਰ ਦਿਤਾ। ਉਸਨੇ ਅੰਗਰੇਜ਼ਾਂ ਨਾਲ ਚਾਰ ਲੜਾਈਆਂ ਲੜੀਆਂ। (ਰਾਮ ਨਗਰ ੨੨ ਨਵੰਬਰ, ੧੮੪੮ ਈ. ਨੂੰ; ਸੈਦਲਾਪੁਰ, ਚਾਰ ਦਸੰਬਰ ਨੂੰ; ਚਿੱਲੀਆਂ ਵਾਲੀ ੧੩ ਜਨਵਰੀ, ੧੮੪੯ ਈ. ਨੂੰ; ਗੁਜਰਾਤ, ੨੧ ਫ਼ਰਵਰੀ ਨੂੰ‡)। ਅਖ਼ੀਰੀ ਲੜਾਈ ਵਿਚ ਉਹ ਦਾਰੂ ਸਿੱਕਾ ਮੁਕਣ ਕਰਕੇ ਹਾਰ ਗਿਆ। ਉਹ ਤੇ ਸ: ਚਤਰ ਸਿੰਘ (ਸਣੇ ਕੋਈ ਹੋਰ ਸਰਦਾਰਾਂ ਦੇ) ੧੪ ਮਾਰਚ, ੧੮੪੯ ਈ. ਨੂੰ ਰਾਵਲਪਿੰਡੀ ਕੈਦ ਕਰ ਲੈ ਗਏ।

ਰਾਜਾ ਸ਼ੇਰ ਸਿੰਘ, ਉਸਦਾ ਭਰਾ ਅਤਰ ਸਿੰਘ 'ਤੇ ਪਿਤਾ ਚਤਰ ਸਿੰਘ ਪਹਿਲਾਂ ਅਟਾਰੀ ਵਿਚ ਨਜ਼ਰਬੰਦ ਰਖੇ ਗਏ, ਫਿਰ ਜਨਵਰੀ. ੧੮੫੦ ਈ. ਨੂੰ ਅਲਾਹਾਬਾਦ ਤੇ ਫਿਰ ਕਲਕੱਤੇ ਕੈਦ ਕੀਤੇ ਗਏ। ਉਹਨਾਂ ਦੀਆਂ ਸਭ ਜਾਗੀਰਾਂ (ਸ: ਚਤਰ ਸਿੰਘ ੧੨੨੦੦੦ ਦੀ ਜਾਗੀਰ ਤੇ ੨੪੦੦ ਨਕਦ, ਰਾਜਾ ਸ਼ੇਰ ਸਿੰਘ ੪੨੨੨੦ ਦੀ ਜਾਗੀਰ ਤੇ ੨੪੦੦ ਨਕਦ ਤੇ ਅਤਰ ਸਿੰਘ ਨੂੰ ੨੪੦੦ ਨਕਦ) ਜ਼ਬਤ ਕਰ ਲਈਆਂ ਗਈਆਂ।

ਗੁਲਾਬ ਸਿੰਘ ਉਸ ਵੇਲੇ ਲਾਹੌਰ ਵਿਚ ਮ: ਦਲੀਪ ਸਿੰਘ ਦੇ ਕੋਲ ਸੀ। ੧੭ ਸਤੰਬਰ, ੧੮੪੮ ਈ: ਨੂੰ ਉਸ ਨੂੰ ਬਿਨਾਂ ਕਾਰਨ ਫੜ ਲਿਆ ਤੇ ਲੜਾਈ ਦੇ ਅਖ਼ੀਰ ਤਕ ਕੈਦ ਰਖਿਆ ਗਿਆ। ਪੰਜਾਬ ਦੀ ਜ਼ਬਤੀ ਪਿਛੋਂ

‡ ਇਹਨਾਂ ਦਾ ਪੂਰਾ ਵੇਰਵਾ 'ਸਿੱਖਰਾਜ ਕਿਵੇਂ ਗਿਆ ?' ਵਿਚ ਆ ਚੁੱਕਾ ਹੈ।

Sri Satguru Jagjit Singh Ji eLibrary NamdhariElibrary@gmail.com

ਉਸ ਨੂੰ ਤਿੰਨ ਹਜ਼ਾਰ ਸਾਲਾਨਾ ਪੈਨਸ਼ਨ ਮਿਲੀ।

ਮ: ਦਲੀਪ ਸਿੰਘ ਦੀ ਮੰਗ ਬੀਬੀ ਤੇਜ ਕੌਰ ਦੀ ਸ਼ਾਦੀ ਸ: ਈਸ਼ਰ ਸਿੰਘ ਮਾੜੀ ਵਾਲੇ ਦੇ ਪੁੱਤਰ ਜਨਮੇਜਾ ਨਾਲ ਹੋਈ। ਤੇਜ ਕੌਰ ੧੮੬੩ ਈ: ਵਿਚ ਸੁਰਗਵਾਸ ਹੋਈ।

ਜਨਵਰੀ, ੧੮੫੪ ਈ: ਨੂੰ ਸ: ਚਤਰ ਸਿੰਘ, ਰਾਜਾ ਸ਼ੇਰ ਸਿੰਘ ਤੇ ਸ: ਅਤਰ ਸਿੰਘ ਨੂੰ ਰਿਹਾ ਕਰ ਦਿਤਾ ਗਿਆ। ਪਰ ਨੀਯਤ ਇਲਾਕੇ ਤੋਂ ਬਾਹਰ ਜਾਣ ਦੀ ਅੱਗਿਆ ਨਹੀਂ ਸੀ। ਸ: ਚਤਰ ਸਿੰਘ ਨੂੰ ੮ ਹਜ਼ਾਰ ਤੇ ਰਾਜਾ ਸ਼ੇਰ ਸਿੰਘ ਨੂੰ ੬ ਹਜ਼ਾਰ ਸਾਲਾਨਾ ਪੈਨਸ਼ਨ ਮਿਲੀ। ਸ: ਚਤਰ ਸਿੰਘ ਕਲਕੱਤੇ ਵਿਚ ਤੇ ਰਾਜਾ ਸ਼ੇਰ ਸਿੰਘ ਬਨਾਰਸ ਵਿਚ ੧੮੫੪ ਈ. ਨੂੰ ਸੁਰਗਵਾਸ ਹੋ ਗਏ।

ਗ਼ਦਰ ਵਿਚ ਗੁਲਾਬ ਸਿੰਘ, ਅਤਰ ਸਿੰਘ ਤੇ ਤੇਜਾ ਸਿੰਘ ਨੇ ਅੰਗਰੇਜ਼ਾਂ ਦੀ ਮਦਦ ਕੀਤੀ ਤੇ ਅਵਧ ਵਿਚ ੨੮੮੦੦ ਸਾਲਾਨਾ ਦੀ ਜਾਗੀਰ ਪ੍ਰਾਪਤ ਕੀਤੀ। ਅਤਰ ਸਿੰਘ ਬਰੇਲੀ ਵਿਚ ੧੮੬੭ ਈ. ਨੂੰ ਸੁਰਗਵਾਸ ਹੋਇਆ। ਤੇਜਾ ਸਿੰਘ ੧੮੬੯ ਈ. ਵਿਚ ਚਲਾਣਾ ਕਰ ਗਿਆ ਕੈਪਟਨ ਗੁਲਾਬ ਸਿੰਘ ਨੂੰ ੧੮੭੨ ਈ: ਵਿਚ ਪੰਜਾਬ ਆਉਣ ਦੀ ਅੱਗਿਆ ਮਿਲੀ (ਪਹਿਲਾਂ ਨਹੀਂ ਸੀ)। ੧੮੮੪ ਈ. ਨੂੰ ਉਸਨੂੰ ਮੈਜਿਸਟਰੇਟ ਬਣਾਇਆ ਗਿਆ। ੧੮੮੬ ਈ: ਨੂੰ ਉਹ ਜੰਮੂ ਕਸ਼ਮੀਰ ਦਾ ਵਜ਼ੀਰ ਬਣਿਆਂ ਤੇ ੧੮੯੭ ਈ: ਵਿਚ ਸੁਰਗਵਾਸ ਹੋ ਗਿਆ।

Sri Satguru Jagjit Singh Ji eLibrary NamdhariElibrary@gmail.com

# ਸ. ਜਵਾਲਾ ਸਿੰਘ ਪਢਾਣੀਆਂ

- ਸੁੱਖਾ ਸਿੰਘ
  - ਚੰਦਾ ਸਿੰਘ
  - ਮਿਤ ਸਿੰਘ
    - ਜਵਾਲਾ ਸਿੰਘ
      - ਹਰਦਿਤ ਸਿੰਘ
        - ਸਾਧੂ ਸਿੰਘ
  - ਸਾਹਿਬ ਸਿੰਘ
  - ਗੰਡਾ ਸਿੰਘ
    - ਰਾਮ ਸਿੰਘ
      - ਕਾਹਨ ਸਿੰਘ
        - ਆਤਮਾ ਸਿੰਘ
          - ਜੀਵਨ ਸਿੰਘ
        - ਕਿਰਪਾ ਸਿੰਘ
        - ਬਦਨ ਸਿੰਘ

ਸੰਧੂ ਦੀ ਤੇਰ੍ਹਵੀਂ ਪੀੜ੍ਹੀ ਵਿਚੋਂ 'ਚੰਗਾ' ਨੇ ਪਿੰਡ ਪਢਾਣਾ ਵਸਾਇਆ ਉਸ ਦੀ ਬੰਸ ਵਿਚੋਂ ਸੁੱਖਾ ਸਿੰਘ ਪਹਿਲਾ ਅੰਮ੍ਰਿਤਧਾਰੀ ਸਿੱਖ ਹੋਇਆ। ਉਸਦੇ ਚਾਰ ਪੁੱਤਰ—ਚੰਦਾ ਸਿੰਘ, ਮਿੱਤ ਸਿੰਘ, ਸਾਹਿਬ ਸਿੰਘ ਤੇ ਗੰਡਾ ਸਿੰਘ ਹੋਏ। ਮਿੱਤ ਸਿੰਘ, ਸ: ਮਹਾਂ ਸਿੰਘ ਸੁਕਰ ਚਕੀਏ ਕੋਲ ਤੇ ਸਾਹਿਬ ਸਿੰਘ, ਸ: ਗੁੱਜਰ ਸਿੰਘ ਭੰਗੀ ਕੋਲ ਨੌਕਰ ਹੋ ਗਏ। ਸ: ਮਿੱਤ ਸਿੰਘ ਮਹਾਰਾਜੇ ਦੀਆਂ ਕਈ ਲੜਾਈਆਂ ਵਿਚ ਸਾਥ ਰਿਹਾ ਤੇ ਅੰਤ ੧੮੧੪ ਈ. ਨੂੰ ਕਸ਼ਮੀਰ ਦੀ ਮੁਹਿੰਮ ਵਿਚ ਮਾਰਿਆ ਗਿਆ। ਉਸਨੂੰ ਮਹਾਰਾਜੇ ਵੱਲੋਂ ੧੨੦੦੦ ਰੁਪੈ ਦੀ ਜਾਗੀਰ ਮਿਲੀ ਹੋਈ ਸੀ।

ਮਹਾਰਾਜੇ ਨੇ ਸ: ਮਿੱਤ ਸਿੰਘ ਦੇ ਪੁੱਤਰ ਜਵਾਲਾ ਸਿੰਘ ਨੂੰ ਉਸਦੇ

Sri Satguru Jagjit Singh Ji eLibrary NamdhariElibrary@gmail.com

ਥਾਂ ਸਰਦਾਰ ਬਣਾਕੇ ਪਿਛਲੀ ਜਾਗੀਰ ਦੇ ਨਾਲ ਸਵਾ ਲੱਖ ਦੀ ਹੋਰ ਜਾਗੀਰ ਦਿਤੀ। ਉਹ ਮੁਲਤਾਨ, ਕਸ਼ਮੀਰ ਆਦਿ ਕਈ ਲੜਾਈਆਂ ਵਿਚ ਲੜਿਆ। ਉਹ ਕਈ ਸਾਲ ਬੀਮਾਰ ਰਹਿਕੇ ੧੮੩੫ ਈ. ਵਿਚ ਸੁਰਗਵਾਸ ਹੋਇਆ*। ਮਹਾਰਾਣੀ ਜਿੰਦ ਕੌਰਾ ਦੀ ਵੱਡੀ ਭੈਣ ਸ: ਜਵਾਲਾ ਸਿੰਘ ਨਾਲ ਵਿਆਹੀ ਹੋਈ ਸੀ†।

ਸ: ਜਵਾਲਾ ਸਿੰਘ ਦੇ ਪੁੱਤਰ ਸ: ਹਰਦਿੱਤ ਸਿੰਘ ਨੂੰ ਸੌ ਅਸਵਾਰ ਬਦਲੇ ੨੭੪੨੫ ਰੁਪੈ ਸਾਲਾਨਾ ਦੀ ਜਾਗੀਰ ਮਿਲੀ। ਪੰਜਾਬ ਦੀ ਜ਼ਬਤੀ ਸਮੇਂ ਉਸਦੇ ਨਾਮ ੯੦੦੦ ਦੀ ਜਾਗੀਰ ਰਹਿ ਗਈ।

* ਰਊਸਾ-ਏ-ਪਜਾਬ, ਹਿੱਸਾ ਪਹਿਲਾ, ਪੰਨਾ ੬੧੩।

† ਵੇਖੋ 'ਦੁਖੀਏ ਮਾਂ-ਪੁੱਤ'।

Sri Satguru Jagjit Singh Ji eLibrary NamdhariElibrary@gmail.com

# ਸ. ਸੰਤ ਸਿੰਘ 'ਐਮਾ'




ਸ: ਨੱਥਾ ਸਿੰਘ (ਉਪਲ ਖੱਤਰੀ*) ਜ਼ਿਲਾ ਗੁਰਦਾਸਪੁਰ ਤੋਂ ਆ ਕੇ ਪਿੰਡ ਐਮਾ (ਜ਼ਿਲਾ ਅੰਮ੍ਰਿਤਸਰ) ਵਿਚ ਆਬਾਦ ਹੋ ਗਿਆ। ਉਸਦਾ ਪੁੱਤਰ ਸੁਰਜਣ ਸਿੰਘ ਭੰਗੀ ਮਿਸਲ ਵਿਚ ਸ਼ਾਮਲ ਹੋ ਗਿਆ। ਜਦ ਬਾਕੀ ਸਿੱਖ ਸਰਦਾਰਾਂ ਨੇ ਇਲਾਕੇ ਮੱਲੇ, ਤਾਂ ਉਸਨੇ ਵੀ ਕੁਛ ਇਲਾਕੇ ਉੱਤੇ ਕਬਜ਼ਾ ਕਰ ਲਿਆ। ੧੭੯੩ ਈ. ਵਿਚ ਉਹਨੇ ਕੁਛ ਇਲਾਕਾ ਜੰਮੂੰ ਦੇ ਰਾਜੇ ਤੋਂ ਖੋਹ ਲਿਆ। ੧੭੯੯ ਈ. ਵਿਚ ਉਹ ਸੁਰਗਵਾਸ ਹੋਇਆ, ਤਾਂ ਉਸਦਾ ਵੱਡਾ ਪੁੱਤਰ ਨਾਰ ਸਿੰਘ ਭੰਗੀਆਂ ਦੇ ਅਧੀਨ ਜਾਗੀਰਦਾਰ ਬਣਿਆਂ। ੧੮੦੩ ਈ. ਵਿਚ ਉਹ ਭੰਗੀਆਂ ਨੂੰ ਛਡਕੇ ਮਹਾਰਾਜਾ ਰਣਜੀਤ ਸਿੰਘ ਦੇ ਮਾਤਹਿਤ ਆ ਗਿਆ। ਉਹਨੇ ਕਈ ਲੜਾਈਆਂ ਵਿਚ ਹਿੱਸਾ ਲਿਆ।

ਮਹਾਰਾਣੀ ਜਿੰਦ ਕੌਰ ਦੀ ਭੂਆ ਦਾ ਵਿਆਹ ਸ: ਨਾਰ ਸਿੰਘ ਨਾਲ

---

* ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੭੬੩।

Sri Satguru Jagjit Singh Ji eLibrary NamdhariElibrary@gmail.com

ਹੋਇਆ ਸੀ । ਜਦ ਸ: ਜਵਾਹਰ ਸਿੰਘ ਵਜ਼ੀਰ ਬਣਿਆਂ, ਉਹਨੇ ਸ: ਨਾਰ ਸਿੰਘ ਨੂੰ 'ਰਜਮੈਂਟ' ਦਾ ਸਰਦਾਰ ਬਣਾ ਦਿਤਾ ਤੇ ਉਹਦੀ ਜਾਗੀਰ ਵਧਾ ਦਿਤੀ । ਸਤਲੁਜ ਯੁਧ ਵਿਚ ਉਹ ਸ: ਰਣਜੋਰ ਸਿੰਘ ਮਜੀਠੇ ਦੀ ਫ਼ੌਜ ਵਿਚ ਲੜਿਆ । ਦੂਸਰੇ ਸਿੱਖ ਯੁਧ ਵਿਚ ਉਹ ਅੰਗਰੇਜ਼ਾਂ ਦਾ ਵਫ਼ਾਦਾਰ ਰਿਹਾ । ਇਸ ਵਾਸਤੇ ਪੰਜਾਬ ਦੀ ਜ਼ਬਤੀ ਸਮੇਂ ਉਸ ਦੀ ਜਾਗੀਰ ਕਾਇਮ ਰਹੀ । ਉਹ ੧੮੬੬ ਈ. ਵਿਚ ਸੁਰਗਵਾਸ ਹੋਸਿਆ, ਤਾਂ ਸ: ਸੰਤ ਸਿੰਘ ਜਾਗੀਰਦਾਰ ਬਣਿਆਂ । ੧੮੯੫-੬ ਈ. ਵਿਚ ਉਸਨੂੰ ਮਹਾਰਾਜਾ ਦਲੀਪ ਸਿੰਘ ਦੀਆਂ ਵਲਾਇਤ 'ਚੋਂ ਚਿਠੀਆਂ ਆਉਂਦੀਆਂ ਰਹੀਆਂ ਸਨ† ।

† ਵੇਖੋ 'ਦੁਖੀਏ ਮਾਂ-ਪੁੱਤ ।

Sri Satguru Jagjit Singh Ji eLibrary NamdhariElibrary@gmail.com

# ਜਮਾਦਾਰ ਖ਼ੁਸ਼ਹਾਲ ਸਿੰਘ ਤੇ ਰਾਜਾ ਤੇਜ ਸਿੰਘ




ਜਮਾਦਾਰ ਖ਼ੁਸ਼ਹਾਲ ਸਿੰਘ ਦਾ ਪਿਤਾ ਹਰਿਗੋਵਿੰਦ ਗੌੜ ਬ੍ਰਹਿਮਣ ਜ਼ਿਲਾ ਮੇਰਠ ਦੇ ਪਿੰਡ 'ਈਕਰੀ' ਦਾ ਮਾਮੂਲੀ ਦੁਕਾਨਦਾਰ ਸੀ। ਉਸ ਦਾ ਪੁੱਤਰ ਖ਼ੁਸ਼ਹਾਲ ਰਾਮ ਸਤਾਰਾਂ ਸਾਲ ਦੀ ਉਮਰ ਵਿਚ (੧੮੦੭ ਈ.) ਲਾਹੌਰ ਆ ਕੇ ਪੰਜ ਰੁਪੈ ਮਹੀਨੇ 'ਤੇ ਧੌਂਕਲ ਸਿੰਘ ਵਾਲੀ ਰਜਮੈਂਟ ਵਿਚ ਭਰਤੀ ਹੋਇਆ। ਸਹਿਜ ਸਹਿਜ ਤਰੱਕੀ ਕਰਕੇ ਉਹ ਸ਼ਾਹੀ ਮਹਿਲ ਦਾ ਪਹਿਰੇਦਾਰ ਬਣ ਗਿਆ। ਸ਼ੇਰੇ-ਪੰਜਾਬ ਨੂੰ ਖ਼ੁਸ਼ ਕਰਨ ਬਦਲੇ ਉਹ

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤ ਛਕ ਕੇ ਖ਼ੁਸ਼ਹਾਲ ਸਿੰਘ ਬਣ ਗਿਆ। ਇਕ ਰਾਤ ਸ਼ੇਰੇ-ਪੰਜਾਬ ਭੇਸ ਬਦਲ ਕੇ ਗਸ਼ਤ ਤੋਂ ਵਾਪਸ ਆਇਆ, ਤਾਂ ਅੱਗੇ ਖ਼ੁਸ਼ਹਾਲ ਸਿੰਘ ਪਹਿਰਾ ਦੇ ਰਿਹਾ ਸੀ। ਉਹਨੇ ਰਾਤ ਭਰ ਮਹਾਰਾਜੇ ਨੂੰ ਮਹਿਲਾਂ ਵਿਚ ਨਾ ਜਾਣ ਦਿਤਾ, ਸਗੋਂ ਆਪਣੀ ਨਿਗਰਾਨੀ ਵਿਚ ਬਹਾ ਛਡਿਆ। ਏਸ ਘਟਨਾ ਤੋਂ ਖ਼ੁਸ਼ ਹੋ ਕੇ ਮਹਾਰਾਜੇ ਨੇ ਉਸਨੂੰ ਸਰੀਰ ਰੱਖਯਕ (ਬਾਡੀ ਗਾਰਡ) ਫ਼ੌਜ ਵਿਚ ਭਰਤੀ ਕਰ ਲਿਆ। ੧੮੧੧ ਈ. ਵਿਚ ਉਸਨੂੰ ਜਮਾਦਾਰ ਦੀ ਪਦਵੀ ਦੇ ਕੇ 'ਡਿਉਢੀਵਾਲਾ' ਬਣਾ ਦਿਤਾ ਗਿਆ‡।

ਜ: ਖ਼ੁਸ਼ਹਾਲ ਸਿੰਘ ਨੇ ਆਪਣੇ ਭਤੀਜੇ ਤੇਜ ਰਾਮ ਨੂੰ ਵੀ ਕੋਲ ਬੁਲਾ ਲਿਆ। ੧੮੧੬ ਈ. ਵਿਚ ਉਹ ਅੰਮ੍ਰਿਤ ਛਕ ਕੇ ਤੇਜ ਸਿੰਘ ਬਣ ਗਿਆ। ਉਸਨੂੰ ਜਮਾਦਾਰ ਖ਼ੁਸ਼ਹਾਲ ਸਿੰਘ ਦਾ ਨਾਇਬ ਬਣਾ ਦਿਤਾ ਗਿਆ।

੧੮੧੭ ਈ. ਵਿਚ ਜਮਾਦਾਰ ਖ਼ੁਸ਼ਹਾਲ ਸਿੰਘ ਦੀ ਥਾਂ ਧਿਆਨ ਸਿੰਘ ਡੋਗਰੇ ਨੂੰ 'ਡਿਉਢੀਵਾਲਾ' ਬਣਾ ਦਿਤਾ ਗਿਆ। ਏਸੇ ਸਮੇਂ ਜ. ਖ਼ੁਸ਼ਹਾਲ ਸਿੰਘ ਨੂੰ 'ਕੁਮੇਦਾਨ' ਤੇ ਉਸਦੇ ਭਤੀਜੇ ਤੇਜ ਸਿੰਘ ਨੂੰ 'ਜਰਨੈਲ' ਬਣਾ ਦਿਤਾ। ੧੮੩੭ ਈ. ਵਿਚ ਖ਼ੁਸ਼ਹਾਲ ਸਿੰਘ ਦੇ ਪੁੱਤਰ ਰਾਮ ਸਿੰਘ ਨੂੰ ਛੋਟੀ ਉਮਰ ਵਿਚ ਹੀ ਜਰਨੈਲ ਬਣਾਇਆ ਗਿਆ। ਉਹ ੧੮੩੯ ਈ. ਵਿਚ ਮਰ ਗਿਆ।

ਜਦ ਡੋਗਰਿਆਂ ਨੇ ਮ. ਖੜਕ ਸਿੰਘ ਨੂੰ ਕੈਦ ਕੀਤਾ ਤੇ ਸ: ਚੇਤ ਸਿੰਘ ਨੂੰ ਕਤਲ ਕੀਤਾ, ਉਸ ਵੇਲੇ ਜ: ਖ਼ੁਸ਼ਹਾਲ ਸਿੰਘ ਤੇ ਤੇਜ ਸਿੰਘ ਵੀ ਡੋਗਰਿਆਂ ਦੇ ਸਾਥੀ ਸਨ। ਜਦ ਕੰਵਰ ਸ਼ੇਰ ਸਿੰਘ ਤੇ ਮ: ਚੰਦ ਕੌਰ ਦੀ ਲੜਾਈ ਹੋਈ, ਤਾਂ ਜ: ਖ਼ੁਸ਼ਹਾਲ ਸਿੰਘ ਤੇ ਤੇਜ ਸਿੰਘ ਨੇ ਕਿਸੇ ਧਿਰ ਦੀ ਵੀ ਮਦਦ ਨਾ ਕੀਤੀ। ਜ: ਖ਼ੁਸ਼ਹਾਲ ਸਿੰਘ ਚਾਰ ਸਾਲ ਬੀਮਾਰ ਰਹਿ ਕੇ ੧੮੪੪ ਈ. ਵਿਚ ਮਰਿਆ।

---

‡ ਰਉਸਾ-ਏ-ਪੰਜਾਬ, ਹਿੱਸਾ ਪਹਿਲਾ, ੩੮੯; ਵੇਖੋ ਸਿੱਖਰਾਜ ਤੇ ਸ਼ੇਰੇ-ਪੰਜਾਬ।

Sri Satguru Jagjit Singh Ji eLibrary NamdhariElibrary@gmail.com

ਵਜ਼ੀਰ ਜਵਾਹਰ ਸਿੰਘ ਦੇ ਕਤਲ ਹੋਣ ਪਿਛੋਂ ਮਿਸਰ ਲਾਲ ਸਿੰਘ ਤੇ ਤੇਜ ਸਿੰਘ ਦੀ ਜੁੰਡੀ ਬਣ ਗਈ। ਨਵੰਬਰ, ੧੮੪੫ ਈ. ਵਿਚ ਲਾਲ ਸਿੰਘ ਵਜ਼ੀਰ ਤੇ ਤੇਜ ਸਿੰਘ ਸੈਨਾਪਤੀ ਬਣੇ (ਅਹੁਦੇ ਆਰਜ਼ੀ ਸਨ)। ਸਤਲੁਜ ਯੁਧ ਵਿਚ ਇਹਨਾਂ ਦੋਹਾਂ ਨੇ ਦੇਸ਼ ਤੇ ਕੌਮ ਨਾਲ ਜੋ ਵਿਸਾਹਘਾਤ ਕੀਤਾ,ਉਸਦਾ ਦਾਗ਼ ਕਦੇ ਲਹਿਣ ਵਾਲਾ ਨਹੀਂ। ਪੰਜਾਬ ਨਾਲ ਇਹ ਪਾਪ ਕਰਨ ਬਦਲੇ ਅੰਗਰੇਜ਼ਾਂ ਦੇ ਸਾਏ ਥੱਲੇ ਇਹਨਾਂ ਪੰਜਾਬ ਵਿਚ ਤਾਕਤ ਹਾਸਲ ਕਰ ਲਈ। ਪਹਿਲੀ ਸੁਲ੍ਹਾ (੯ ਮਾਰਚ, ੧੮੪੬ ਈ.) ਪਿੱਛੋਂ ਲਾਲ ਸਿੰਘ ਵਜ਼ੀਰ ਤੇ ਤੇਜ ਸਿੰਘ ਸੈਨਾਪਤੀ ਬਣੇ। ਤਿੰਨ ਦਸੰਬਰ, ੧੮੪੬ ਈ. ਨੂੰ ਲਾਲ ਸਿੰਘ ਨੂੰ ਦੇਸ਼ ਨਿਕਾਲਾ ਦਿਤਾ ਗਿਆ। ਫਿਰ ਸਾਰੀ ਤਾਕਤ ਤੇਜ ਸਿੰਘ ਦੇ ਹੱਥ ਆ ਗਈ।

ਭਰੋਵਾਲ ਦੀ ਸੁਲ੍ਹਾ ਦਾ ਮੋਢੀ ਤੇਜ ਸਿੰਘ ਹੀ ਸੀ। ਉਹ ਅੰਗਰੇਜ਼ ਦਾ ਸਭ ਤੋਂ ਵੱਡਾ ਪਿੱਠੂ ਸੀ। ਰੀਜੇਂਸੀ ਕੌਂਸਲ ਦਾ ਉਸ ਨੂੰ ਮੈਂਬਰ ਤੇ ਪ੍ਰਧਾਨ ਬਣਾਇਆ ਗਿਆ। ੭ ਅਗਸਤ, ੧੮੪੭ ਈ. ਨੂੰ ਉਸ ਨੂੰ ਸਿਆਲਕੋਟ ਜਾਗੀਰ ਦੇ ਕੇ 'ਰਾਜੇ' ਦਾ ਖ਼ਿਤਾਬ ਦਿਤਾ ਗਿਆ। ਦੂਸਰੇ ਸਿੱਖ ਯੁਧ ਵਿਚ ਉਹ ਪੂਰੀ ਤਰ੍ਹਾਂ ਅੰਗਰੇਜ਼-ਭਗਤ ਰਿਹਾ। ਆਖ਼ਰੀ ਸੁਲ੍ਹਾ (੨੯ ਮਾਰਚ, ੧੮੪੯ ਈ.) ਉੱਤੇ ਉਹਨੇ ਸਭ ਤੋਂ ਪਹਿਲਾਂ ਦਸਤਖ਼ਤ ਕੀਤੇ। ਪੰਜਾਬ ਦੀ ਜ਼ਬਤੀ ਸਮੇਂ ਉਸ ਦੀ ੯੨੭੭੯ ਰੁਪੈ ਸਾਲਾਨਾ ਦੀ ਜਾਗੀਰ ਕਾਇਮ ਰਹੀ। ਗ਼ਦਰ ਵਿਚ ਉਹਨਾਂ ਅੰਗਰੇਜ਼ਾਂ ਦੀ ਪੂਰੀ ਮਦਦ ਕੀਤੀ ਤੇ ਹੋਰ ਇਨਾਮ ਪ੍ਰਾਪਤ ਕੀਤਾ। ੧੮੬੧ ਈ. ਵਿਚ ਉਸ ਦੀ ਸਾਰੀ ਜਾਗੀਰ ਬਟਾਲੇ ਵਿਚ ਬਦਲ ਦਿਤੀ ਗਈ। ਉਸ ਨੂੰ 'ਰਾਜਾ ਆਫ਼ ਬਟਾਲਾ' ਦਾ ਖ਼ਿਤਾਬ ਦੇ ਕੇ ਮੈਜਿਸਟਰੇਟ ਬਣਾ ਦਿਤਾ ਗਿਆ। ਦੋ ਦਸੰਬਰ, ੧੮੬੨ ਈ. ਨੂੰ ਉਹ ਲਾਹੌਰ ਵਿਚ ਮਰਿਆ।

ਰਾਜਾ ਤੇਜ਼ ਸਿੰਘ ਦੇ ਭਰਾ ਹਰਬੰਸ ਸਿੰਘ ਨੂੰ 'ਸ਼ੇਖ਼ੂਪੁਰ ਦਾ ਰਾਜਾ' ਬਣਾਇਆ ਗਿਆ।

ਜ: ਖ਼ੁਸ਼ਹਾਲ ਸਿੰਘ ਦੇ ਛੋਟੇ ਪੁੱਤਰ ਭਗਵਾਨ ਸਿੰਘ ਨੂੰ ਪੰਜਾਬ ਦੀ ਜ਼ਬਤੀ ਸਮੇਂ ਸੱਠ ਹਜ਼ਾਰ ਰੁਪੈ ਸਾਲਾਨਾ ਦੀ ਜਾਗੀਰ ਮਿਲੀ।

Sri Satguru Jagjit Singh Ji eLibrary NamdhariElibrary@gmail.com

# ਰਾਜਾ ਲਾਲ ਸਿੰਘ ਮਿਸਰ




ਮਿਸਰ ਧਨਪਤ ਰਾਏ ਇਕ ਮਾਮੂਲੀ ਦੁਕਾਨਦਾਰ ਸੀ। ਉਸਦੇ ਤਿੰਨੇ ਲੜਕੇ—ਰਾਮ ਜੱਸ, ਰਾਮ ਕੌਰ ਤੇ ਜੱਸਾ ਮੱਲ—ਮਹਾਰਾਜੇ ਦੇ ਨੌਕਰ ਸਨ। ਬਸਤੀ ਰਾਮ ਦੇ ਮਰਨ ਪਿਛੋਂ ਡੋਗਰੇ ਧਿਆਨ ਸਿੰਘ ਦੀ ਮਦਦ ਨਾਲ ਜੱਸਾ ਮੱਲ ਸਫ਼ਰੀ ਤੋਸ਼ੇ ਖ਼ਾਨੇ ਦਾ ਪ੍ਰਬੰਧਕ (ਤਹਿਸੀਲਦਾਰ) ਬਣਿਆਂ। ੧੮੩੦ ਈ. ਵਿਚ ਅਮੀਰ ਚੰਦ ਨੂੰ ਇਕ ਅਹੁਦਾ ਮਿਲ ਗਿਆ। ੧੮੩੨ ਈ. ਵਿਚ ਲਾਲ ਸਿੰਘ ਤੇ ਭਗਵਾਨ ਸਿੰਘ ਦਫ਼ਤਰ ਖ਼ਜ਼ਾਨਾ ਵਿਚ ਲਾਏ ਗਏ। ੧੮੩੩ ਈ. ਵਿਚ ਜੱਸਾ ਮੱਲ ਨੂੰ ਰੁਹਤਾਸ ਤੇ ਜਿਹਲਮ ਦੇ ਠੇਕੇ ਮਿਲ ਗਏ। ੧੮੩੬ ਈ. ਵਿਚ ਉਹ ਮਰ ਗਿਆ, ਤਾਂ ਲਾਲ ਸਿੰਘ ਉਸਦੀ ਥਾਂ ਜਾ ਸੰਭਾਲੀ। ਮ: ਨੌਨਿਹਾਲ ਸਿੰਘ ਦੇ ਸਮੇਂ ਲਾਲ ਸਿੰਘ ਸਹਾਇਕ ਖ਼ਜ਼ਾਨਚੀ ਬਣਿਆਂ। ਰਾਜਾ ਹੀਰਾ ਸਿੰਘ ਨੇ ਵਜ਼ੀਰ ਬਣ ਕੇ ਬੇਲੀਰਾਮ ਤੇ ਗੁਰਮੁਖ ਸਿੰਘ ਨੂੰ ਕਤਲ ਕੀਤਾ। ਏਸ ਕੰਮ ਵਿਚ ਲਾਲ ਸਿੰਘ ਦਾ ਪੂਰਾ ਹੱਥ ਸੀ। ਉਹ ਹੁਣ ਬੇਲੀ ਰਾਮ ਦੀ ਥਾਂ ਪੱਕਾ ਖ਼ਜ਼ਾਨਚੀ ਬਣ ਗਿਆ। ਹੀਰਾ ਸਿੰਘ ਨੇ ਲਾਲ ਸਿੰਘ ਨੂੰ ਰੁਹਤਾਸ ਦਾ 'ਰਾਜਾ' ਬਣਾ

Sri Satguru Jagjit Singh Ji eLibrary NamdhariElibrary@gmail.com

ਦਿਤਾ। ਹੀਰਾ ਸਿੰਘ ਦੇ ਕਤਲ ਸਮੇਂ ਲਾਲ ਸਿੰਘ ਸ: ਜਵਾਹਰ ਸਿੰਘ ਦਾ ਸਾਥੀ ਸੀ। ਅੰਗਰੇਜ਼ਾਂ ਨਾਲ ਲੜਾਈ ਛੇੜਨ ਵਿਚ ਲਾਲ ਸਿੰਘ ਸਭ ਤੋਂ ਮੋਹਰੀ ਸੀ। ਉਹ ਸਿੱਖ ਦਰਬਾਰ ਦਾ ਆਰਜ਼ੀ (ਕੰਮ ਚਲਾਊ) ਵਜ਼ੀਰ ਬਣ ਕੇ ਸਤਲੁਜ ਯੁਧ ਵਿਚ ਲੜਿਆ। ਉਹਨੇ ਅੰਦਰ ਖ਼ਾਨੇ ਅੰਗਰੇਜ਼ਾਂ ਨਾਲ ਮਿਲ ਕੇ ਤੇ ਪੂਰਾ ਜ਼ੋਰ ਲਾ ਕੇ ਏਸ ਜੰਗ ਵਿਚ ਸਿੱਖਾਂ ਨੂੰ ਹਰਾਇਆ* ਸਿੱਖ ਕੌਮ ਨਾਲ ਕੀਤੇ ਹੋਏ ਵਿਸਾਹਘਾਤ ਦਾ ਫਲ ਅੰਗਰੇਜ਼ਾਂ ਨੇ ਉਸਨੂੰ ਪੰਜਾਬ ਦਾ ਪੱਕਾ ਵਜ਼ੀਰ ਬਣਾ ਦਿਤਾ। ਰਾਜਾ ਗੁਲਾਬ ਸਿੰਘ ਨੂੰ ਅੰਗਰੇਜ਼ਾਂ ਨੇ ਜੰਮੂੰ ਕਸ਼ਮੀਰ ਦਾ ਵੱਖਰਾ ਮਹਾਰਾਜਾ ਬਣਾ ਦਿਤਾ ਸੀ। ਰਾਜਾ ਲਾਲ ਸਿੰਘ ਨੇ ਏਸ ਗੱਲ ਦੀ ਵਿਰੋਧਤਾ ਕੀਤੀ, ਤਾਂ ਉਸਨੂੰ ਵਜ਼ਾਰਤ ਤੋਂ ਹਟਾ ਕੇ ਅੰਗਰੇਜ਼ਾਂ ਨੇ ੩ ਦਸੰਬਰ, ੧੮੪੬ ਈ. ਨੂੰ ਦੇਸ਼ ਨਕਾਲਾ ਦੇ ਦਿਤਾ। ਪਹਿਲਾਂ ਆਗਰੇ, ਫਿਰ ਬਨਾਰਸ ਤੇ ਫਿਰ ਡੇਹਰਾਦੂਨ ਭੇਜ ਦਿਤਾ ਗਿਆ। ਉਸਦੀ ਪੈਨਸ਼ਨ ਦੋ ਹਜ਼ਾਰ ਮਾਹਵਾਰ ਨੀਯਤ ਹੋਈ। ਓਥੇ ਹੀ ਉਹ ੧੮੬੬ ਈ. ਨੂੰ ਮਰਿਆ। ਉਸ ਇਲਾਕੇ ਵਿਚ ਉਸਦੀ ਔਲਾਦ ਦੇ ਕਬਜ਼ੇ ਵਿਚ ਨੌਂ ਪਿੰਡ ਸਨ। ਅੰਗਰੇਜ਼ਾਂ ਵੱਲੋਂ ਉਸਦੇ ਪੁੱਤਰ ਰਨਬੀਰ ਸਿੰਘ ਨੂੰ 'ਰਾਜਾ' ਦਾ ਖ਼ਿਤਾਬ ਮਿਲਿਆ†।

ਅਮੀਰ ਚੰਦ 'ਪਿੰਡ ਦਾਦਨ ਖ਼ਾਂ' ਦਾ ਨਾਜ਼ਮ ਤੇ ਭਗਵਾਨ ਸਿੰਘ ਝੰਗ ਦਾ ਤਸੀਲਦਾਰ ਸੀ। ਲਾਲ ਸਿੰਘ ਦੇ ਦੇਸ਼ ਨਿਕਾਲੇ ਨਾਲ ਉਹਨਾਂ ਦੀਆਂ ਜਾਗੀਰਾਂ ਵੀ ਜ਼ਬਤ ਹੋ ਗਈਆਂ।

---

* ਸਤਲੁਜ ਯੁਧ ਵਿਚ ਰਾਜਾ ਲਾਲ ਸਿੰਘ ਨੇ ਜੋ ਸਿੱਖਾਂ ਨਾਲ ਵਿਸਾਹਘਾਤ ਕੀਤਾ, ਉਸ ਦੇ ਪੂਰੇ ਹਾਲ ਪੜ੍ਹਨ ਵਾਸਤੇ ਵੇਖੋ 'ਸਿੱਖਰਾਜ ਕਿਵੇਂ ਗਿਆ ?'

† ਰਊਸਾ-ਏ-ਪੰਜਾਬ, ਹਿੱਸਾ ਦੂਜਾ, ਪੰਨਾ ੩੬੨।

Sri Satguru Jagjit Singh Ji eLibrary NamdhariElibrary@gmail.com

# ਸ. ਲਹਿਣਾ ਸਿੰਘ, ਰਣਜੋਰ ਸਿੰਘ ਮਜੀਠਾ

ਨੌਧ ਸਿੰਘ
- ਲਹਿਣਾ ਸਿੰਘ
  - ਦਿਆਲ ਸਿੰਘ
- ਗੁਜਰ ਸਿੰਘ
- ਰਣਜੋਰ ਸਿੰਘ
  - ਗਜਿੰਦਰ ਸਿੰਘ

ਪਿਛਾਂਹ ਪੜਤਾਲ ਕੀਤਿਆ ਅੱਗੇ ਲਿਖੇ ਮਜੀਠੇ ਦੇ ਤਿੰਨੇ ਘਰਾਣੇ ਆਪਸ ਵਿਚ ਮਿਲ ਜਾਂਦੇ ਹਨ। ਇਹ ਸ਼ੇਰ ਗਿੱਲ ਜੱਟ ਹਨ‡।

ਸ: ਨੌਧ ਸਿੰਘ ੨੫੦੦ ਰੁਪੈ ਦੀ ਸਾਲਾਨਾ ਜਾਗੀਰ ਦਾ ਮਾਲਕ ਸੀ। ੧੭੮੮ ਈ. ਵਿਚ ਉਹ ਸੁਰਗਵਾਸ ਹੋਇਆ, ਤਾਂ ਉਸਦਾ ਪੁੱਤਰ ਦੇਸਾ ਸਿੰਘ ਜਾਗੀਰਦਾਰ ਬਣਿਆਂ, ਉਹਨੇ ਮ: ਰਣਜੀਤ ਸਿੰਘ ਦੀ ਨੌਕਰੀ ਕਰ ਲਈ। ੧੮੦੯ ਈ. ਵਿਚ ਉਹ ਪਹਾੜੀ ਰਿਆਸਤਾਂ ਦਾ ਗਵਰਨਰ ਬਣਿਆਂ। ੧੮੧੧ ਈ. ਵਿਚ ਉਸਨੇ ਕਿਲ੍ਹਾ ਕੋਟਲੇ ਤੇ ਕਬਜ਼ਾ ਕਰ ਲਿਆ ਤੇ ਸੱਤ ਹਜ਼ਾਰ ਰੁਪੈ ਸਾਲਾਨਾ ਦੀ ਹੋਰ ਜਾਗੀਰ ਪ੍ਰਾਪਤ ਕੀਤੀ। ਅਖੀਰ ਉਮਰ ਤਕ ਉਸ ਕੋਲ ਸਵਾ ਲੱਖ ਰੁਪੈ ਦੀ ਜਾਗੀਰ ਸੀ। ਅਪਰੈਲ, ੧੮੩੨ ਈ. ਵਿਚ ਉਹ ਸੁਰਗਵਾਸ ਹੋਇਆ, ਤਾਂ ਮਹਾਰਾਜੇ ਨੇ ਉਸ ਦੇ ਪੁੱਤਰ ਸ: ਲਹਿਣਾ ਸਿੰਘ ਨੂੰ 'ਕੈਸਰੁਲ ਇਕਤਦਾਰ' ਦਾ ਖ਼ਿਤਾਬ ਦੇ ਕੇ ਸਾਰੀਆਂ ਜਾਗੀਰਾਂ ਦਾ ਮਾਲਕ ਤੇ ਪਹਾੜੀ ਇਲਾਕੇ ਦਾ ਗਵਰਨਰ ਬਣਾ ਦਿਤਾ। ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਪਹਿਲਾਂ ਸ: ਦੇਸਾ ਸਿੰਘ ਦੇ

‡ ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੬੮੦।

Sri Satguru Jagjit Singh Ji eLibrary NamdhariElibrary@gmail.com

ਹੱਥ ਹੁੰਦਾ ਸੀ, ਜੋ ਸ: ਲਹਿਣਾ ਸਿੰਘ ਦੇ ਹਵਾਲੇ ਕਰ ਦਿਤਾ ਗਿਆ।

ਰਾਜਾ ਹੀਰਾ ਸਿੰਘ ਵਜ਼ੀਰ ਬਣਿਆਂ, ਤਾ ਸ: ਲਹਿਣਾ ਸਿੰਘ ਪੰਜਾਬ ਛਡ ਕੇ ਬਨਾਰਸ ਤੇ ਫਿਰ ਕਲਕੱਤੇ ਚਲਾ ਗਿਆ। ਜਾਣ ਲੱਗਾ ਉਹ ਜਾਗੀਰ ਆਪਣੇ ਭਰਾ ਰਣਜੋਰ ਸਿੰਘ ਦੇ ਹਵਾਲੇ ਕਰ ਗਿਆ। ਸਤਲੁਜ ਯੁਧ ਵੇਲੇ ਸ: ਲਹਿਣਾ ਸਿੰਘ ਕਲਕੱਤੇ ਸੀ। ਭਰੋਵਾਲ ਦੀ ਸੁਲਾ ਪਿਛੋਂ ਰੈਜ਼ੀਡੈਂਟ ਨੇ ਉਸਨੂੰ ਕਲਕੱਤੇ ਤੋਂ ਬੁਲਾ ਕੇ ਮਾਝੇ ਦਾ ਨਾਜ਼ਮ ਥਾਪ ਦਿਤਾ। ਜਾਗੀਰ ਵਿਚੋਂ ੧੨੦੦੦ ਦੀ ਰਣਜੋਰ ਸਿੰਘ ਦੇ ਕੋਲ ਰਹਿਣ ਦਿਤੀ ਤੇ ਬਾਕੀ ਸ: ਲਹਿਣਾ ਸਿੰਘ ਨੂੰ ਦੇ ਦਿਤੀ।

ਜਨਵਰੀ, ੧੮੪੮ ਈ. ਨੂੰ ਸ: ਲਹਿਣਾ ਸਿੰਘ ਫਿਰ ਬਨਾਰਸ ਚਲਾ ਗਿਆ। ੧੮੫੧ ਈ. ਵਿਚ ਉਹ ਫਿਰ ਪੰਜਾਬ ਆਇਆ। ਦੋ ਸਾਲ ਰਹਿ ਕੇ ਬਨਾਰਸ ਚਲਾ ਗਿਆ, ਜਿਥੇ ੧੮੫੪ ਈ. ਵਿਚ ਸੁਰਗਵਾਸ ਹੋਇਆ। ਉਹ ਆਪਣੇ ਸਮੇਂ ਦਾ ਪ੍ਰਸਿਧ ਮਕੈਨਿਕ ਸੀ। ਉਹਨੇ ਤੋਪਾਂ ਦੇ ਨੀਯਤ ਥਾਂ ਤੇ ਸਮੇਂ ਉੱਤੇ ਫਟਣ ਵਾਲੇ ਗੋਲੇ ਬਣਾਏ, ਜਿਨ੍ਹਾਂ ਦੇ ਮੁਕਾਬਲੇ ਦੇ ਅੰਗਰੇਜ਼ਾਂ ਕੋਲ ਵੀ ਨਹੀਂ ਸਨ। ਉਸਨੇ ਇਕ ਘੜੀ ਬਣਾਈ ਸੀ, ਜੋ ਵਕਤ ਦੇ ਨਾਲ ਮਹੀਨੇ ਦੀਆਂ ਤਾਰੀਖ਼ਾਂ, ਸੰਗਰਾਂਦ ਤੇ ਚੰਦ ਗ੍ਰਹਿਣ ਤੇ ਥਿੱਤਾਂ ਦੱਸਦੀ ਸੀ। ਉਹ ਕਈ ਜ਼ਬਾਨਾ ਜਾਣਦਾ ਸੀ।

ਉਸਦੀ ਜਾਇਦਾਦ ਦਾ ਮਾਲਕ ਉਸਦਾ ਪੁੱਤਰ ਦਿਆਲ ਸਿੰਘ ਬਣਿਆਂ, ਜੋ ੧੮੯੮ ਈ. ਵਿਚ ਲਾਵਲਦ ਮਰ ਗਿਆ ਤੇ ਜਾਇਦਾਦ ਸ: ਰਣਜੋਰ ਸਿੰਘ ਦੇ ਪੁੱਤਰ ਗਜਿੰਦਰ ਸਿੰਘ ਨੂੰ ਮਿਲ ਗਈ।

ਸ: ਲਹਿਣਾ ਸਿੰਘ ਦਾ ਦੂੱਜਾ ਭਰਾ ਸ: ਗੁੱਜਰ ਸਿੰਘ ਬਹੁਤਾ ਪ੍ਰਸਿਧ ਨਹੀਂ ਹੋਇਆ। ੧੮੩੪ ਈ. ਵਿਚ ਉਹ ਮਹਾਰਾਜੇ ਵੱਲੋਂ ਮਿਸ਼ਨ ਲੈ ਕੇ ਕਲਕੱਤੇ ਗਿਆ। ਓਥੋਂ ਉਹ ਮਾਰਚ, ੧੮੩੬ ਈ. ਨੂੰ ਮੁੜਿਆ। ੧੮੩੭ ਈ. ਵਿਚ ਉਹ ਅੰਮ੍ਰਿਤਸਰ ਮकਾਨ ਤੋਂ ਡਿਗ ਕੇ ਮਰ ਗਿਆ।

ਸਤਲੁਜ ਯੁਧ ਸਮੇਂ ਸ: ਰਣਜੋਰ ਸਿੰਘ ਉਸ ਫ਼ੌਜ ਦਾ ਸੈਨਾਪਤੀ

Sri Satguru Jagjit Singh Ji eLibrary NamdhariElibrary@gmail.com

ਸੀ, ਜੋ ਅੰਗਰੇਜ਼ਾਂ ਨਾਲ ਬੱਦੋਵਾਲ ਤੇ ਅਲੀਵਾਲ* ਦੀਆਂ ਲੜਾਈਆਂ ਵਿਚ ਲੜੀ। ਏਥੇ ਰਣਜੋਰ ਸਿੰਘ ਨੇ ਵੀ ਮਿਸਰ ਲਾਲ ਸਿੰਘ ਤੇ ਤੇਜ ਸਿੰਘ ਨਾਲੋਂ ਕੌਮ ਨਾਲ ਘੱਟ ਗ਼ੱਦਾਰੀ ਨਹੀਂ ਕੀਤੀ। ਪਹਿਲੀ ਸੁਲ੍ਹਾ ਉੱਤੇ ਉਹ ਨੇ ਦਸਤਖ਼ਤ ਕੀਤੇ। ਸ: ਲਹਿਣਾ ਸਿੰਘ ਦੀ ਜਾਗੀਰ ਵਿਚੋਂ ੧੨੦੦੦ ਦੀ ਅੰਗਰੇਜ਼ਾਂ ਨੇ ਰਣਜੋਰ ਸਿੰਘ ਕੋਲ ਰਹਿਣ ਦਿੱਤੀ। ਭਰੋਵਾਲ ਦੀ ਸੁਲਾਹ ਪਿਛੋਂ ਉਹਨੂੰ ਰੀਜੈਂਸੀ ਕੌਂਸਲ ਦਾ ਮੈਂਬਰ ਬਣਾਇਆ ਗਿਆ। ੧੮੪੮ ਈ. ਵਿਚ ਜਦ ਮੂਲਰਾਜ ਬਾਗ਼ੀ ਹੋਇਆ, ਤਾਂ ਸ: ਰਣਜੋਰ ਸਿੰਘ ਨਾਲ ਉਸਦਾ ਚਿੱਠੀ ਪੱਤਰ ਪਕੜਿਆ ਗਿਆ। ਏਸ ਜੁਰਮ ਵਿਚ ਰਣਜੋਰ ਸਿੰਘ ਨੂੰ ਕੈਦ ਕਰ ਦਿਤਾ ਗਿਆ, ਜੋ ਲੜਾਈ ਦੇ ਖ਼ਤਮ ਹੋਣ ਪਿਛੋਂ ਰਿਹਾ ਕੀਤਾ ਗਿਆ। ਪੰਜਾਬ ਦੀ ਜ਼ਬਤੀ ਸਮੇਂ ਉਸ ਦੀ ਜਾਗੀਰ ਜ਼ਬਤ ਕਰਕੇ ਕੇਵਲ ੨੫੦੦ ਰੁਪੈ ਸਾਲਾਨਾ ਪੈਨਸਨ ਜ਼ਿੰਦਗੀ ਭਰ ਵਾਸਤੇ ਦਿਤੀ ਗਈ। ੧੮੭੨ ਈ. ਵਿਚ ਉਹ ਮਰ ਗਿਆ, ਤਾਂ ਪੈਨਸ਼ਨ ਜ਼ਬਤ ਹੋ ਗਈ।

* ਵੇਰਵਾ ਵੇਖੋ 'ਸਿੱਖਰਾਜ ਕਿਵੇਂ ਗਿਆ ?'

Sri Satguru Jagjit Singh Ji eLibrary NamdhariElibrary@gmail.com

# ਸਰ ਸੁੰਦਰ ਸਿੰਘ ਮਜੀਠਾ

- ਗੁੱਜਰ
  - ਦੇਗੂ
    - ਦਰਗਾਹ ਸਿੰਘ
      - ਅਮਰ ਸਿੰਘ 'ਵੱਡਾ'
        - ਕਾਹਨ ਸਿੰਘ
  - ਤੇਗੂ
    - ਇੱਜ਼ਤ ਸਿੰਘ
      - ਫ਼ਤਹਿ ਸਿੰਘ
        - ਚੰਦਾ ਸਿੰਘ
        - ਅਤਰ ਸਿੰਘ
          - ਰਾਜਾ ਸੂਰਤ ਸਿੰਘ C. S. I.
            - ਉਮਰਾਓ ਸਿੰਘ
            - ਸਰ ਸੁੰਦਰ ਸਿੰਘ
              - ਕ੍ਰਿਪਾਲ ਸਿੰਘ
              - ਨਰਾਇਣ ਸਿੰਘ
              - ਸੁਰਜੀਤ ਸਿੰਘ
              - ਸੁਰਿੰਦਰ ਸਿੰਘ
        - ਵਸਾਵਾ ਸਿੰਘ
        - ਹੀਰਾ ਸਿੰਘ
        - ਪ੍ਰਤਾਪ ਸਿੰਘ
      - ਜੈਮਲ ਸਿੰਘ
    - ਸੁਹਾਜ ਸਿੰਘ
      - ਉਤਮ ਸਿੰਘ

ਸ: ਇੱਜ਼ਤ ਸਿੰਘ ਨੇ ਧੰਨੀ ਦੇ ਇਲਾਕੇ ਵਿਚ ਕੁਛ ਪਿੰਡਾਂ ਉੱਤੇ ਕਬਜ਼ਾ ਕਰ ਲਿਆ। ੧੭੭੨ ਈ. ਵਿਚ ਉਹ ਸੁਰਗਵਾਸ ਹੋਇਆ। ਉਸ

Sri Satguru Jagjit Singh Ji eLibrary NamdhariElibrary@gmail.com

ਦੇ ਦੋਵੇਂ ਪੁੱਤਰ—ਫਤਹਿ ਸਿੰਘ, ਜੈਮਲ ਸਿੰਘ—ਅਜੇ ਬਾਲਕ ਸਨ, ਸੋ ਇਲਾਕਾ ਸੁਹਾਜ ਸਿੰਘ (ਇੱਜ਼ਤ ਸਿੰਘ ਦਾ ਭਰਾ) ਕੋਲ ਚਲਾ ਗਿਆ। ੧੭੯੧ ਈ. ਵਿਚ ਉਹ ਮਰ ਗਿਆ, ਤਾਂ ਉਸਦਾ ਪੁੱਤਰ ਉਤਮ ਸਿੰਘ ਜਾਗੀਰਦਾਰ ਬਣਿਆਂ। ੧੮੦੨ ਈ. ਉਹ ਬਾਗ਼ੀ ਹੋ ਗਿਆ। ਮਹਾਰਾਜਾ ਉਸਨੂੰ ਕੈਦ ਕਰਕੇ ਲਾਹੌਰ ਲੈ ਆਇਆ। ਕੁਛ ਚਿਰ ਪਿਛੋਂ ਉਸਨੂੰ ਜੁਰਮਾਨਾ ਕਰਕੇ ਛਡ ਦਿਤਾ। ਫਿਰ ਉਹ ਆਪਣੇ ਦੋਹਾਂ ਭਤੀਜਿਆਂ ਸਣੇ ਮਹਾਰਾਜੇ ਦਾ ਨੌਕਰ ਹੋ ਗਿਆ ਤੇ ਜਾਗੀਰ ਹਾਸਲ ਕਰ ਲਈ। ਉਹ ਬਿਨਾਂ ਔਲਾਦ ਦੇ ੧੮੨੭ ਈ. ਵਿਚ ਮਰਿਆ। ਉਸਦੀ ਜਾਗੀਰ ਤਾਂ ਜ਼ਬਤ ਹੋ ਗਈ, ਪਰ ਬਾਕੀ ਜਾਇਦਾਦ ਉਸਦੇ ਪੁਤਰੇਲੇ (ਮੁਤਬੰਨੇ) ਅਤਰ ਸਿੰਘ ਨੂੰ ਮਿਲੀ। ਏਸੇ ਸਮੇਂ ਅਤਰ ਸਿੰਘ ਨੂੰ ੨੮੦੦੦ ਰੁਪੈ ਦੀ ਵਖਰੀ ਜਗੀਰ ਦਿਤੀ ਗਈ। ਕੁਛ ਚਿਰ ਉਹ ਰਾਵਲਪਿੰਡੀ ਦਾ ਨਾਜ਼ਮ ਵੀ ਰਿਹਾ। ੧੮੪੩ ਈ. ਨੂੰ ਉਹ ਹਜ਼ਾਰੇ ਵਿਚ ਸੁਰਗਵਾਸ ਹੋਇਆ। ਉਸਦਾ ਪੁੱਤਰ ਸੂਰਤ ਸਿੰਘ ਉਸਦੀ ਜਾਗੀਰ ਦਾ ਮਾਲਕ ਬਣਿਆਂ।

ਪਹਿਲੇ ਸਿੱਖ ਯੁੱਧ ਸਮੇਂ ਨੌਸ਼ਹਿਰੇ (ਪਿਸ਼ਾਵਰ) ਦੇ ਇਲਾਕੇ ਵਿਚ ਬਗ਼ਾਵਤ ਹੋ ਗਈ। ਸੂਰਤ ਸਿੰਘ ਉਸ ਵੇਲੇ ਓਥੇ ਫ਼ੌਜੀ ਅਫ਼ਸਰ ਸੀ। ਉਸ ਨੇ ਬੜੀ ਦਲੇਰੀ ਨਾਲ ਉਹ ਬਗ਼ਾਵਤ ਦਬਾਈ।

ਜਦ ਰਾਜਾ ਸ਼ੇਰ ਸਿੰਘ, ਮੂਲਰਾਜ ਦੀ ਬਗ਼ਾਵਤ ਦਬਾਉਣ ਵਾਸਤੇ ਮੁਲਤਾਨ ਗਿਆ, ਤਾਂ ਸੂਰਤ ਸਿੰਘ ਵੀ ਨਾਲ ਸੀ। ਉਹ ਰਾਜਾ ਸ਼ੇਰ ਸਿੰਘ ਨੂੰ ਬਾਗ਼ੀ ਹੋਣ ਵਾਸਤੇ ਬੜਾ ਭੜਕਾਉਂਦਾ ਰਿਹਾ। ਜਦ ਰਾਜਾ ਸ਼ੇਰ ਸਿੰਘ ਨੇ ਬਗ਼ਾਵਤ ਕਰ ਦਿਤੀ, ਤਾਂ ਸ: ਸੂਰਤ ਸਿੰਘ ਦੋ ਹਜ਼ਾਰ ਫ਼ੌਜ ਦਾ ਕੁਮੇ-ਦਾਨ ਬਣ ਕੇ ਉਸ ਦੇ ਮਾਤਹਿਤ ਅੰਗਰੇਜ਼ਾਂ ਨਾਲ ਲੜਿਆ। ਲੜਾਈ ਖ਼ਤਮ ਹੋਣ ਪਿਛੋਂ ਸ: ਸੂਰਤ ਸਿੰਘ ਨੂੰ ੭੨੦ ਰੁਪੈ ਸਾਲਾਨਾ ਪੈਨਸ਼ਨ ਦੇ ਕੇ ਬਨਾਰਸ ਕੈਦ ਕਰ ਦਿਤਾ ਤੇ ਉਸ ਦੀ ਸਾਰੀ ਜਾਗੀਰ ਜ਼ਬਤ ਕਰ ਲਈ।

ਜਦ ਗ਼ਦਰ ਹੋਇਆ, ਉਸ ਵੇਲੇ ਸ: ਸੂਰਤ ਸਿੰਘ ਬਨਾਰਸ ਹੀ ਸੀ। ਉਹਨੇ ਸਿੱਖਾਂ ਨੂੰ ਬਾਗ਼ੀ ਹੋਣ ਤੋਂ ਰੋਕਿਆ ਤੇ ਆਪ ਫ਼ੌਜੀ ਅਫ਼ਸਰ

Sri Satguru Jagjit Singh Ji eLibrary NamdhariElibrary@gmail.com

ਬਣ ਕੇ ਲੜਾਈ ਵਿਚ ਅੰਗਰੇਜ਼ਾਂ ਦੀ ਮਦਦ ਕੀਤੀ। ੬ ਜੁਲਾਈ ਨੂੰ ਉਹਦੀ ਲੱਤ ਉੱਤੇ ਤਲਵਾਰ ਦਾ ਡੂੰਘਾ ਫੱਟ ਲੱਗਾ, ਜਿਸ ਦੇ ਕਾਰਨ ਉਹ ਸਦਾ ਲੰਗਾਉਂਦਾ ਰਿਹਾ। ਇਸ ਸੇਵਾ ਬਦਲੇ ਉਹਨੂੰ ੪੮੦੦ ਰੁਪੈ ਸਾਲਾਨਾ ਨਕਦ ਪੈਨਸ਼ਨ ਤੇ ਜ਼ਿਲਾ ਗੋਰਖਪੁਰ ਵਿਚ ਪੱਕੀ ਜਾਗੀਰ ਮਿਲੀ ਜੋ ਅਜ ਤਕ ਉਸਦੀ ਔਲਾਦ ਦੇ ਕੋਲ ਹੈ। ੧੮੬੧ ਈ. ਵਿਚ ਉਹ ਮਜੀਠੇ ਵਾਪਸ ਆਇਆ। ੧੮੭੫ ਈ. ਵਿਚ ਉਹਨੂੰ ਆਨਰੇਰੀ ਮੈਜਿਸਟਰੇਟ ਬਣਾਇਆ ਗਿਆ। ੧੮੭੭ ਈ. ਨੂੰ ਦਿੱਲੀ ਦਰਬਾਰ ਵਿਚ ਉਸਨੂੰ 'ਰਾਜੇ' ਦਾ ਖ਼ਿਤਾਬ ਮਿਲਿਆਂ। ੧੮੮੧ ਈ. ਵਿਚ ਉਹ ਸੁਰਗਵਾਸ ਹੋ ਗਿਆ।

ਰਾਜਾ ਸੂਰਤ ਸਿੰਘ ਸੀ. ਐਸ. ਆਈ. (**C. S. I.**) ਦਾ ਪੁੱਤਰ 'ਸਰ' ਸੁੰਦਰ ਸਿੰਘ ਮਜੀਠਾ ਬੜਾ ਪ੍ਰਸਿਧ ਸਰਦਾਰ ਹੋਇਆ ਹੈ, ਜਿਸ ਦੀ ਪੰਥਕ ਸੇਵਾ ਦੀ ਨਸ਼ਾਨੀ 'ਖ਼ਾਲਸਾ ਕਾਲਜ' (ਅੰਮ੍ਰਿਤਸਰ) ਵਰਗੀ ਬਹੁ-ਮੁੱਲੀ ਚੀਜ਼ ਸਿੱਖਾਂ ਕੋਲ ਹੈ।

ਇਸ ਘਰਾਣੇ ਦਾ ਦੂਜਾ ਪ੍ਰਸਿਧ ਸਰਦਾਰ ਅਮਰ ਸਿੰਘ 'ਵੱਡਾ' (ਕਲਾ) ਹੈ। ਮਜੀਠੇ ਦੇ ਦੋ ਅਮਰ ਸਿੰਘ ਲਾਹੌਰ ਦਰਬਾਰ ਵਿਚ ਸਰਦਾਰ ਸਨ, ਸੋ ਇਸ ਨੂੰ 'ਵੱਡਾ' ਤੇ ਦੂਜੇ ਨੂੰ ਛੋਟਾ ਕਹਿੰਦੇ ਸਨ। ਸ: ਅਮਰ ਸਿੰਘ 'ਵੱਡਾ' ਨਾਰਾ ਦੇ ਇਲਾਕੇ ਵਿਚ ਹਾਕਮ ਸੀ। ਓਥੋਂ ਦੇ ਜ਼ਿਮੀਦਾਰਾਂ ਨੇ ੧੮੨੨ ਈ. ਵਿਚ ਬਗ਼ਾਵਤ ਕਰਕੇ ਉਸ ਨੂੰ ਕਤਲ ਕਰ ਦਿਤਾ। ਉਹ ਏਨਾ ਬਲਵਾਨ ਤੇ ਤੀਰ ਦਾ ਧਨੀ ਸੀ, ਕਿ ਇਲਾਕੇ ਵਿਚ ਉਹਨੇ ਤੀਰ ਨਾਲ ਇਕ ਦਰਖ਼ਤ ਵਿੰਨ੍ਹ ਦਿਤਾ ਸੀ।

ਜਾਗੀਰ ਦਾ ਮਾਲਕ ਉਸਦਾ ਪੁੱਤਰ ਕਾਹਨ ਸਿੰਘ ਬਣਿਆਂ। ਦੂਸਰੇ ਸਿੱਖ ਯੁਧ ਸਮੇਂ ਉਹ ਪਿਸ਼ਾਵਰ ਵਿਚ ਇਕ ਰਜਮੈਂਟ ਦਾ ਕੁਮੇਦਾਨ ਸੀ। ਉਹ ਦਿਲੋਂ ਅੰਗਰੇਜ਼ਾਂ ਦਾ ਵਫ਼ਾਦਾਰ ਸੀ, ਪਰ ਜਦੋਂ ਉਸਦੀ ਫ਼ੌਜ ਬਾਗ਼ੀ ਹੋ ਕੇ ਸ: ਚਤਰ ਸਿੰਘ ਨਾਲ ਜਾ ਮਿਲੀ, ਤਾਂ ਮਜਬੂਰਨ ਉਸਨੂੰ ਵੀ ਬਾਗ਼ੀ

† ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੭੦੦।

Sri Satguru Jagjit Singh Ji eLibrary NamdhariElibrary@gmail.com

ਹੋਣਾ ਪਿਆ। ਪੰਜਾਬ ਜ਼ਬਤੀ ਸਮੇਂ ਉਸਦੀ ਜਾਗੀਰ (੪੦ ਹਜ਼ਾਰ ਦੀ) ਜ਼ਬਤ ਕਰ ਲਈ ਗਈ। ਪਰ ਉਸਦਾ ਗੁਨਾਂਹ ਥੋੜਾ ਸਮਝਿਆ ਗਿਆ ਸੀ ਇਸ ਵਾਸਤੇ ੩੬੦੦ ਰੁਪੈ ਸਾਲਾਨਾ ਪੈਨਸ਼ਨ ਦੇ ਦਿਤੀ ਗਈ, ਉਸਦੇ ਸੁਰਗਵਾਸ ਹੋਣ ਤਕ ਮਿਲਦੀ ਰਹੀ। ਉਹ ਮਜੀਠੇ ਵਿਚ ਹਾਥੀ ਨਾਲ ਹਲ ਵਾਹੁੰਦਾ ਹੁੰਦਾ ਸੀ। ਦੋ ਹਾਥੀ ਸਨ, ਤੇ ਇਕ-ਇਕ ਦੇ ਮਗਰ ਵੀਹ ਹਲ ਚੌਖਟਾ ਬਣਾ ਕੇ ਪਾਏ ਜਾਂਦੇ ਸਨ। ਉਹ ੧੮੫੩ ਈ. ਵਿਚ ਸੁਰਗਵਾਸ ਹੋਇਆ।

Sri Satguru Jagjit Singh Ji eLibrary NamdhariElibrary@gmail.com

# ੲ. ਅਮਰ ਸਿੰਘ 'ਛੋਟਾ' (ਮਜੀਠਾ)

ਮਾਹਣਾ ਸਿੰਘ

ਦਸੌਂਧਾ ਸਿੰਘ ਜੈ ਸਿੰਘ ਅਮਰ ਸਿੰਘ 'ਛੋਟਾ'

ਮਹਿਤਾਬ ਸਿੰਘ ਗੁਰਦਿਤ ਸਿੰਘ ਮਿੱਤ ਸਿੰਘ ਕਾਹਨ ਸਿੰਘ ਹਰਦਿਤ ਸਿੰਘ

ਸ: ਮਾਹਣਾ ਸਿੰਘ ਮਜੀਠਾ ਨੇ ਸ: ਚੜ੍ਹਤ ਸਿੰਘ ਸੁਕਰਚਕੀਏ ਤੋਂ ਚਾਰ ਹਜ਼ਾਰ ਦੀ ਜਾਗੀਰ ਲਈ। ਫਿਰ ਉਸ ਨੇ ਸ: ਮਹਾਂ ਸਿੰਘ ਦੀ ਸੇਵਾ ਕਰਕੇ ਹੋਰ ਜਾਗੀਰ ਪ੍ਰਾਪਤ ਕੀਤੀ। ੧੮੦੨ ਈ. ਨੂੰ ਚਨਿਓਟ ਦੇ ਘੇਰੇ ਸਮੇਂ ਸ: ਮਾਹਣਾ ਸਿੰਘ ਮਾਰਿਆ ਗਿਆ। ਉਸਦਾ ਵੱਡਾ ਪੁੱਤਰ ਦਸੌਂਧਾ ਸਿੰਘ ੧੮੦੦ ਈ. ਵਿਚ ਹੀ ਮਰ ਚੁਕਾ ਸੀ ਤੇ ਬਾਕੀ ਅਜੇ ਛੋਟੇ ਸਨ, ਸੋ ਜਗੀਰ ਜ਼ਬਤ ਹੋ ਗਈ। ਛੋਟਾ ਅਮਰ ਸਿੰਘ ਹਥਿਆਰ ਚੁਕਣ ਜੋਗਾ ਹੋਇਆ, ਤਾਂ ਉਸਨੂੰ ੧੫੦੦ ਦੀ ਜਾਗੀਰ ਮਿਲ ਗਈ। ਮੁਲਤਾਨ ਦੀ ਆਖ਼ਰੀ ਲੜਾਈ (੧੮੧੮ ਈ.) ਵਿਚ ਬਹਾਦਰੀ ਵਿਖਾਉਣ ਬਦਲੇ ਉਸ ਨੂੰ ਹੋਰ ਜਾਗੀਰ ਮਿਲੀ। ੧੮੩੪ ਈ. ਦੀ ਮੁਹਿੰਮ ਪਿਸ਼ਾਵਰ ਵਿਚ ਤੇ ੧੮੩੭ ਈ. ਵਿਚ ਜਮਰੌਦ ਦੀ ਲੜਾਈ ਵਿਚ ਉਹ ਸ਼ਾਮਲ ਸੀ। ਸਤਲੁਜ ਯੁਧ ਵਿਚ ਉਹ ਸ਼ਾਮਲ ਨਹੀਂ ਸੀ ਹੋਇਆ‡। ਉਹ ਨਸ਼ਾਨਚੀ ਬੜਾ ਵਧੀਆ ਸੀ, ਇਸ ਵਾਸਤੇ ਉਹ ਮਹਾਰਾਜਾ ਦਲੀਪ ਸਿੰਘ ਨੂੰ ਸ਼ਸਤਰ

‡ ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੮੪੪।

Sri Satguru Jagjit Singh Ji eLibrary NamdhariElibrary@gmail.com

ਸਿਖਾਉਣ ਉੱਤੇ ਲਾਇਆ ਗਿਆ। ਫਿਰ ਉਹ ਹਰਦਵਾਰ ਯਾਤਰਾ ਵਾਸਤੇ ਗਿਆ, ਤਾਂ ੧੮੪੮ ਈ. ਵਿਚ ਓਥੇ ਹੀ ਸੁਰਗਵਾਸ ਹੋ ਗਿਆ। ਉਹ ਸ: ਅਮਰ ਸਿੰਘ 'ਛੋਟਾ' (ਖ਼ੁਰਦ) ਕਰਕੇ ਪ੍ਰਸਿਧ ਸੀ।

ਮਹਿਤਾਬ ਸਿੰਘ ੧੮੧੧ ਈ. ਵਿਚ ਜਨਮਿਆਂ। ਉਹ ਛੋਟੀ ਉਮਰ ਵਿਚ ਰਸਾਲੇ ਦਾ ਸੂਬੇਦਾਰ ਬਣਾ ਦਿਤਾ ਗਿਆ ਤੇ ਫਿਰ ਛੇਤੀ ਹੀ ਕਰਨੈਲ। ਮ. ਸ਼ੇਰ ਸਿੰਘ ਦੇ ਸਮੇਂ ਸ: ਮਹਿਤਾਬ ਸਿੰਘ ਜਰਨੈਲੀ ਦੇ ਅਹੁਦੇ 'ਤੇ ਜਾ ਪੁੱਜਾ। ਸੰਧਾਵਾਲੀਆਂ ਦੇ ਵਿਰੁਧ ਉਹ ਰਾਜਾ ਹੀਰਾ ਸਿੰਘ ਦਾ ਸਾਥੀ ਸੀ। ਫਿਰ ਜਦ ਰਾਜਾ ਹੀਰਾ ਸਿੰਘ ਦੀਆਂ ਭੇਜੀਆਂ ਫ਼ੌਜਾਂ ਭਾਈ ਬੀਰ ਸਿੰਘ ਜੀ ਨੂੰ ਕਤਲ ਕਰਨ ਗਈਆਂ, ਤਾਂ ਸ: ਮਤਾਬ ਸਿੰਘ ਵੀ ਨਾਲ ਸੀ। ਏਸ ਪਾਪ ਬਦਲੇ ਲੋਕ ਉਸਨੂੰ 'ਗੁਰੂ ਮਾਰ' ਕਹਿਣ ਲੱਗ ਪਏ। ਸਤਲੁਜ ਯੁਧ ਵਿਚ ਉਹ ਸਿੱਖਾਂ ਵੱਲੋਂ ਪੂਰੀ ਵਫ਼ਾਦਾਰੀ ਨਾਲ ਲੜਿਆ। ਮਗਰ ਦੂਸਰੇ ਸਿੱਖ ਯੁਧ ਵਿਚ ਉਹ ਸਣੇ ਆਪਣੇ ਭਰਾ ਮਿੱਤ ਸਿੰਘ ਦੇ ਅੰਗਰੇਜ਼ਾਂ ਵੱਲੋਂ ਹੋ ਕੇ ਗੁਜਰਾਤ ਦੀ ਲੜਾਈ ਵਿਚ ਰਾਜਾ ਸ਼ੇਰ ਸਿੰਘ ਦੇ ਵਿਰੁਧ ਲੜਿਆ। ਸ: ਗੁਰਦਿਤ ਸਿੰਘ ਵੀ ਉਸੇ ਵੇਲੇ ਜਰਨੈਲ ਦੀ ਪਦਵੀ 'ਤੇ ਸੀ। ਅੰਗਰੇਜ਼ਾਂ ਦੇ ਵਫ਼ਾਦਾਰ ਰਹਿਣ ਕਰਕੇ ਪੰਜਾਬ ਦੀ ਜ਼ਬਤੀ ਸਮੇਂ ਉਹਨਾਂ ਸਾਰਿਆਂ ਦੀਆਂ ਜਾਗੀਰਾਂ ਕਾਇਮ ਰਹੀਆਂ। ਸ: ਮਹਿਤਾਬ ਸਿੰਘ ੧੮੬੫ ਈ. ਵਿਚ, ਗੁਰਦਿਤ ਸਿੰਘ ੧੮੫੩ ਈ. ਵਿਚ, ਮਿੱਤ ਸਿੰਘ ੧੮੫੭ ਈ. ਵਿਚ, ਕ੍ਹਾਨ ਸਿੰਘ ੧੮੯੮ ਈ. ਵਿਚ ਤੇ ਹਰਦਿਤ ਸਿੰਘ ੧੮੯੨ ਈ. ਵਿਚ ਸੁਰਗਵਾਸ ਹੋਏ।

Sri Satguru Jagjit Singh Ji eLibrary NamdhariElibrary@gmail.com

# ਸ. ਫ਼ਤਹਿ ਸਿੰਘ, ਅਤਰ ਸਿੰਘ ਕਾਲਿਆਂ ਵਾਲੇ

- ਜੈਮਲ ਸਿੰਘ
  - ਜੱਸਾ ਸਿੰਘ
    - ਫ਼ਤਹਿ ਸਿੰਘ
      (ਸ: ਫ਼ਤਹਿ ਸਿੰਘ ਦਾ ਮੁਤਬੰਨਾ ਬਣਿਆਂ ਦਲ ਸਿੰਘa)
  - ਜੈ ਸਿੰਘ

- ਸਾਹਿਬ ਸਿੰਘ
  - ਹਕੂਮਤ ਸਿੰਘ
    - ਕੌਰ ਸਿੰਘ
      - ਦਲ ਸਿੰਘa
        - ਅਤਰ ਸਿੰਘ
          - ਲਾਲ ਸਿੰਘ
        - ਚਤਰ ਸਿੰਘ
        - ਜਵਾਲਾ ਸਿੰਘ
        - ਚੇਤ ਸਿੰਘ
        - ਰਾਮ ਸਿਘ

ਸ: ਜੈਮਲ ਸਿੰਘ ਪਿੰਡ ਕਾਲੇ (ਜ਼ਿਲਾ ਲਾਹੌਰ) ਦਾ ਸੰਧੂ ਜੱਟ ਸੀ ਉਹ ਸੁਕਰਚਕੀਏ ਸ: ਚੜ੍ਹਤ ਸਿੰਘ ਤੇ ਮਹਾਂ ਸਿੰਘ ਦੇ ਮਾਤਹਿਤ ਨੌਕਰ ਕਰਦਾ ਰਿਹਾ। ਉਹਦੇ ਦੋਵੇਂ ਪੁੱਤਰ—ਜੱਸਾ ਸਿੰਘ ਤੇ ਜੈ ਸਿੰਘ—ਉਹਦ ਉਮਰ ਵਿਚ ਹੀ ਸੁਰਗਵਾਸ ਹੋ ਗਏ। ਸੋ ਉਹਦੇ ਪਿਛੋਂ ਉਹਦਾ ਪੋਤਰਾ ਫ਼ਤਹਿ ਸਿੰਘ ਮਾਲਕ ਬਣਿਆਂ। ਉਹ ੧੭੯੭ ਈ. ਵਿਚ ਰਣਜੀਤ ਸਿੰਘ ਦਾ ਨੌਕਰ ਹੋਇਆ। ਉਹ ਸ਼ੇਰੇ-ਪੰਜਾਬ ਦੇ ਨਿਕਟਵਰਤੀ ਸਰਦਾਰਾਂ ਵਿਚੋਂ ਸੀ। ਉਹ ੧੮੦੭ ਈ. ਨੂੰ ਉਹ ਨਾਰਾਇਣ ਗੜ੍ਹ ਦੀ ਲੜਾਈ ਵਿਚ ਮਰਿਆ*।

---

* ਵੇਖੋ 'ਸਿੱਖਰਾਜ ਤੇ ਸ਼ੇਰੇ-ਪੰਜਾਬ'।

Sri Satguru Jagjit Singh Ji eLibrary NamdhariElibrary@gmail.com

ਸ: ਫਤਹਿ ਸਿੰਘ ਦੇ ਘਰ ਔਲਾਦ ਕੋਈ ਨਹੀਂ ਸੀ। ਮਹਾਰਾਜੇ ਨੇ ਉਸਦੀ ਵਿਧਵਾ 'ਮਾਈ ਸੇਵਾਂ' ਨੂੰ ਕਿਹਾ, ਕਿ ਜਿਸਨੂੰ ਤੂੰ ਮੁਤਬੰਨਾ ਬਣਾ ਲਵੇਂ, ਸਰਕਾਰ ਉਸ ਨੂੰ ਪਰਵਾਨ ਕਰ ਲਵੇਗੀ। ਮਾਈ ਸੇਵਾਂ ਨੇ ਦਲ ਸਿੰਘ ਨਹੇਰਨਾ (ਨਾਈ—ਹਜਾਮ)—ਜਿਸਨੂੰ ਸ: ਫਤਹਿ ਸਿੰਘ ਧਰਮ ਦਾ ਪੁੱਤਰ ਕਹਿੰਦਾ ਹੁੰਦਾ ਸੀ—ਨੂੰ ਮੁਤਬੰਨਾ ਬਣਾ ਲਿਆ†। ਮਹਾਰਾਜੇ ਨੇ ਸ: ਫ਼ਤਹਿ ਸਿੰਘ ਦੀ ਜਾਗੀਰ ਦਲ ਸਿੰਘ ਦੇ ਹਵਾਲੇ ਕਰ ਦਿਤੀ।

ਸ: ਦਲ ਸਿੰਘ ਦੇ ਬਜ਼ੁਰਗ ਪਿੰਡ ਕੜਿਆਲ (ਜ਼ਿਲਾ ਸ਼ੇਖ਼ੂਪੁਰ) ਦੇ ਸਨ। ਸ: ਸਾਹਿਬ ਸਿੰਘ ਨੇ ਸ: ਚੜ੍ਹਤ ਸਿੰਘ ਕੋਲੋਂ ਜਾਗੀਰ ਹਾਸਲ ਕੀਤੀ ਸੀ। ਉਸਦਾ ਪੁੱਤਰ ਹਕੂਮਤ ਸਿੰਘ ਤੇ ਪੋਤਰਾ ਕੌਰ ਸਿੰਘ ਵੀ ਸੁਕਰਚਕੀਆਂ ਦੇ ਮੁਲਾਜ਼ਮ ਰਹੇ। ਕੌਰ ਸਿੰਘ ਦਾ ਪੁੱਤਰ ਦਲ ਸਿੰਘ ਹੀ ਵਧੇਰੇ ਪ੍ਰਸਿਧ ਹੋਇਆ ਹੈ। ੬੮੦੦੦ ਰੁਪੈ ਦੀ ਜਾਗੀਰ ਉਸਨੂੰ ਮਹਾਰਾਜੇ ਵੱਲੋਂ ਮਿਲੀ ਹੋਈ ਸੀ। ਫਿਰ ਸ: ਫ਼ਤਹਿ ਸਿੰਘ ਦਾ ਮੁਤਬੰਨਾ ਬਣਨ ਕਰਕੇ ਉਸਦੀ ਜਾਗੀਰ ਵੀ ਉਸਨੂੰ ਮਿਲ ਗਈ, ਤਾਂ ਸਾਰੀ ੩੫੦੦੦੦ ਰੁਪੈ ਸਾਲਾਨਾ ਆਮਦਣ ਦੀ ਹੋ ਗਈ। ਉਹ ਮਹਾਰਾਜੇ ਦੀਆਂ ਕਈ ਲੜਾਈਆਂ ਵਿਚ ਲੜਿਆ। ਅਕਤੂਬਰ, ੧੮੨੩ ਈ. ਵਿਚ ਮਹਾਰਾਜੇ ਨੇ ਫ਼ੌਜ ਦੀ ਪੜਤਾਲ ਕਰਨ ਬਦਲੇ ਸਭ ਜਾਗੀਰਦਾਰਾਂ ਨੂੰ—ਸਣੇ ਫ਼ੌਜ—ਰੁਹਤਾਸ ਬੁਲਾਇਆ। ਸ: ਦਲ ਸਿੰਘ ਆਪ ਤਾਂ ਗਿਆ, ਪਰ ਨੀਯਤ ਕੀਤੀ ਹੋਈ ਫ਼ੌਜ ਨਾ ਲੈ ਗਿਆ। ਏਸ ਭੁੱਲ ਬਦਲੇ ਮਹਾਰਾਜੇ ਨੇ ਉਸਨੂੰ ਜੁਰਮਾਨਾ ਕਰਕੇ ਦਰਬਾਰ ਵਿਚੋਂ ਕਢ ਦਿਤਾ। ਏਸ ਨਮੋਸ਼ੀ ਨੂੰ ਨਾ ਸਹਾਰਦਾ ਹੋਇਆ ਉਹ ਘਰ ਆ ਕੇ ਜ਼ਹਿਰ ਖਾ ਕੇ ਮਰ ਗਿਆ‡। ਫ਼ੌਜ ਵਿਚ ਉਹ ਸ: ਦਲ ਸਿੰਘ 'ਨਹੇਰਨਾ' ਕਰਕੇ ਪ੍ਰਸਿਧ ਸੀ।

ਸ: ਦਲ ਸਿੰਘ ਦੀ ਜਾਗੀਰ ਉਸਦੇ ਵੱਡੇ ਪੁੱਤਰ ਅਤਰ ਸਿੰਘ ਨੂੰ ਮਿਲੀ। ੧੮੩੪ ਈ. ਵਿਚ ਮਹਾਰਾਜੇ ਨੇ ਨਾਰਾਜ਼ ਹੋ ਕੇ ਉਸ ਦੀ ਜਾਗੀਰ

† ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੭੦੬।

‡ ਵੇਖੋ 'ਸ਼ਿੱਖਰਾਜ ਤੇ ਸ਼ੇਰੇ-ਪੰਜਾਬ'।

Sri Satguru Jagjit Singh Ji eLibrary NamdhariElibrary@gmail.com

ਘਟਾ ਕੇ ੪੨੫੮ ਰੁਪੈ ਦੀ ਰਹਿਣ ਦਿਤੀ। ਪਿਛੋਂ ਮ: ਖੜਕ ਸਿੰਘ ਨੇ ਜਾਗੀਰ ੧੨੭੫੦ ਰੁਪੈ ਦੀ ਕਰ ਦਿਤੀ। ਸ਼ੇਰ ਸਿੰਘ ਮਹਾਰਾਜਾ ਬਣਿਆਂ, ਤਾਂ ਉਹਨੇ ਦੋ ਸੌ ਅਸਵਾਰ ਬਦਲੇ ੧੦੨੦੦੦ ਰੁਪੈ ਦੀ ਜਾਗੀਰ ਹੋਰ ਦੇ ਦਿਤੀ। ਸਤਲੁਜ ਯੁਧ ਵਿਚ ਉਹ ਸ਼ਾਮਲ ਸੀ। ਫੇਰੂ ਸ਼ਹਿਰ ਦੀ ਲੜਾਈ ਵਿਚ ਉਸਦਾ ਭਰਾ ਚਤਰ ਸਿੰਘ ਮਾਰਿਆ ਗਿਆ। ਭਰੋਵਾਲ ਦੀ ਸੁਲ੍ਹਾ ਪਿਛੋਂ ਸ: ਅਤਰ ਸਿੰਘ ਕਾਲਿਆਂਵਾਲਾ ਰੀਜੈਂਸੀ ਕੌਂਸਲ ਦਾ ਮੈਂਬਰ ਬਣਾਇਆ ਗਿਆ। ਮੁਲਤਾਨ ਵਿਚ ਬਗ਼ਾਵਤ ਸਮੇਂ ਉਸਦੀ ਫ਼ੌਜ ਬਾਗ਼ੀ ਹੋ ਕੇ ਰਾਜਾ ਸ਼ੇਰ ਸਿੰਘ ਨਾਲ ਮਿਲ ਗਈ, ਤਾਂ ਉਹ—ਸਣੇ ਆਪਣੇ ਪੁੱਤਰ ਲਾਲ ਸਿੰਘ—ਦੇ ਨੱਸ ਕੇ ਐਡਵਾਰਡਸ ਦੇ ਡੇਰੇ ਵਿਚ ਚਲਿਆ ਗਿਆ। ਪੰਜਾਬ ਦੀ ਜ਼ਬਤੀ ਸਮੇਂ ੪੭੭੫੦ ਰੁਪੈ ਸਾਲਾਨਾ ਦੀ ਜਾਗੀਰ ਸ: ਅਤਰ ਸਿੰਘ ਦੀ ਜ਼ਿੰਦਗੀ ਵਾਸਤੇ ਕਾਇਮ ਰਹੀ। ਉਸ ਦੀ ਔਲਾਦ ਵਾਸਤੇ ਜਾਗੀਰ ਦਾ ਚੌਥਾ ਹਿੱਸਾ ਸਦਾ ਲਈ ਨੀਯਤ ਕਰ ਦਿਤਾ ਗਿਆ। ਸ: ਅਤਰ ਸਿੰਘ ੧੮੫੧ ਈ. ਵਿਚ ਤੇ ਲਾਲ ਸਿੰਘ ੧੮੮੮ ਈ. ਵਿਚ ਸੁਰਗਵਾਸ ਹੋਏ।

Sri Satguru Jagjit Singh Ji eLibrary NamdhariElibrary@gmail.com

# ਸ. ਫ਼ਤਹਿ ਸਿੰਘ 'ਮਾਨ'

ਤਾਰਾ ਸਿੰਘ
|
ਕਰਮ ਸਿੰਘ
├── ਰਾਮ ਸਿੰਘ
│   |
│   ਫ਼ਤਹਿ ਸਿੰਘ
│   ├── ਸਰਦੂਲ ਸਿੰਘ
│   └── ਜਵਾਲਾ ਸਿੰਘ
└── ਸ਼ਾਮ ਸਿੰਘ

੧੭੨੦ ਈ. ਵਿਚ ਪਿੰਡ ਮਾਨਾਂ ਵਾਲਾ (ਜ਼ਿਲਾ ਅੰਮ੍ਰਿਤਸਰ) ਉਜੜ ਗਿਆ, ਤਾਂ ਤਾਰਾ ਸਿੰਘ ਨਾਰਲੀ ਜਾ ਵੱਸਿਆ। ਉਸਦੇ ਪੁੱਤਰ ਕਰਮ ਸਿੰਘ ਨੇ ਮਿਸਲ ਭੰਗੀਆਂ ਵਿਚ ਸ਼ਾਮਲ ਹੋ ਕੇ ਬਹੁਤ ਸਾਰੀ ਜਾਗੀਰ ਹਾਸਲ ਕੀਤੀ। ਉਸਨੇ ਪਿੰਡ ਮਾਨਾਂ ਵਾਲਾ ਦੁਬਾਰਾ ਆਣ ਵਸਾਇਆ*। ਉਸਦੇ ਪੁੱਤਰ—ਰਾਮ ਸਿੰਘ, ਸ਼ਾਮ ਸਿੰਘ—ਸ: ਮਹਾਂ ਸਿੰਘ ਸੁਕਰਚਕੀਏ ਦੇ ਨੌਕਰ ਹੋ ਗਏ। ੧੭੯੮ ਈ: ਵਿਚ ਰਾਮ ਸਿੰਘ ਸੁਰਗਵਾਸ ਹੋ ਗਿਆ, ਤਾਂ ਸ਼ਾਮ ਸਿੰਘ ਜਾਗੀਰ ਦਾ ਮਾਲਕ ਬਣਿਆਂ। ਫਿਰ ਫ਼ਤਹਿ ਸਿੰਘ ਮਹਾਰਾਜੇ ਦੀ ਫ਼ੌਜ ਵਿਚ ਕੁਮੇਦਾਨ ਦੀ ਪਦਵੀ ਤਕ ਪੁੱਜਾ। ੧੮੧੧ ਈ. ਵਿਚ ਉਸ ਕੋਲ ੩੦੦ ਅਸਵਾਰ ਬਦਲੇ ਇਕ ਲੱਖ ਦੀ ਜਾਗੀਰ ਸੀ। ਉਹ ਬਹੁਤ ਸਾਰੀਆਂ ਲੜਾਈਆਂ ਵਿਚ ਲੜਿਆ ਤੇ ਕਈ ਵਾਰ ਜ਼ਖ਼ਮੀ ਹੋਇਆ। ਮ:

* ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੭੫੨।

Sri Satguru Jagjit Singh Ji eLibrary NamdhariElibrary@gmail.com

ਖੜਕ ਸਿੰਘ ਦੇ ਸਮੇਂ ੩੫੦੦੦ ਦੀ ਜਾਗੀਰ ਤੇ ੧੫੦੦੦ ਨਕਦ ਪੈਨਸ਼ਨ ਛਡਕੇ ਬਾਕੀ ਜਾਗੀਰ ਜ਼ਬਤ ਕਰ ਲਈ ਗਈ। ਸ: ਜਵਾਹਰ ਸਿੰਘ ਨੇ ਵਜ਼ੀਰ ਬਣਕੇ ਰਾਜਾ ਗੁਲਾਬ ਸਿੰਘ ਤੋਂ ਖਰਾਜ ਉਗਰਾਹੁਣ ਬਦਲੇ ਫ਼ੌਜ ਜੰਮੂ ਭੇਜੀ। ਉਥੇ ਗੁਲਾਬ ਸਿੰਘ ਨੇ ਧੋਖੇ ਨਾਲ ਸ: ਫਤਹਿ ਸਿੰਘ ਮਾਨ ਨੂੰ ਕਤਲ ਕਰਾ ਦਿਤਾ (੧੮੪੫ ਈ.)†।

ਉਸਦਾ ਪੁੱਤਰ ਸਰਦੂਲ ਸਿੰਘ ਸਤਲੁਜ ਯੁਧ ਵਿਚ ਸ਼ਾਮਲ ਸੀ। ਲਾਲ ਸਿੰਘ ਨੇ ਵਜ਼ੀਰ ਬਣ ਕੇ ਸਰਦੂਲ ਸਿੰਘ ਦੀ ਜਾਗੀਰ ਘਟਾ ਤੇ ੩ ਹਜ਼ਾਰ ਦੀ ਰਹਿਣ ਦਿੱਤੀ। ਲਾਲ ਸਿੰਘ ਦੇ ਦੇਸ਼ ਨਿਕਾਲੇ ਪਿਛੋਂ ਸਰਦੂਲ ਸਿੰਘ ਦੀ ਜਾਗੀਰ ੨੧੦੦੦ ਰੁਪੈ ਦੀ ਕਰ ਦਿਤੀ ਗਈ। ਦੂਸਰੇ ਸਿੱਖ ਯੁਧ ਵਿਚ ਉਹ ਅੰਗਰੇਜ਼ਾਂ ਦਾ ਵਫ਼ਾਦਾਰ ਰਿਹਾ। ਉਹ ੧੮੮੧ ਈ. ਵਿਚ ਸੁਰਗਵਾਸ ਹੋਇਆ। ਉਸਦਾ ਭਰਾ ਜਵਾਲਾ ਸਿੰਘ ੧੮੬੦ ਈ. ਵਿਚ ਹੀ ਚਲਾਣਾ ਕਰ ਗਿਆ ਸੀ।

---

† ਵੇਖੋ 'ਸਿੱਖਰਾਜ ਕਿਵੇਂ ਗਿਆ ?'

Sri Satguru Jagjit Singh Ji eLibrary NamdhariElibrary@gmail.com

# ਸ. ਕਾਹਨ ਸਿੰਘ 'ਮਾਨ'




ਸ: ਕਾਹਨ ਸਿੰਘ ਮਾਨ ਮਹਾਰਾਜੇ ਦੀ ਸਰੀਰ ਰਖਯਕ (ਬਾਡੀ ਗਾਰਡ) ਫ਼ੌਜ ਦਾ ਕੁਮੇਦਾਨ ਸੀ। ਫਿਰ ਉਹ ਜਰਨੈਲ ਦੀ ਪਦਵੀ ਤਕ ਪਹੁੰਚਾ ਤੇ ਉਸ ਦਾ ਭਰਾ ਭਾਗ ਸਿੰਘ ਤੇ ਭਤੀਜਾ ਅਤਰ ਸਿੰਘ ਫ਼ੌਜ ਵਿਚ ਕਰਨੈਲ ਬਣੇ। ਮੂਲਰਾਜ ਦੇ ਅਸਤੀਫ਼ਾ ਦੇਣ 'ਤੇ ਏਸੇ ਸ: ਕਾਹਨ ਸਿੰਘ ਨੂੰ ਮੁਲਤਾਨ ਦਾ ਗਵਰਨਰ ਬਣਾ ਕੇ ਭੇਜਿਆ ਗਿਆ‡। ਮੂਲਰਾਜ ਨੇ ਬਾਗ਼ੀ ਹੋ ਕੇ ਸ: ਕਾਹਨ ਸਿੰਘ ਤੇ ਉਸ ਦੇ ਪੁੱਤਰ ਵਸਾਵਾ ਸਿੰਘ ਨੂੰ ਕਿਲ੍ਹੇ ਵਿਚ ਕੈਦ ਕਰ ਦਿਤਾ। ਜਦ ਬਾਹਰੋਂ ਅੰਗਰੇਜ਼ੀ ਫ਼ੌਜਾਂ ਨੇ ਕਿਲ੍ਹੇ 'ਤੇ ਗੋਲਾਬਾਰੀ ਕੀਤੀ, ਤਾਂ ੩੦ ਦਸੰਬਰ, ੧੮੪੮ ਈ: ਨੂੰ ਉਹ ਕੈਦ ਵਿਚ ਹੀ ਮਾਰੇ ਗਏ।

‡ ਰਊਸਾ-ਏ-ਪੰਜਾਬ, ਹਿੱਸਾ ਦੂਜਾ, ਪੰਨਾ ੧੮।

Sri Satguru Jagjit Singh Ji eLibrary NamdhariElibrary@gmail.com

# ਸ. ਸਰਜਾ ਸਿੰਘ ਮਾਨ, 'ਮੁਗ਼ਲ ਚੱਕ'




ਪਿੰਡ ਮੁਗਲ ਚੱਕ ਦਾ 'ਮਾਨ' ਘਰਾਣਾ ਬੜਾ ਪ੍ਰਸਿਧ ਸੀ। ਸ਼ੇਰੇ-ਪੰਜਾਬ ਦੀ ਫ਼ੌਜ ਵਿਚ ਇੱਕੇ ਸਮੇਂ ਮਾਨਾਂ ਦੇ ੨੨ ਅਫ਼ਸਰ ਸਨ*। ਸ: ਸਰਜਾ ਸਿੰਘ ਮਾਨ ਸ: ਚੜ੍ਹਤ ਸਿੰਘ ਸੁਕਰਚਕੀਏ ਦਾ ਸਾਥੀ ਸੀ। ਸਰਜਾ ਸਿੰਘ ੧੭੬੩ ਈ. ਵਿਚ ਸੁਰਗਵਾਸ ਹੋਇਆ।

ਪਹਾੜ ਸਿੰਘ ਨੇ ਫ਼ੌਜ ਦਾ ਸਰਦਾਰ ਬਣ ਕੇ ੩੩੭੭ ਰੁਪੈ ਦੀ ਜਾਗੀਰ ਹਾਸਲ ਕੀਤੀ। ਸ: ਮਹਾਂ ਸਿੰਘ ਦੇ ਸਮੇਂ ਉਸਨੂੰ ਬਾਰਾਂ ਹਜ਼ਾਰ ਦੀ ਜਾਗੀਰ ਹੋਰ ਮਿਲੀ। ਉਹ ੧੮੧੩ ਈ. ਵਿਚ ਮਰਿਆ। ਉਸ ਵੇਲੇ ਉਸਦੀ ਜਾਗੀਰ

* ਰਊਸਾ-ਏ-ਪੰਜਾਬ, ਹਿੱਸਾ ਦੂੱਜਾ, ਪੰਨਾਂ ੧੭੧।

Sri Satguru Jagjit Singh Ji eLibrary NamdhariElibrary@gmail.com

ਦੋ ਲੱਖ ਤੋਂ ਉਤੇ ਸੀ।

ਉਸਦਾ ਪੁੱਤਰ ਹਰੀ ਸਿੰਘ ਉਸ ਵੇਲੇ ਨਾਬਾਲਗ ਸੀ। ਜਵਾਨ ਹੋ ਕੇ ਉਹ ਫ਼ੌਜ ਵਿਚ ਭਰਤੀ ਹੋਇਆ। ੧੮੨੧ ਈ. ਨੂੰ ਉਹ ੨੨ ਸਾਲ ਦੀ ਜਵਾਨ ਉਮਰ ਵਿਚ ਹੀ ਮਰ ਗਿਆ। ਉਸਦੇ ਦੋਵੇਂ ਪੁੱਤਰ (ਜਗਤ ਸਿੰਘ ਤੇ ਪ੍ਰਤਾਪ ਸਿੰਘ) ਵੱਡੇ ਹੋ ਕੇ ਫ਼ੌਜੀ ਅਫ਼ਸਰ ਬਣੇ। ਸ: ਜਗਤ ਸਿੰਘ ਮ: ਦਲੀਪ ਸਿੰਘ ਦੇ ਸਰੀਰ ਰਖਯਕ (ਬਾਡੀ ਗਾਰਡ) ਰਸਾਲੇ ਦਾ ਕਰਨੈਲ ਸੀ। ਪੰਜਾਬ ਦੀ ਜ਼ਬਤੀ ਸਮੇਂ ਉਸਨੂੰ ਪੱਕੀ ਜਾਗੀਰ ਮਿਲੀ।

ਨਾਰ ਸਿੰਘ ਸ: ਮਹਾਂ ਸਿੰਘ ਦੀ ਫ਼ੌਜ ਵਿਚ ਅਫ਼ਸਰ ਸੀ। ਉਹ ਜਵਾਨ ਉਮਰੇ ਹੀ ਮਰ ਗਿਆ। ਉਸਦਾ ਪੁੱਤਰ ਰਤਨ ਸਿੰਘ ਸ: ਹਰੀ ਸਿੰਘ ਨਲਵੇ ਦੀ ਫ਼ੌਜ ਵਿਚ ਕੁਮੇਦਾਨ ਸੀ। ਬਘੇਲ ਸਿੰਘ ਵੀ ਫ਼ੌਜੀ ਅਫ਼ਸਰ ਸੀ। ਦੂਸਰੇ ਸਿਖ ਯੁੱਧ ਵਿਚ ਰਤਨ ਸਿੰਘ ਬਾਗ਼ੀ ਹੋ ਗਿਆ, ਮਗਰ ਬਘੇਲ ਸਿੰਘ ਅੰਗਰੇਜ਼ਾਂ ਦਾ ਵਫ਼ਾਦਾਰ ਰਿਹਾ। ਪੰਜਾਬ ਦੀ ਜ਼ਬਤੀ ਸਮੇਂ ਬਘੇਲ ਸਿੰਘ ਦੀ ਜਾਗੀਰ ਕਾਇਮ ਰਹੀ ਤੇ ਰਤਨ ਸਿੰਘ ਦੀ ਜ਼ਬਤ ਹੋ ਗਈ। ਉਸਨੂੰ ਸਿਰਫ਼ ੧੦੮੦ ਰੁਪੈ ਸਾਲਾਨਾ ਪੈਨਸ਼ਨ ਮਿਲੀ। ਬਘੇਲ ਸਿੰਘ ੧੮੪੯ ਈ. ਵਿਚ ਤੇ ਰਤਨ ਸਿੰਘ ੧੮੫੭ ਈ. ਵਿਚ ਸੁਰਗਵਾਸ ਹੋਏ।

ਸ. ਜੈ ਸਿੰਘ ਦੀ ਲੜਕੀ ਦੀ ਸ਼ਾਦੀ ਸ: ਮਹਾਂ ਸਿੰਘ ਨਾਲ ਹੋਈ, ਜਿਸ ਨੂੰ 'ਮਾਈ ਮਾਨ' ਕਹਿੰਦੇ ਸਨ। ਜੈ ਸਿੰਘ ੧੮੧੨ ਈ. ਵਿਚ ਸੁਰਗਵਾਸ ਹੋਇਆ। ਉਸਦਾ ਪੁੱਤਰ ਮਿਹਰ ਸਿੰਘ ੧੮੧੪ ਈ. ਦੀ ਕਸ਼ਮੀਰ ਮੁਹਿੰਮ ਵਿਚ ਮਰਿਆ। ਜੋਧ ਸਿੰਘ ਫ਼ੌਜ ਵਿਚ ਕਰਨੈਲ ਸੀ। ਦੂਸਰੇ ਸਿਖ ਯੁਧ ਵਿਚ ਉਹ ਬਾਗ਼ੀ ਹੋ ਗਿਆ, ਤਾਂ ਉਹਦੀ ਜਾਗੀਰ ਜ਼ਬਤ ਕਰਕੇ ਸਿਰਫ਼ ੭੨੦ ਰੁਪੈ ਸਾਲਾਨਾ ਪੈਨਸ਼ਨ ਦਿਤੀ ਗਈ।

ਦੀਵਾਨ ਸਿੰਘ ਦਾ ਪੁੱਤਰ ਫ਼ਤਹਿ ਸਿੰਘ ਸ਼ੇਰੇ-ਪੰਜਾਬ ਦੀ ਅਰਦਲੀ ਫ਼ੌਜ ਵਿਚ ਭਰਤੀ ਹੋਇਆ ਤੇ ਸ: ਜਵਾਹਰ ਸਿੰਘ ਦੀ ਵਜ਼ਾਰਤ ਸਮੇਂ ਕੁਮੇਦਾਨ ਬਣਿਆਂ। ਦੂਸਰੇ ਸਿੱਖ ਯੁਧ ਸਮੇਂ ਅੰਗਰੇਜ਼ਾਂ ਦਾ ਵਫ਼ਾਦਾਰ ਰਿਹਾ, ਸੋ ਜਾਗੀਰ ਕਾਇਮ ਰਹੀ।

Sri Satguru Jagjit Singh Ji eLibrary NamdhariElibrary@gmail.com

# ਸ. ਨਿਧਾਨ ਸਿੰਘ 'ਪੰਜ ਹੱਥਾ'

- ਦੂਲਚਾ ਸਿੰਘ
  - ਰਾਮਦਿਤ ਸਿੰਘ
    - ਸਾਹਿਬ ਸਿੰਘ
    - ਰਣ ਸਿੰਘ
      - ਨਿਧਾਨ ਸਿੰਘ (ਪੰਜ-ਹੱਥਾ)
        - ਜ਼ਵਾਲਾ ਸਿੰਘ
        - ਆਲਾ ਸਿੰਘ
        - ਫ਼ੌਜਦਾਰ ਸਿੰਘ
      - ਸੁਜਾਨ ਸਿੰਘ
      - ਮੂਲ ਸਿੰਘ
      - ਮਿਤ ਸਿੰਘ
      - ਜੈਮਲ ਸਿੰਘ

ਪਹਿਲੋਂ ਪਹਿਲ ਰਾਮਦਿਤ ਸਿੰਘ ਸੁਕਰਚਕੀਆਂ ਦੀ ਨੌਕਰੀ ਵਿਚ ਆਇਆ। ਉਹ ਲੜਾਈ ਵਿਚ ਮਾਰਿਆ ਗਿਆ। ਉਸਦਾ ਪੁੱਤਰ ਸਾਹਿਬ ਸਿੰਘ ਚੱਠਿਆਂ ਦੀ ਲੜਾਈ ਵਿਚ ਮਾਰਿਆ ਗਿਆ। ਫਿਰ ਮਹਾਰਾਜੇ ਨੇ ਰਣ ਸਿੰਘ ਨੂੰ ਜਾਗੀਰ ਦਿਤੀ।

ਨਿਧਾਨ ਸਿੰਘ ਪਹਿਲਾਂ ੪ ਰੁਪੈ ਰੋਜ਼ ਉੱਤੇ ਘੋੜ-ਚੜ੍ਹਿਆਂ ਵਿਚ ਨੌਕਰ ਹੋਇਆ। ਫਿਰ ਜ਼ਿਲਾ ਗੁਰਦਾਸਪੁਰ ਵਿਚ ਉਸ ਨੂੰ ੧੪ ਪਿੰਡ ਜਾਗੀਰ ਮਿਲੇ। ਇਕ ਲੜਾਈ ਵਿਚ ਉਹ ਇਕੱਲਾ ਪੰਜਾਂ ਪਠਾਣਾਂ ਕੋਲੋਂ ਹਥਿਆਰ ਖੋਹ ਕੇ ਉਹਨ੍ਹਾਂ ਨੂੰ ਘੇਰ ਲਿਆਇਆ। ਇਸ ਬਹਾਦਰੀ ਬਦਲੇ ਉਸਨੂੰ 'ਪੰਜ ਹੱਥੇ' ਦਾ ਖ਼ਿਤਾਬ ਮਿਲਿਆ। ਉਹ ਲੜਾਈ ਵਿਚ ਸਦਾ ਅੱਗੇ ਹੋ ਕੇ ਲੜਦਾ ਸੀ। ਉਹਦੇ ਸਰੀਰ ਉੱਤੇ ਏਨੇ ਫੱਟ ਲੱਗੇ ਹੋਏ ਸਨ,

Sri Satguru Jagjit Singh Ji eLibrary NamdhariElibrary@gmail.com

ਕਿ ਜਿੱਥੇ ਵੀ ਹੱਥ ਰੱਖੋ, ਹੇਠਾਂ ਦਾਗ ਜ਼ਰੂਰ ਆ ਜਾਂਦਾ ਸੀ†। ਉਹ ੧੮੩੯ ਈ. ਵਿਚ ਸੁਰਗਵਾਸ ਹੋਇਆ।

ਮ: ਖੜਕ ਸਿੰਘ ਨੇ ਨਿਧਾਨ ਸਿੰਘ 'ਪੰਜ ਹੱਥੇ' ਦੀ ਜਾਗੀਰ ਉਸਦੇ ਵੱਡੇ ਪੁੱਤਰ ਜਵਾਲਾ ਸਿੰਘ ਦੇ ਨਾਮ ਰਹਿਣ ਦਿਤੀ। ਉਸਦਾ ਛੋਟਾ ਭਰਾ ਆਲਾ ਸਿੰਘ ਤੋਪਖ਼ਾਨੇ ਦਾ ਕੁਮੇਦਾਨ ਸੀ। ਸ: ਜਵਾਲਾ ਸਿੰਘ ਸਭਰਾਵਾਂ ਦੀ ਲੜਾਈ ਵਿਚ ਮਾਰਿਆ ਗਿਆ। ਵਜ਼ੀਰ ਲਾਲ ਸਿੰਘ ਨੇ ੨੫੦੦ ਰੁਪੈ ਦੀ ਜਾਗੀਰ ਫ਼ੌਜਦਾਰ ਸਿੰਘ ਦੇ ਨਾਮ ਕਰਕੇ ਬਾਕੀ ਜ਼ਬਤ ਕਰ ਲਈ ਦੂਸਰੇ ਸਿੱਖ ਯੁਧ ਵਿਚ ਆਲਾ ਸਿੰਘ ਤੇ ਫ਼ੌਜਦਾਰ ਸਿੰਘ ਬਾਗ਼ੀ ਹੋ ਗਏ, ਸੋ ਜਾਗੀਰ ਜ਼ਬਤ ਹੋ ਗਈ।

ਸੁਜਾਨ ਸਿੰਘ ਵੀ ਫ਼ੌਜ ਵਿਚ ਭਰਤੀ ਸੀ। ਦੂਸਰੇ ਸਿੱਖ ਯੁਧ ਵਿਚ ਉਹ ਅੰਗਰੇਜ਼ਾਂ ਦਾ ਵਫ਼ਾਦਾਰ ਰਿਹਾ ਤੇ ੧੪੪ ਰੁਪੈ ਪੈਨਸ਼ਨ ਹਾਸਲ ਕੀਤੀ ਉਹ ੧੮੬੦ ਈ. ਵਿਚ ਮਰਿਆ।

† ਰਉਸਾ-ਏ-ਪੰਜਾਬ, ਹਿੱਸਾ ਦੂੱਜਾ, ਪੰਨਾ ੫੭।

Sri Satguru Jagjit Singh Ji eLibrary NamdhariElibrary@gmail.com

# ਸ. ਨਿਧਾਨ ਸਿੰਘ 'ਹੱਟੂ' ਪਿੰਡ ਮਰ੍ਹਾਕਾ

ਬੂੜ ਸਿੰਘ
|
ਜੱਸਾ ਸਿੰਘ
|
ਨਿਧਾਨ ਸਿੰਘ 'ਹੱਟੂ'
|
ਗੁਰਬਖ਼ਸ਼ ਸਿੰਘ | ਫ਼ਤਹਿ ਸਿੰਘ | ਜੋਧ ਸਿੰਘ

ਸ: ਬੂੜ ਸਿੰਘ ਪਿੰਡ ਮਰ੍ਹਾਕੇ (ਜ਼ਿਲਾ ਲਾਹੌਰ) ਦਾ ਚੌਧਰੀ ਸੀ। ਆਹਮਦ ਸ਼ਾਹ ਅਬਦਾਲੀ ਨੇ ਤੀਸਰੇ ਹਮਲੇ ਸਮੇਂ ਪਿੰਡ ਮਰ੍ਹਾਕਾ ਸਾੜ ਦਿਤਾ ਤੇ ਵਸਨੀਕ ਕਤਲ ਕੀਤੇ। ਬੂੜ ਸਿੰਘ ਤੇ ਉਸਦਾ ਪੁੱਤਰ ਜੱਸਾ ਸਿੰਘ ਪਿੰਡ ਵਿਚ ਨਹੀਂ ਸਨ, ਇਸ ਵਾਸਤੇ ਬਚ ਗਏ‡। ਫਿਰ ਉਹ ਦੋਵੇਂ ਪਿਉ ਪੁੱਤਰ ਧਾੜਵੀ ਬਣ ਗਏ। ਬੂੜ ਸਿੰਘ ਇਕ ਧਾੜੇ ਵਿਚ ਮਾਰਿਆ ਗਿਆ। ਉਸਦੇ ਪੁਤਰ ਜੱਸਾ ਸਿੰਘ ਨੇ ਡਸਕੇ ਉੱਤੇ ਕਬਜ਼ਾ ਕਰਕੇ ਰਿਆਸਤ ਬਣਾ ਲਈ। ਉਹ ਇਕ ਲੜਾਈ ਵਿਚ ਜ਼ਖ਼ਮੀ ਹੋ ਕੇ ਕੁਛ ਚਿਰ ਪਿਛੋਂ ਮਰ ਗਿਆ। ਇਲਾਕੇ ਦਾ ਮਾਲਕ ਉਸਦਾ ਪੁੱਤਰ ਸ. ਨਿਧਾਨ ਸਿੰਘ 'ਹੱਟੂ' ਬਣਿਆਂ। ਉਸਨੇ ਮ: ਰਣਜੀਤ ਸਿੰਘ ਦੀ ਨਾਮ ਮਾਤਰ ਅਧੀਨਗੀ ਮੰਨ ਲਈ। ੧੮੧੦ ਈ. ਦੀ ਮੁਲਤਾਨ ਮੁਹਿੰਮ ਵਿਚੋਂ ਉਹ ਬਿਨਾਂ ਮਹਾਰਾਜੇ ਦੀ ਆੱਗਿਆ ਦੇ ਵਾਪਸ ਆ ਗਿਆ। ਮਹਾਰਾਜੇ ਨੇ ਏਸ ਗੱਲੋਂ ਗੁੱਸੇ ਹੋ ਕੇ ੧੮੧੦ ਈ. ਵਿਚ ਘੇਰਾ ਪਾ ਕੇ ਡਸਕਾ ਫ਼ਤਹਿ ਕਰ ਲਿਆ।

‡ ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨੇ ੬੩੩-੪।

Sri Satguru Jagjit Singh Ji eLibrary NamdhariElibrary@gmail.com

ਤੇ ਨਿਧਾਨ ਸਿੰਘ ਨੂੰ ਕੈਦ ਕਰ ਲਿਆ। ਜਨਵਰੀ, ੧੮੧੧ ਈ. ਵਿਚ ਉਸਨੂੰ ਰਿਹਾ ਕਰਕੇ ਜਾਗੀਰ ਦੇ ਦਿਤੀ ਗਈ, ਜਿਸਦੇ ਬਦਲੇ ਉਸ ਨੇ ੧੦੦ ਅਸਵਾਰ ਦੇਣੇ ਮੰਨੇ। ੧੮੪੫ ਈ. ਵਿਚ ਉਹ ਨੌਕਰੀ ਛੱਡਕੇ ਆਪਣੇ ਪੁਰਾਣੇ ਪਿੰਡ (ਮਰਾਕੇ) ਆ ਗਿਆ, ਜਿਥੇ ੧੮੫੦ ਈ. ਵਿਚ ਸੁਰਗਵਾਸ ਹੋਇਆ।

ਉਸਦਾ ਪੁੱਤਰ ਫ਼ਤਹਿ ਸਿੰਘ ਵੀ ਫ਼ੌਜ ਵਿਚ ਨੌਕਰ ਸੀ। ਦੂਸਰੇ ਸਿੱਖ ਯੁਧ ਵਿਚ ਉਹ ਅੰਗਰੇਜ਼ਾਂ ਦਾ ਵਫ਼ਾਦਾਰ ਰਿਹਾ। ਫਿਰ ਉਹ ਅੰਗਰੇਜ਼ੀ ਫ਼ੌਜ ਵਿਚ ਭਰਤੀ ਹੋ ਕੇ ਗ਼ਦਰ ਵਿਚ ਅੰਗਰੇਜ਼ਾਂ ਦੀ ਮਦਦ ਕਰਦਾ ਰਿਹਾ ਤੇ ੧੮੬੨ ਈ. ਵਿਚ ਪੈਨਸ਼ਨ ਹਾਸਲ ਕੀਤੀ। ਗੁਰਬਖ਼ਸ਼ ਸਿੰਘ ੧੮੫੩ ਈ. ਵਿਚ, ਫ਼ਤਹਿ ਸਿੰਘ ੧੮੭੫ ਈ. ਵਿਚ ਤੇ ਜੋਧ ਸਿੰਘ ੧੮੫੫ ਵਿਚ ਸੁਰਗਵਾਸ ਹੋਏ।

Sri Satguru Jagjit Singh Ji eLibrary NamdhariElibrary@gmail.com

# ਸ. ਗੁਲਾਬ ਸਿੰਘ ਪਹੂਵਿੰਡੀਆ




ਜਦ ਸਿੰਘਾਂ ਨੇ ਮੁਲਕ 'ਤੇ ਕਬਜ਼ਾ ਕੀਤਾ, ਤਾਂ ਸ: ਕਰਮ ਸਿੰਘ ਪਹੂਵਿੰਡੀਏ ਨੇ ਦੁਆਬਾ ਜਲੰਧਰ ਵਿਚ ਅੱਠ ਹਜ਼ਾਰ ਦਾ ਇਲਾਕਾ ਮੱਲ ਲਿਆ। ਉਸ ਦੇ ਪਿਛੋਂ ਉਸ ਦਾ ਪੁੱਤਰ ਗੁਲਾਬ ਸਿੰਘ ਇਲਾਕੇ ਦਾ ਮਾਲਕ ਬਣਿਆਂ। ਜਦ ਮ: ਰਣਜੀਤ ਸਿੰਘ ਨੇ ਦੁਆਬੇ 'ਤੇ ਕਬਜ਼ਾ ਕੀਤਾ, ਤਾ ਗੁਲਾਬ ਸਿੰਘ ਆਪਣੇ ਪੁਰਾਣੇ ਪਿੰਡ ਪਹੂਵਿੰਡ (ਪਹਿਲਾਂ ਜ਼ਿਲਾ ਲਾਹੌਰ ਤੇ ਪਾਕਿਸਤਾਨ ਬਣਨ ਪਿਛੋਂ ਜ਼ਿਲਾ ਅੰਮ੍ਰਿਤਸਰ) ਆ ਗਿਆ। ਮਹਾਰਾਜੇ ਨੇ ਉਸ ਨੂੰ ਘਰੋਂ ਬੁਲਾ ਕੇ ਫ਼ੌਜ ਵਿਚ ਕੁਮੇਦਾਨ ਬਣਾ ਦਿਤਾ। ਪਹੂਵਿੰਡ ਤੇ ਸਿਧਵ ਉਸ ਨੂੰ ਜਾਗੀਰ ਵਿਚ ਮਿਲ ਗਏ। ੧੮੨੬ ਈ. ਵਿਚ ਉਸਦਾ ਪੁੱਤਰ ਆਲਾ ਸਿੰਘ ਉਸਦੇ ਮਾਤਹਿਤ ਕੁਮੇਦਾਨ ਬਣਿਆਂ। ੧੮੩੯ ਈ. ਵਿਚ ਸ: ਗੁਲਾਬ ਸਿੰਘ ਨੂੰ ਜਰਨੈਲ ਦੀ ਪਦਵੀ ਮਿਲੀ।

ਸਤਲੁਜ ਯੁਧ ਸਮੇਂ ਸ: ਗੁਲਾਬ ਸਿੰਘ ਲਾਹੌਰ ਵਿਚ ਮ. ਦਲੀਪ ਸਿੰਘ ਦਾ ਰਖਵਾਲਾ ਬਣ ਕੇ ਰਿਹਾ। ਦੂਸਰੇ ਸਿੱਖ ਯੁਧ ਦੇ ਸ਼ੁਰੂ ਹੋਣ ਸਮੇਂ ਉਹ ਪਿਸ਼ਾਵਰ ਦਾ ਨਾਜ਼ਮ ਤੇ ਫ਼ੌਜ ਦਾ ਸੈਨਾਪਤੀ ਸੀ। ਉਸਨੇ ਆਪਣੇ

Sri Satguru Jagjit Singh Ji eLibrary NamdhariElibrary@gmail.com

ਪੁਤਰ—ਕਰਨੈਲ ਆਲਾ ਸਿੰਘ—ਦੀ ਮਦਦ ਨਾਲ ਫ਼ੌਜ ਨੂੰ ਬਾਗ਼ੀ ਹੋਣ ਤੋਂ ਰੋਕੀ ਰਖਿਆ। ਪਰ ਜਦ ਰਾਜਾ ਸ਼ੇਰ ਸਿੰਘ ਤੇ ਸ: ਚਤਰ ਸਿੰਘ ਬਾਗ਼ੀ ਹੋ ਗਏ, ਤਾਂ ਸ: ਗੁਲਾਬ ਸਿੰਘ ਦੀ ਫ਼ੌਜ ਵੀ ਭੜਕ ਉਠੀ। ਫ਼ੌਜ ਨੇ ਸ: ਗੁਲਾਬ ਸਿੰਘ ਤੇ ਸ: ਆਲਾ ਸਿੰਘ ਨੂੰ ਘਰੇ ਵਿਚ ਲੈ ਲਿਆ, ਤਾਂ ਮਜਬੂਰਨ ਉਹਨਾਂ ਦੋਹਾਂ ਨੂੰ ਬਾਗ਼ੀ ਹੋਣਾ ਪਿਆ*।

ਪੰਜਾਬ ਦੀ ਜ਼ਬਤੀ ਸਮੇਂ ਸ: ਗੁਲਾਬ ਸਿੰਘ, ਆਲਾ ਸਿੰਘ ਤੇ ਲਹਿਣਾ ਸਿੰਘ ਦੀਆਂ ਜਾਗੀਰਾਂ ਕਾਇਮ ਰਹੀਆਂ। ਗੁਲਾਬ ਸਿੰਘ ਤੇ ਆਲਾ ਸਿੰਘ ੧੮੫੪ ਈ. ਵਿਚ ਤੇ ਲਹਿਣਾ ਸਿੰਘ ੧੮੫੬ ਈ. ਵਿਚ ਸੁਰਗਵਾਸ ਹੋਏ।

* ਵੇਖੋ 'ਸਿੱਖਰਾਜ ਕਿਵੇਂ ਗਿਆ ?'; ਮਗਰ ਰਊਸਾ-ਏ-ਪੰਜਾਬ, (ਹਿੱਸਾ ਪਹਿਲਾ, ਪੰਨਾ ੫੯੩) ਦਾ ਕਰਤਾ ਲਿਖਦਾ ਹੈ, ਕਿ ਉਹ ਫ਼ੌਜ ਦੇ ਕੈਦੀ ਰਹੇ।

Sri Satguru Jagjit Singh Ji eLibrary NamdhariElibrary@gmail.com

# ਸ. ਧੰਨਾ ਸਿੰਘ 'ਮਲਵਈ'

ਮੱਲ ਸਿੰਘ
|
ਧੰਨਾ ਸਿੰਘ 'ਮਲਵਈ'
|
ਬਚਿੱਤਰ ਸਿੰਘ — ਹੁਕਮ ਸਿੰਘ
|
ਕਿਰਪਾਲ ਸਿੰਘ
|
ਸਰੂਪ ਸਿੰਘ

ਪਿੰਡ ਮੋਰਾਂ (ਰਿਆਸਤ ਨਾਭਾ) ਦਾ ਸ: ਧੰਨਾ ਸਿੰਘ 'ਮਲਵਈ' ੧੭੯੩ ਈ. ਵਿਚ ਸ: ਸਾਹਿਬ ਸਿੰਘ ਗੁਜਰਾਤ ਕੋਲ ਨੌਕਰ ਹੋਇਆ। ੧੮੦੦ ਈ. ਵਿਚ ਉਹ ਫ਼ਤਹਿ ਸਿੰਘ ਕਾਲਿਆਂਵਾਲੇ ਦੀ ਫ਼ੌਜ ਵਿਚ ਆ ਗਿਆ। ੧੮੦੭ ਈ. ਵਿਚ ਸ: ਫ਼ਤਹਿ ਸਿੰਘ ਸੁਰਗਵਾਸ ਹੋ ਗਿਆ, ਤਾਂ ਧੰਨਾ ਸਿੰਘ ਮਹਾਰਾਜੇ ਦੀ ਫ਼ੌਜ ਵਿਚ ਆਣ ਨੌਕਰ ਹੋਇਆ। ਉਹ ਕਸੂਰ ਸਾਹੀਵਾਲ, ਅਟਕ, ਮੁਲਤਾਨ, ਕਸ਼ਮੀਰ, ਮਾਨਕੇਰਾ ਆਦਿ ਲੜਾਈਆਂ ਵਿਚ ਬੜੀ ਬਹਾਦਰੀ ਨਾਲ ਲੜਿਆ†। ਜ਼ਿਲਾ ਜਿਹਲਮ ਵਿਚ ਉਸਨੂੰ ਤੇਤੀ ਹਜ਼ਾਰ ਦੀ ਜਾਗੀਰ ਮਿਲੀ। ਉਹਨੇ ਮਹਾਰਾਜੇ ਕੋਲ ਬੇਨਤੀ ਕੀਤੀ, ਕਿ ਉਸਦਾ ਜੱਦੀ ਪਿੰਡ 'ਮੋਰਾਂ' ਉਸ ਨੂੰ ਜਾਗੀਰ ਵਜੋਂ ਦਿਤਾ ਜਾਏ। ਮਹਾਰਾਜੇ ਨੇ ੧੮੧੯ ਈ. ਵਿਚ ਨਾਭੇ ਦੇ ਰਾਜੇ ਨੂੰ ਕਹਿਕੇ ਪਿੰਡ ਮੋਰਾਂ ਸ:

† ਰਓਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨੇ ੫੭੧-੨।

Sri Satguru Jagjit Singh Ji eLibrary NamdhariElibrary@gmail.com

ਧੰਨਾ ਸਿੰਘ ਨੂੰ ਜਾਗੀਰ ਵਜੋਂ ਦੁਆ ਦਿਤਾ‡। ਉਹ ੧੮੪੩ ਈ. ਵਿਚ ਸੁਰਗਵਾਸ ਹੋਇਆ। ਤਾਂ ਮੋਰਾਂ ਦੀ ਜਾਗੀਰ ਜ਼ਬਤ ਹੋ ਗਈ।

ਉਸਦਾ ਵੱਡਾ ਪੁੱਤਰ—ਬਚਿੱਤਰ ਸਿੰਘ—੧੮੨੭ ਈ. ਵਿਚ ਭਰਤੀ ਹੋਇਆ ਤੇ ੧੮੪੦ ਈ. ਵਿਚ ਹੀ ਮਰ ਗਿਆ। ਸ: ਧੰਨਾ ਸਿੰਘ ਦੇ ਦੂਸਰੇ ਪੁੱਤਰ—ਹੁਕਮ ਸਿੰਘ ਨੂੰ ੧੮੪੧ ਈ. ਵਿਚ ਜਾਗੀਰ ਮਿਲੀ। ਉਹ ਸਭਰਾਵਾਂ ਦੀ ਲੜਾਈ ਵਿਚ ਮਾਰਿਆ ਗਿਆ। ਜਾਇਦਾਦ ਦਾ ਵਾਰਸ ਸ: ਬਚਿੱਤਰ ਸਿੰਘ ਦਾ ਪੁੱਤਰ ਕਿਰਪਾਲ ਸਿੰਘ ਰਹਿ ਗਿਆ। ਵਜ਼ੀਰ ਲਾਲ ਸਿੰਘ ਨੇ ੬੦ ਅਸਵਾਰਾਂ ਬਦਲੇ ੨੫੦੦੦ ਦੀ ਜਾਗੀਰ ਕਿਰਪਾਲ ਸਿੰਘ ਦੇ ਨਾਮ ਰਹਿਣ ਦਿਤੀ ਤੇ ਬਾਕੀ ਜ਼ਬਤ ਕਰ ਲਈ।

ਮੁਲਤਾਨ ਬਗ਼ਾਵਤ ਸਮੇਂ ਕਿਰਪਾਲ ਸਿੰਘ ਰਾਜਾ ਸ਼ੇਰ ਸਿੰਘ ਦੇ ਨਾਲ ਸੀ। ਜਦੋਂ ਮਗਰਲਾ ਬਾਗ਼ੀ ਹੋ ਗਿਆ, ਤਾਂ ਕਿਰਪਾਲ ਸਿੰਘ ਐਡ-ਵਾਰਡਸ ਦੇ ਡੇਰੇ ਵਿਚ ਚਲਾ ਗਿਆ। ਪੰਜਾਬ ਦੀ ਜ਼ਬਤੀ ਸਮੇਂ ਉਸਦੀ ਜਾਗੀਰ ੧੧੦੦੦ ਰੁਪੈ ਸਾਲਾਨਾ ਜ਼ਿੰਦਗੀ ਤਕ ਤੇ ੫੦੦੦ ਰੁਪੈ ਸਾਲਾਨਾ ਪੱਕੀ ਕਾਇਮ ਰਹੀ। ਉਹ ੧੮੫੯ ਈ. ਵਿਚ ਮਰਿਆ।

---

‡ ਪੰਜਾਬ ਰਾਜਾਜ਼ (The Rajas of the Punjab, by Lepel H. Griffin, 1870) ਪੰਨੇ ੪੪੨-੩।

Sri Satguru Jagjit Singh Ji eLibrary NamdhariElibrary@gmail.com

# ਸ. ਧੰਨਾ ਸਿੰਘ 'ਬੁਤਾਲੀਆ'




ਸ: ਧੰਨਾ ਸਿੰਘ (ਪਿੰਡ ਬੁਤਾਲਾ, ਜ਼ਿਲਾ ਅੰਮ੍ਰਿਤਸਰ) ਨੇ ਸੁਕਰ-ਚਕੀਏ ਸ: ਨੌਧ ਸਿੰਘ ਤੇ ਫਿਰ ਸ: ਚੜ੍ਹਤ ਸਿੰਘ ਦੀ ਨੌਕਰੀ ਕੀਤੀ। ਉਹ ੧੭੬੫ ਈ. ਵਿਚ ਸੁਰਗਵਾਸ ਹੋਇਆ। ਉਸ ਤੋਂ ਪਿਛੋਂ ਉਹਦੇ ਪੁੱਤਰ —ਦੀਵਾਨ ਸਿੰਘ ਤੇ ਹੈਬਾ ਸਿੰਘ—ਨੌਕਰੀ ਕਰਦੇ ਰਹੇ। ਦੀਵਾਨ ਸਿੰਘ ਨੂੰ ਸ: ਮਹਾਂ ਸਿੰਘ ਨੇ ਇਕ ਹਜ਼ਾਰ ਸਾਲਾਨਾ ਨਕਦ ਵਜ਼ੀਫ਼ਾ ਦਿਤਾ। ਦੀਵਾਨ ਸਿੰਘ ਨੂੰ ਉਸਦੇ ਭਤੀਜੇ ਰਤਨ ਸਿੰਘ ਨੇ ਕਤਲ ਕਰ ਦਿਤਾ*।

ਸ: ਦੀਵਾਨ ਸਿੰਘ ਦੇ ਪੁੱਤਰਾਂ ਵਿਚੋਂ ਸ਼ਾਮ ਸਿੰਘ ਨੇ ਕੁੰਜਾਹ ਦੇ ਇਲਾਕੇ ਵਿਚ ਪੰਜਾਹ ਹਜ਼ਾਰ ਦੀ ਜਾਗੀਰ ਪ੍ਰਾਪਤੀ ਕੀਤੀ। ਕੁੰਜਾਹ ਤੋਂ ਉਹਦਾ ਲਕਬ 'ਕੰਜਾਹੀਆ' ਪੈ ਗਿਆ। ਉਹ ੧੮੧੩ ਈ. ਵਿਚ ਇਕ ਲੜਾਈ ਅੰਦਰ ਮਾਰਿਆ ਗਿਆ।

---

* ਰਊਸਾ-ਏ-ਪੰਜਾਬ, ਹਿੱਸਾ ਦੂੱਜਾ, ਪੰਨਾ ੧੧੧।

Sri Satguru Jagjit Singh Ji eLibrary NamdhariElibrary@gmail.com

ਝੰਡਾ ਸਿੰਘ ਤੇ ਗੰਡਾ ਸਿੰਘ ਵੀ ਫ਼ੌਜ ਵਿਚ ਨੌਕਰ ਸਨ। ਮ: ਸ਼ੇਰ ਸਿੰਘ ਦੇ ਸਮੇਂ ਉਹਨਾਂ ਨੂੰ ਕਾਫ਼ੀ ਤਰੱਕੀ ਮਿਲੀ। ਮੁਲਤਾਨ ਬਗ਼ਾਵਤ ਸਮੇਂ ਸ: ਝੰਡਾ ਸਿੰਘ ਨੂੰ ਹਜ਼ਾਰੇ ਭੇਜਿਆ ਗਿਆ, ਕਿ ਉਹ ਸ: ਚਤਰ ਸਿੰਘ ਨੂੰ ਸਮਝਾਕੇ ਬਗ਼ਾਵਤ ਤੋਂ ਰੋਕੇ। ਪਰ ਜਦ ਸ: ਚਤਰ ਸਿੰਘ ਬਾਗ਼ੀ ਹੋ ਗਿਆ, ਤਾਂ ਅੰਗਰੇਜ਼ਾਂ ਨੇ ਸ: ਝੰਡਾ ਸਿੰਘ ਤੇ ਵੀ ਸ਼ੱਕ ਕਰਕੇ ਉਸਨੂੰ ਲਾਹੌਰ ਬੁਲਾ ਕੇ ਕੈਦ ਕਰ ਦਿਤਾ। ਪੰਜਾਬ ਜ਼ਬਤੀ ਸਮੇਂ ਉਸ ਨੂੰ ਕੁਛ ਜਾਗੀਰ ਉਮਰ ਭਰ ਲਈ ਮਿਲੀ।

Sri Satguru Jagjit Singh Ji eLibrary NamdhariElibrary@gmail.com

# ਸ. ਜੈ ਸਿੰਘ 'ਮਨਿਹਾਲਾ'




ਮਨਿਹਾਲਾ ਜ਼ਿਲਾ ਲਾਹੌਰ (ਹੁਣ ਜ਼ਿਲਾ ਅੰਮ੍ਰਿਤਸਰ) ਦੇ ਚੌਧਰੀ ਬੁਲਾਕੀ ਦੇ ਪੁਤਰ—ਉਤਮ ਸਿੰਘ ਤੇ ਗੋਧਾ ਸਿੰਘ—ਸ: ਹਰੀ ਸਿੰਘ ਭੰਗੀ ਦੇ ਨੌਕਰ ਸਨ। ਜੰਮੂੰ ਦੇ ਰਾਜੇ ਰਣਜੀਤ ਦੇਵ ਨੇ ਇਕ ਵਾਰ ਸਿਆਲਕੋਟ ਦੇ ਨੇੜੇ ਇਕ ਛੋਟੇ ਜੇਹੇ ਕਿਲ੍ਹੇ ਵਿਚ ਉਤਮ ਸਿੰਘ ਨੂੰ ਘੇਰ ਲਿਆ। ਗੋਧਾ ਸਿੰਘ ਨੇ ਹੋਰ ਕੋਈ ਚਾਰਾ ਨਾ ਵੇਖਕੇ ਬਾਹਰ ਦੇ ਘੋੜੇ ਖੁੱਲ੍ਹੇ ਛੱਡ ਦਿਤੇ। ਉਹਨਾਂ ਦੇ ਅਵਾਰਾ ਭੱਜਣ ਭੂੜਕਣ ਤੋਂ ਡਰਕੇ ਵੈਰੀ ਭੱਜ ਗਏ। ਸ: ਹਰੀ ਸਿੰਘ ਨੇ ਸੁਣਿਆਂ, ਤਾਂ ਹੱਸ ਕੇ ਕਿਹਾ, "ਗੋਧਾ ਸਿੰਘ ਤਾਂ ਕਮਲਾ ਹੈ।"

Sri Satguru Jagjit Singh Ji eLibrary NamdhariElibrary@gmail.com

ਏਸੇ ਗੱਲੋਂ ਉਸਦਾ ਤੇ ਉਸ ਦੇ ਘਰਾਣੇ ਦਾ ਲਕਬ 'ਕਮਲਾ' ਪੈ ਗਿਆ।† ਏਸੇ ਕਾਰਨ ਉਹਦਾ ਪਿੰਡ ਅੱਜ ਤਕ 'ਕਮਲਿਆਂ ਦਾ ਮਨਿਹਾਲਾ' ਅਖਵਾ-ਉਂਦਾ ਹੈ। ਸ: ਗੋਧਾ ਸਿੰਘ ਬਿਨਾਂ ਔਲਾਦ ਦੇ ਮਰਿਆ, ਤਾਂ ਸਾਰੀ ਜਾਗੀਰ ਦਾ ਮਾਲਕ ਉਤਮ ਸਿੰਘ ਬਣਿਆਂ। ਉਹ ੧੮੦੩ ਈ. ਵਿਚ ਮਰ ਗਿਆ। ਉਸਦੇ ਵੱਡੇ ਦੋਵੇਂ ਪੁੱਤਰ ਪਹਿਲਾਂ ਹੀ ਮਰ ਚੁੱਕੇ ਸਨ। ਸੋ ਜਾਗੀਰ ਦਾ ਵਾਰਸ ਛੋਟਾ ਪੁਤਰ ਜੈ ਸਿੰਘ ਬਣਿਆਂ।

ਸ: ਜੈ ਸਿੰਘ ਨੇ ਮਹਾਰਾਜੇ ਦੀ ਫ਼ੌਜ ਵਿਚ ਤਰੱਕੀ ਕਰਕੇ ਚਾਲੀ ਹਜ਼ਾਰ ਦੀ ਸਾਲਾਨਾ ਜਾਗੀਰ ਹਾਸਲ ਕੀਤੀ। ੧੮੧੭ ਈ. ਵਿਚ ਉਸਨੂੰ ਫ਼ੌਜੀ ਨੌਕਰੀ ਤੋਂ ਹਟਾ ਕੇ ਅੰਮ੍ਰਿਤਸਰ ਦਾ ਜੱਜ ਨੀਯਤ ਕਰ ਦਿਤਾ। ਏਸ ਤਰਾਂ ਉਹ ਦੇ ਕੋਲ ੧੬ ਹਜ਼ਾਰ ਦੀ ਜਾਗੀਰ ਤੇ ਅੱਠ ਹਜ਼ਾਰ ਨਕਦ ਤਨਖ਼ਾਹ ਰਹਿ ਗਈ। ਉਹ ੧੮੨੭ ਈ. ਵਿਚ ਸੁਰਗਵਾਸ ਹੋਇਆ।

ਉਸਦਾ ਵੱਡਾ ਪੁੱਤਰ ਮੰਗਲ ਸਿੰਘ ਵੀ ਫ਼ੌਜ ਵਿਚ ਸੀ। ਉਹ ਮਾਨਕੇਰਾ ਦੀ ਲੜਾਈ (੧੮੨੨ ਈ.) ਵਿਚ ਮਾਰਿਆ ਗਿਆ, ਤਾਂ ਜਾਗੀਰ ਉਸਦੇ ਪੁੱਤਰ ਵੀਰ ਸਿੰਘ ਦੇ ਨਾਂ ਹੋ ਗਈ।

ਜੈਮਲ ਸਿੰਘ 'ਚਾਰ ਯਾਰੀ ਰਸਾਲੇ' ਵਿਚ ਅਫ਼ਸਰ ਸੀ ਤੇ ਉਸਨੂੰ ਵਖਰੀ ਜਾਗੀਰ ਮਿਲੀ ਹੋਈ ਸੀ। ਅਮਰ ਸਿੰਘ ਕੋਲ ਵੀ ੮ ਹਜ਼ਾਰ ਦੀ ਜਾਗੀਰ ਸੀ। ਚੁਗਿਤਰਾ ਸਿੰਘ ਵੰਤੂਰਾ ਦੇ ਬ੍ਰਿਗੇਡ ਵਿਚ ਕਰਨੈਲ ਸੀ। ਸ਼ੇਰ ਸਿੰਘ ਤੇ ਬੂਟਾ ਸਿੰਘ ਵੀ ਫ਼ੌਜ ਵਿਚ ਸਨ। ਦੂਸਰੇ ਸਿੱਖ ਯੁਧ ਵਿਚ ਇਹ ਘਰਾਣਾ ਬਾਗ਼ੀ ਹੋ ਗਿਆ, ਸੋ ਪੰਜਾਬ ਦੀ ਜ਼ਬਤੀ ਸਮੇਂ ਸਭ ਕੁਛ ਜ਼ਬਤ ਹੋ ਗਿਆ। ਸਿਰਫ਼ ਜੈਮਲ ਸਿੰਘ ਨੂੰ ਦੋ ਹਜ਼ਾਰ ਦੀ ਸਾਲਾਨਾ ਜਾਗੀਰ ਜ਼ਿੰਦਗੀ ਤਕ ਮਿਲੀ, ਜੋ ੧੮੫੨ ਈ. ਵਿਚ ਉਸਦੇ ਮਰਨ ਨਾਲ ਜ਼ਬਤ ਹੋ ਗਈ।

---

† ਰਉਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੫੩੩।

Sri Satguru Jagjit Singh Ji eLibrary NamdhariElibrary@gmail.com

# ਸ. ਜੈ ਸਿੰਘ ਕੋਟ ਸੈਦ ਮਾਹਮੂਦ




ਸ: ਜੈ ਸਿੰਘ ਸੰਧੂ ਜੱਟ (ਪਿੰਡ ਕੋਟ ਸੈਦ ਮਾਹਮੂਦ—ਹੁਣ ਕੋਟ ਖਾਲਸਾ—ਅੰਮ੍ਰਿਤਸਰ ਦੇ ਕੋਲ) ਸ: ਗੁਲਾਬ ਸਿੰਘ ਭੰਗੀ ਦਾ ਨੌਕਰ ਸੀ। ਫਿਰ ਉਹ ਮਹਾਰਾਜੇ ਦਾ ਨੌਕਰ ਹੋ ਗਿਆ। ਉਸਦੀ ਪੁੱਤਰੀ—ਰੂਪ ਕੌਰ—ਦੀ ਸ਼ਾਦੀ ਮਹਾਰਾਜਾ ਰਣਜੀਤ ਸਿੰਘ ਨਾਲ ੧੮੧੫ ਈ. ਵਿਚ ਹੋਈ‡।

ਸ: ਚੜ੍ਹਤ ਸਿੰਘ ਫ਼ੌਜ ਵਿਚ ਕੁਮੇਦਾਨ ਸੀ। ਉਹ ਸੱਯਦ ਆਹਮਦ ਨਾਲ ਲੜਕੇ ਸਖ਼ਤ ਜ਼ਖ਼ਮੀ ਹੋਇਆ। ਭੂਪ ਸਿੰਘ ਵੀ ਫ਼ੌਜੀ ਅਫ਼ਸਰ ਸੀ। ਉਹ ੧੮੪੦ ਈ. ਵਿਚ ਖ਼ੈਬਰ ਦੇ ਇਲਾਕੇ ਅੰਦਰ ਮਾਰਿਆ ਗਿਆ।

ਦੂਸਰੇ ਸਿੱਖ ਯੁਧ ਵਿਚ ਇਸ ਘਰਾਣੇ ਦੇ ਬਹੁਤੇ ਆਦਮੀ ਬਾਗ਼ੀ ਹੋ ਗਏ, ਸੋ ਜਾਗੀਰਾਂ ਜ਼ਬਤ ਹੋ ਗਈਆਂ। ਰਾਣੀ ਰੂਪ ਕੌਰ ਨੂੰ ਪੰਜਾਬ ਦੀ ਜ਼ਬਤੀ ਸਮੇਂ ੧੬੮੦ ਰੁਪੈ ਪੈਨਸ਼ਨ ਮਿਲੀ। ੧੮੭੮ ਈ. ਵਿਚ ਉਹ ਸੁਰਗ-ਵਾਸ ਹੋ ਗਈ, ਤਾਂ ਪੈਨਸ਼ਨ ਜ਼ਬਤ ਹੋ ਗਈ।

---

‡ ਰਊਸਾ-ਏ-ਪੰਜਾਬ, (ਹਿੱਸਾ ਪਹਿਲਾ, ਪੰਨਾ ੮੭੫) ਦਾ ਕਰਤਾ ਸੰਨ ੧੮੦੯ ਈ. ਲਿਖਦਾ ਹੈ।

Sri Satguru Jagjit Singh Ji eLibrary NamdhariElibrary@gmail.com

# ਸ. ਹੁਕਮਾ ਸਿੰਘ 'ਚਿਮਨੀ'

- ਰਾਮ ਸਿੰਘ
  - ਹੁਕਮਾ ਸਿੰਘ 'ਚਿਮਨੀ'
    - ਸ਼ੇਰ ਸਿੰਘ
      - ਲਹਿਣਾ ਸਿੰਘ
      - ਠਾਕਰ ਸਿੰਘ
    - ਮਿਹਰ ਸਿੰਘ
    - ਅਮਰ ਸਿੰਘ
    - ਕਿਸ਼ਨ ਸਿੰਘ

ਸ: ਰਾਮ ਸਿੰਘ ਇਸ ਘਰਾਣੇ ਦਾ ਪਹਿਲਾ ਅੰਮ੍ਰਿਤਧਾਰੀ ਸਿੱਖ ਸੀ। ਉਹ ਭੇਰਾ ਛੱਡ ਕੇ ਗੁਜਰਾਂਵਾਲੇ ਆ ਵੱਸਿਆ ਤੇ ਸ: ਚੜਤ ਸਿੰਘ ਦੀ ਘੋੜ-ਸਵਾਰ ਫ਼ੌਜ ਵਿਚ ਭਰਤੀ ਹੋ ਗਿਆ। ਉਹ ਇਕ ਲੜਾਈ ਵਿਚ ਮਾਰਿਆ ਗਿਆ। ਉਸ ਵੇਲੇ ਉਸਦਾ ਪੁੱਤਰ ਹੁਕਮਾ ਸਿੰਘ ਅਜੇ ਬਾਲਕ ਹੀ ਸੀ।

ਹੁਕਮ ਸਿੰਘ ਗਭਰੂ ਹੋਇਆ, ਤਾਂ ਮਹਾਂਰਾਜੇ ਦੀ ਫ਼ੋਜ ਵਿਚ ਭਰਤੀ ਹੋ ਗਿਆ। ਸਿਆਲਕੋਟ ਦੀ ਲੜਾਈ ਵਿਚ ਉਹ ਏਨਾ ਬਹਾਦਰੀ ਨਾਲ ਲੜਿਆ, ਕਿ ਮਹਾਰਾਜੇ ਨੇ ਉਸਨੂੰ ਗਲ ਨਾਲ ਲਾ ਕੇ ਕਿਹਾ, "ਇਸ ਮੇਰੇ ਚਿਮਨੇ ਜਹੇ ਜਵਾਨ ਨੇ ਤਾਂ ਵੱਡੇ ਵੱਡੇ ਕੱਦਾਂ ਵਾਲਿਆਂ ਦੇ ਮੂੰਹ ਭੂਆ ਛੱਡੇ ਨੇ।"। ਓਥੋਂ ਹੀ ਉਹਦੀ ਅੱਲ 'ਹੁਕਮਾ ਸਿੰਘ ਚਿਮਨੀ' ਪੈ ਗਈ। ਉਹ ਕੱਦ ਦਾ ਮਧਰਾ ਤੇ ਬੜਾ ਫੁਰਤੀਲਾ ਸੀ। ਉਹ ਕੁਛ ਚਿਰ ਇਲਾਕਾ ਅਟਕ ਦਾ ਤੇ ਕੁਛ ਚਿਰ ਹਜ਼ਾਰੇ ਦਾ ਨਾਜ਼ਮ ਵੀ ਰਿਹਾ। ਅਖ਼ੀਰ ਉਮਰ ਵਿਚ

Sri Satguru Jagjit Singh Ji eLibrary NamdhariElibrary@gmail.com

ਉਸਦੀ ਜਾਗੀਰ ੩ ਲੱਖ ਸਾਲਾਨਾ ਤੋਂ ਵਧੇਰੇ ਸੀ* । ਉਸ ਦੇ ਮਰਨ 'ਤੇ ਉਸਦੀ ਔਲਾਦ ਵਿਚ ਝਗੜਾ ਪੈ ਗਿਆ, ਸੋ ਜਾਗੀਰ ਜ਼ਬਤ ਹੋ ਗਈ।

ਉਸਦਾ ਵੱਡਾ ਪੁੱਤਰ ਸ: ਸ਼ੇਰ ਸਿੰਘ ਰਸਾਲੇ ਵਿਚ ਕੁਮੇਦਾਨ ਸੀ ਤੇ ਪੰਜ ਸੌ ਰੁਪੈ ਮਹੀਨਾ ਲੈਂਦਾ ਸੀ। ਮਿਹਰ ਸਿੰਘ ਤੇ ਅਮਰ ਸਿੰਘ ਵੀ ਕੁਮੇਦਾਨ ਸਨ। ਸ਼ੇਰ ਸਿੰਘ ਸਭਰਾਵਾਂ ਦੀ ਲੜਾਈ ਵਿਚ ਮਾਰਿਆ ਗਿਆ ਫਿਰ ਉਸ ਦੇ ਪੁੱਤਰ ਲਹਿਣਾ ਸਿੰਘ ਨੂੰ ੧੧੪੯ ਰੁਪੈ ਦੀ ਜਾਗੀਰ ਮਿਲੀ।

* ਰਊਸਾ-ਏ-ਪੰਜਾਬ, ਹਿੱਸਾ ਦੂਜਾ, ਪੰਨਾ ੨੨੪ ।

Sri Satguru Jagjit Singh Ji eLibrary NamdhariElibrary@gmail.com

# ਭਾਈ ਗੁਰਮੁਖ ਸਿੰਘ

- ਭਾਈ ਰਾਮ ਸਿੰਘ
  - ਭਾਈ ਸੂਰਤ ਸਿਘ
    - ਗੁਰਦਾਸ ਸਿੰਘ
      - ਸ਼ੇਰ ਸਿੰਘ
    - ਸੰਤ ਸਿੰਘ
      - ਜੋਧ ਸਿੰਘ
      - ਗੁਰਮੁਖ ਸਿੰਘ
        - ਪ੍ਰਦੁਮਨ ਸਿੰਘ
          - ਗੁਰਬਖ਼ਸ਼ ਸਿੰਘ
        - ਮਧਸੂਦਨ ਸਿੰਘ
        - ਲਹਿਣਾ ਸਿੰਘ
        - ਅਰਜਨ ਸਿੰਘ
          - ਜਵਾਹਰ ਸਿੰਘ
      - ਦੇਵਾ ਸਿੰਘ

ਇਸ ਘਰਾਣੇ ਦੇ ਬਜ਼ੁਰਗ ਚਨਿਓਟ ਰਹਿੰਦੇ ਸਨ। ਭਾਈ ਰਾਮ ਸਿੰਘ ਸ਼ਿੱਖੀ ਦਾ ਪਰਚਾਰਕ ਸੀ। ਉਸਦੇ ਪਿਛੋਂ ਉਸਦਾ ਪੁੱਤਰ ਭਾਈ ਸੂਰਤ ਸਿੰਘ ਸਿੱਖੀ ਦਾ ਪਰਚਾਰ ਕਰਨ ਲੱਗਾ। ਇਲਾਕੇ ਦੀ ਮੁਸਲਮਾਨ ਹਕੂਮਤ ਨੇ ਉਸਨੂੰ ਗ੍ਰਿਫ਼ਤਾਰ ਕਰਨਾ ਚਾਹਿਆ, ਤਾਂ ਉਹ ਚਨਿਓਟ ਛੱਡਕੇ ਅੰਮ੍ਰਿਤਸਰ ਆ ਵੱਸਿਆ। ਏਥੇ ਉਹ 'ਹਰਿਮੰਦਰ' ਸਾਹਿਬ ਦਾ ਮਹੰਤ ਬਣ ਗਿਆ। ਜਲੰਧਰ ਦੇ ਇਲਾਕੇ ਵਿਚ ਉਸਨੇ ਕੁਛ ਜਾਗੀਰ ਵੀ ਬਣਾ ਲਈ, ਜਿਸਦਾ ਮਾਲਕ ਪਿਛੋਂ ਉਸਦਾ ਪੁੱਤਰ ਸੰਤ ਸਿੰਘ ਬਣਿਆਂ। ਜਦ ਸ਼ੇਰੇ-ਪੰਜਾਬ ਨੇ ਦੁਆਬੇ 'ਤੇ ਕਬਜ਼ਾ ਕੀਤਾ, ਤਾਂ ਉਸਦੀ ਜਾਗੀਰ ਕਾਇਮ ਰਹਿਣ ਦਿਤੀ।

Sri Satguru Jagjit Singh Ji eLibrary NamdhariElibrary@gmail.com

ਗੁਰਦਾਸ ਸਿੰਘ ਤਾਂ 'ਹਰਿਮੰਦਰ' ਸਾਹਿਬ ਦਾ ਮਹੰਤ ਬਣ ਗਿਆ ਤੇ ਸੰਤ ਸਿੰਘ ਮਹਾਰਾਜੇ ਦੀ ਫੌਜ ਵਿਚ ਭਰਤੀ ਹੋ ਗਿਆ। ਮਾਨਕੇਰਾ ਦੀ ਮੁਹਿੰਮ ਸਮੇਂ ਉਸਨੂੰ ੬੯੦੦ ਰੁਪੈ ਦੀ ਜਾਗੀਰ ਮਿਲੀ। ਗੁਰਦਾਸ ਸਿੰਘ ਦੇ ਸੁਰਗਵਾਸ ਹੋਣ ਪਿਛੋਂ ਸੰਤ ਸਿੰਘ ਨੌਕਰੀ ਛੱਡ ਕੇ 'ਹਰਿਮੰਦਰ' ਸਾਹਿਬ ਦਾ ਮਹੰਤ ਆਣ ਬਣਿਆਂ।

ਉਸਦਾ ਪੁੱਤਰ ਭਾਈ ਗੁਰਮੁਖ ਸਿੰਘ ਸ਼ਾਹੀ ਦਰਬਾਰ ਵਿਚ ਨੌਕਰ ਹੋ ਗਿਆ। ਉਸਦੀ ਭਾਈ ਰਾਮ ਸਿੰਘ ਨਾਲ ਸਖ਼ਤ ਵਿਰੋਧਤਾ ਸੀ। ਮ: ਨੌਨਿਹਾਲ ਸਿੰਘ ਦੇ ਕਤਲ ਪਿਛੋਂ ਭਾਈ ਗੁਰਮੁਖ ਸਿੰਘ ਮ: ਸ਼ੇਰ ਸਿੰਘ ਦਾ ਤਰਫ਼ਦਾਰ ਬਣ ਗਿਆ ਤੇ ਜਾਗੀਰ ਪਰਾਪਤ ਕੀਤੀ। ਉਹ ਸੰਧਾਵਾਲੀਆਂ ਦਾ ਮਦਦਗਾਰ ਤੇ ਡੋਗਰਿਆਂ ਦਾ ਵਿਰੋਧੀ ਸੀ। ਰਾਜਾ ਧਿਆਨ ਸਿੰਘ ਦੇ ਦੇ ਕਤਲ ਵਿਚ ਉਹ ਸੰਧਾਵਾਲੀਆਂ ਦੇ ਨਾਲ ਸੀ। ਰਾਜਾ ਹੀਰਾ ਸਿੰਘ ਨੇ ਵਜ਼ੀਰ ਬਣਕੇ ਗਿਆਨੀ ਗੁਰਮੁਖ ਸਿੰਘ ਨੂੰ ਕਤਲ ਕਰਾ ਦਿਤਾ (੧੮੪੩ ਈ.) ਤੇ ਉਸ ਘਰਾਣੇ ਦੀਆਂ ਸਭ ਜਾਗੀਰਾਂ ਜ਼ਬਤ ਕਰ ਲਈਆਂ। ਉਸਦੇ ਪੁੱਤਰਾਂ ਨੂੰ ਅੰਮ੍ਰਿਤਸਰ ਕੈਦ ਕਰਕੇ ਬੜੇ ਤਸੀਹੇ ਦਿੱਤੇ ਗਏ। ਪ੍ਰਦੁਮਨ ਸਿੰਘ ਤੇ ਅਰਜਨ ਸਿੰਘ ਨੱਸ ਕੇ ਲੁਧਿਆਣੇ ਚਲੇ ਗਏ। ਰਾਜਾ ਹੀਰਾ ਸਿੰਘ ਦੇ ਕਤਲ ਹੋਣ ਪਿਛੋਂ ਉਹ ਵਾਪਸ ਆਏ ਤੇ ੫੪੮੮ ਰੁਪੈ ਦੀ ਜਾਗੀਰ ਫਿਰ ਪ੍ਰਾਪਤ ਕੀਤੀ। ੧੮੫੩ ਈ. ਵਿਚ ਪ੍ਰਦੁਮਨ ਸਿੰਘ 'ਹਰਿਮੰਦਰ' ਸਾਹਿਬ ਦਾ ਪ੍ਰਬੰਧਕ ਬਣਿਆਂ। ਪੰਜਾਬ ਦੀ ਜ਼ਬਤੀ ਸਮੇਂ ਜਾਗੀਰ ਕਾਇਮ ਰਹੀ।

ਅਰਜਨ ਸਿੰਘ ੧੮੬੩ ਈ. ਵਿਚ, ਮਧਸੂਦਨ ਸਿੰਘ ੧੮੬੪ ਈ. ਵਿਚ ਤੇ ਪ੍ਰਦੁਮਨ ਸਿੰਘ ੧੮੭੫ ਈ. ਵਿਚ ਸੁਰਗਵਾਸ ਹੋਏ।

† ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੭੨੭।

Sri Satguru Jagjit Singh Ji eLibrary NamdhariElibrary@gmail.com

# ਭਾਈ ਰਾਮ ਸਿੰਘ




ਭਾਈ ਰਾਮ ਸਿੰਘ ੧੮੦੩ ਈ. ਵਿਚ ਲਾਹੌਰ ਦਰਬਾਰ ਅੰਦਰ ਆਇਆ। ਲੜਾਈ ਵਿਚ ਉਸਦਾ ਡੇਰਾ ਮਹਾਰਾਜੇ ਦੇ ਕੋਲ ਹੁੰਦਾ ਸੀ। ਕੰਵਰ ਨੌਨਿਹਾਲ ਸਿੰਘ ਨੇ ਭਾਈ ਰਾਮ ਸਿੰਘ ਤੋਂ ਅੰਮ੍ਰਿਤ ਛਕਿਆ। ਮ: ਨੌਨਿਹਾਲ ਸਿੰਘ ਦੇ ਮਰਨ ਪਿਛੋਂ ਭਾਈ ਰਾਮ ਸਿੰਘ ਚੰਦ ਕੌਰ ਵੱਲ ਤੇ ਗਿਆਨੀ ਗੁਰਮੁਖ ਸਿੰਘ ਕੰਵਰ ਸ਼ੇਰ ਸਿੰਘ ਵੱਲ ਸੀ। ਗੁਰਮੁਖ ਸਿੰਘ ਦੇ ਕਤਲ ਹੋਣ ਪਿਛੋਂ ਭਾਈ ਰਾਮ ਸਿੰਘ ਦੀ ਤਾਕਤ ਵਧ ਗਈ। ਉਹ ਅੰਗਰੇਜ਼ਾਂ ਨਾਲ ਲੜਾਈ ਛੇੜਨ ਦੇ ਹੱਕ ਵਿਚ ਨਹੀਂ ਸੀ‡। ਉਹ ਨਵੰਬਰ

‡ ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੪੪੭।

Sri Satguru Jagjit Singh Ji eLibrary NamdhariElibrary@gmail.com

੧੮੪੬ ਈ. ਵਿਚ ਸੁਰਗਵਾਸ ਹੋਇਆ।

ਉਸਦੀ ਥਾਂ ਉਸਦਾ ਭਤੀਜਾ ਭਾਈ ਨਿਧਾਨ ਸਿੰਘ ਜਾਗੀਰਦਾਰ ਬਣਿਆਂ। ਭਰੋਂਵਾਲ ਦੀ ਸੁਲ੍ਹਾ ਪਿਛੋਂ ਉਹ ਰੀਜੈਂਸੀ ਕੌਂਸਲ ਦਾ ਮੈਂਬਰ ਬਣਾਇਆ ਗਿਆ। ਪੰਜਾਬ ਜ਼ਬਤੀ ਸਮੇਂ ਖ਼ਾਨਦਾਨੀ ਜਾਗੀਰ (ਕੁਛ) ਕਾਇਮ ਰਹੀ।

Sri Satguru Jagjit Singh Ji eLibrary NamdhariElibrary@gmail.com

# ਸ. ਮਿਲਖਾ ਸਿੰਘ 'ਥੇਹਪੁਰੀਆ'

ਮਿਲਖਾ ਸਿੰਘ
|
ਜੀਵਨ ਸਿੰਘ
|
ਨੰਦ ਸਿੰਘ — ਗੁਰਮੁਖ ਸਿੰਘ — ਰਾਮ ਸਿੰਘ
|
ਫ਼ਤਹਿ ਸਿੰਘ (ਨੰਦ ਸਿੰਘ ਦਾ ਪੁੱਤਰ)

ਸ: ਮਿਲਖਾ ਸਿੰਘ ਨੇ ਪਿੰਡ ਕਾਲੇਕੇ (ਜ਼ਿਲਾ ਲਾਹੌਰ) ਛਡ ਕੇ ਪਿੰਡ ਥੇਹਪੁਰ ਵਸਾਇਆ* । ਮਿਸਲ ਭੰਗੀਆਂ ਨਾਲ ਮਿਲਕੇ ਉਸਨੇ ਤਿੰਨ ਲੱਖ ਦਾ ਇਲਾਕਾ ਮੱਲਕੇ ਰਾਵਲਪਿੰਡੀ ਰਾਜਧਾਨੀ ਬਣਾਈ। ਉਸਨੂੰ 'ਥੇਹ ਪੁਰੀਆ' ਜਾਂ 'ਪਿੰਡੀਵਾਲਾ' ਕਹਿ ਕੇ ਸੱਦਦੇ ਸਨ। ਸ਼ੇਰੇ-ਪੰਜਾਬ ਉਸਦਾ ਬੜਾ ਆਦਰ ਕਰਦਾ ਸੀ। ੧੮੦੪ ਈ. ਵਿਚ ਉਹ ਸੁਰਗਵਾਸ ਹੋਇਆ, ਤਾਂ ਉਸਦਾ ਪੁੱਤਰ ਜੀਵਨ ਸਿੰਘ ਜਾਗੀਰ ਦਾ ਵਾਰਸ ਬਣਿਆਂ। ਉਹ ਮਹਾਰਾਜੇ ਦਾ ਜਾਗੀਰਦਾਰ ਫ਼ੌਜੀ ਜਰਨੈਲ ਸੀ। ਉਹ ੧੮੧੫ ਈ. ਵਿਚ ਸੁਰਗਵਾਸ ਹੋਇਆ।

ਸ: ਮਿਲਖਾ ਸਿੰਘ ਤੇ ਸ: ਜੀਵਨ ਸਿੰਘ ਦੀ ਫ਼ੌਜ ਸ: ਅਤਰ ਸਿੰਘ ਸੰਧਾਵਾਲੀਏ ਦੇ ਹਵਾਲੇ ਕਰ ਦਿਤੀ, ਪਰ ਉਸਦਾ ਨਾਂ 'ਪਿੰਡੀਵਾਲਾ ਡੇਰਾ' ਹੀ ਰਿਹਾ। ਜੱਦੀ ਜਾਗੀਰ ਤੋੜ ਕੇ ਨੰਦ ਸਿੰਘ ਨੂੰ ੮੦੦੦ ਰੁਪੈ ਦੀ ਜਾਗੀਰ ਜ਼ਾਤੀ ਖ਼ਰਚ ਵਾਸਤੇ ਤੇ ੪੨ ਹਜ਼ਾਰ ਦੀ ੧੦੦ ਅਸਵਾਰ ਵਾਸਤੇ ਦੇ ਕੇ

---

* ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੫੭੯।

Sri Satguru Jagjit Singh Ji eLibrary NamdhariElibrary@gmail.com

ਰਾਵਲਪਿੰਡੀ ਦਾ ਕਿਲ੍ਹੇਦਾਰ ਬਣਾਇਆ ਗਿਆ। ਗੁਰਮੁਖ ਸਿੰਘ ਨੂੰ ਦੋ ਹਜ਼ਾਰ ਦੀ ਜਾਗੀਰ ਜ਼ਿਲਾ ਗੁਰਦਾਸਪੁਰ ਵਿਚ ਤੇ ਰਾਮ ਸਿੰਘ ਨੂੰ ਹਜ਼ਾਰੇ ਵਿਚ ਦਿੱਤੀ ਗਈ। ਸ: ਨੰਦ ਸਿੰਘ ਮਹਾਰਾਜੇ ਦੇ ਹੁਕਮ ਮੰਨਣ ਤੋਂ ਕੁਛ ਲਾਪਰਵਾਹ ਹੋਣ ਲੱਗਾ, ਤਾਂ ੧੮੨੦ ਈ. ਵਿਚ ਉਸ ਤੋਂ ਕਿਲ੍ਹਾ ਰਾਵਲ-ਪਿੰਡੀ ਲੈ ਲਿਆ ਗਿਆ। ਰਾਮ ਸਿੰਘ ੧੮੧੬ ਈ. ਵਿਚ, ਨੰਦ ਸਿੰਘ ੧੮੩੧ ਈ. ਵਿਚ ਤੇ ਗੁਰਮੁਖ ਸਿੰਘ ੧੮੪੦ ਈ. ਵਿਚ ਸੁਰਗਵਾਸ ਹੋਏ।

ਪੰਜਾਬ ਦੀ ਜ਼ਬਤੀ ਸਮੇਂ ਫ਼ਤਹਿ ਸਿੰਘ ਨੂੰ ੩੦੦੦ ਸਾਲਾਨਾ ਦੀ ਜਾਗੀਰ ਉਮਰ ਭਰ ਵਾਸਤੇ ਮਿਲੀ।

Sri Satguru Jagjit Singh Ji eLibrary NamdhariElibrary@gmail.com

# ਸ. ਲੱਖਾ ਸਿੰਘ 'ਠੇਠਰ'




ਇਸ ਘਰਾਣੇ ਦਾ ਪਹਿਲਾ ਅੰਮ੍ਰਿਤਧਾਰੀ ਸਿੱਖ ਸ: ਚੂਹੜ ਸਿੰਘ ਪਿੰਡ ਠੇਠਰ (ਜ਼ਿਲਾ ਲਾਹੌਰ) ਦਾ ਚੌਧਰੀ ਸੀ। ਉਸਦੇ ਪੋਤਰੇ ਸ: ਲੱਖਾ ਸਿੰਘ ਨੇ ਸੁਕਰਚਕੀਏ ਸ: ਚੜ੍ਹਤ ਸਿੰਘ ਦਾ ਨੌਕਰ ਹੋ ਕੇ ਜਾਗੀਰ ਹਾਸਲ ਕੀਤੀ। ਸ਼ਮਸ਼ੇਰ ਸਿੰਘ ਨੇ ਮਹਾਰਾਜੇ ਦੇ ਹੁਕਮ ਨਾਲ ਕਿਲ੍ਹਾ ਗੋਬਿੰਦਗੜ੍ਹ (ਅੰਮ੍ਰਿਤਸਰ) ਬਣਵਾਇਆ ਤੇ ਓਥੋਂ ਦਾ ਕਿਲ੍ਹੇਦਾਰ ਬਣਿਆਂ। ੧੮੦੧ ਈ. ਵਿਚ ਸ: ਲੱਖਾ ਸਿੰਘ ਕਸੂਰ ਦੀ ਮੁਹਿੰਮ ਵਿਚ, ਅਮੀਰ ਸਿੰਘ ਕਾਂਗੜੇ ਤੇ ਸਾਹਿਬ ਸਿੰਘ ਸੁਜਾਨਪੁਰ ਮਾਰੇ ਗਏ†। ਸ਼ਮਸ਼ੇਰ ਸਿੰਘ ੧੮੨੪ ਈ. ਵਿਚ ਸੁਰਗਵਾਸ ਹੋਇਆ।

ਫਿਰ ਸ: ਬਚਨ ਸਿੰਘ ਜਾਗੀਰਦਾਰ ਤੇ ਫ਼ੌਜੀ ਅਫ਼ਸਰ ਬਣਿਆਂ। ਦੂਸਰੇ ਸਿੱਖ ਯੁਧ ਵਿਚ ਉਹ ਬਾਗੀ ਹੋ ਗਿਆ, ਸੋ ਜਾਗੀਰ ਜ਼ਬਤ ਹੋ ਗਈ। ਪੰਜਾਬ ਦੀ ਜ਼ਬਤੀ ਸਮੇਂ ਸਿਰਫ਼ ੧੦੦ ਰੁਪੈ ਨਕਦ ਪੈਨਸ਼ਨ ਮਿਲੀ।

† ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੫੩੯।

Sri Satguru Jagjit Singh Ji eLibrary NamdhariElibrary@gmail.com

# ਸ. ਕਰਮ ਸਿੰਘ 'ਚਾਹਲ'

ਕੱਥਾ ਸਿੰਘ
- ਕਰਮ ਸਿੰਘ
  - ਗੁਰਮੁਖ ਸਿੰਘ
    - ਜਵਾਲਾ ਸਿੰਘ
      - ਸ: ਬ: ਅਰਜਨ ਸਿੰਘ C.I.E.
- ਨੌਧ ਸਿੰਘ

ਸ: ਕੱਥਾ ਸਿੰਘ 'ਚਾਹਲ' (ਜ਼ਿਲਾ ਅੰਮ੍ਰਿਤਸਰ) ਭੰਗੀ ਸਰਦਾਰਾਂ ਲਹਿਣਾ ਸਿੰਘ ਗੁੱਜਰ ਸਿੰਘ ਦਾ ਮੁਲਾਜ਼ਮ ਸੀ। ਉਹ ਇਕ ਲੜਾਈ ਵਿਚ ਮਾਰਿਆ ਗਿਆ, ਤਾਂ ਉਸਦੀ ਪੰਜ ਹਜ਼ਾਰ ਸਾਲਾਨਾ ਜਾਗੀਰ ਦਾ ਮਾਲਕ ਉਸਦਾ ਪੁੱਤਰ ਕਰਮ ਸਿੰਘ ਬਣਿਆਂ। ਕੁਛ ਚਿਰ ਪਿਛੋਂ ਉਹ ਮਹਾਰਾਜੇ ਦੀ ਨੌਕਰੀ ਵਿਚ ਆ ਗਿਆ। ੨੫੦ ਖ਼ਿਦਮਤੀ ਅਸਵਾਰਾਂ ਬਦਲੇ ਉਸਨੂੰ ਡੇਢ ਲੱਖ ਦੀ ਜਾਗੀਰ ਮਿਲੀ। ੧੮੨੩ ਈ. ਨੂੰ ਉਹ ਇਕ ਲੜਾਈ ਵਿਚ ਮਾਰਿਆ ਗਿਆ। ਜਾਗੀਰ ਦਾ ਮਾਲਕ ਉਸਦਾ ਪੁੱਤਰ ਗੁਰਮੁਖ ਸਿੰਘ ਬਣਿਆਂ। ਉਹ ੧੮੨੬ ਈ. ਨੂੰ ਹੈਜ਼ੇ ਨਾਲ ਸੁਰਗਵਾਸ ਹੋ ਗਿਆ। ਜਵਾਲਾ ਸਿੰਘ ਉਸ ਵੇਲੇ ੧੪ ਸਾਲ ਦਾ ਸੀ। ੩ ਹਜ਼ਾਰ ਦੀ ਜਾਗੀਰ ਉਸ ਕੋਲ ਛਡ ਕੇ ਬਾਕੀ ਸਭ ਜ਼ਬਤ ਕਰ ਲਈ ਗਈ। ੧੮੨੬ ਈ. ਵਿਚ ਉਹ ਵੀ ਮਰ ਗਿਆ। ਅਰਜਨ ਸਿੰਘ ਉਸ ਵੇਲੇ ੭ ਸਾਲ ਦਾ ਸੀ। ਉਸਦੇ ਨਾਂ ਸਿਰਫ਼ ਇਕ ਹਜ਼ਾਰ ਸਾਲਾਨਾ ਦੀ ਜਾਗੀਰ ਰਹਿਣ ਦਿਤੀ ਗਈ‡। ਅੰਗਰੇਜ਼ ਦੇ ਸਮੇਂ ਉਸਨੂੰ 'ਸਰਦਾਰ ਬਹਾਦਰ' (C. I. E.) ਦਾ ਖ਼ਿਤਾਬ ਮਿਲਿਆ।

---

‡ ਰਊਸ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੭੬੯।

Sri Satguru Jagjit Singh Ji eLibrary NamdhariElibrary@gmail.com

# ਸ: ਕਰਮ ਸਿੰਘ 'ਛੀਨਾ'




ਸ: ਕਰਮ ਸਿੰਘ ਛੀਨਾ ਮਾਹਰਾਜੇ ਦਾ ਫ਼ੌਜੀ ਨੌਕਰ ਸੀ। ਪਿਛੋਂ ਉਸਦੇ ਪੁੱਤਰ ਤੇ ਉਹਨਾਂ ਪਿਛੋਂ ਪੋਤਰੇ ਫ਼ੌਜ ਵਿਚ ਭਰਤੀ ਹੋਏ। ਦੂਸਰੇ ਸਿੱਖ ਯੁਧ ਵਿਚ ਬਦਨ ਸਿੰਘ ਤੋਂ ਬਿਨਾਂ ਬਾਕੀ ਸਾਰੇ ਬਾਗ਼ੀ ਹੋ ਗਏ। ਸੋ ਬਦਨ ਸਿੰਘ ਦੀ ਜਾਗੀਰ ਕਾਇਮ ਰਹੀ ਤੇ ਬਾਕੀ ਸਭ ਦੀ ਜ਼ਬਤ ਹੋ ਗਈ*।

* ਚਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੯੫੨।

Sri Satguru Jagjit Singh Ji eLibrary NamdhariElibrary@gmail.com

# ਸ. ਫ਼ਤਹਿ ਸਿੰਘ 'ਸਿਧਵੇਂ'

- ਦਿਆਲ ਸਿੰਘ
  - ਭਗਵਾਨ ਸਿੰਘ
    - ਅਰਬੇਲ ਸਿੰਘ
      - ਭੂਪ ਸ਼ਿੰਘ
        - ਕਾਹਨ ਸਿੰਘ
          - ਦੇਵਾ ਸਿੰਘ
      - ਫ਼ਤਹਿ ਸਿੰਘ
      - ਚੜ੍ਹਤ ਸਿੰਘ
        - ਮਹਿਤਾਬ ਸਿੰਘ
          - ਗੁਰਦਿਤ ਸਿੰਘ
          - ਚੂਹੜ ਸਿੰਘ

ਪਿੰਡ ਸਿਧਵੇਂ (ਜ਼ਿਲਾ ਲਾਹੌਰ, ਹੁਣ ਅੰਮ੍ਰਿਤਸਰ) ਦੇ ਦਿਆਲ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ। ਉਹ ਗੁਰੂ ਜੀ ਦੀ ਅਨੰਦਪੁਰ ਦੀ ਲੜਾਈ ਵਿਚ ਸ਼ਹੀਦ ਹੋਇਆ। ਉਸਦੇ ਪੋਤਰੇ ਅਰਬੇਲ ਸਿੰਘ ਨੇ ੪੦ ਪਿੰਡਾਂ 'ਤੇ ਕਬਜਾ ਕਰਕੇ ਦੋ ਸੌ ਅਸਵਾਰ ਨੌਕਰ ਰੱਖ ਲਏ। ਜਦ ਸ਼ੇਰੇ-ਪੰਜਾਬ ਨੇ ਇਲਾਕੇ 'ਤੇ ਕਬਜ਼ਾ ਕੀਤਾ, ਓਦੋਂ ਫ਼ਤਹਿ ਸਿੰਘ ਤੇ ਕਾਹਨ ਸਿੰਘ ਸਿਰਕਰਦੇ ਸਨ। ਉਹ ਦੋਵੇਂ ਮਹਾਰਾਜੇ ਦੇ ਨੌਕਰ ਹੋ ਗਏ। ੧੮੦੯ ਈ. ਨੂੰ ਸ: ਫ਼ਤਹਿ ਸਿੰਘ ਕਾਂਗੜੇ ਦੀ ਲੜਾਈ ਵਿਚ ਮਾਰਿਆ

Sri Satguru Jagjit Singh Ji eLibrary NamdhariElibrary@gmail.com

ਗਿਆ, ਤਾਂ ਜਾਗੀਰਦਾਰ ਕਾਹਨ ਸਿੰਘ ਬਣਿਆਂ। ੧੮੧੪ ਈ. ਦੀ ਮੁਹਿੰਮ ਕਸ਼ਮੀਰ ਵਿਚ ਉਹ ਮਾਰਿਆ ਗਿਆ। ਦੇਵਾ ਸਿੰਘ (ਨਾਬਾਲਗ) ਨੂੰ ਤਿੰਨ ਹਜ਼ਾਰ ਸਾਲਾਨਾ ਦੀ ਜਾਗੀਰ ਦੇ ਦਿਤੀ ਗਈ। ਦੂਸਰੇ ਸਿੱਖ ਯੁਧ ਵਿਚ ਉਹ ਅੰਗਰੇਜ਼ਾਂ ਦਾ ਵਫ਼ਾਦਾਰ ਰਿਹਾ। ਸੋ ਪੰਜਾਬ ਦੀ ਜ਼ਬਤੀ ਸਮੇਂ ੨੫੦੦ ਦੀ ਜਾਗੀਰ ਮਿਲੀ†।

† ਰਊਜ਼ਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੬੪੦।

Sri Satguru Jagjit Singh Ji eLibrary NamdhariElibrary@gmail.com

# ਸ. ਜਵੰਦ ਸਿੰਘ 'ਮੋਕਲ'

- ਠਾਕਰ ਸਿੰਘ
  - ਗੌਰ ਸਿੰਘ
    - ਖ਼ਜ਼ਾਨ ਸਿੰਘ
    - ਗਿਆਨ ਸਿੰਘ
  - ਜੀਵਨ ਸਿੰਘ
    - ਕਾਹਨ ਸਿੰਘ
  - ਜਵੰਦ ਸਿੰਘ
    - ਬੇਲਾ ਸਿੰਘ
      - ਨੁਰਜਣ ਸਿੰਘ
    - ਗੁਰਮੁਖ ਸਿੰਘ

ਸ: ਜਵੰਦ ਸਿੰਘ ਸੰਧੂ ਜੱਟ (ਪਿੰਡ ਮੋਕਲ, ਜ਼ਿਲਾ ਲਾਹੌਰ) ਨੇ ਮਹਾਰਾਜੇ ਦਾ ਨੌਕਰ ਹੋ ਕੇ ੧੩੫੦੦੦ ਦੀ ਸਾਲਾਨਾ ਜਾਗੀਰ ਹਾਸਲ ਕੀਤੀ। ਉਹ ੧੮੪੦ ਈ. ਵਿਚ ਸੁਰਗਵਾਸ ਹੋਇਆ। ਉਸਦੇ ਪੁੱਤਰਾਂ—ਬੇਲਾ ਸਿੰਘ ਤੇ ਗੁਰਮੁਖ ਸਿੰਘ—ਨੂੰ ਤਿੰਨ ਸੌ ਅਸਵਾਰਾਂ ਬਦਲੇ ਜਾਗੀਰ ਦਿਤੀ ਗਈ। ਸ: ਬੇਲਾ ਸਿੰਘ ਤੇ ਸੁਰਜਣ ਸਿੰਘ ਦੋ ਸੌ ਅਸਵਾਰ ਸਣੇ ਮੁਦਕੀ, ਫੇਰੂ ਸ਼ਹਿਰ ਦੇ ਸਭਰਾਵਾਂ ਦੀਆਂ ਲੜਾਈਆਂ ਵਿਚ ਲੜੇ। ਬੇਲਾ ਸਿੰਘ ਆਖ਼ਰੀ ਲੜਾਈ ਵਿਚ ਜ਼ਖ਼ਮੀ ਹੋ ਕੇ ਦਰਿਆ ਵਿਚ ਰੁੜ੍ਹ ਗਿਆ। ਵਜ਼ੀਰ ਲਾਲ ਸਿੰਘ ਨੇ ਅੱਧੀ ਜਾਗੀਰ ਜ਼ਬਤ ਕਰ ਲਈ। ਸੁਰਜਣ ਸਿੰਘ ਤੇ ਖ਼ਜ਼ਾਨ ਸਿੰਘ ਦੂਸਰੇ ਸਿੱਖ ਯੁਧ ਵਿਚ ਬਾਗ਼ੀ ਹੋ ਗਏ, ਸੋ ਜਾਗੀਰ ਜ਼ਬਤ ਹੋ ਗਈ‡।

‡ ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੬੦੨ ।

Sri Satguru Jagjit Singh Ji eLibrary NamdhariElibrary@gmail.com

# ਸ. ਮੋਹਰ ਸਿੰਘ 'ਲੰਮਾ'

- ਰਾਏ ਮਹਾਂ ਸਿੰਘ
  - ਲੱਜਾ ਸਿੰਘ
    - ਬੁਧ ਸਿੰਘ
    - ਅਮਰ ਸਿੰਘ
      - ਫਤਹਿ ਸਿੰਘ
      - ਦਿਆਲ ਸਿੰਘ
        - ਬਿਸ਼ਨ ਸਿੰਘ
        - ਕਿਸ਼ਨ ਸਿੰਘ
      - ਮੋਹਰ ਸਿੰਘ 'ਲੰਮਾ'
        - ਤਾਰਾ ਸਿੰਘ
          - ਬਘੇਲ ਸਿੰਘ
        - ਨਿਹਾਲ ਸਿੰਘ
        - ਕ੍ਰਿਪਾਲ ਸਿੰਘ
          - ਬਸ਼ੇਸ਼ਰ ਸਿੰਘ

ਰਾਏ ਮਹਾਂ ਸਿੰਘ ਤੇ ਉਸਦਾ ਪੁੱਤਰ ਲੱਜਾ ਸਿੰਘ ਸੁਕਰਚਕੀਏ ਸ. ਚੜ੍ਹਤ ਸਿੰਘ ਦੇ ਨੌਕਰ ਸਨ। ਉਹ ਦੋਵੇਂ ਭੇਸ ਬਦਲਕੇ ਵੈਰੀ ਦੀ ਫ਼ੌਜ ਵਿਚ ਫਿਰਦੇ ਫੜੇ ਗਏ ਤੇ ਕਤਲ ਕਰ ਦਿਤੇ ਗਏ। ਸ. ਚੜ੍ਹਤ ਸਿੰਘ ਨੇ ਅਮਰ ਸਿੰਘ ਨੂੰ ਸੱਤ ਹਜ਼ਾਰ ਦੀ ਜਾਗੀਰ ਦਿਤੀ। ਉਸਦੇ ਪਿਛੋਂ ਮਹਾਰਾਜੇ ਨੇ ਉਹਦੇ ਤਿਨਾਂ ਪੁੱਤਰਾਂ ਨੂੰ ਤਿੰਨ ਲੱਖ ਦੀ ਜਾਗੀਰ ਦਿਤੀ, ਜੋ ਬਾਰਾਂ ਸਾਲ ਉਹਨਾਂ ਕੋਲ ਰਹੀ। ਮੋਹਰ ਸਿੰਘ ਬਿਨਾਂ ਮਹਾਰਾਜੇ ਦੀ ਆਗਿਆ ਦੇ ਬਨਾਰਸ ਚਲ ਗਿਆ, ਤਾਂ ਜਾਗੀਰ ਜ਼ਬਤ ਹੋ ਗਈ। ਉੱਚੇ ਕੱਦ ਦੇ ਕਾਰਨ ਮੋਹਰ ਸਿੰਘ ਲੰਮਾ ਅਖਵਾਉਂਦਾ ਸੀ।

ਦੂਸਰੇ ਸਿੱਖ ਯੁਧ ਸਮੇਂ ਕਿਸ਼ਨ ਸਿੰਘ ਅੰਗਰੇਜ਼ਾਂ ਦਾ ਵਫ਼ਾਦਾਰ ਰਿਹਾ, ਸੋ ਜਾਗੀਰ ਬਚ ਗਈ। ਮਗਰ ਨਿਹਾਲ ਸਿੰਘ ਤੇ ਬਸ਼ੇਸ਼ਰ ਸਿੰਘ ਬਾਗ਼ੀ ਹੋ ਗਏ ਤੇ ਜਾਗੀਰ ਜ਼ਬਤ ਹੋ ਗਈ*।

* ਰਉਸਾ-ਏ-ਪੰਜਾਬ, ਹਿੱਸਾ ਦੂਜਾ, ਪੰਨਾ ੨੪੭।

# ਸ. ਗੁਰਮੁਖ ਸਿੰਘ 'ਲੰਮਾ'

ਚੜ੍ਹਤ ਸਿੰਘ
→ ਪ੍ਰਧਾਨ ਸਿੰਘ
→ ਗੁਰਮੁਖ ਸਿੰਘ 'ਲੰਮਾ' → ਅਤਰ ਸਿੰਘ
→ ਰਾਮ ਸਿੰਘ → ਅਮੀਰ ਸਿੰਘ

ਪ੍ਰਧਾਨ ਸਿੰਘ ਪਿੰਡ ਖੀਵੇ (ਜਿਹਲਮ ਕੰਢੇ) ਦਾ ਸਰਾਫ਼ ਸੀ। ਗੁਰਮੁਖ ਸਿੰਘ ਅੱਠ ਸਾਲ ਦਾ ਸੀ, ਜਾਂ ਉਸਦੇ ਚਾਚੇ ਨੇ ਉਸਨੂੰ ਸ: ਮਹਾਂ ਸਿੰਘ ਦੇ ਹਵਾਲੇ ਕੀਤਾ। ਗੁਰਮੁਖ ਸਿੰਘ ਸ਼ੇਰੇ-ਪੰਜਾਬ ਦੀ ਛੋਟੀ ਉਮਰ ਸਮੇਂ ਖੇਡ ਦਾ ਹਮਜੋਲੀ ਸੀ। ਲਾਹੌਰ ਫ਼ਤਹਿ ਕਰਨ ਪਿਛੋਂ ਉਹ ਫ਼ੌਜ ਦਾ ਬਖ਼ਸ਼ੀ ਤੇ ਖ਼ਜ਼ਾਨੇ ਦਾ ਪ੍ਰਬੰਧਕ ਬਣਿਆਂ। ਉਹ ਲਗਭਗ ਸਾਰੀਆਂ ਲੜਾਈਆਂ ਵਿਚ ਸ਼ਾਮਲ ਰਿਹਾ। ਉਹਦੇ ਸਰੀਰ ਉੱਤੇ ਪੰਦਰਾਂ ਫੱਟ (੮ ਗੋਲੀ ਦੇ, ਤਿੰਨ ਤਲਵਾਰ ਦੇ, ਤਿੰਨ ਨੇਜੇ ਦੇ ਤੇ ਇਕ ਤੀਰ ਦਾ) ਸਨ†। ਰਾਜਾ ਧਿਆਨ ਸਿੰਘ ਦੇ ਵਜ਼ੀਰ ਬਣਨ ਤੋਂ ਪਹਿਲਾਂ ਉਸਦੀ ਜਾਗੀਰ ਸਾਢੇ ਤਿੰਨ ਲੱਖ ਦੀ ਸੀ। ਡੋਗਰਿਆਂ ਨਾਲ ਉਸਦੀ ਸਖ਼ਤ ਦੁਸ਼ਮਣੀ ਸੀ, ਜੋ ਜਾਗੀਰ ਹੌਲੀ ਹੌਲੀ ਘਟਦੀ ਗਈ। ਮ: ਖੜਕ ਸਿੰਘ ਨੇ ਉਸਨੂੰ ਫੇਰ ੫੫੦੦ ਦੀ ਜਾਗੀਰ ਦਿਤੀ। ਮ: ਸ਼ੇਰ ਸਿੰਘ ਨੇ ੨੫੦੦੦ ਦੀ ਜਾਗੀਰ ਹੋਰ ਦਿਤੀ। ਜਦ ਮਹਾਰਾਣੀ ਜਿੰਦ ਕੌਰ ਸ਼ੇਖ਼ੂਪੁਰ ਕੈਦ ਸੀ, ਤਾਂ ਗੁਰਮੁਖ ਸਿੰਘ ਕਿਲ੍ਹੇ ਦਾ ਰਾਖਾ ਨੀਯਤ ਸੀ। ਪੰਜਾਬ ਦੀ ਜ਼ਬਤੀ ਸਮੇਂ ਉਸਦੀ ਜਾਗੀਰ ਕਾਇਮ ਰਹੀ।

† ਰਊਸਾ-ਏ-ਪੰਜਾਬ, ਹਿੱਸਾ ਦੂਜਾ, ਪੰਨਾ ੨੩੩।

Sri Satguru Jagjit Singh Ji eLibrary NamdhariElibrary@gmail.com

# ਸ. ਪੰਜਾਬ ਸਿੰਘ 'ਘਰਜਾਖੀਆ'

- ਸ਼ਾਮ ਸਿੰਘ
  - ਗੁਲਾਬ ਸਿੰਘ
  - ਪੰਜਾਬ ਸਿੰਘ
    - ਕਾਹਨ ਸਿੰਘ
      - ਫ਼ਤਹਿ ਸਿੰਘ
      - ਜੋਧ ਸਿੰਘ
      - ਲਹਿਣਾ ਸਿੰਘ

ਪੰਜਾਬ ਸਿੰਘ ਘਰਜਾਖੀਆ ੩੦ ਰੁਪੈ ਮਹੀਨੇ 'ਤੇ ਸ: ਫ਼ਤਹਿ ਸਿੰਘ ਕਾਲਿਆਂ ਵਾਲੇ ਕੋਲ ਅਸਵਾਰ ਭਰਤੀ ਹੋਇਆ ਤੇ ਫਿਰ ਕੁਮੇਦਾਨ ਬਣਿਆਂ। ਸ: ਫ਼ਤਹਿ ਸਿੰਘ ਮਾਰਿਆ ਗਿਆ, ਤਾਂ ਪੰਜਾਬ ਸਿੰਘ ਮਹਾਰਾਜੇ ਦੀ ਫ਼ੌਜ ਵਿਚ ਆ ਗਿਆ। ੧੮੧੮ ਈ. ਦੀ ਮੁਲਤਾਨ ਦੀ ਫਤਹਿ ਪਿਛੋਂ ਉਸਨੂੰ ਪੰਜਾਹ ਹਜ਼ਾਰ ਦੀ ਜਾਗੀਰ ਮਿਲੀ। ਉਸਦੇ ਮਰਨ ਉੱਤੇ ਜਾਗੀਰ ਜ਼ਬਰ ਹੋ ਗਈ। ਕਾਹਨ ਸਿੰਘ ਜਵਾਨ ਹੋਇਆ ਤਾਂ ਉਸਨੂੰ ਪੰਜ ਸੋ ਅਸਵਾਰ ਦਾ ਕੁਮੇਦਾਨ ਬਣਾਕੇ ਪੰਦਰਾਂ ਹਜ਼ਾਰ ਦੀ ਜਾਗਾਰ ਦਿਤੀ ਗਈ, ਜੋ ਨੌਂ ਸਾਲ ਪਿਛੋਂ (ਹਿਸਾਬ ਨਾ ਦੇਣ ਕਰਕੇ) ਜ਼ਬਤ ਕਰ ਲਈ ਗਈ। ਤਾਂ ਕਾਹਨ ਸਿੰਘ ਸ: ਹਰੀ ਸਿੰਘ ਨਲਵਾ ਦੀ ਫ਼ੌਜ ਵਿਚ ਤੇ ਫਿਰ ਸ: ਅਤਰ ਸਿੰਘ ਸੰਧਾਵਾਲੀਏ ਦੀ ਫ਼ੌਜ ਵਿਚ ਚਲਾ ਗਿਆ। ਰਾਜਾ ਹੀਰਾ ਸਿੰਘ ਵਜ਼ੀਰ ਨੇ ਕਾਹਨ ਸਿੰਘ ਨੂੰ ਕੈਦ ਕਰ ਦਿਤਾ। ਸ: ਜਵਾਹਰ ਸਿੰਘ ਨੇ ਵਜ਼ੀਰ ਬਣਕੇ ਕਾਹਨ ਸਿੰਘ ਨੂੰ ਫੇਰ ਜਾਗੀਰ ਦੇ ਦਿਤੀ। ਸਤਲੁਜ ਯੁਧ ਵਿਚ ਉਹ ਗੋਲੀ ਖਾ ਕੇ ਮਰਿਆ‡।

‡ ਰਊਸਾ-ਏ-ਪੰਜਾਬ, ਹਿੱਸਾ ਦੂੱਜਾ, ਪੰਨਾ ੨੨੯।

Sri Satguru Jagjit Singh Ji eLibrary NamdhariElibrary@gmail.com

# ਸ. ਫ਼ਤਹਿ ਸਿੰਘ 'ਛਾਛੀ'




ਟਹਿਲ ਸਿੰਘ 'ਛਾਛੀ' ਸ: ਚੜ੍ਹਤ ਸਿੰਘ ਦਾ ਜਾਗੀਰਦਾਰ ਸੀ। ਉਹ ੧੭੯੫ ਈ. ਵਿਚ ਸੁਰਗਵਾਸ ਹੋ ਗਿਆ। ਉਸ ਦੇ ਤਿੰਨੇ ਪੁੱਤਰ ਫ਼ੌਜ ਵਿਚ ਭਰਤੀ ਹੋ ਗਏ। ਜੱਸਾ ਸਿੰਘ ੧੭੯੦ ਈ. ਵਿਚ ਮਰ ਗਿਆ। ਫ਼ਤਹਿ ਸਿੰਘ ਤੇ ਸ਼ੇਰ ਸਿੰਘ ੧੮੧੪ ਈ. ਦੀ ਕਸ਼ਮੀਰ-ਮੁਹਿੰਮ ਵਿਚ ਮਾਰੇ ਗਏ*। ਗੁਰਮੁਖ ਸਿੰਘ, ਸਾਧੂ ਸਿੰਘ, ਆਦਿ ਘੋੜ-ਚੜ੍ਹਿਆਂ ਵਿਚ ਭਰਤੀ ਸਨ।

* ਰਊਸਾ-ਏ-ਪੰਜਾਬ, ਹਿੱਸਾ ਦੂਜਾ, ਪੰਨਾ ੧੦੬।

Sri Satguru Jagjit Singh Ji eLibrary NamdhariElibrary@gmail.com

# ਸ. ਖ਼ੁਸ਼ਹਾਲ ਸਿੰਘ 'ਕਲਾਸ ਬਾਜਵਾ'

- ਖ਼ੁਸ਼ਹਾਲ ਸਿੰਘ
  - ਗੁਲਾਬ ਸਿੰਘ
  - ਦੂਲਾ ਸਿੰਘ
    - ਜੀਵਨ ਸਿੰਘ
    - ਕਿਸ਼ਨ ਸਿੰਘ
    - ਸ਼ਾਮ ਸਿੰਘ
    - ਫ਼ਤਹਿ ਸਿੰਘ
    - ਕਾਹਨ ਸਿੰਘ
    - ਈਸ਼ਰ ਸਿੰਘ

ਸ: ਖ਼ੁਸ਼ਹਾਲ ਸਿੰਘ 'ਕਲਾਸ ਵਾਲਾ' ਨੇ ਸ਼ੇਰੇ-ਪੰਜਾਬ ਦੀ ਈਨ ਮੰਨਣ ਦੀ ਥਾਂ ਡਟ ਕੇ ਟਾਕਰਾ ਕੀਤਾ। ਮਹਾਰਾਜਾ ਉਸ ਦੀ ਬਹਾਦਰੀ 'ਤੇ ਬੜਾ ਖ਼ੁਸ਼ ਹੋਇਆ। ਕਲਾਸ ਵਾਲਾ ਫ਼ਤਹਿ ਕਰ ਲੈਣ ਪਿਛੋਂ ਮਹਾਰਾਜੇ ਨੇ ਖ਼ੁਸ਼ਹਾਲ ਸਿੰਘ ਦੇ ਪੁੱਤਰ ਗੁਲਾਬ ਸ਼ਿੰਘ ਨੂੰ ਤੋਪਖ਼ਾਨੇ ਦਾ ਜ਼ਮਾਦਾਰ ਬਣਾ ਦਿਤਾ ਤੇ ਦੂਲਾ ਸਿੰਘ ਰਸਾਲੇ ਦਾ ਅਫ਼ਸਰ ਬਣਿਆਂ। ਜੀਵਨ ਸਿੰਘ ਮ: ਖੜਕ ਸਿੰਘ ਦੀ ਫ਼ੌਜ ਵਿਚ ਕੁਮੇਦਾਨ ਬਣਿਆਂ। ਸ: ਖ਼ੁਸ਼ਹਾਲ ਸਿੰਘ ਤਾਂ ੧੮੩੩ ਈ. ਵਿਚ ਸੁਰਗਵਾਸ ਹੋ ਗਿਆ†। ਤੇ ਬਾਕੀ ਸਾਰੇ ਦੂਸਰੇ ਸਿੱਖ ਯੁਧ ਵਿਚ ਅੰਗਰੇਜ਼ਾਂ ਦੇ ਵਫ਼ਾਦਾਰ ਰਹੇ। ਜੀਵਨ ਸਿੰਘ ਪਿਛੋਂ ਅੰਗਰੇਜ਼ੀ ਫ਼ੌਜ ਵਿਚ ਕਰਨਲ ਬਣਿਆਂ।

† ਰਊਸਾ-ਏ-ਪੰਜਾਬ, ਹਿੱਸਾ ਦੂਜਾ, ਪੰਨਾ ੧੦੦।

Sri Satguru Jagjit Singh Ji eLibrary NamdhariElibrary@gmail.com

# ਸ. ਜੋਧ ਸਿੰਘ 'ਕਲਾਸ ਬਾਜਵਾ'




ਸ: ਹਰੀ ਸਿੰਘ ਭੰਗੀ ਨੇ ਦੀਵਾਨ ਸਿੰਘ ਕਲਾਸ ਬਾਜਵਾ ਨੂੰ ਧਰਮ ਦਾ ਪੁਤਰ ਬਣਾ ਕੇ ਜਾਗੀਰ ਦਿਤੀ। ਉਹ ਲਾਵਲਦ ਮਰਿਆ, ਤਾਂ ਉਸਦਾ ਭਤੀਜਾ ਧੰਨਾ ਸਿੰਘ ਜਾਗੀਰਦਾਰ ਬਣਿਆਂ। ਧੰਨਾ ਸਿੰਘ ਦੇ ਪਿਛੋਂ ਉਸਦਾ ਪੁੱਤਰ ਜੋਧ ਸਿੰਘ ਮਾਲਕ ਬਣਿਆਂ। ਉਸਦੀ ਪੁੱਤਰੀ—ਰਾਣੀ ਖੇਮ ਕੌਰ—

ਦਾ ਵਿਆਹ ੧੮੧੬ ਈ. ਵਿਚ ਟਿੱਕਾ ਖੜਕ ਸਿੰਘ ਨਾਲ ਹੋਇਆ। ਓਸੇ ਸਾਲ ਸ: ਜੋਧ ਸਿੰਘ ਸੁਰਗਵਾਸ ਹੋ ਗਿਆ।

ਦੂਸਰੇ ਸਿੱਖ ਯੁਧ ਵਿਚ ਚੰਦਾ ਸਿੰਘ ਤੇ ਗੁਰਦਿਤ ਸਿੰਘ ਬਾਗੀ ਹੋ ਗਏ ਤੇ ਜਾਗੀਰ ਜ਼ਬਤ ਹੋ ਗਈ।

ਰਾਣੀ ਖੇਮ ਕੌਰ ਨੂੰ ੨੪੦੦ ਰੁਪੈ ਸਾਲਾਨਾ ਪੈਨਸ਼ਨ ਮਿਲੀ, ਜੋ ੧੮੮੬ ਈ. ਵਿਚ ਉਸਦੇ ਮਰਨ ਨਾਲ ਜ਼ਬਤ ਹੋ ਗਈ‡।

‡ ਰਊਸਾ-ਏ-ਪੰਜਾਬ, ਹਿੱਸਾ ਦੂਜਾ, ਪੰਨਾ ੯੫।

Sri Satguru Jagjit Singh Ji eLibrary NamdhariElibrary@gmail.com

# ਸ. ਮਤਾਬ ਸਿੰਘ 'ਵਡਾਲਾ ਸੰਧੂਆਂ




ਸ: ਮਤਾਬ ਸਿੰਘ, ਭੰਗੀ ਸਰਦਾਰਾਂ ਗੰਡਾ ਸਿੰਘ ਝੰਡਾ ਸਿੰਘ ਦੇ ਮਾਤਹਿਤ ਸੀ । ਮ: ਰਣਜੀਤ ਸਿੰਘ ਨੇ ਵਡਾਲਾ ਫ਼ਤਹਿ ਕਰ ਲਿਆ, ਤਾਂ ਨਿਧਾਨ ਸਿੰਘ ਤੇ ਟੇਕ ਸਿੰਘ, ਗਵਰਨਰ ਕਸ਼ਮੀਰ ਅਤਾ ਮੁਹੰਮਦ ਦੇ ਨੌਕਰ ਜਾ ਹੋਏ । ੧੮੧੩ ਈ. ਦੀ ਕਸ਼ਮੀਰ-ਮੁਹਿੰਮ ਵਿਚ ਟੇਕ ਸਿੰਘ ਨੇ ਮੁਹਕਮ ਚੰਦ ਦੀ ਮਦਦ ਕੀਤੀ । ਮਹਾਰਾਜੇ ਨੇ ਉਸਨੂੰ ਲਾਹੌਰ ਬੁਲਾਕੇ ਫ਼ੌਜੀ ਸਰਦਾਰ ਬਣਾ ਦਿਤਾ । ਦੂਸਰੇ ਸਿੱਖ ਯੁਧ ਵਿਚ ਸ: ਜਵਾਲਾ ਸਿੰਘ ਬਾਗ਼ੀ ਹੋ ਗਿਆ ਤੇ ਜਾਗੀਰ ਜ਼ਬਤ ਹੋ ਗਈ* ।

* ਰਊਸਾ-ਏ-ਪੰਜਾਬ, ਹਿੱਸਾ ਦੂਜਾ, ਪੰਨਾ ੯੮ ।

Sri Satguru Jagjit Singh Ji eLibrary NamdhariElibrary@gmail.com

# ਸ. ਲਾਲ ਸਿੰਘ 'ਸਿਰਾਂਵਾਲੀ'

ਦਰਗਾਹ ਸਿੰਘ
|
ਲਾਲ ਸਿੰਘ
|
ਰਾਣੀ ਈਸ਼ਰ ਕੌਰ — ਮੰਗਲ ਸਿੰਘ

ਸਿਰਾਂਵਾਲੀ ਦਾ ਸੰਧੂ ਜੱਟ ਸ: ਦਰਗਾਹ ਸਿੰਘ, ਸ: ਜੈਮਲ ਸਿੰਘ ਫ਼ਤਹਿ ਗੜ੍ਹੀਏ ਦੀ ਫ਼ੌਜ ਵਿਚ ਅਸਵਾਰ ਭਰਤੀ ਸੀ। ਉਸਦੇ ਪਿਛੋਂ ਲਾਲ ਸਿੰਘ ਸੌ ਅਸਵਾਰ ਦਾ ਸਰਦਾਰ ਬਣਿਆਂ। ਉਸਦੀ ਲੜਕੀ—ਰਾਣੀ ਈਸ਼ਰ ਕੌਰ—ਦਾ ਵਿਆਹ ਟਿੱਕਾ ਖੜਕ ਸਿੰਘ ਨਾਲ ੧੮੧੫ ਈ. ਵਿਚ ਹੋਇਆ। ਮੰਗਲ ਸਿੰਘ ਲਾਹੌਰ ਦਰਬਾਰ ਵਿਚ ਆ ਗਿਆ ਤੇ ਟਿੱਕਾ ਖੜਕ ਸਿੰਘ ਕੋਲੋਂ ੧੯ ਹਜ਼ਾਰ ਦੀ ਜਾਗੀਰ ਲਈ। ਉਹ ਖੜਕ ਸਿੰਘ ਦਾ ਫ਼ੌਜੀ ਤੇ ਦੀਵਾਨੀ ਮਹਿਕਮੇ ਦਾ ਮੈਨੇਜਰ ਸੀ। ੧੮੩੪ ਈ: ਵਿਚ ਉਸਦੀ ਥਾਂ ਸ: ਚੇਤ ਸਿੰਘ ਬਾਜਵਾ ਮੈਨੇਜਰ ਬਣਿਆਂ।

ਰਾਣੀ ਈਸ਼ਰ ਕੌਰ ਮ: ਖੜਕ ਸਿੰਘ ਦੇ ਨਾਲ ਸਤੀ ਹੋਈ। ਉਹ ਬਹੁਤ ਖ਼ੂਬਸੂਰਤ ਸੀ†। ਪਿਛੋਂ ਮ: ਸ਼ੇਰ ਸਿੰਘ ਨੇ ਬਹੁਤ ਸਾਰੀ ਜਾਗੀਰ ਜ਼ਬਤ ਕਰ ਲਈ।

---

† ਰਊਸਾ-ਏ-ਪੰਜਾਬ, ਹਿੱਸਾ ਦੂੱਜਾ, ਪੰਨਾ ੮੦।

Sri Satguru Jagjit Singh Ji eLibrary NamdhariElibrary@gmail.com

# ਸ. ਅਮਰ ਸਿੰਘ 'ਵਾਘਾ'

ਅਕਾਲ
|
ਅਮਰ ਸਿੰਘ
|
ਭਾਗ ਸਿੰਘ — ਬੁਧ ਸਿੰਘ
|
ਹਰੀ ਸਿੰਘ (ਭਾਗ ਸਿੰਘ ਦਾ ਪੁੱਤਰ)

ਮਾਨ ਜੱਟ ਸ. ਅਮਰ ਸਿੰਘ 'ਵਾਘਾ' ਕਨ੍ਹਈਆ ਮਿਸਲ ਵਿਚ ਸੀ। ਉਹ ੧੮੦੫ ਈ. ਵਿਚ ਸੁਰਗਵਾਸ ਹੋਇਆ, ਤਾਂ ਉਸਦਾ ਵੱਡਾ ਪੁੱਤਰ ਭਾਗ ਸਿੰਘ ਮਾਲਕ ਬਣਿਆਂ। ੧੮੦੮ ਈ. ਵਿਚ ਉਹ ਚਲਾਣਾ ਕਰ ਗਿਆ, ਤਾਂ ਛੋਟਾ ਭਾਈ ਬੁਧ ਸਿੰਘ ਜਾਗੀਰਦਾਰ ਬਣਿਆਂ। ਕਾਂਗੜੇ ਦੀ ਲੜਾਈ ਪਿਛੋਂ ਮ: ਰਣਜੀਤ ਸਿੰਘ ਨੇ ਇਲਾਕਾ ਜ਼ਬਤ ਕਰਕੇ ਬੁਧ ਸਿੰਘ ਨੂੰ ਗੁਜ਼ਾਰੇ ਜੋਗੀ ਜਾਗੀਰ ਦਿਤੀ। ਉਹ ੧੮੪੬ ਈ. ਵਿਚ ਸੁਰਗਵਾਸ ਹੋਇਆ‡।

‡ ਰਊਸਾ-ਏ-ਪੰਜਾਬ, ਹਿੱਸਾ ਦੂਜਾ, ਪੰਨਾ ੬੩।

Sri Satguru Jagjit Singh Ji eLibrary NamdhariElibrary@gmail.com

# ਸ. ਗੁਲਾਬ ਸਿੰਘ 'ਭਾਗੋਵਾਲੀਆ'




ਭਾਗੋਵਾਲਾ ਦੇ 'ਕਾਹਲੋਂ' ਜੱਟ ਉਜੈਨ ਦੇ ਰਾਜਪੂਤਾਂ ਵਿਚੋਂ ਹਨ। 'ਕਾਹਲੋਂ' ਦੀ ਯਾਰ੍ਹਵੀਂ ਪੀੜੀ, ਵਿਚੋਂ 'ਭਾਗੋ' ਹੋਇਆ, ਜਿਸ ਨੇ ਪਿੰਡ ਭਾਗੋਵਾਲਾ (ਜ਼ਿਲਾ ਗੁਰਦਾਸਪੁਰ) ਵਸਾਇਆ। ਇਹ ਘਰਾਣਾ ਸ: ਲਹਿਣਾ ਸਿੰਘ ਮਜੀਠੇ ਦਾ ਮੁਲਾਜ਼ਮ ਸੀ। ਮ: ਸ਼ੇਰ ਸਿੰਘ ਦੇ ਸਮੇਂ ਸ: ਗੁਲਾਬ ਸਿੰਘ ਕਰਨੈਲ ਤੇ ਫਿਰ ਜਰਨੈਲ ਬਣਿਆਂ। ਦੂਸਰੇ ਸਿਖ ਯੁਧ ਵਿਚ ਉਹ ਅੰਗਰੇਜ਼ਾਂ ਦਾ ਵਫ਼ਾਦਾਰ ਰਿਹਾ*। ਸੋ ਜਾਗੀਰ ਕਾਇਮ ਰਹੀ।

* ਰਊਸਾ-ਏ-ਪੰਜਾਬ, ਹਿੱਸਾ ਦੂੱਜਾ, ਪੰਨਾ ੯।

Sri Satguru Jagjit Singh Ji eLibrary NamdhariElibrary@gmail.com

# ਸ. ਨਾਰ ਸਿੰਘ 'ਚਮਿਆਰੀ'




ਸ: ਸਾਵਲ ਸਿੰਘ ਨੇ ਸ: ਹਰੀ ਸਿੰਘ ਭੰਗੀ ਕੋਲੋਂ ਅਜਨਾਲਾ ਤੇ ਚਮਿਆਰੇ ਜਾਗੀਰ ਵਿਚ ਲਏ। ਉਸਦੇ ਚਾਚੇ ਦਾ ਪੁੱਤ ਨਾਰ ਸਿੰਘ ਜਾਗੀਰਦਾਰ ਬਣਿਆਂ। ਉਹ ਸ: ਮਹਾਂ ਸਿੰਘ ਦੇ ਮਾਤਹਿਤ ਹੋ ਗਿਆ। ੧੮੦੬ ਈ. ਵਿਚ ਸ: ਨਾਰ ਸਿੰਘ ਸੁਰਗਵਾਸ ਹੋਇਆ, ਤਾਂ ਮਹਾਰਾਜੇ ਨੇ ਕੁਛ ਜਾਗੀਰ ਜ਼ਬਤ ਕਰ ਲਈ, ਪਰ ਪਿੰਡ ਚਮਿਆਰੀ ਰਹਿਣ ਦਿਤਾ। ਰਾਮ ਸਿੰਘ ੧੮੦੪ ਈ. ਵਿਚ ਹੀ ਮਰ ਚੁਕਾ ਸੀ, ਸੋ ਜੈ ਸਿੰਘ ਜਾਗੀਰਦਾਰ ਬਣਿਆਂ। ੧੮੪੧ ਈ, ਵਿਚ ਉਹ ਸੁਰਗਵਾਸ ਹੋ ਗਿਆ, ਤਾਂ ਮ: ਸ਼ੇਰ ਸਿੰਘ ਨੇ ਸਾਰੀ ਜਾਗੀਰ ਜ਼ਬਤ ਕਰ ਲਈ। ਫਿਰ ਗੁਰਦਿਤ ਸਿੰਘ ਮ: ਦਲੀਪ ਸਿੰਘ ਦੀ ਖ਼ਾਸ ਫ਼ੌਜ ਦਾ ਕੁਮੇਦਾਨ ਬਣਿਆਂ ਤੇ ੧੨੦੦ ਦੀ ਸਾਲਾਨਾ ਜਾਗੀਰ ਲਈ। ਦੂਸਰੇ ਸਿੱਖ ਯੁਧ ਵਿਚ ਪ੍ਰਤਾਪ ਸਿੰਘ ਤੇ ਨਿਹਾਲ ਸਿੰਘ ਬਾਗ਼ੀ ਹੋ ਗਏ, ਸੋ ਜਾਗੀਰ ਜ਼ਬਤ ਹੋ ਗਈ†।

---

† ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੮੬੩।

Sri Satguru Jagjit Singh Ji eLibrary NamdhariElibrary@gmail.com

# ਸ. ਰਾਮ ਸਿੰਘ ਚੱਬਾ




ਸ: ਸੱਦਾ ਸਿੰਘ ਪਿੰਡ ਦਾਦੂ ਮਾਜਰਾ (ਜ਼ਿਲਾ ਸਿਆਲਕੋਟ) ਦਾ ਜੱਟ ਸੀ। ਉਸਦਾ ਪੁੱਤਰ—ਦਿਆਲ ਸਿੰਘ—ਕਨ੍ਹਈਆਂ ਦਾ ਜਾਗੀਰਦਾਰ ਸੀ। ਉਸਦੇ ਮਰਨ ਉੱਤੇ ਜਾਗੀਰ ਜ਼ਬਤ ਹੋ ਗਈ। ਉਸਦੇ ਪੁੱਤਰ—ਕਿਸ਼ਨ ਸਿੰਘ ਤੇ ਰਾਮ ਸਿੰਘ—ਪਿੰਡ ਚੱਬੇ (ਜ਼ਿਲਾ ਅੰਮ੍ਰਿਤਸਰ) ਆਣ ਵੱਸੇ। ਉਹ ਦੋਵੇਂ ਟਿੱਕਾ ਖੜਕ ਸਿੰਘ ਦੇ ਮਾਤਹਿਤ ਕੁਮੇਦਾਨ ਹੋਏ। ਕਿਸ਼ਨ ਸਿੰਘ ੧੮੨੭ ਈ. ਨੂੰ ਇਕ ਲੜਾਈ ਵਿਚ ਮਾਰਿਆ ਗਿਆ। ਸ: ਰਾਮ ਸਿੰਘ ਕੋਲ ਸੱਤ ਪਿੰਡ ਜਾਗੀਰ ਸੀ। ਮ: ਸ਼ੇਰ ਸਿੰਘ ਦੇ ਸਮੇਂ ਉਸ ਕੋਲ ਪੰਦਰਾਂ ਹਜ਼ਾਰ ਦੀ ਜਾਗੀਰ ਹੋ ਗਈ। ਦੂਸਰੇ ਸਿੱਖ ਯੁਧ ਵਿਚ ਬਾਗ਼ੀ ਹੋ ਕੇ ਰਾਮ ਨਗਰ, ਚਿਲੀਆਂ ਵਾਲੀ ਤੇ ਗੁਜਰਾਤ ਦੀਆਂ ਲੜਾਈਆਂ ਵਿਚ ਲੜਿਆ ਤੇ ਆਖ਼ਰੀ ਲੜਾਈ ਵਿਚ ਮਾਰਿਆ ਗਿਆ*। ਸੋ ਜਾਗੀਰ ਜ਼ਬਤ ਹੋ ਗਈ।

---

* ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੮੫੬।

Sri Satguru Jagjit Singh Ji eLibrary NamdhariElibrary@gmail.com

# ਸ. ਗੌਰ ਸਿੰਘ 'ਮਾੜੀ'




ਭੰਗੀ ਮਿਸਲ ਵਿਚ ਸ਼ਾਮਲ ਹੋ ਕੇ ਗੌਰ ਸਿੰਘ ਨੇ ਦੁਆਬਾ ਜਲੰਧਰ ਵਿਚ ਕੁਛ ਇਲਾਕਾ ਮੱਲ ਲਿਆ। ਉਹ ਇਲਾਕਾ ਆਪਣੇ ਪੁੱਤਰਾਂ—ਜੋਧ ਸਿੰਘ, ਦੀਵਾਨ ਸਿੰਘ ਤੇ ਸੁੱਖਾ ਸਿੰਘ—ਦੇ ਹਵਾਲੇ ਕਰਕੇ ਸ: ਗੌਰ ਸਿੰਘ ਨੇ ਪਿੰਡ 'ਮਾੜੀ ਗੌਰ ਸਿੰਘ ਵਾਲੀ' ਆਣ ਵਸਾਇਆ ਤੇ ਕੱਚਾ ਕਿਲ੍ਹਾ ਬਣਾ ਲਿਆ। ਜਦ ਮਹਾਰਾਜਾ ਨੇ ਇਸ ਕਿਲ੍ਹੇ ਨੂੰ ਘੇਰਾ ਪਾਇਆ, ਓਦੋਂ ਮੋਹਰ ਸਿੰਘ ਮਾਲਕ ਸੀ। ਉਸਨੇ ਕਿਲ੍ਹਾ ਹਵਾਲੇ ਕਰਕੇ ਮਹਾਰਾਜੇ ਕੋਲੋਂ ਜਾਗੀਰ ਲੈ ਲਈ। ਸ਼ੇਰੇ-ਪੰਜਾਬ ਦੀ ਫ਼ੌਜ ਵਿਚ ਉਹ ਪੰਜ ਸੌ ਅਸਵਾਰ ਦਾ ਅਫ਼ਸਰ ਬਣਿਆਂ।

ਦੂਸਰੇ ਸਿੱਖ ਯੁਧ ਸਮੇਂ ਸ਼ਮਸ਼ੇਰ ਸਿੰਘ ਬਾਗ਼ੀ ਹੋ ਗਿਆ, ਤਾਂ ਸਾਰੀ ਜਾਗੀਰ (੨੭ ਹਜ਼ਾਰ ਦੀ) ਜ਼ਬਤ ਹੋ ਗਈ। ੧੮੫੦ ਈ. ਵਿਚ ਉਸਨੂੰ ੭੨੦ ਰੁਪੈ ਸਾਲਾਨਾ ਪੈਨਸ਼ਨ ਮਿਲੀ†।

† ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੬੪੫।

Sri Satguru Jagjit Singh Ji eLibrary NamdhariElibrary@gmail.com

# ਸ. ਬੂੜ ਸਿੰਘ ਮੁਕੇਰੀਆ

ਬੁੱਢਾ ਦਿੱਤਾ
|
ਰੁਲਦੂ ਰਾਮ
|
ਬੂੜ ਸਿੰਘ | ਬੁਧ ਸਿੰਘ | ਸੁਧ ਸਿੰਘ | ਨਿਧਾਨ ਸਿੰਘ | ਮਹਾਂ ਸਿੰਘ

ਮੁਕੇਰੀਆਂ (ਜ਼ਿਲਾ ਹੁਸ਼ਿਆਰਪੁਰ) ਦਾ ਬੁੱਢਾ ਦਿਤਾ ਮਹਿਰਾ (ਝਿਉਰ)‡ ਤੇ ਉਸ ਦਾ ਪੁੱਤਰ ਰੁਲਦੂ ਰਾਮ ਸ: ਜੈ ਸਿੰਘ ਕਨ੍ਹਈਏ ਦੇ ਨੌਕਰ ਸਨ। ਕੰਵਰ ਸ਼ੇਰ ਸਿੰਘ ਦੀ ਪਾਲਣਾ ਦਾ ਪ੍ਰਬੰਧ ਰੁਲਦੂਰਾਮ ਨੂੰ ਸੌਂਪਿਆ ਗਿਆ। ਜਦ ਮਾਈ ਸਦਾ ਕੌਰ ਦਾ ਮਹਾਰਾਜੇ ਨਾਲ ਝਗੜਾ ਹੋਇਆ, ਤਾਂ ਰੁਲਦੂ ਰਾਮ ਸਦਾ ਕੌਰ ਦਾ ਤਰਫਦਾਰ ਰਿਹਾ। ਸਦਾ ਕੌਰ ਕੈਦ ਕਰ ਲਈ ਗਈ, ਤਾਂ ਰੁਲਦੂ ਰਾਮ ਡਰਦਾ ਨੱਸ ਕੇ ਵਧਣੀ (ਜ਼ਿਲਾ ਫ਼ੀਰੋਜਪੁਰ) ਚਲਾ ਗਿਆ। ਮ੍ਹਹਾਰਾਜੇ ਨੇ ਉਸਦੀ ਜਾਗੀਰ ਜ਼ਬਤ ਕਰ ਲਈ। ਕੁਛ ਚਿਰ ਪਿਛੋਂ ਰੁਲਦੂ ਰਾਮ ਤੇ ਬੂੜ ਸਿੰਘ ਮਹਾਰਾਜੇ ਦੇ ਚਰਨੀਂ ਆਣ ਪਏ ਤਾਂ ਉਸ ਨੇ ਮਾਫ਼ ਕਰ ਦਿਤਾ। ਬੂੜ ਸਿੰਘ ਨੂੰ ਰਾਣੀ ਮਹਿਤਾਬ ਕੌਰ ਦਾ ਖ਼ਿਦਮਤਗਾਰ ਨੀਯਤ ਕੀਤਾ ਗਿਆ। ਉਸਦੇ ਦੂੱਜੇ ਭਰਾ, ਕੰਵਰ ਸ਼ੇਰ ਸਿੰਘ ਤੇ

---

‡ ਰਉਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੨੪੪; ਭਗਵਾਨ ਦਾਸ (ਰਉਸਾ-ਏ ਬਾ-ਅਖ਼ਤਿਆਰ-ਉ-ਠਾਮੀ ਖਾਨਦਾਨ ਪੰਜਾਬ,—ਕਰਨਲ ਚਾਰਲਸ ਫ਼ਰਾਂਸਿਸ ਮੈਲਸੀ ਦੀ ਕਤਾਬ ਦਾ ਤਰਜਮਾ—ਉਲਥਾਕਾਰ ਭਗਵਾਨ ਦਾਸ, ਚੀਫ ਜੱਜ, ਰਿਆਸਤ ਕਪੂਰਥਲਾ, ਛਪੀ ੧੯੧੪ ਈ.), ਪੰਨਾ ੪੪੧।

Sri Satguru Jagjit Singh Ji eLibrary NamdhariElibrary@gmail.com

ਟਿੱਕਾ ਪ੍ਰਤਾਪ ਸਿੰਘ ਦੇ ਅਰਦਲੀ ਮੁਕਰਰ ਹੋਏ। ਬੁਧ ਸਿੰਘ ਮ: ਸ਼ੇਰ ਸਿੰਘ ਦੇ ਨਾਲ ਕਤਲ ਹੋਇਆ।

ਰਾਜਾ ਹੀਰਾ ਸਿੰਘ ਨੇ ਵਜ਼ੀਰ ਬਣ ਕੇ ਬੂੜ ਸਿੰਘ ਨੂੰ ੮੧ ਹਜ਼ਾਰ ਜੁਰਮਾਨਾ ਕੀਤਾ ਤੇ ਜਾਗੀਰ ਜ਼ਬਤ ਕਰ ਲਈ। ਸ: ਜਵਾਹਰ ਸਿੰਘ ਵਜ਼ੀਰ ਬਣਿਆਂ, ਤਾਂ ਉਹਨੇ ਬੂੜ ਸਿੰਘ ਦੀ ਜਾਗੀਰ ਬਹਾਲ ਕਰਕੇ ਉਹਨੂੰ ਅੰਮ੍ਰਿਤਸਰ ਦਾ ਨਾਜ਼ਮ ਬਣਾਇਆ। ਏਸੇ ਸਮੇਂ ਸੁਧ ਸਿੰਘ ਤੇ ਮਹਾਂ ਸਿੰਘ ਨੂੰ ਵੀ ਜਾਗੀਰਾਂ ਮਿਲੀਆਂ। ਮ: ਜਿੰਦ ਕੌਰ ਸ਼ੇਖ਼ੂਪੁਰ ਵਿਚ ਏਸੇ ਬੂੜ ਸਿੰਘ ਦੀ ਨਿਗਰਾਨੀ ਵਿਚ ਕੈਦ ਰਹੀ ਸੀ। ਬੁਧ ਸਿੰਘ ਉਸ ਵੇਲੇ ਮ. ਦਲੀਪ ਸਿੰਘ ਦੀ ਖ਼ਿਦਮਤ ਵਿਚ ਲਾਹੌਰ ਸੀ। ਇਹ ਸਾਰੇ ਅੰਗਰੇਜ਼ ਦੇ ਪੱਕੇ ਵਫ਼ਾਦਾਰ ਰਹੇ, ਸੋ ਪੰਜਾਬ ਦੀ ਜ਼ਬਤੀ ਸਮੇਂ ਜਾਗੀਰਾਂ ਕਾਇਮ ਰਹੀਆਂ।

ਸ: ਬੂੜ ਸਿੰਘ ਨੂੰ ਅੰਗਰੇਜ਼ਾਂ ਨੇ ਮੁਕੇਰੀਆਂ ਵਿਚ ਸਬ-ਰਜਿਸਟਰਾਰ ਤੇ ਆਨਰੇਰੀ ਮੈਜਿਸਟਰੇਟ ਬਣਾ ਦਿਤਾ। ਗ਼ਦਰ ਵਿਚ ਇਸ ਘਰਾਣੇ ਨੇ ਨੇ ਅੰਗਰੇਜ਼ ਦੀ ਬੜੀ ਮਦਦ ਕੀਤੀ। ੧੮੮੮ ਈ. ਵਿਚ ਬੂੜ ਸਿੰਘ ਨੂੰ 'ਸਰਦਾਰ ਬਹਾਦਰ' ਦਾ ਖ਼ਿਤਾਬ ਮਿਲਿਆ।

Sri Satguru Jagjit Singh Ji eLibrary NamdhariElibrary@gmail.com

# ਕੈਥਲ ਦਾ ਭਾਈ ਘਰਾਣਾ




ਇਹ ਘਰਾਣਾ ਪ੍ਰਸਿਧ ਭਾਈ ਭਗਤੂ ਦੀ ਔਲਾਦ ਹੈ। ਇਸਦਾ ਪਿਛਾ ਰਾਜਾ ਜੈਸਲ ਨਾਲ ਜਾ ਮਿਲਦਾ ਹੈ। ਸ: ਗੁਰਬਖ਼ਸ਼ ਸਿੰਘ ਰਾ. ਆਲਾ ਸਿੰਘ ਦਾ ਸਾਥੀ ਸੀ। ਉਹ ੧੭੬੦ ਈ. ਵਿਚ ਸੁਰਗਵਾਸ ਹੋਇਆ*। ਉਸਦੇ ਅੱਗੇ ਛੇ ਪੁੱਤਰ ਸਨ। ਸ: ਬੁਢਾ ਸਿੰਘ ਨੇ ਥਾਨੇਸਰ ਕਹੋਦ ਤੇ ਪਹੋਆ ਮੱਲ ਲਏ। ਮਗਰੋਂ ਭੰਗਾ ਸਿੰਘ ਨੇ ਥਾਨੇਸਰ ਖੋਹ ਲਿਆ। ਸ:

* ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੪੧; ਭਗਵਾਨ ਦਾਸ, ਪੰਨਾ ੨੨੩

Sri Satguru Jagjit Singh Ji eLibrary NamdhariElibrary@gmail.com

ਦੇਸੂ ਸਿੰਘ ਨੇ ਭੀਖ ਬਖ਼ਸ਼ ਤੇ ਨਿਆਮਤ ਖ਼ਾਂ ਪਠਾਣਾਂ ਤੋਂ ਕੈਥਲ ਖੋਹ ਲਿਆ। ਸ: ਦੇਸੂ ਸਿੰਘ ੧੭੮੧ ਈ. ਵਿਚ† ਸੁਰਗਵਾਸ ਹੋਇਆ।

ਉਸਦੇ ਦੋ ਪੁੱਤਰ ਸਨ: ਬਹਾਲ ਸਿੰਘ ਤੇ ਲਾਲ ਸਿੰਘ। ਬਹਾਲ ਸਿੰਘ ਨੂੰ ਕਤਲ ਕਰਕੇ ਲਾਲ ਸਿੰਘ ਸਾਰੇ ਇਲਾਕੇ ਦਾ ਮਾਲਕ ਬਣ ਬੈਠਾ। ੧੮੦੯ ਈ. ਵਿਚ ਇਹ ਰਿਆਸਤ ਵੀ ਅੰਗਰੇਜ਼ਾਂ ਦੀ ਰੱਖਿਆ ਵਿਚ ਚਲੀ ਗਈ। ਲਾਲ ਸਿੰਘ ਪਿਛੋਂ ਪ੍ਰਤਾਪ ਸਿੰਘ ਤੇ ਉਸਦੇ ਪਿਛੋਂ ਉਦੇ ਸਿੰਘ ਗੱਦੀ 'ਤੇ ਬੈਠਾ। ੧੫ ਮਾਰਚ, ੧੮੪੩ ਈ. ਉਹ ਬਿਨਾਂ ਔਲਾਦ ਦੇ ਸੁਰਗਵਾਸ ਹੋ ਗਿਆ, ਤਾਂ ਸਰਕਾਰ ਅੰਗਰੇਜ਼ੀ ਨੇ ਚਾਰ ਲੱਖ ਦਾ ਇਲਾਕਾ (ਸਣੇ ਕੈਥਲ) ਜ਼ਬਤ ਕਰ ਲਿਆ। ਸਿਰਫ਼ ਇਕ ਲੱਖ ਦਾ ਇਲਾਕਾ (ਜੋ ਸ: ਗੁਰਬਖ਼ਸ਼ ਸਿੰਘ ਦੇ ਕਬਜ਼ੇ ਸੀ) ਸ: ਗੁਲਾਬ ਸਿੰਘ ਨੂੰ ਦਿਤਾ। ਉਸਦੇ ਪਿਛੋਂ ਵੱਡਾ ਪੁੱਤਰ ਜਸਮੇਰ ਸਿੰਘ ਜਾਗੀਰਦਾਰ ਬਣਿਆਂ। ਉਸਨੇ ਤੇ ਅਨੋਖ ਸਿੰਘ ਨੇ ਸਿੱਖਾਂ ਦੀਆਂ ਦੋਹਾਂ ਲੜਾਈਆਂ ਤੇ ਗ਼ਦਰ ਵਿਚ ਅੰਗਰੇਜ਼ਾਂ ਦੀ ਮਦਦ ਕੀਤੀ। ਜਸਮੇਰ ਸਿੰਘ ਦੀ ਔਲਾਦ ਅਰਨੌਲੀ ਵਿਚ ਤੇ ਅਨੋਖ ਸਿੰਘ ਦੀ ਸਿਧੋਵਾਲ ਵਿਚ ਹੈ।

† ਪੰਜਾਬ ਰਾਜਾਜ਼, ਪੰਨਾ ੫੧। ਭਗਵਾਨ ਦਾਸ, ਪੰਨਾ ੨੨੩।

Sri Satguru Jagjit Singh Ji eLibrary NamdhariElibrary@gmail.com

# ਸ. ਭੰਗਾ ਸਿੰਘ ਥਾਨਸਰ

ਇਸ ਘਰਾਣੇ ਦਾ ਬਾਨੀ ਸ. ਮਿੱਤ ਸਿੰਘ ਪਿੰਡ ਸਿਰਹਾਲੀ (ਜ਼ਿਲਾ ਅੰਮ੍ਰਿਤਸਰ) ਦਾ ਸੀ। ਉਸਨੇ ਥਾਨੇਸਰ ਉੱਤੇ ਕਬਜ਼ਾ ਕੀਤਾ ਸੀ। ਉਹ ਸੁਰਗਵਾਸ ਹੋਇਆ, ਤਾਂ ਉਸਦੇ ਭਤੀਜੇ ਭੰਗਾ ਸਿੰਘ ਤੇ ਭਾਗ ਸਿੰਘ ਮਾਲਕ ਬਣੇ। ਸ: ਭੰਗਾ ਸਿੰਘ ੧੮੧੫ ਈ. ਵਿਚ ਸੁਰਗਵਾਸ ਹੋਇਆ। ਤਾਂ ਉਸ ਦਾ ਪੁੱਤਰ ਫ਼ਤਹਿ ਸਿੰਘ ਜਾਗੀਰਦਾਰ ਬਣਿਆਂ। ਉਹ ੧੮੧੯ ਈ. ਵਿਚ ਚਲਾਣਾ ਕਰ ਗਿਆ। ਜਾਇਦਾਦ ਉਸਦੀ ਵਿਧਵਾ ਦੇ ਕਬਜ਼ੇ ਵਿਚ ਰਹੀ। ੧੮੫੦ ਈ. ਵਿਚ ਉਹ ਵੀ ਚਲਾਣਾ ਕਰ ਗਈ, ਤਾਂ ਇਲਾਕਾ ਸਰਕਾਰ ਅੰਗਰੇਜ਼ੀ ਨੇ ਜ਼ਬਤ ਕਰ ਲਿਆ।

ਭਾਗ ਸਿੰਘ ੧੭੯੧ ਈ. ਵਿਚ ਸੁਰਗਵਾਸ ਹੋਇਆ। ਉਸਦਾ ਪੋਤਰਾ ਜਮੀਤ ਸਿੰਘ ਜਾਗੀਰ ਦਾ ਮਾਲਕ ਬਣਿਆਂ। ੧੮੩੪ ਈ. ਵਿਚ ਉਹ ਵੀ ਸੁਰਗਵਾਸ ਹੋ ਗਿਆ, ਤਾਂ ਜਾਗੀਰ ਜ਼ਬਤ ਹੋ ਗਈ‡।

‡ ਪੰਜਾਬ ਰਾਜਾਜ਼, ਪੰਨਾ ੫੯, ਫੁਟ ਨੋਟ।

Sri Satguru Jagjit Singh Ji eLibrary NamdhariElibrary@gmail.com

# ਰਾਜਾ ਅਜੀਤ ਸਿੰਘ ਲਾਡਵਾ

ਸ: ਗੁਰਦਿਤ ਸਿੰਘ ਤੇ ਸਾਹਿਬ ਸਿੰਘ ਪਿੰਡ ਵੇਈਂ ਪੂਈਂ (ਜ਼ਿਲਾ ਅੰਮ੍ਰਿਤਸਰ) ਦੇ ਮਿਸਲ ਕਰੋੜਾ ਸਿੰਘੀਆਂ ਦੇ ਸਨ। ਜ਼ੈਨ ਖ਼ਾਂ ਗਵਰਨਰ ਸਰਹਿੰਦ ਦੇ ਮਰਨ ਉੱਤੇ ਉਹਨਾਂ ਪਰਗਣਾ ਲਾਡਵਾ, ਸ਼ਾਮ ਗੜ੍ਹ, ਬੇਹੀਂ ਆਦਿ 'ਤੇ ਕਬਜ਼ਾ ਕਰ ਲਿਆ। ਸ: ਸਾਹਿਬ ਸਿੰਘ ਇਕ ਲੜਾਈ ਵਿਚ ਮਾਰਿਆ ਗਿਆ, ਤਾਂ ਸ: ਗੁਰਦਿਤ ਸਿੰਘ ਇਕੱਲਾ ਮਾਲਕ ਬਣਿਆਂ। ਉਸਦੇ ਪਿਛੋਂ ਉਸਦਾ ਪੁੱਤਰ ਅਜੀਤ ਸਿੰਘ ਜਾਗੀਰਦਾਰ ਬਣਿਆਂ, ਜਿਸ ਨੂੰ 'ਰਾਜੇ' ਦਾ ਖ਼ਿਤਾਬ ਮਿਲਿਆ*। ਪਹਿਲੇ ਸਿੱਖ ਯੁਧ ਵਿਚ ਉਹਨੇ ਖੁੱਲ੍ਹ-ਮ-ਖੁੱਲ੍ਹਾ ਅੰਗਰੇਜ਼ਾਂ ਦੇ ਵਿਰੁਧ ਬਗ਼ਾਵਤ ਕਰਕੇ ਲਾਹੌਰ ਦਰਬਾਰ ਦਾ ਸਾਥ ਦਿਤਾ ਤੇ ਸ: ਰਣਜੋਰ ਸਿੰਘ ਮਜੀਠਾ ਦੀ ਫ਼ੌਜ ਵਿਚ ਸ਼ਾਮਲ ਹੋ ਕੇ ਲੜਿਆ। ਲੜਾਈ ਪਿੱਛੋਂ ਅੰਗਰੇਜ਼ਾਂ ਨੇ ਉਸਦਾ ਸਾਰਾ ਇਲਾਕਾ (ਇਕ ਲੱਖ ਸਾਲਾਨਾ ਦਾ) ਜ਼ਬਤ ਕਰ ਲਿਆ ਤੇ ਉਸਨੂੰ ਅਲਾਹਾਬਾਦ ਵਿਚ ਕੈਦ ਕਰ ਦਿਤਾ। ਇਕ ਰਾਤ ਉਹ ਆਪਣੇ ਰਾਖੇ ਨੂੰ ਕਤਲ ਕਰਕੇ ਨੱਸ ਗਿਆ। ਉਹ ਕਸ਼ਮੀਰ ਵਿਚ ਭਟਕਦਾ ਫਿਰਦਾ ਚਲਾਣਾ ਕਰ ਗਿਆ। ਉਸਦੀ ਔਲਾਦ ਪਿਛੇ ਹੈ।

---

* ਪੰਜਾਬ ਰਾਜਾਜ਼, ਪੰਨਾ ੬੧।

Sri Satguru Jagjit Singh Ji eLibrary NamdhariElibrary@gmail.com

# ਭਦੌੜ ਘਰਾਣਾ




ਰਾ. ਆਲਾ ਸਿੰਘ ਨੇ ਭਦੌੜ ਆਪਣੇ ਭਰਾ 'ਦੂੱਨੇ' ਨੂੰ ਦੇ ਦਿਤਾ ਤੇ ਆਪ ਬਰਨਾਲੇ ਜਾ ਵੱਸਿਆ। ਦਿੱਲੀ ਸਰਕਾਰ ਵੱਲੋਂ ਦੂੱਨਾ ਆਪਣੇ ਇਲਾਕੇ ਦਾ ਚੌਧਰੀ ਬਣਾਇਆ ਗਿਆ। ਉਹ ੧੭੨੬ ਈ. ਵਿਚ ਸੁਰਗ-ਵਾਸ ਹੋਇਆ*। ਫਿਰ ਵੱਡਾ ਪੁੱਤਰ ਬੀਘਾ ਸਿੰਘ ਚੌਧਰੀ ਬਣਿਆਂ। ਉਸਦੇ

* ਭਗਵਾਨ ਦਾਸ, ਪੰਨੇ ੩੦੨; ਪੰਜਾਬ ਰਾਜਾਜ਼, ਪੰਨਾ ੨੧੯ ।

Sri Satguru Jagjit Singh Ji eLibrary NamdhariElibrary@gmail.com

ਛੋਟੇ ਭਰਾ ਸਾਰੇ ਉਸਦੇ ਜਿਉਂਦਿਆਂ ਸੁਰਗਵਾਸ ਹੋ ਗਏ (ਦਾਊ ੧੭੨੩ਈ. ਵਿਚ, ਸੰਗੂ ਸਿੰਘ ੧੭੪੪ ਈ. ਵਿਚ, ਸੁੱਖੂ ਸਿੰਘ ੧੭੬੫ ਈ. ਵਿਚ ਤੇ ਸੋਮਾ ਸਿੰਘ ੧੭੭੨ ਈ. ਵਿਚ)। ਉਹ ਆਪ ੧੭੭੩ ਈ. ਵਿਚ ਪ੍ਰਲੋਕ ਸਿਧਾਰਿਆ। ਉਸਦਾ ਵੱਡਾ ਪੁੱਤਰ ਗੁਰਦਾਸ ਸਿੰਘ ਉਸ ਤੋਂ ਪਹਿਲਾਂ (੧੭੪੯ ਈ. ਵਿਚ) ਹੀ ਮਰ ਚੁਕਾ ਸੀ, ਸੋ ਦੂੱਜਾ ਪੁੱਤਰ ਚੂਹੜ ਸਿੰਘ ਚੌਧਰੀ ਬਣਿਆਂ।

ਸ: ਚੂਹੜ ਸਿੰਘ ਇਸ ਘਰਾਣੇ ਵਿਚ ਸਭ ਨਾਲੋਂ ਪ੍ਰਸਿਧ ਹੋਇਆ ਹੈ ਉਹਨੇ ਆਪਣੀ ਹਿੰਮਤ ਨਾਲ ਇਲਾਕਾ ਵਧਾਇਆ। ੧੭੬੩ ਈ. ਵਿਚ ਪਿੰਡ ਘੱਨੇ ਦੇ 'ਸੁਜਾਨ' ਬਰਾੜ ਨੇ ਸ: ਚੂਹੜ ਸਿੰਘ ਤੇ ਦਲ ਸਿੰਘ ਨੂੰ ਆਪਣੇ ਘਰ ਬੁਲਾ ਕੇ ਆਪਣੇ ਘਰ ਨੂੰ ਅੱਗ ਲਾਕੇ ਦੋਹਾਂ ਨੂੰ ਸਾੜ ਦਿਤਾ। ਇਹ ਖ਼ਬਰ ਸੁਣ ਕੇ ਸ: ਚੂਹੜ ਸਿੰਘ ਦੇ ਪੁੱਤਰਾਂ—ਬੀਰ ਸਿੰਘ, ਦੀਪ ਸਿੰਘ ਨੇ ਹਮਲਾ ਕਰਕੇ ਸੁਜਾਨ ਨੂੰ ਕਤਲ ਕਰ ਦਿਤਾ ਤੇ ਘੱਨੇ ਆਦਿ ੧੦ ਪਿੰਡਾਂ ਉੱਤੇ ਕਬਜ਼ਾ ਕਰ ਲਿਆ।

੧੮੧੩ ਈ. ਵਿਚ ਦੋਹਾਂ ਭਰਾਵਾਂ ਨੇ ਜਾਇਦਾਦ ਵੰਡ ਲਈ। ਦੀਪ ਸਿੰਘ ੧੮੨੨ ਈ. ਵਿਚ ਤੇ ਬੀਰ ਸਿੰਘ ੧੮੨੩ ਈ. ਵਿਚ ਸੁਰਗਵਾਸ ਹੋਏ ਦੀਪ ਸਿੰਘ ਪਿਛੋਂ ਉਸਦਾ ਪੁੱਤਰ ਖੜਕ ਸਿੰਘ ਜਾਗੀਰਦਾਰ ਬਣਿਆਂ। ਸਤਲੁਜ ਯੁਧ ਵਿਚ ਉਹਨੇ ਅੰਗਰੇਜ਼ਾਂ ਦੀ ਮਦਦ ਕੀਤੀ। ੧੮੫੮ਈ. ਵਿਚ ਉਹਨੇ ਚਲਾਣਾ ਕੀਤਾ, ਤਾਂ ਉਸਦਾ ਪੁੱਤਰ ਅਤਰ ਸਿੰਘ ਜਾਗੀਰ ਦਾ ਮਾਲਕ ਬਣਿਆਂ। ਉਹ ਆਪਣੇ ਸਮੇਂ ਦਾ ਉਘਾ ਵਿਦਵਾਨ ਸੀ।

Sri Satguru Jagjit Singh Ji eLibrary NamdhariElibrary@gmail.com

# ਮਲੌਦ ਘਰਾਣਾ




ਬਖ਼ਤ ਮੱਲ ਨੇ ਭਦੌੜੋਂ ਉਠ ਕੇ ਪਿੰਡ 'ਬਖ਼ਤਾ' ਵਸਾਇਆ। ਉਹ ੧੭੪੨ ਈ. ਵਿਚ ਸੁਰਗਵਾਸ ਹੋਇਆ‡। ਉਸ ਦੇ ਪੁੱਤਰ ਮਾਨ ਸਿੰਘ ਨੇ ੧੭੫੪ ਈ. ਵਿਚ ਮਲੇਰ ਕੋਟਲੀਏ ਤੋਂ ਪਰਗਣਾ ਮਲੌਦ ਖੋਹ ਲਿਆ†। ਉਸਨੇ ੧੭੭੮ ਈ. ਵਿਚ ਚਲਾਣਾ ਕੀਤਾ, ਤਾਂ ਜਾਇਦਾਦ ਦੇ ਦੋ ਹਿੱਸੇ ਵੱਡੇ ਪੁੱਤਰ ਦਲੇਲ ਸਿੰਘ ਨੇ ਲਏ ਤੇ ਤਿੱਜਾ ਹਿੱਸਾ ਛੋਟੇ ਭਾਗ ਸਿੰਘ ਨੇ। ਦਲੇਲ

---

‡ ਭਗਵਾਨ ਦਾਸ, ਪੰਨਾ ੩੦੬।

† ਪੰਜਾਬ ਰਾਜਾਜ਼, ਪੰਨਾ ੩੦੧; ਭਗਵਾਨ ਦਾਸ, ਪੰਨਾ ੩੦੬।

Sri Satguru Jagjit Singh Ji eLibrary NamdhariElibrary@gmail.com

ਸਿੰਘ ਦੇ ਤਿੰਨ ਪੁੱਤਰ ਸਨ, ਜਿਨ੍ਹਾਂ ਵਿਚੋਂ ਸੁਜਾਨ ਸਿੰਘ ੧੮੧੨ ਈ. ਵਿਚ ਮਰ ਗਿਆ। ਜਦ ੧੮੨੪ ਈ. ਵਿਚ ਦਲੇਲ ਸਿੰਘ ਸੁਰਗਵਾਸ ਹੋਇਆ, ਤਾਂ ਜਾਇਦਾਦ ਦੇ ਦੋ ਹਿੱਸੇ ਵੱਡੇ ਫ਼ਤਹਿ ਸਿੰਘ ਨੂੰ ਮਿਲੇ ਤੇ ਤਿੱਜਾ ਹਿਸਾ ਛੋਟੇ ਮਿੱਤ ਸਿੰਘ ਨੂੰ। ਫ਼ਤਹਿ ਸਿੰਘ ੧੮੪੯ ਈ. ਵਿਚ ਪ੍ਰਲੋਕ ਸਿਧਾਰ ਗਿਆ। ਉਸਦਾ ਵੱਡਾ ਪੁੱਤਰ ਹਜ਼ਾਰਾ ਸਿੰਘ ੧੮੫੪ ਈ. ਵਿਚ ਲਾਵਲਦ ਮਰ ਗਿਆ, ਤਾਂ ਛੋਟਾ ਉਤਮ ਸਿੰਘ ਸਾਰੀ ਜਾਇਦਾਦ ਦਾ ਮਾਲਕ ਬਣਿਆਂ ਗ਼ਦਰ ਵਿਚ ਅੰਗਰੇਜ਼ਾਂ ਦੀ ਮਦਦ ਕਰਨ ਦੇ ਇਨਾਮ ਵਜੋਂ ੧੮੬੬ ਈ. ਵਿਚ ਸਰਕਾਰ ਨੇ ਸ: ਉਤਮ ਸਿੰਘ ਨੂੰ ਜਾਗੀਰ ਮੈਜਿਸਰੇਟ ਬਣਾ ਦਿਤਾ। ਉਸਦੀ ਔਲਾਦ ਰਾਮਗੜ੍ਹ ਵਿਚ ਤੇ ਮਿੱਤ ਸਿੰਘ ਦੀ ਮਲੌਦ ਵਿਚ ਹੈ।

ਸ: ਭਾਗ ਸਿੰਘ ੧੮੨੦ ਈ. ਵਿਚ ਮਰਿਆ, ਤਾਂ ਉਹਦੇ ਪੁੱਤਰਾਂ ਵੀ ਓਸੇ ਤਰ੍ਹਾਂ ਜਾਇਦਾਦ ਵੰਡੀ,ਭਾਵ ਦੋ ਹਿੱਸੇ ਵੱਡੇ ਨੇ ਤੇ ਤੀਸਰਾ ਹਿੱਸਾ ਛੋਟੇ ਨੇ। ਰਣਜੀਤ ਸਿੰਘ ੧੮੫੪ ਈ. ਵਿਚ ਗੁਜ਼ਰ ਗਿਆ। ਹਕੀਕਤ ਸਿੰਘ ਨੇ ਗ਼ਦਰ ਵਿਚ ਅੰਗਰੇਜ਼ ਦੀ ਮਦਦ ਕੀਤੀ, ਸੋ ਆਨਰੇਰੀ ਮੈਜਿਸਟਰੇਟ ਬਣਾਇਆ ਗਿਆ।

Sri Satguru Jagjit Singh Ji eLibrary NamdhariElibrary@gmail.com

# ਬੁੱਡਰ ਖਾਨ ਦਾ ਸਰਦਾਰ ਘਰਾਣਾ




੧੭੯੯ ਈ. ਵਿਚ ਰਾਜਾ ਗਜਪਤ ਸਿੰਘ ਨੇ ਭੂਪ ਸਿੰਘ ਨੂੰ ਜਾਗੀਰ ਦੇ ਕੇ ਵਖਰਾ ਕਰ ਦਿਤਾ। ਉਸਦਾ ਵੱਡਾ ਪੁੱਤਰ ਕਰਮ ਸਿੰਘ ਪਿਉ ਤੋਂ ਬਾਗ਼ੀ ਹੋ ਗਿਆ। ਸੋ ਸਾਰੀ ਜਾਇਦਾਦ ਛੋਟੇ ਬਸਾਵਾ ਸਿੰਘ ਨੂੰ ਮਿਲੀ। ਸ: ਕਰਮ ਸਿੰਘ ਦਾ ਪੁੱਤਰ ਸਰੂਪ ਸਿੰਘ ਜੀਂਦ ਦਾ ਰਾਜਾ ਬਣਿਆਂ। ਸ:

Sri Satguru Jagjit Singh Ji eLibrary NamdhariElibrary@gmail.com

ਕਰਮ ਸਿੰਘ ਨੇ ੧੯੧੯ ਈ. ਵਿਚ ਚਲਾਣਾ ਕੀਤਾ।

ਸ: ਭੂਪ ਸਿੰਘ ੧੯੧੫ ਈ. ਵਿਚ ਸੁਰਗਵਾਸ ਹੋਇਆ*, ਤਾਂ ਬਸਾਵਾ ਸਿੰਘ ਜਾਗੀਰਦਾਰ ਬਣਿਆਂ। ਉਹ ੧੯੩੦ ਈ. ਵਿਚ ਪ੍ਰਲੋਕ ਸਿਧਾਰਿਆ ਉਸਦੇ ਅੱਗੇ ਦੋ ਹੋਏ: ਸੁੱਖਾ ਸਿੰਘ ਤੇ ਭਗਵਾਨ ਸਿੰਘ। ਉਹ ਦੋਵੇਂ ੧੯੫੨ ਈ. ਵਿਚ ਚਲਾਣਾ ਕਰ ਗਏ।

ਸ: ਸੁੱਖਾ ਸਿੰਘ ਦੇ ਪੁੱਤਰਾਂ ਵਿਚੋਂ ਹਰਨਾਮ ਸਿੰਘ ੧੯੫੬ ਈ. ਵਿਚ ਚਲਾਣਾ ਕਰ ਗਿਆ ਤੇ ਹੀਰਾ ਸਿੰਘ ਨੂੰ ਨਾਭੇ ਦਾ ਰਾਜਾ ਬਣਾ ਦਿਤਾ ਗਿਆ। ਸੋ ਬੁੱਡਰ ਖ਼ਾਨ ਦੀ ਜਾਗੀਰ ਦੇ ਮਾਲਕ ਭਗਵਾਨ ਸਿੰਘ ਦੇ ਪੁੱਤਰ ਬਣੇ।

---

* ਪੰਜਾਬ ਰਾਜਾਜ਼, ਪੰਨਾ ੩੦੩।

Sri Satguru Jagjit Singh Ji eLibrary NamdhariElibrary@gmail.com

# ਸ. ਕਰਮ ਸਿੰਘ ਸ਼ਾਹਾਬਾਦ




ਇਹ ਘਰਾਣਾ ਪਿਛੋਂ ਮਾਝੇ ਤੋਂ ਆਇਆ ਹੈ। ਸ: ਹਿੰਮਤ ਸਿੰਘ ਨਸ਼ਾਨਾਂਵਾਲੀ ਮਿਸਲ ਵਿਚੋਂ ਸੀ। ਜ਼ੈਨ ਖ਼ਾਂ ਦੇ ਮਰਨ ਉੱਤੇ ਉਹਨੇ ਸ਼ਾਹਾ-ਬਾਦ ਉੱਤੇ ਕਬਜ਼ਾ ਕਰ ਲਿਆ। ਉਹ ੧੭੭੧ ਈ.‡ ਵਿਚ ਸੁਰਗਵਾਸ ਹੋ ਗਿਆ, ਤਾਂ ਉਸਦਾ ਭਤੀਜਾ ਕਰਮ ਸਿੰਘ ਉਸਦਾ ਮੁਤਬੰਨਾ ਤੇ ਜਾਇਦਾਦ ਦਾ ਮਾਲਕ ਬਣਿਆਂ। ਸਮਾਂ ਵਿਚਾਰ ਕੇ ਉਹ ਮੁਗ਼ਲਾਂ ਨੂੰ ਖ਼ਰਾਜ ਤੇ ਲੋੜ ਪਈ 'ਤੇ ਮਰਦ ਦੇਣ ਲੱਗ ਪਿਆ। ੧੮੦੮ ਈ. ਵਿਚ ਉਹ ਸੁਰਗਵਾਸ ਹੋ ਗਿਆ। ਉਸਦੇ ਅੱਗੇ ਚਾਰ ਪੁੱਤਰ ਹੋਏ : ਰਨਜੀਤ ਸਿੰਘ, ਸ਼ੇਰ ਸਿੰਘ, ਖੜਕ ਸਿੰਘ ਤੇ ਕਾਹਨ ਸਿੰਘ। ਸਿੱਖਾਂ ਦੀਆਂ ਦੋਹਾਂ ਲੜਾਈਆਂ ਤੇ ਗ਼ਦਰ ਵਿਚ ਇਹ ਘਰਾਣਾ ਅੰਗਰੇਜ਼ਾਂ ਦਾ ਮਦਦਗਾਰ ਰਿਹਾ†।

‡ ਰਉਸਾ-ਏ ਪੰਜਾਬ, ਹਿੱਸਾ ਪਹਿਲਾ, ਪੰਨਾ ੬੨।

† ਭਗਵਾਨ ਦਾਸ, ਪੰਨਾ ੨੭੪।

Sri Satguru Jagjit Singh Ji eLibrary NamdhariElibrary@gmail.com

# ਸ. ਭਾਗ ਸਿੰਘ ਬੁੜੀਆ ਤੇ ਸ. ਰਾਏ ਸਿੰਘ ਜਗਾਧਰੀ

ਭਾਗ ਸਿੰਘ
|
ਸ਼ੇਰ ਸਿੰਘ
|
ਜੈਮਲ ਸਿੰਘ — ਗੁਲਾਬ ਸਿੰਘ
|
ਜੀਵਨ ਸਿੰਘ

ਸ: ਨਾਨੂੰ ਸਿੰਘ, ਭਾਗ ਸਿੰਘ ਤੇ ਰਾਏ ਸਿੰਘ ਮਿਸਲ ਭੰਗੀਆਂ ਵਿਚੋਂ ਸਨ । ੧੭੬੪ ਈ. ਵਿਚ ਸਰਹਿੰਦ ਫ਼ਤਹਿ ਹੋਈ, ਉਹਨਾਂ ਕਿਲ੍ਹਾ ਬੁੜੀਆ ਉੱਤੇ ਕਬਜ਼ਾ ਕਰ ਲਿਆ । ਸ: ਨਾਨੂੰ ਸਿੰਘ ਝੁਬਾਲ (ਜ਼ਿਲਾ ਅੰਮ੍ਰਿਤਸਰ) ਦਾ ਜੱਟ ਸੀ । ਔਰੰਗਾਬਾਦ ਦੇ ਪਠਾਣਾਂ ਨੇ ਉਸਨੂੰ ਘਰ ਬੁਲਾ ਕੇ ਧੋਖੇ ਨਾਲ ਕਤਲ ਕਰ ਦਿਤਾ (੧੭੬੪ ਈ.) । ਉਸਦੇ ਮੁਤਬੰਨੇ ਰਾਏ ਸਿੰਘ ਨੇ

Sri Satguru Jagjit Singh Ji eLibrary NamdhariElibrary@gmail.com

ਆਪਣੇ ਭਰਾ ਭਾਗ ਸਿੰਘ ਨੂੰ ਨਾਲ ਲੈ ਕੇ ਔਰੰਗਾਬਾਦ ਦੇ ਪਠਾਣਾਂ ਨੂੰ ਸ਼ਕਸਤ ਦੇ ਕੇ ਕਿਲ੍ਹਾ ਢਾਹ ਦਿਤਾ ਤੇ ਦੋ ਸੌ ਪਿੰਡ ਉੱਤੇ ਕਬਜ਼ਾ ਕਰ ਲਿਆ* । ਫਿਰ ਦੋਹਾਂ ਭਰਾਵਾਂ—ਰਾਏ ਸਿੰਘ, ਭਾਗ ਸਿੰਘ—ਨੇ ਇਲਾਕਾ ਵੰਡ ਲਿਆ, ਪਰਗਣਾ ਜਗਾਧਰੀ ਤੇ ਦਿਆਲ ਗੜ੍ਹ ਦੇ ੮੪ ਪਿੰਡ ਰਾਏ ਸਿੰਘ ਨੇ ਲੈ ਲਏ ਤੇ ਪਰਗਣਾ ਬੁੜੀਆ ਦੇ ੧੨੦ ਪਿੰਡ ਭਾਗ ਸਿੰਘ ਨੇ।

ਸ: ਭਾਗ ਸਿੰਘ ੧੭੮੬ ਈ. ਵਿਚ ਸੁਰਗਵਾਸ ਹੋਇਆ, ਤਾਂ ਉਸਦਾ ਪੁੱਤਰ ਸ਼ੇਰ ਸਿੰਘ ਜਾਗੀਰ ਦਾ ਮਾਲਕ ਬਣਿਆਂ। ਉਹ ੧੮੦੫ ਈ. ਵਿਚ ਚਲਾਣਾ ਕਰ ਗਿਆ। ਉਸਦੇ ਦੋ ਪੁੱਤਰ ਜੈਮਲ ਸਿੰਘ ਤੇ ਗੁਲਾਬ ਸਿੰਘ ਹੋਏ। ਗੁਲਾਬ ਸਿੰਘ ੧੮੪੪ ਈ. ਵਿਚ ਤੇ ਜੈਮਲ ਸਿੰਘ ੧੮੬੧ ਈ. ਵਿਚ ਪ੍ਰਲੋਕ ਸਿਧਾਰ ਗਏ। ਜੈਮਲ ਸਿੰਘ ਦੇ ਘਰ ਔਲਾਦ ਕੋਈ ਨਹੀਂ ਸੀ, ਸੋ ਗੁਲਾਬ ਸਿੰਘ ਦਾ ਪੁੱਤਰ ਜੀਵਨ ਸਿੰਘ ਸਾਰੀ ਜਾਇਦਾਦ ਦਾ ਮਾਲਕ ਬਣਿਆਂ। ਗ਼ਦਰ ਵਿਚ ਅੰਗਰੇਜ਼ਾਂ ਦੀ ਮਦਦ ਕਰਨ ਬਦਲੇ ਉਹ ਆਨਰੇਰੀ ਮੈਜਿਸਟਰੇਟ ਤੇ ਸਬ-ਰਜਿਟਰਾਰ ਬਣਾ ਦਿਤਾ ਗਿਆ।

ਸ: ਰਾਏ ਸਿੰਘ ਸ: ਨਾਨੂੰ ਸਿੰਘ ਦਾ ਮੁਤਬੰਨਾ (ਪੁਤਰੇਲਾ) ਸੀ। ੧੮੦੫ ਵਿਚ ਸ: ਰਾਏ ਸਿੰਘ ਸੁਰਗਵਾਸ ਹੋ ਗਿਆ, ਤਾਂ ਜਗਾਧਰੀ ਤੇ ਦਿਆਲ ਗੜ੍ਹ ਦਾ ਮਾਲਕ ਉਸਦਾ ਭਤੀਜਾ ਤੇ ਮੁਤਬੰਨਾ ਭਗਵਾਨ ਸਿੰਘ ਬਣਿਆਂ। ੧੮੧੨ ਈ. ਵਿਚ ਉਹ ਲਾਵਲਦ ਮਰ ਗਿਆ, ਤਾਂ ਜਾਇਦਾਦ ਉਹਦੀਆਂ ਦੋਹਾਂ ਵਿਧਵਾ ਸਰਦਾਰਨੀਆਂ ਨੇ ਵੰਡ ਲਈ। ਦਇਆ ਕੌਰ ਦੇ ਹਿੱਸੇ ਜਗਾਧਰੀ ਆਈ, ਜੋ ੧੮੨੯ ਈ. ਵਿਚ ਉਹਦੇ ਮਰਨ ਸਮੇਂ ਸਰਕਾਰ ਨੇ ਜ਼ਬਤ ਕਰ ਲਈ। ਦਿਆਲ ਗੜ੍ਹ ਪਰਗਣਾ ਸੁੱਖਾਂ ਨੂੰ ਮਿਲਿਆ। ਉਹ ੧੮੫੨ ਈ. ਵਿਚ ਮਰੀ, ਤਾਂ ਸਰਕਾਰ ਨੇ ਕੁਛ ਪਿੰਡ ਤਾਂ (ਸਣੇ ਦਿਆਲ ਗੜ੍ਹ) ਉਸਦੇ ਭਰਾਵਾਂ ਭਤੀਜਿਆਂ ਨੂੰ ਦੇ ਦਿਤੇ ਤੇ ਬਾਕੀ

* ਭਗਵਾਨ ਦਾਸ, ਪੰਨਾ ੨੭੦; ਰਊਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੧੦੧।

Sri Satguru Jagjit Singh Ji eLibrary NamdhariElibrary@gmail.com

ਜ਼ਬਤ ਕਰ ਲਏ। ਇਹ ਘਰਾਣਾ ਦਿਆਲਗੜ੍ਹੀਏ ਸਰਦਾਰ ਅਖਵਾਉਂਦਾ ਹੈ।




Sri Satguru Jagjit Singh Ji eLibrary NamdhariElibrary@gmail.com

# ਸ. ਰਤਨ ਸਿੰਘ ਭੰਗੂ

(ਕਰਤਾ ਪ੍ਰਾਚੀਨ ਪੰਥ ਪ੍ਰਕਾਸ਼)

ਮਤਾਬ ਸਿੰਘ
|
ਰਾਏ ਸਿੰਘ
|
ਰਤਨ ਸਿੰਘ
|
ਸਰਮੁਖ ਸਿੰਘ — ਗੁਰਮੁਖ ਸਿੰਘ

ਇਸ ਘਰਾਣੇ ਦਾ ਮੋਢੀ ਪ੍ਰਸਿਧ ਸ: ਮਤਾਬ ਸਿੰਘ ਮੀਰਾਂ ਕੋਟ ਦਾ ਸੀ, ਜਿਸ ਨੇ ਅੰਮ੍ਰਿਤਸਰ ਹਰਮਿੰਦਰ ਸਾਹਿਬ ਵਿਚ ਮੱਸੇ ਰੰਘੜ ਨੂੰ ਕਤਲ ਕੀਤਾ ਸੀ। ਉਹ ੧੭੪੫ ਈ. ਵਿਚ ਲਾਹੌਰ ਸ਼ਹੀਦ ਕੀਤਾ ਗਿਆ। ਉਸਦਾ ਪੁੱਤਰ ਰਾਏ ਸਿੰਘ ਹੋਇਆ। ਮੱਸੇ ਦੇ ਮਰਨ ਪਿਛੋਂ ਜਦ ਪੁਲੀਸ ਨੇ ਮੀਰਾਂ ਕੋਟ 'ਤੇ ਛਾਪਾ ਮਾਰਿਆ, ਤਾਂ ਉਹ ਬਾਲਕ ਰਾਏ ਸਿੰਘ ਨੂੰ ਬੁਰੀ ਤਰ੍ਹਾਂ ਫੱਟੜ ਕਰਕੇ (ਆਪਣੇ ਵੱਲੋਂ ਮਰ ਗਿਆ ਸਮਝ ਕੇ) ਸੱਟ ਗਈ ਸੀ†। ਪਰ ਵਾਹਿਗੁਰੂ ਦੀ ਕਿਰਪਾ ਨਾਲ ਉਹ ਬਚ ਗਿਆ। ਉਹ ਸਿੱਖਾਂ

† ਪੂਰਾ ਪ੍ਰਸੰਗ ਵੇਖੋ 'ਸੀਤਲ ਵਾਰਾਂ' ਵਿਚ।

Sri Satguru Jagjit Singh Ji eLibrary NamdhariElibrary@gmail.com

ਦੀਆਂ ਬਹੁਤ ਸਾਰੀਆਂ ਮੁਹਿੰਮਾਂ (ਖ਼ਾਸ ਕਰ ਵੱਡੇ ਘਲੂਘਾਰੇ) ਵਿਚ ਸ਼ਾਮਲ ਰਿਹਾ। ਉਸਦੀ ਸ਼ਾਦੀ ਸ: ਸ਼ਾਮ ਸਿੰਘ (ਕਰੋੜਾ ਸਿੰਘੀ ਮਿਸਲ ਦੇ ਅਸਲੀ ਬਾਨੀ) ਦੀ ਲੜਕੀ ਨਾਲ ਹੋਈ। ਜਦ ਸਿੱਖਾਂ ਨੇ ਮੁਲਕ ਮੱਲਿਆ, ਤਾਂ ਉਹਨੇ ਵੀ ਕੁਛ ਇਲਾਕੇ ਉੱਤੇ ਕਬਜ਼ਾ ਕਰ ਲਿਆ। ੧੮੧੦ ਈ. ਵਿਚ ਮੀਰਾਂ ਕੋਟ ਸੁਰਗਵਾਸ ਹੋਇਆ। ਉਸਦਾ ਪੁੱਤਰ ਸਿੱਖਾਂ ਦਾ ਪ੍ਰਸਿਧ ਇਤਹਾਸਕਾਰ ਭਾਈ ਰਤਨ ਸਿੰਘ ਭੰਗੂ ਹੋਇਆ, ਜਿਸਨੇ 'ਪ੍ਰਾਚੀਨ ਪੰਥ ਪ੍ਰਕਾਸ਼' ਲਿਖਿਆ। ਉਹ ੧੮੪੬ ਈ. ਵਿਚ ਸੁਰਗਵਾਸ ਹੋਇਆ। ਉਸਦੀ ਔਲਾਦ ਪਿੰਡ ਭਿੜੀ (ਜ਼ਿਲਾ ਲੁਧਿਆਣਾ) ਵਿਚ ਹੈ।

Sri Satguru Jagjit Singh Ji eLibrary NamdhariElibrary@gmail.com

# ਸ. ਹਿੰਮਤ ਸਿੰਘ ਅਲਾਉਲਪੁਰ

ਗੁਲਾਬ ਰਾਏ (ਗੁਲਾਬ ਸਿੰਘ)

ਹਿੰਮਤ ਸਿੰਘ

ਅਲਬੇਲ ਸਿੰਘ — ਕਿਸ਼ਨ ਸਿੰਘ

ਚੌਧਰੀ ਗੁਲਾਬ ਰਾਏ ਪਿੰਡ ਮਾਹਲਪੁਰ (ਜ਼ਿਲਾ ਹੁਸ਼ਿਆਰਪੁਰ) ਦਾ ਜੱਟ ਸੀ। ਅੰਮ੍ਰਿਤ ਛਕ ਕੇ ਉਹ ਗੁਲਾਬ ਸਿੰਘ ਬਣ ਗਿਆ। ਸਰਹਿੰਦ ਦੀ ਫ਼ਤਹਿ ਪਿਛੋਂ ਉਹਨੇ ਪਿੰਡ ਜੱਲਾ 'ਤੇ ਕਬਜ਼ਾ ਕਰ ਲਿਆ, ਜਿਸ ਤੋਂ 'ਜੱਲਾ ਵਾਲਾ ਘਰਾਣਾ' ਪ੍ਰਸਿਧ ਹੋ ਗਿਆ। ਉਸਦੇ ਪਿਛੋਂ ਉਸਦਾ ਪੁੱਤਰ ਹਿੰਮਤ ਸਿੰਘ ਮਾਲਕ ਬਣਿਆਂ। ਉਹਨੇ ਨਾਭੇ ਦੀ ਮੁਲਾਜ਼ਮਤ ਕਰ ਲਈ। ੧੮੧੨ ਈ. ਵਿਚ ਮ. ਰਣਜੀਤ ਸਿੰਘ ਨੇ ਉਸਨੂੰ ਬੁਲਾ ਕੇ ਆਪਣਾ ਵਜ਼ੀਰ ਬਣਾ ਲਿਆ ਤੇ ਅਲਾਉਲ ਪੁਰ (ਜ਼ਿਲਾ ਜਲੰਧਰ ਵਿਚ) ਇਕ ਲੱਖ ਵੀਹ ਹਜ਼ਾਰ ਦੀ ਜਾਗੀਰ ਦਿਤੀ*। ਪਿਛੋਂ ਇਹ ਜਾਗੀਰ ਵਧ ਕੇ ਤਿੰਨ ਲੱਖ ਦੀ ਹੋ ਗਈ। ੧੮੨੬ ਈ. ਵਿਚ ਸ: ਹਿੰਮਤ ਸਿੰਘ ਸੁਰਗਵਾਸ ਹੋਇਆ।

ਉਸਦੇ ਦੋਵੇਂ ਪੁੱਤਰ ਸ਼ੇਰੇ-ਪੰਜਾਬ ਦੀ ਫ਼ੌਜ ਵਿਚ ਅਫ਼ਸਰ ਸਨ। ਸ:

* ਰਉਸਾ-ਏ-ਪੰਜਾਬ, ਹਿੱਸਾ ਪਹਿਲਾ, ਪੰਨਾ ੨੬੮।

Sri Satguru Jagjit Singh Ji eLibrary NamdhariElibrary@gmail.com

ਅਲਬੇਲ ਸਿੰਘ ਜਿਹਲਮ ਕੰਢੇ ਇਕ ਲੜਾਈ (੧੮੨੫ ਈ.) ਵਿਚ ਮਾਰਿਆ ਗਿਆ। ਮਹਾਰਾਜੇ ਨੇ ਪੰਜ ਹਜ਼ਾਰ ਲਾ ਕੇ ਉਸ ਦੀ ਸਮਾਧ ਬਣਾਈ। ਸ: ਕਿਸ਼ਨ ਸਿੰਘ ੧੮੪੧ ਈ. ਵਿਚ ਕੋਹਾਟ ਦੀ ਲੜਾਈ ਅੰਦਰ ਮਾਰਿਆ ਗਿਆ।

ਔਲਾਦ ਪਿੰਡ ਅਲਾਉਲਪੁਰ ਵਿਚ ਹੈ।

ਸਮਾਪਤ ]

[ ਲੁਧਿਆਣਾ
[ ੧੧-੨-੫੨ ਈ.

ਗਿਆਨੀ ਸਰੂਪ ਸਿੰਘ ਕਾਡਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕਾਡਿਆਣਾ ਡਾਕ: ਫਿਲੌਰ (ਜਲੰਧਰ)

Sri Satguru Jagjit Singh Ji eLibrary NamdhariElibrary@gmail.com

## ਧਾਰਮਿਕ ਤੇ ਇਤਿਹਾਸਕ :

| | | |
|---|---|---|
| 1. ਪੰਜਾਬ ਦਾ ਇਤਿਹਾਸ (ਭਾਗ ਪਹਿਲਾ) | ਮੁਹੰਮਦ ਲਤੀਫ | 250.00 |
| 2. ਪੰਜਾਬ ਦਾ ਇਤਿਹਾਸ (ਭਾਗ ਦੂਜਾ) ਪ੍ਰੈਸ ਵਿਚ | ਮੁਹੰਮਦ ਲਤੀਫ | 250.00 |
| 3. ਨਾਨਕ ਨਿਰਮਲ ਪੰਥ ਚਲਾਇਆ | ਨਰੈਣ ਸਿੰਘ | 30.00 |
| 4. ਸਿੱਖ ਇਤਿਹਾਸ | ਕਨਿੰਘਮ | 125.00 |
| 5. *ਸਿੱਖ ਇਤਿਹਾਸ ਦੇ ਸੋਮੇ ਭਾਗ 1 | ਸੋਹਣ ਸਿੰਘ ਸੀਤਲ | 60.00 |
| 6. ਚੁੰਪ ਪ੍ਰੀਤ ਦਾ ਸ਼ਹਿਨਸ਼ਾਹ ਬਿਉਪਾਰੀ ਅਤੇ ਹੋਰ ਲੇਖ | ਪ੍ਰੋ: ਪੂਰਨ ਸਿੰਘ | 25.00 |
| 7. ਗੁਰੂ ਮਾਨਿਓ ਗ੍ਰੰਥ | ਇਕਬਾਲ ਸਿੰਘ ਕੋਹਲੀ | 35.00 |
| 8. ਪਾਰਸ ਭਾਗ (ਪੇਪਰ ਬੈਕ 30.00) | ਡਾ. ਗੁਰਮੁਖ ਸਿੰਘ | 60.00 |
| 9. ਗਰੀਬੀ ਗ਼ਦਾ ਹਮਾਰੀ | ਪ੍ਰੋ: ਜੋਗਿੰਦਰ ਸਿੰਘ | 20.00 |
| 10. ਕਤੱਕ ਕਿ ਵਿਸਾਖ (ਪ੍ਰੈਸ ਵਿਚ) | ਕਰਮ ਸਿੰਘ ਹਿਸਟੋਰੀਅਨ | 40.00 |
| 11. ਦਸਮ ਗੁਰੂ ਜੀਵਨ ਤੇ ਸ਼ਖਸੀਅਤ | ਡਾ. ਦੀਵਾਨ ਸਿੰਘ | 10.00 |
| 12. ਗੁਰੂ ਗੋਬਿੰਦ ਸਿੰਘ ਤੇ ਬੁਰਹਾਨਪੁਰ ਦਾ ਇਤਿਹਾਸ | ਬਚਨ ਸਿੰਘ ਬਚਨ | 10.00 |
| 13. ਸ਼ਹੀਦ ਕਰਤਾਰ ਸਿੰਘ ਸਰਾਭਾ | ਗਿਆਨੀ ਨਾਹਰ ਸਿੰਘ | 20.00 |
| 14. ਸਿੱਖ ਮਿਸਲਾਂ ਤੇ ਸਰਦਾਰ ਘਰਾਣੇ (ਪ੍ਰੈਸ ਵਿਚ) | ਸੋਹਣ ਸਿੰਘ ਸੀਤਲ | 40.00 |
| 15. ਮੇਰੇ ਇਤਿਹਾਸਕ ਲੈਕਚਰ | ਸੋਹਣ ਸਿੰਘ ਸੀਤਲ | 25.00 |
| 16. ਮਨੁੱਖਤਾ ਦੇ ਗੁਰੂ ਗੁਰੂ ਗੋਬਿੰਦ ਸਿੰਘ ਜੀ | ਸੋਹਣ ਸਿੰਘ ਸੀਤਲ | 55.00 |
| 17. ਅਧੁਨਿਕ ਜਨਮ ਸਾਖੀ | ਡਾ. ਜਗਜੀਤ ਸਿੰਘ | 20.00 |
| 18. ਯੁਗ ਪੁਰਸ਼ ਗੁਰੂ ਨਾਨਕ | ਅਮਰ ਕੋਮਲ | 15.00 |
| 19. ਰਾਮ ਕਥਾ | ਬ੍ਰਿਜ ਲਾਲ ਸ਼ਾਸ਼ਤਰੀ | 20.00 |
| 20. ਸਿੱਖ ਇਤਿਹਾਸ (1) | ਮੈਕਾਲਿਫ | 40.00 |
| 21. ਸਿੱਖ ਇਤਿਹਾਸ (2) | ਮੈਕਾਲਿਫ | 120.00 |
| 22. ਆਤਮ ਦਰਸ਼ਨ ਭਾਗ 1 ਤੇ 2 | ਭਾਈ ਸ਼ੇਰ ਸਿੰਘ | 100.00 |
| 23. ਵਾਹਿਗੁਰੂ ਦਰਸ਼ਨ ਭਾਗ 1 | ਭਾਈ ਸ਼ੇਰ ਸਿੰਘ | 35.00 |
| 24. ਵਾਹਿਗੁਰੂ ਦਰਸ਼ਨ ਭਾਗ 2 | ਭਾਈ ਸ਼ੇਰ ਸਿੰਘ | 35.00 |
| 25. ਸਤਿਗੁਰੂ ਦਰਸ਼ਨ | ਅਭੈ ਸਿੰਘ | 7.50 |

Sri Satguru Jagjit Singh Ji eLibrary NamdhariElibrary@gmail.com

| | | |
|---|---|---|
| 26. ਭਗਤੀ ਮਤਿ ਤੇ ਗੁਰਮਤਿ | ਹਰਭਜਨ ਸਿੰਘ | 7.50 |
| 27. ਸਲੋਕ ਸ਼ੇਖ ਫਰੀਦ ਸਟੀਕ | ਨਿਹਾਲ ਸਿੰਘ | 7.50 |
| 28. ਜੀਵਨ-ਕਥਾ ਗੁਰੂ ਨਾਨਕ ਦੇਵ ਜੀ | ਪ੍ਰੋ: ਕਰਤਾਰ ਸਿੰਘ | 65.00 |
| 29. ਜੀਵਨ-ਕਥਾ ਗੁਰੂ ਗੋਬਿੰਦ ਸਿੰਘ ਜੀ | ਪ੍ਰੋ: ਕਰਤਾਰ ਸਿੰਘ | 40.00 |
| 30. ਆਸਾ ਦੀ ਵਾਰ ਸਟੀਕ | ਪ੍ਰੋ: ਕਰਤਾਰ ਸਿੰਘ | 10.00 |
| 31. ਰਾਜ ਕੌਰ | ਮਾਨ ਸਿੰਘ | 7.50 |
| 32. ਬਾਰਾਂ ਵਾਰਾਂ ਸਟੀਕ | ਨਿਹਾਲ ਸਿੰਘ ਰਸ | 15.00 |
| 33. ਅਕਾਲੀ ਫੂਲਾ ਸਿੰਘ | ਬਾਬਾ ਪ੍ਰੇਮ ਸਿੰਘ ਹੋਤੀ | 18.00 |

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

Sri Satguru Jagjit Singh Ji eLibrary NamdhariElibrary@gmail.com